**Reo-Bankowned Properties**

From San Jose to Sacramento
JASSI GILL Broker/Owner
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969



Jassi Gill
CA DRE# 00966763

**Hardeep S.Rai**
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
Fremont
TEL: 510-791-1111
FAX: 510-791-1119

**Kuldip Singh Dhariwal**
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Thirteenth Year in Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 13, Issue 35, September 1st, 2012
20451 N Plum Grove Rd. Palatine, IL 60074
Ph:847-359-0746, Fax:847-705-9388


# ਟੈਕਸਾਂ ਰਾਹੀਂ ਪੰਜਾਬ ਵਾਸੀਆਂ ਦੀਆਂ ਜੇਬਾਂ ‘ਤੇ ਡਾਕਾ

## ਇਕ ਹਜ਼ਾਰ ਕਰੋੜ ਦਾ ਹੋਰ ਬੋਝ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਬਹੁਤ ਬੇਕਿਰਕ ਹੋ ਕੇ ਪੰਜਾਬ ਦਾ ਖਜ਼ਾਨਾ ਉਜਾੜਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਹੁਣ ਕਰ ਕੇ ਮਹਿੰਗਾਈ ਦੀ ਚੱਕੀ ‘ਚ ਪਿਸ ਰਹੇ ਲੋਕਾਂ ‘ਤੇ 1000 ਕਰੋੜ ਰੁਪਏ ਦਾ ਹੋਰ ਬੋਝ ਪਾ ਦਿੱਤਾ ਹੈ। ਸਰਕਾਰ ਵੱਲੋਂ ਕਰ ਵਧਾ ਕੇ ਦੋ ਮਹੀਨਿਆਂ ‘ਚ ਹੁਣ ਤੀਜੀ ਵਾਰ ਲੋਕਾਂ ‘ਤੇ ਬੋਝ ਪਾਇਆ ਕੰਗਾਲੀ ਦੀ ਦੁਹਾਈ ਦੇ ਕੇ ਲੋਕਾਂ ‘ਤੇ ਨਿੱਤ ਨਵੇਂ ਕਰ ਥੋਪ ਰਹੀ ਹੈ, ਪਰ ਮੰਤਰੀਆਂ ਦੀ ਫੌਜ ਨੂੰ ਸ਼ਾਹੀ ਸਹੂਲਤਾਂ ਦੇਣ ਲਈ ਖ਼ਜ਼ਾਨਾ ਦੋਹੀਂ ਹੱਥੀਂ ਲੁਟਾਇਆ ਜਾ ਰਿਹਾ ਹੈ। ਅਕਾਲੀ-ਭਾਜਪਾ ਗਠਜੋੜ ਨੇ ਚੋਣਾਂ ਦੌਰਾਨ ਕੀਤੇ ਵਾਅਦਿਆਂ ‘ਚੋਂ ਅਜੇ ਇਕ ਵੀ ਪੂਰਾ ਨਹੀਂ ਕੀਤਾ ਹੈ, ਪਰ ਲੋਕਾਂ ਉਤੇ ਤਕਰੀਬਨ 4500 ਕਰੋੜ ਰੁਪਏ ਦੇ ਕਰਾਂ



*ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਮੰਤਰੀ ਮੰਡਲ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ*

ਇਹ ਖਜ਼ਾਨਾ ਭਰਨ ਲਈ ਪੰਜਾਬ ਦੇ ਲੋਕਾਂ ਦੀਆਂ ਜੇਬਾਂ ਉਤੇ ਵੱਡਾ ਅਤੇ ਸਿੱਧਾ ਡਾਕਾ ਮਾਰਿਆ ਹੈ। ਸਿਤਮਜ਼ਰੀਫੀ ਇਹ ਕਿ ਵੱਡੀ ਪੱਧਰ ‘ਤੇ ਕਰ (ਟੈਕਸ) ਲਾ ਕੇ ਇਕੱਠੇ ਕੀਤੇ ਜਾ ਰਹੇ ਇਹ ਪੈਸੇ ਲੋਕਾਂ ਦੀ ਭਲਾਈ ਅਤੇ ਸਹੂਲਤਾਂ ਲਈ ਲਾਉਣ ਦੀ ਥਾਂ, ਸਰਕਾਰ ਚਲਾ ਰਹੇ ਆਗੂਆਂ ਦੀਆਂ ਸਹੂਲਤਾਂ ਲਈ ਉਡਾਏ ਜਾ ਰਹੇ ਹਨ। ਹੁਣ ਅਕਾਲੀ-ਭਾਜਪਾ ਸਰਕਾਰ ਨੇ ਕਰਾਂ ਵਿਚ ਵਾਧਾ ਗਿਆ ਹੈ। ਉਂਜ, ਮੁੱਖ ਰੂਪ ਵਿਚ ਵਪਾਰੀ ਤਬਕੇ ਦੀ ਨੁਮਾਇੰਦਗੀ ਕਰਦੀ ਭਾਈਵਾਲ ਭਾਜਪਾ ਦੇ ਵਿਰੋਧ ਕਰ ਕੇ ਸਰਕਾਰ ਨੇ ਮਹੀਨਾ ਪਹਿਲਾਂ ਖੰਡ ‘ਤੇ ਲਾਇਆ ਟੈਕਸ ਵਾਪਸ ਲੈ ਲਿਆ ਹੈ। ਖੰਡ ‘ਤੇ 5 ਫੀਸਦ ਵੈਟ ਅਤੇ 10 ਫੀਸਦ ਸਰਚਾਰਜ ਲਾਇਆ ਗਿਆ ਸੀ। ਇਸ ਨਾਲ ਸਰਕਾਰ ਨੂੰ 100 ਕਰੋੜ ਰੁਪਏ ਸਾਲਾਨਾ ਮਿਲਣੇ ਸਨ।

ਚੇਤੇ ਰਹੇ ਕਿ ਪੰਜਾਬ ਸਰਕਾਰ ਆਰਥਿਕ ਦਾ ਬੋਝ ਪਾਉਣ ਦੀ ਯੋਜਨਾ ਉਲੀਕੀ ਗਈ ਹੈ। ਇਸ ਵਿਚੋਂ 3500 ਕਰੋੜ ਰੁਪਏ ਦੇ ਟੈਕਸ ਤਾਂ ਜੜ ਵੀ ਦਿੱਤੇ ਗਏ ਹਨ, ਤੇ ਆਉਂਦੇ ਦਿਨਾਂ ‘ਚ ਜਨਤਾ ਦੀ ਜੇਬ ਨੂੰ ਹੋਰ ਸੰਨ੍ਹ ਲੱਗੇਗੀ। ਦੂਜੇ ਪਾਸੇ, ਖ਼ਜ਼ਾਨਾ ਖਾਲੀ ਹੋਣ ਦੇ ਬਾਵਜੂਦ ਮੰਤਰੀਆਂ ਤੇ ਸੰਸਦੀ ਸਕੱਤਰਾਂ ਦੀ ਫੌਜ ਨੂੰ ਨਵੀਆਂ ਕਾਰਾਂ ਦਿੱਤੀਆਂ ਜਾ ਰਹੀਆਂ ਹਨ। ਸਰਕਾਰ ਨੇ ਹੁਣ

*(ਬਾਕੀ ਸਫਾ 6 ’ਤੇ)*

# ਬਾਦਲਾਂ ਦਾ ਤਖ਼ਤ ਹਿਲਾਉਣ ਦੀਆਂ ਤਿਆਰੀਆਂ

## ਕਾਂਗਰਸ ਤੇ ਮਨਪ੍ਰੀਤ ਦੀ ਦੂਰੀ ਮਿਟਣ ਲੱਗੀ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਵਿਚ ਬਾਦਲਾਂ ਦੇ ਤਖ਼ਤ ਨੂੰ ਹਲੂਣਾ ਦੇਣ ਲਈ ਕਾਂਗਰਸ ਅਤੇ ਪੀਪਲਜ਼ ਪਾਰਟੀ ਆਫ ਪੰਜਾਬ ਵੱਲੋਂ ਹੱਥ ਮਿਲਾਉਣ ਦੀ ਭਿਣਕ ਪਈ ਹੈ। ਇਸ ਬਾਰੇ ਭਾਵੇਂ ਕੋਈ ਵੀ ਧਿਰ ਫਿਲਹਾਲ ਖੁੱਲ੍ਹ ਕੇ ਬੋਲਣ ਨੂੰ ਤਿਆਰੀ ਨਹੀਂ ਪਰ ਸੂਤਰਾਂ ਅਨੁਸਾਰ ਅੰਦਰ-ਖਾਤੇ ਇਸ ਬਾਰੇ ਵਿਚਾਰ-ਵਟਾਂਦਰਾ ਚੱਲ ਰਿਹਾ ਹੈ। ਇਸ ਬਾਰੇ ਪਹਿਲਕਦਮੀ ਕਾਂਗਰਸ ਹਾਈਕਮਾਨ ਨੇ ਕੀਤੀ ਦੱਸੀਦੀ ਹੈ ਅਤੇ ਮਨਪ੍ਰੀਤ ਸਿੰਘ ਬਾਦਲ ਨੇ ਵੀ ਇਸ ਬਾਰੇ ਹਾਂਪੱਖੀ ਹੁੰਗਾਰਾ ਭਰਿਆ ਹੈ।

ਯਾਦ ਰਹੇ ਕਿ ਪੰਜਾਬ ਵਿਧਾਨ ਸਭਾ ਚੋਣਾਂ ‘ਚ ਕਾਂਗਰਸ ਦਾ ਹਾਲ ‘ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ...‘ ਵਾਲਾ ਹੋਇਆ ਸੀ ਅਤੇ ਜਿੱਤ-ਹਾਰ ਦੇ ਸਮੀਕਰਨ ਬਦਲਣ ‘ਚ ਮਨਪ੍ਰੀਤ ਸਿੰਘ ਬਾਦਲ ਦੀ ਪਾਰਟੀ ਨੂੰ ਅਹਿਮ ਧਿਰ ਮੰਨਿਆ ਗਿਆ ਸੀ। ਇਸ ਗੱਲ ਨੂੰ ਲੈ ਕੇ ਪੰਜਾਬ ਕਾਂਗਰਸ ਭਾਵੇਂ ਖੁਸ਼ ਨਾ ਹੋਵੇ, ਪਰ ਹਾਈਕਮਾਨ ਲੋਕ ਸਭਾ ਚੋਣਾਂ ‘ਚ ਮਨਪ੍ਰੀਤ ਬਾਦਲ ਦੀ ਬਾਂਹ ਫੜਨ ਲਈ ਵਿਚਾਰਾਂ ਵਿਚ ਜੁਟੀ ਹੋਈ ਹੈ। ਹਾਈਕਮਾਨ ਨਹੀਂ ਚਾਹੁੰਦੀ ਕਿ ਪੰਜਾਬ ਵਿਚ ਲੋਕ ਸਭਾ ਚੋਣਾਂ ਵਿਚ ਵੀ ਕਾਂਗਰਸ ਦਾ ਵਿਧਾਨ ਸਭਾ ਚੋਣਾਂ ਵਾਲਾ ਹੋਵੇ।

ਦੂਜੇ ਪਾਸੇ, ਕਈ ਧੜੱਲੇਦਾਰ ਆਗੂ ਪਾਰਟੀ ਤੋਂ ਬਾਹਰ ਜਾਣ ਕਾਰਨ ਨਿਰਾਸ਼ਾ ਦੇ ਆਲਮ ‘ਚੋਂ ਲੰਘ ਰਹੇ ਮਨਪ੍ਰੀਤ ਸਿੰਘ ਬਾਦਲ ਵੀ ਆਪਣੇ ਤਾਏ ਨੂੰ ‘ਠਿੱਬੀ‘ ਲਾਉਣ ਲਈ ਪੁਖਤਾ ਰਣਨੀਤੀ ਉਲੀਕਣ ‘ਚ ਜੁਟੇ ਹੋਏ ਹਨ। ਸਾਂਝੇ ਮੋਰਚੇ ਤੋਂ ਹੁਣ ਉਨ੍ਹਾਂ ਨੂੰ ਕੋਈ ਆਸ ਨਜ਼ਰ ਨਹੀਂ ਆਉਂਦੀ। ਇਸ ਬਾਰੇ ਪਾਰਟੀ ਦੇ ਸਰਪ੍ਰਸਤ ਸਰਦਾਰਾ ਸਿੰਘ ਜੌਹਲ ਵੀ ਖੁੱਲ੍ਹ ਕੇ ਵਿਚਾਰ ਦੱਸ ਚੁੱਕੇ ਹਨ। ਮਨਪ੍ਰੀਤ ਨੇ ਭਾਵੇਂ ਕਦੇ ਵੀ ਕਾਂਗਰਸ ਨੇੜੇ ਜਾਣ ਦੀ ਕੋਈ ਉਮੀਦ ਉਜਾਗਰ ਨਹੀਂ ਕੀਤੀ, ਪਰ ਪਿਛਲੇ ਦਿਨੀਂ ਪੀ.ਪੀ.ਪੀ. ਦੇ ਨਾਰਾਜ਼ ਆਗੂਆਂ ਵਲੋਂ ਉਨ੍ਹਾਂ ਉਤੇ ਕਾਂਗਰਸ ਨਾਲ ਸੰਪਰਕ ਕਰਨ ਦੇ ਲਾਏ ਜਾ ਰਹੇ ਦੋਸ਼ਾਂ ਕਾਰਨ ਪੰਜਾਬ ਦੇ ਸਿਆਸੀ ਹਲਕਿਆਂ ਵਿਚ ਨਵੀਂ ਚਰਚਾ ਛਿੜੀ ਹੈ।

ਦਰਅਸਲ, ਜਿਥੇ ਪੰਜਾਬ ਕਾਂਗਰਸ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਆਪਣੇ ਵਰਕਰਾਂ ਦਾ ਵਿਸ਼ਵਾਸ ਵੱਡੇ ਪੱਧਰ ‘ਤੇ ਗਵਾ ਚੁੱਕੀ ਹੈ, ਉਥੇ ਉਸ ਦਾ ਅੰਦਰੂਨੀ ਕਲੇਸ਼ ਵੀ ਹਾਨੀਕਾਰਕ ਸਿੱਧ ਹੋ ਰਿਹਾ ਹੈ। ਦੂਜੇ ਪਾਸੇ ਮਨਪ੍ਰੀਤ ਦੀ ਪਾਰਟੀ ਦੇ ਆਗੂਆਂ ਵੱਲੋਂ ਵੀ ਇਕ-ਇਕ ਕਰ ਕੇ ਕਿਨਾਰਾ ਕਰਨ ਕਾਰਨ ਇਨ੍ਹਾਂ ਦੋਵਾਂ ਧਿਰਾਂ ਵੱਲੋਂ ਪੈਰ-ਸਿਰ ਹੋਣ ਲਈ ਯਤਨ ਕੀਤੇ ਜਾ ਰਹੇ ਹਨ। ਇਕ ਸਮਾਂ ਸੀ ਜਦੋਂ ਮਨਪ੍ਰੀਤ ਨੂੰ ਕਾਂਗਰਸ ਵਿਚ ਸ਼ਾਮਲ ਕਰਨ ਦੀ ਗੱਲ ਸੁਣਦਿਆਂ ਹੀ ਕਾਂਗਰਸੀ ਆਗੂ ਉਸ ਨੂੰ ਪੰਜਾਬ ਦੀ ਸਿਆਸਤ ਦਾ ਬੇਅਸਰ ਆਗੂ ਕਹਿ ਕੇ ਭੰਡਦੇ ਸਨ, ਪਰ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪੀ.ਪੀ.ਪੀ. ਵੱਲੋਂ ਕਾਂਗਰਸ ਦੀਆਂ ਬੇੜੀਆਂ ਵਿਚ ਵੱਟੇ ਪਾਉਣ ਤੋਂ ਬਾਅਦ ਕਾਂਗਰਸ ਦੀ ਕੌਮੀ ਆਗੂ ਸੋਨੀਆ ਗਾਂਧੀ ਨੂੰ ਵੀ ਮੰਨਣਾ ਪਿਆ ਸੀ ਕਿ ਮਨਪ੍ਰੀਤ ਦੀ ਪਾਰਟੀ ਵੱਲੋਂ ਅਣਕਿਆਸੀਆਂ ਵੋਟਾਂ ਹਾਸਲ ਕਰਨੀਆਂ ਪੰਜਾਬ ਕਾਂਗਰਸ ਦੀ ਹਾਰ ਦਾ ਇਕ ਵੱਡਾ ਕਾਰਨ

*(ਬਾਕੀ ਸਫਾ 6 ’ਤੇ)*


**REAL ESTATE & HOME LOANS**



ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ ’ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre–Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।
ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜ਼ਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ !
AMAN HUNDAL
Broker / Associate
MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350
SFR Short Sales & Foreclosure Resource
CDPE Certified Distressed Property Expert
Masters Emerald

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
**Raja™ SWEETS & CATERING®**
Follow us on:
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Call Makhan Bains or Ravinder Singh for your next Party 1-866-FOR RAJA www.RajaSweets.com

**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ



Manpreet S. Gahra
Attorny At Law
Criminal Defense (DUI, simple battery, domestic violence, immigration post-conviction relief)
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-924-1617
Email: manpreet@gahralaw.com

# ਫਿਲਮ 'ਸਨ ਆਫ ਸਰਦਾਰ' 'ਤੇ ਸਿੱਖਾਂ ਨੂੰ ਇਤਰਾਜ਼

**ਅੰਮ੍ਰਿਤਸਰ:** ਫਿਲਮ ਕਲਾਕਾਰ ਅਜੇ ਦੇਵਗਨ ਦੀ ਸਿੱਖ ਕਿਰਦਾਰ ਵਿਚ ਨਵੀਂ ਆ ਰਹੀ ਫਿਲਮ 'ਸਨ ਆਫ ਸਰਦਾਰ' ਵਿਚ ਸਿੱਖ ਭਾਈਚਾਰੇ ਦੇ ਖ਼ਿਲਾਫ਼ ਵਰਤੀ ਗਈ ਭੱਦੀ ਸ਼ਬਦਾਵਲੀ ਕਾਰਨ ਇਹ ਫਿਲਮ ਵਾਦ-ਵਿਵਾਦ ਦੇ ਘੇਰੇ ਵਿਚ ਆ ਗਈ ਹੈ ਜਿਸ ਦਾ ਸਖ਼ਤ ਨੋਟਿਸ ਲੈਂਦਿਆਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਆਖਿਆ ਕਿ ਇਸ ਖ਼ਿਲਾਫ਼ ਢੁਕਵੀਂ ਕਾਰਵਾਈ ਕੀਤੀ ਜਾਵੇ।

ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਫਿਲਮ ਵਿਚ ਵਰਤੀ ਗਈ ਸ਼ਬਦਾਵਲੀ ਖ਼ਿਲਾਫ਼ ਦੇਸ਼-ਵਿਦੇਸ਼ ਤੋਂ ਸਿੱਖ ਸੰਗਤਾਂ ਵੱਲੋਂ ਸ਼ਿਕਾਇਤਾਂ ਪੁੱਜੀਆਂ ਹਨ।

ਫਿਲਮ ਵਿਚ ਵਰਤੀ ਗਈ ਸ਼ਬਦਾਵਲੀ ਨਾਲ ਸਿੱਖ ਹਿਰਦਿਆਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਪੱਤਰ ਭੇਜਿਆ ਗਿਆ ਹੈ ਜਿਸ ਰਾਹੀਂ ਇਸ ਫਿਲਮ ਦੇ ਨਿਰਮਾਤਾ ਤੇ ਨਿਰਦੇਸ਼ਕ ਖ਼ਿਲਾਫ਼ ਢੁਕਵੀਂ ਕਾਰਵਾਈ ਕਰਕੇ ਭੱਦੀ ਸ਼ਬਦਾਵਲੀ ਕਟਵਾਉਣ ਲਈ ਆਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਫਿਲਮ ਉਸ ਵੇਲੇ ਤਕ ਜਾਰੀ ਨਹੀਂ ਹੋਣੀ ਚਾਹੀਦੀ ਜਦੋਂ ਤਕ ਇਸ ਵਿਚੋਂ ਇਤਰਾਜ਼ਯੋਗ ਸ਼ਬਦਾਵਲੀ ਹਟਾਈ ਨਹੀਂ ਜਾਂਦੀ, ਨਹੀਂ ਤਾਂ ਸਿੱਖ ਭਾਈਚਾਰੇ ਵੱਲੋਂ ਇਸ ਦਾ ਡਟਵਾਂ ਵਿਰੋਧ ਕੀਤਾ ਜਾਵੇਗਾ।

ਇਸ ਤੋਂ ਪਹਿਲਾਂ ਸੀਨੀਅਰ ਵਕੀਲ ਨਵਕਿਰਨ ਸਿੰਘ ਵੱਲੋਂ ਵੀ ਫਿਲਮ ਦੇ ਕਲਾਕਾਰ ਤੇ ਨਿਰਮਾਤਾ ਅਜੇ ਦੇਵਗਨ ਨੂੰ ਕਾਨੂੰਨੀ ਨੋਟਿਸ ਭੇਜ ਕੇ ਦੋਸ਼ ਲਾਇਆ ਗਿਆ ਹੈ ਕਿ ਇਸ ਫਿਲਮ ਕਾਰਨ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੇਗੀ। ਨੋਟਿਸ ਰਾਹੀਂ ਇਸ ਫਿਲਮ ਵਿਚੋਂ ਇਤਰਾਜ਼ਯੋਗ ਸ਼ਬਦਾਵਲੀ ਤੇ ਸੀਨ ਹਟਾਉਣ ਲਈ ਆਖਿਆ ਗਿਆ ਹੈ।

## ਪੁਤਿਨ ਕੋਲ ਬੇਸ਼ੁਮਾਰ ਦੌਲਤ

**ਮਾਸਕੋ:** ਰੂਸ ਦੇ ਰਾਸ਼ਟਰਪਤੀ ਵਲਾਦਮੀਰ ਪੁਤਿਨ ਕੋਲ ਬੇਸ਼ੁਮਾਰ ਦੌਲਤ ਹੋਣ ਬਾਰੇ ਖੁਲਾਸਾ ਹੋਇਆ ਹੈ। ਵਿਰੋਧੀ ਧਿਰ ਦੇ ਨੇਤਾ ਬੋਰਿਸ ਨੇਮਤਸੋਵ ਵੱਲੋਂ ਜਾਰੀ ਕਿਤਾਬ 'ਦੀ ਲਾਈਫ ਆਫ ਗੈਲੇ ਸਲੇਵ' ਵਿਚ ਰੂਸੀ ਰਾਸ਼ਟਰਪਤੀ ਵਲਾਦਮੀਰ ਪੁਤਿਨ ਕੋਲ 2 ਲੱਖ 20 ਹਜ਼ਾਰ ਕਰੋੜ ਦੌਲਤ ਹੋਣ ਦਾ ਖੁਲਾਸਾ ਕੀਤਾ ਹੈ। ਇਸ ਤੋਂ ਇਲਾਵਾ ਪੁਤਿਨ ਕੋਲ 58 ਜ਼ਹਾਜ 15 ਹੈਲੀਕਾਪਟਰ ਤੇ ਆਧੁਨਿਕ ਸੁਵਿਧਾਵਾਂ ਨਾਲ ਲੈਸ 20 ਘਰ ਵੀ ਹਨ। ਉਨ੍ਹਾਂ ਕੋਲ ਅਜਿਹੀਆਂ 11 ਘੜੀਆਂ ਵੀ ਹਨ ਜਿਨ੍ਹਾਂ ਦੀ ਕੀਮਤ ਪੁਤਿਨ ਦੀ ਸਾਲਾਨਾ ਆਮਦਨ ਨਾਲੋਂ ਕਈ ਗੁਣਾ ਜ਼ਿਆਦਾ ਹੈ।

## ਪੰਜਾਬੀ ਰੇਡੀਓ ਯੂਐਸਏ ਵਲੋਂ 24 ਘੰਟੇ ਚੱਲਣ ਵਾਲਾ ਗੁਰਬਾਣੀ ਰੇਡੀਓ ਸ਼ੁਰੂ

**ਸੈਨ ਹੋਜ਼ੇ (ਬਿਊਰੋ):** ਪੰਜਾਬੀ ਰੇਡੀਓ ਯੂਐਸਏ ਵਲੋਂ ਸਰੋਤਿਆਂ ਦੀ ਪੂਰਜ਼ੋਰ ਮੰਗ 'ਤੇ 24 ਘੰਟੇ ਸੱਤੇ ਦਿਨ ਚੱਲਣ ਵਾਲਾ ਗੁਰਬਾਣੀ ਰੇਡੀਓ ਲੰਘੇ ਮੰਗਲਵਾਰ ਨੂੰ ਭਾਈ ਦਿਲਬਾਗ ਸਿੰਘ, ਭਾਈ ਹਰਪ੍ਰੀਤ ਸਿੰਘ ਅਤੇ ਪੰਜਾਬੀ ਰੇਡੀਓ ਯੂਐਸਏ ਦੀ ਟੀਮ ਵਲੋਂ ਅਰਦਾਸ ਕਰਨ ਉਪਰੰਤ ਸ਼ੁਰੂ ਕਰ ਦਿੱਤਾ ਗਿਆ ਹੈ।

ਪੰਜਾਬੀ ਰੇਡੀਓ ਯੂਐਸਏ ਦੇ ਧਾਰਮਿਕ ਪ੍ਰੋਗਰਾਮ ਮੈਨੇਜਰ ਕੁਲਬੀਰ ਸਿੰਘ ਅਨੁਸਾਰ ਇਹ ਬਹੁਤ ਹੀ ਵਿਲੱਖਣ ਕਿਸਮ ਦਾ ਧਾਰਮਿਕ ਰੇਡੀਓ ਹੋਵੇਗਾ, ਜਿਸ ਵਿਚ ਸੰਗਤਾਂ ਹੋਰ ਰੋਜ਼ ਸਿਮਰਨ, ਨਿਤਨੇਮ, ਆਸਾ ਦੀ ਵਾਰ, ਕਥਾ, ਕੀਰਤਨ, ਲੜੀਵਾਰ 1 ਘੰਟਾ ਸਹਿਜ ਪਾਠ, ਸੁਖਮਨੀ ਸਾਹਿਬ, ਢਾਡੀ ਵਾਰਾਂ ਸਰਵਣ ਕਰ ਸਕਣਗੀਆਂ। ਪੰਥ ਪ੍ਰਸਿੱਧ ਕੀਰਤਨੀ ਜਥਿਆਂ ਦੇ ਗਾਏ ਸ਼ਬਦ ਅਤੇ ਕਥਾਵਾਚਕਾਂ ਤੋਂ ਕਥਾ ਸਰੋਤੇ ਸਰਵਣ ਕਰ ਸਕਿਆ ਕਰਨਗੇ। ਗੁਰਬਾਣੀ ਰੇਡੀਓ ਯੂਐਸਏ ਵੈਬਸਾਈਟ www.gurbaniradio.org ਉਪਰ ਜਾਂ ਕਿਸੇ ਵੀ ਫੋਨ 'ਤੇ 1-605-475-6868 ਜਾਂ 832-551-5029 ਡਾਇਲ ਕਰਕੇ ਸੁਣਿਆ ਜਾ ਸਕਦਾ ਹੈ।

ਗੁਰਬਾਣੀ ਰੇਡੀਓ ਪ੍ਰੋਗਰਾਮ ਸਪਾਂਸਰ ਵੀ ਕੀਤਾ ਜਾ ਸਕਦਾ ਹੈ ਅਤੇ ਦਿੱਤੀ ਗਈ ਸਹਾਇਤਾ ਟੈਕਸ ਡੀਡੱਕਟੀਬਲ ਹੋਵੇਗੀ।




*ਅਰਦਾਸ ਕਰਕੇ ਗੁਰਬਾਣੀ ਰੇਡੀਓ ਸ਼ੁਰੂ ਕਰਦੇ ਹੋਏ*

## ਬਾਲ ਸਾਹਿਤ ਲਈ ਤਿੰਨ ਭਾਰਤੀਆਂ ਦਾ ਸਨਮਾਨ

**ਲੰਡਨ:** ਤਿੰਨ ਭਾਰਤੀਆਂ ਨੂੰ ਬਾਲ ਸਾਹਿਤ ਵਿਚ ਵਿਲੱਖਣ ਕਾਰਜ ਕਰਨ ਲਈ ਕਿਤਾਬਾਂ ਬਾਰੇ ਕੌਮਾਂਤਰੀ ਬੋਰਡ ਵੱਲੋਂ ਡਿਪਲੋਮੇ ਦੇ ਕੇ ਸਨਮਾਨਤ ਕੀਤਾ ਗਿਆ ਹੈ। ਇਨ੍ਹਾਂ ਵਿਚ ਇਕ ਲੇਖਕ, ਇਕ ਚਿੱਤਰਕਥਾਕਾਰ ਤੇ ਇਕ ਉਲੱਥਾਕਾਰ ਸ਼ਾਮਲ ਹੈ। ਇੰਟਰਨੈਸ਼ਨਲ ਬੋਰਡ ਆਨ ਬੁੱਕਸ ਫਾਰ ਯੰਗ ਪੀਪਲ (ਆਈ.ਬੀ.ਬੀ.ਵਾਈ.) ਦੀ 2012 ਦੀ ਆਨਰਜ਼ ਸੂਚੀ ਵਿਚ ਰੰਜੀਤ ਲਾਲ (ਲੇਖਕ), ਸ਼ਾਂਤੀ ਦੇਵੀ (ਚਿੱਤਰਕਥਾਕਾਰ) ਨਿਰਮਲ ਕਾਂਤੀ ਭੱਟਾਚਾਰਜੀ (ਉਲੱਥਾਕਾਰ) ਦੇ ਨਾਂ ਵੀ ਸ਼ਾਮਲ ਹਨ। ਇਹ ਬੋਰਡ ਬੱਚਿਆਂ ਦੇ ਸਾਹਿਤ ਵਿਚ ਕੌਮਾਂਤਰੀ ਪੱਧਰ 'ਤੇ ਸਰਵੋਤਮ ਸਾਹਿਤ ਮੁਹੱਈਆ ਕਰਾਉਂਦਾ ਹੈ। ਕੇ.ਕੇ. ਬਿਰਲਾ ਫਾਊਂਡੇਸ਼ਨ ਦੇ ਡਾਇਰੈਕਟਰ ਭੱਟਾਚਾਰਜੀ ਨੂੰ ਸੁਨੀਲ ਗੰਗੋਪਧਿਆਏ ਦੇ ਬੰਗਾਲੀ ਨਾਵਲ (ਭੋਏਓਂਕ ਸੁੰਦੁਰ) ਲਈ ਇੰਪੀਰੀਅਲ ਕਾਲਜ ਵਿਚ ਇਕ ਕਾਨਫਰੰਸ ਵਿਚ ਸਨਮਾਨਿਆ ਗਿਆ। ਅੰਗਰੇਜ਼ੀ ਵਿਚ ਇਸ ਦਾ ਨਾਂ 'ਦਿ ਡਰੈੱਡਫੁੱਲ ਬਿਊਟੀ' ਹੈ। ਰੰਜੀਤ ਲਾਲ ਨੇ 'ਫੇਮਜ਼ ਇਨ ਦਿ ਵਾਟਰ (ਪੈਂਗੁਇਨ) ਲਿਖੀ ਹੈ ਜੋ ਭਾਰਤ ਵਿਚ ਮਾਦਾ ਭਰੂਣ ਹੱਤਿਆਵਾਂ ਬਾਰੇ ਹੈ।

PANNU'S Legal Services



G.S. Pannu
Immigration Consultant - LDA

We provide services in

Bring US passport & proof of residence by 9:00 am at SF location we prepare your papers & get visa on sameday for $99 only. Call for details



IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA

OCI/PIO, Renunciation, Power of Attorney and related matters

We also handle Property and Divorce cases in Punjab

Serving you at Two Locations

FREMONT
4127 Bay St., Unit 7
Fremont, CA 94538
(Near Fremont Bharat Bazar)

SAN FRANCISCO
965 Mission St., Unit 102
San Francisco, CA 94103
(Near India Visa Center)

Call (510) 677-5200

email: pannugurwant@yahoo.com • Fax: (510) 279-7624

ੴ ਸਤਿਗੁਰ ਪ੍ਰਸਾਦਿ॥

ਸਤਿਗੁਰ ਦਾਤੇ ਕਾਜ ਰਚਾਇਆ ਆਪਣੀ ਮਿਹਰ ਕਰਾਈ॥

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਸੰਗਤਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਮੈਡੀਸਨ ਹਾਈਟਸ ਦੀ ਨਵੀਂ ਇਮਾਰਤ ਬਣ ਕੇ ਤਿਆਰ ਹੋ ਗਈ ਹੈ। ਇਸ ਨਵੀਂ ਇਮਾਰਤ ਦੀ ਉਸਾਰੀ 'ਚ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੀਆਂ ਸੰਗਤਾਂ ਨੇ ਭਰਵਾਂ ਯੋਗਦਾਨ ਪਾਇਆ। ਮਾਲੀ ਮੰਦਵਾੜੇ ਦੇ ਬਾਵਜੂਦ ਸੰਗਤਾਂ ਨੇ ਇਸ ਕਾਰਜ ਵਿਚ ਹੱਥ ਵਟਾਉਣ ਤੋਂ ਕੋਈ ਸੰਕੋਚ ਨਹੀਂ ਕੀਤਾ ਅਤੇ ਆਪਣੀ ਕਿਰਤ ਕਮਾਈ ਵਿਚੋਂ ਵੱਧ ਚੜ੍ਹ ਕੇ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਜਿਸ ਦਿਨ ਨੂੰ ਆਪਾਂ ਸਾਰੇ ਬੜੀ ਬੇਸਬਰੀ ਨਾਲ ਉਡੀਕ ਰਹੇ ਸੀ ਉਹ ਦਿਨ ਸਨਿਚਰਵਾਰ, ਪਹਿਲੀ ਸਤੰਬਰ 2012 ਹੈ ਜਦੋਂ ਆਪਾਂ ਗੁਰੂ ਗ੍ਰੰਥ ਸਾਹਿਬ ਦੀ ਰਹਿਨੁਮਾਈ ਹੇਠ ਨਵੀਂ ਇਮਾਰਤ ਵਿਚ ਪ੍ਰਵੇਸ਼ ਕਰਾਂਗੇ ਅਤੇ ਇਹ ਇਮਾਰਤ ਗੁਰੂ ਅਰਪਿਤ ਕੀਤੀ ਜਾਏਗੀ। ਸਮੂਹ ਸੰਗਤਾਂ ਨੂੰ ਪੁਰਜ਼ੋਰ ਬੇਨਤੀ ਹੈ ਕਿ ਆਪ ਜੀ ਆਪਣੇ ਦੁਨਿਆਵੀ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਇਸ ਪ੍ਰੋਗਰਾਮ ਵਿਚ ਜ਼ਰੂਰ ਹਾਜ਼ਰੀਆਂ ਭਰੋ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



*ਗੁਰੂ ਘਰ ਦੀ ਨਵੀਂ ਇਮਾਰਤ*

ਗੁਰਦੁਆਰਾ ਸਿੱਖ ਸੁਸਾਇਟੀ ਆਫ ਮਿਸ਼ੀਗਨ, ਮੈਡੀਸਨ ਹਾਈਟਸ ਦੇ ਮੈਂਬਰਾਂ ਨੇ ਕੈਲੀਫੋਰਨੀਆ, ਸਿਆਟਲ, ਸਰੀ ਅਤੇ ਵੈਨਕੂਵਰ ਦੇ ਉਨ੍ਹਾਂ ਸਮੂਹ ਗੁਰੂ ਘਰਾਂ ਦੀਆਂ ਕਮੇਟੀਆਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਗੁਰੂ ਘਰ ਦੀ ਨਵੀਂ ਇਮਾਰਤ ਦੀ ਉਸਾਰੀ ਵਿਚ ਯਥਾਯੋਗ ਮਾਲੀ ਸਹਿਯੋਗ ਦਿੱਤਾ।

ਸੰਗਤਾਂ ਦੇ ਦਾਸ: ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸਾਧ ਸੰਗਤ

ਹੋਰ ਜਾਣਕਾਰੀ ਲਈ ਸੰਪਰਕ ਕਰੋ

ਜਸਮੇਲ ਕੌਰ, ਫੋਨ:586-899-5018, ਜਤਿੰਦਰ ਸਿੰਘ, ਫੋਨ: 586-258-6434, ਇੰਦਰਪਾਲ ਸਿੰਘ, ਫੋਨ: 586-216-6229

Gurdwara Sikh Society of Michigan, Madison Heights

33340 Dequindre Rd., Sterling Hts., MI 48310

# ਗੁਰਦੁਆਰਾ ਸੈਨ ਹੋਜ਼ੇ ਵਿਚ ਧੜੇਬੰਦਕ ਖਿੱਚੋਤਾਣ ਮੁੜ ਵਧੀ

## ਪ੍ਰਬੰਧਕਾਂ ਵਲੋਂ ਸ. ਹੋਠੀ ਉਤੇ ਗੁਰੂ ਘਰ 'ਚ ਖਲਲ ਪਾਉਣ ਦਾ ਦੋਸ਼


## ਅਖਬਾਰ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਤੇ ਪਾਬੰਦੀ ਪ੍ਰੈਸ ਦੀ ਆਜ਼ਾਦੀ 'ਤੇ ਹਮਲਾ ਕਰਾਰ

**ਸੈਨ ਹੋਜ਼ੇ (ਬਿਊਰੋ):** ਗੁਰਦੁਆਰਾ ਸੈਨ ਹੋਜ਼ੇ ਵਿਚ ਧੜੇਬੰਦਕ ਖਿੱਚੋਤਾਣ ਇਕ ਵਾਰ ਫਿਰ ਸਿਖਰਾਂ ਵੱਲ ਵਧਦੀ ਨਜ਼ਰ ਆ ਰਹੀ ਹੈ। ਕੁਝ ਸਮਾਂ ਪਹਿਲਾਂ ਬਣੀ ਗੁਰਦੁਆਰਾ ਸੁਧਾਰ ਕਮੇਟੀ ਅਤੇ ਹੋਰ ਵਿਰੋਧੀਆਂ ਵਲੋਂ ਮੌਜੂਦਾ ਪ੍ਰਬੰਧਕ ਕਮੇਟੀ ਦੇ ਖਿਲਾਫ ਮੋਰਚਾ ਵਿਢਿਆ ਗਿਆ ਜਾਪਦਾ ਹੈ ਜਿਸ ਦਾ ਗੰਭੀਰ ਨੋਟਿਸ ਲੈਂਦਿਆਂ ਮੌਜੂਦਾ ਪ੍ਰਬੰਧਕਾਂ ਨੇ ਉਨ੍ਹਾਂ ਨੂੰ ਗੁਰੂ ਘਰ ਦੇ ਪ੍ਰਬੰਧ ਵਿਚ ਖਲਲ ਨਾ ਪਾਉਣ ਅਤੇ ਗੁਰੂ ਘਰ ਦੀ ਮਰਿਆਦਾ ਵਿਚ ਵਿਘਨ ਨਾ ਪਾਉਣ ਦੀ ਸਲਾਹ ਦਿੱਤੀ ਹੈ।

ਇਥੇ ਜਾਰੀ ਇਕ ਬਿਆਨ ਵਿਚ ਗੁਰੂ ਘਰ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ (ਬਾਬ) ਢਿੱਲੋਂ ਨੇ ਸੁਧਾਰ ਕਮੇਟੀ ਦੇ ਇਕ ਆਗੂ ਅਤੇ ਅਮੈਰਿਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਉਪਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਬਾਹਾਂ ਉਲਾਰ ਕੇ ਉਚੀ ਆਵਾਜ਼ ਵਿਚ ਬੋਲਣ ਅਤੇ ਗੁਰੂ ਗ੍ਰੰਥ ਸਾਹਿਬ ਸਬੰਧੀ ਚੱਲ ਰਹੀ ਕਾਨਫਰੰਸ ਦੌਰਾਨ ਵਿਘਨ ਪਾਉਣ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਪਿਛਲੇ ਐਤਵਾਰ ਜਦੋਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਹਾੜੇ ਦੇ ਸਿਲਸਿਲੇ ਵਿਚ ਹੋ ਰਹੀ ਕਾਨਫਰੰਸ ਚੱਲ ਰਹੀ ਸੀ ਅਤੇ ਗੁਰੂ ਦਰਬਾਰ ਵਿਚ ਵਰਲਡ ਸਿੱਖ ਕੌਂਸਲ ਦੇ ਪ੍ਰਧਾਨ ਅਤੇ ਸਿੱਖ ਵਿਦਵਾਨ ਸ. ਸਤਪਾਲ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਆਪਣੇ ਵਿਚਾਰ ਸ਼ੁਰੂ ਕਰਨ ਲੱਗੇ ਹੀ ਸਨ ਕਿ ਸ. ਜਸਵੰਤ ਸਿੰਘ ਹੋਠੀ ਨੇ ਬਾਹਾਂ ਉਲਾਰ ਕੇ ਖਲਲ ਪਾਇਆ ਜਿਸ ਦਾ ਗੁਰੂ ਕੀ ਸੰਗਤ ਨੇ ਬਹੁਤ ਬੁਰਾ ਮਨਾਇਆ। ਭਾਈ ਢਿੱਲੋਂ ਨੇ ਆਖਿਆ ਕਿ ਇਸ ਤੋਂ ਪਹਿਲਾਂ ਵੀ ਸ. ਹੋਠੀ ਕਈ ਵਾਰੀ ਗੁਰੂ ਦਰਬਾਰ ਅੰਦਰ ਅਜਿਹਾ ਕਰ ਚੁਕੇ ਹਨ ਅਤੇ ਇੱਕ ਵਾਰ ਪ੍ਰਬੰਧਕ ਸੇਵਾਦਾਰਾਂ ਤੋਂ ਮੁਆਫੀ ਵੀ ਮੰਗ ਚੁਕੇ ਹਨ ਕਿ ਉਹ ਮੁੜ ਅਜਿਹੀ ਹਰਕਤ ਨਹੀਂ ਕਰਨਗੇ ਪਰ ਜਾਪਦਾ ਹੈ ਕਿ ਉਨ੍ਹਾਂ ਦਾ ਇਹ ਆਮ ਸੁਭਾਅ ਹੀ ਬਣ ਗਿਆ ਹੈ।

ਭਾਈ ਢਿੱਲੋਂ ਨੇ ਆਖਿਆ ਕਿ ਕੁਝ ਹਫਤੇ ਪਹਿਲਾਂ ਸ. ਹੋਠੀ ਨੇ ਪ੍ਰਬੰਧਕ ਸੇਵਾਦਾਰਾਂ ਨਾਲ ਮੀਟਿੰਗ ਕੀਤੀ ਜਿਸ ਵਿਚ ਉਨ੍ਹਾਂ ਨੂੰ ਕਿਹਾ ਗਿਆ ਸੀ ਕਿ ਜੇ ਕੋਈ ਸਵਾਲ ਹੈ ਜਾਂ ਗੁਰਦੁਆਰਾ ਪ੍ਰਬੰਧ ਬਾਰੇ ਕੋਈ ਸੁਝਾਅ ਦੇਣਾ ਹੈ ਤਾਂ ਪ੍ਰਬੰਧਕਾਂ ਨਾਲ ਬੈਠ ਕੇ ਗੱਲ ਕਰ ਲੈਣੀ ਚਾਹੀਦੀ ਹੈ। ਗੁਰੂ ਦਰਬਾਰ ਵਿਚ ਰੌਲਾ ਪਾਉਣ, ਝਗੜਾ ਕਰਨ ਜਾਂ ਖਲਲ ਪਾਉਣ ਦਾ ਕਿਸੇ ਨੂੰ ਵੀ ਕੋਈ ਹੱਕ ਨਹੀਂ ਹੈ। ਭਾਈ ਢਿੱਲੋਂ ਨੇ ਕਿਹਾ ਕਿ ਜੇ ਸ. ਹੋਠੀ ਨੂੰ ਕਿਸੇ ਗੱਲ 'ਤੇ ਇਤਰਾਜ਼ ਹੈ ਤਾਂ ਉਹ ਕਮੇਟੀ ਨਾਲ ਸਿੱਧੀ ਗੱਲਬਾਤ ਕਰ ਸਕਦੇ ਹਨ ਪਰ ਵਾਰ-ਵਾਰ ਇਸ ਤਰ੍ਹਾਂ ਦੀਵਾਨ ਹਾਲ ਵਿਚ ਉਚਾ ਬੋਲਣਾ ਚੰਗੀ ਗੱਲ ਨਹੀਂ ਹੈ। ਆਪਣੇ ਸਹਿਯੋਗੀਆਂ ਜਾਂ ਬਾਹਰੋਂ ਆਏ ਸਿੱਖ ਵਿਦਵਾਨਾਂ ਨੂੰ ਅਜਿਹਾ ਕਰਕੇ ਉਹ ਕੀ ਦੱਸਣਾ ਚਾਹੁੰਦੇ ਹਨ, ਇਹ ਉਹੀ ਜਾਣਨ।

ਭਾਈ ਢਿੱਲੋਂ ਨੇ ਸੁਧਾਰ ਕਮੇਟੀ ਦੀ ਤਿੱਖੀ ਆਲੋਚਨਾ ਕਰਦਿਆਂ ਕਿਹਾ ਕਿ ਇਹ ਵੀ ਆਏ ਦਿਨ ਗੁਰਦੁਆਰਾ ਸਾਹਿਬ ਦੇ ਸ਼ਾਂਤਮਈ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕਰਦੀ ਹੈ। ਇਸੇ ਲਈ ਉਹ ਘਾਹ 'ਤੇ ਖੜ੍ਹ ਕੇ ਰੈਲੀ ਕਰਦੇ ਹਨ। ਸੁਧਾਰ ਕਮੇਟੀ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਘਾਹ 'ਤੇ ਇੰਜ ਰੈਲੀਆਂ ਕਰਨਾ ਗੁਰੂ ਘਰ ਦੀ ਮਰਿਆਦਾ ਦੀ ਉਲੰਘਣਾ ਹੈ।



ਭੁਪਿੰਦਰ ਸਿੰਘ (ਬਾਬ) ਢਿੱਲੋਂ

ਗੁਰੂ ਘਰ ਦੇ ਸਕੱਤਰ ਨੇ ਸੁਧਾਰ ਕਮੇਟੀ ਅਤੇ ਇਸ ਦੇ ਹਮਾਇਤੀਆਂ ਵਲੋਂ ਉਠਾਏ ਜਾ ਰਹੇ ਮੁੱਦਿਆਂ ਦੀ ਗੱਲ ਕਰਦਿਆਂ ਆਖਿਆ ਕਿ ਇਨ੍ਹਾਂ ਬਾਰੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ ਅਤੇ ਸਬੰਧਤ ਪਰਿਵਾਰ ਵਾਰ ਵਾਰ ਸਪਸ਼ਟ ਕਰ ਚੁਕੇ ਹਨ ਅਤੇ ਹੋਈ ਭੁੱਲ ਲਈ ਸੰਗਤ ਤੋਂ ਮੁਆਫੀ ਵੀ ਮੰਗ ਚੁਕੇ ਹਨ, ਫਿਰ ਵੀ ਪਤਾ ਨਹੀਂ ਕਿਉਂ ਵਾਰ ਵਾਰ ਇਹੋ ਮਸਲੇ ਉਠਾਏ ਜਾ ਰਹੇ ਹਨ। ਇਸ ਦਾ ਇਕੋ ਇਕ ਮਕਸਦ ਸੰਗਤ ਵਿਚ ਤਣਾਉ ਦਾ ਮਾਹੌਲ ਪੈਦਾ ਕਰੀ ਰੱਖਣ ਤੋਂ ਇਲਾਵਾ ਕੁਝ ਨਹੀਂ ਹੋ ਸਕਦਾ।

ਉਨ੍ਹਾਂ ਆਖਿਆ ਕਿ ਸਾਲ 2011 ਵਿਚ ਸ. ਜਸਵੀਰ ਸਿੰਘ ਥਾਂਦੀ ਭਾਈ ਬੰਨੂੰ ਦੀ ਬੀੜ ਅਤੇ ਦਸਮ ਗ੍ਰੰਥ ਸੰਗਤ ਦੇ ਦਰਸ਼ਨਾਂ ਲਈ ਲੈ ਕੇ ਆਏ ਸਨ ਪਰ ਉਨ੍ਹਾਂ ਤੋਂ ਭੁਲੇਖੇ ਨਾਲ ਮਹਾਂਭਾਰਤ ਲਿਆ ਹੋ ਗਿਆ। ਪ੍ਰਬੰਧਕ ਸੇਵਾਦਾਰਾਂ ਨੇ ਪਤਾ ਲੱਗਣ 'ਤੇ ਉਸੇ ਵੇਲੇ ਹੀ ਮਹਾਂਭਾਰਤ ਚੁਕਵਾ ਦਿੱਤਾ ਸੀ। ਸ. ਥਾਂਦੀ ਇਸ ਬਾਰੇ ਅਖਬਾਰਾਂ ਵਿਚ ਸਪਸ਼ਟੀਕਰਨ ਦੇ ਚੁਕੇ ਹਨ ਕਿ ਅਜਿਹਾ ਉਨ੍ਹਾਂ ਤੋਂ ਭੁਲੇਖੇ ਨਾਲ ਹੋ ਗਿਆ। ਪ੍ਰਬੰਧਕਾਂ ਨੇ ਵੀ ਸੰਗਤ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਅਤੇ ਮੁਦੇ ਉਠਾਉਣ ਵਾਲਿਆਂ ਨੂੰ ਕਿਹਾ ਕਿ ਉਹ ਸਾਡੇ ਨਾਲ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਆ ਜਾਣ ਅਤੇ ਅਸੀਂ ਕਹਾਂਗੇ ਕਿ ਅਸੀਂ ਇਸ ਨੂੰ ਜਾਣ ਬੁੱਝ ਕੇ ਨਹੀਂ ਲਿਆਂਦਾ ਪਰ ਕੋਈ ਨਹੀਂ ਆਇਆ।

ਗੁਰੂ ਘਰ ਵਿਚ ਇਕ ਵਿਆਹ ਸਮਾਗਮ ਮੌਕੇ ਚੀਅਰ ਗਰਲਜ਼ ਲਿਆਉਣ ਦੇ ਮਾਮਲੇ ਨੂੰ ਵਿਰੋਧੀਆਂ ਵਲੋਂ ਲੋੜੋਂ ਵੱਧ ਤੂਲ ਦਿੱਤੇ ਜਾਣ ਦੀ ਆਲੋਚਨਾ ਕਰਦਿਆਂ ਭਾਈ ਢਿੱਲੋਂ ਨੇ ਆਖਿਆ ਕਿ ਕੋਈ ਤਿੰਨ ਮਹੀਨੇ ਪਹਿਲਾਂ ਕਿਸੇ ਪਰਿਵਾਰ ਨੇ ਵਿਆਹ ਤੇ ਚੀਅਰ ਗਰਲਜ਼ ਦੀ ਟੀਮ ਲੈ ਆਂਦੀ, ਜਦੋਂ ਪ੍ਰਬੰਧਕ ਸੇਵਾਦਾਰਾਂ ਨੂੰ ਪਤਾ ਲੱਗਾ, ਉਨ੍ਹਾਂ ਪਰਿਵਾਰ ਦੇ ਨਾਲ ਗੱਲ ਕਰਕੇ ਚੀਅਰ ਗਰਲਜ਼ ਨੂੰ ਗੇਟ 'ਤੇ ਰੋਕ ਦਿੱਤਾ। ਬਾਅਦ ਵਿਚ ਉਹ ਪੰਜਾਬੀ ਪਹਿਰਾਵੇ ਵਿਚ ਵਿਆਹ ਵਿਚ ਸ਼ਾਮਲ ਹੋਈਆਂ। ਉਨ੍ਹਾਂ ਜਾਨਣਾ ਚਾਹਿਆ ਕਿ ਸੁਧਾਰ ਕਮੇਟੀ ਦੇ ਮੁਖੀ ਆਗੂ ਡਾ. ਤਰਲੋਚਨ ਸਿੰਘ ਨਾਹਲ ਵੀ ਉਸੇ ਬਰਾਤ ਵਿਚ ਸ਼ਾਮਲ ਸਨ ਫਿਰ ਉਹ ਚੀਅਰ ਗਰਲਜ਼ ਨੂੰ ਕਿਉਂ ਨਾ ਰੋਕ ਸਕੇ।

ਗੁਰਦੁਆਰਾ ਸਾਹਿਬ 'ਚ ਅਖਬਾਰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਰੱਖਣ ਦੀ ਮਨਾਹੀ ਤੋਂ ਉਪਜੇ ਵਿਵਾਦ ਦੀ ਗੱਲ ਕਰਦਿਆਂ ਭਾਈ ਢਿੱਲੋਂ ਨੇ ਆਖਿਆ ਕਿ ਸਾਲ 2010 ਵਿਚ ਇਸ ਅਖਬਾਰ ਨੇ ਗੁਰਦੁਆਰਾ ਸਾਹਿਬ ਦੇ ਵਿਰੁਧ ਬਹੁਤ ਗਲਤ ਅਤੇ ਝੂਠੀ ਬਿਆਨਬਾਜ਼ੀ ਕੀਤੀ। ਗੁਰਦੁਆਰਾ ਪ੍ਰਬੰਧਕਾਂ ਨੇ ਅਖਬਾਰ ਨੂੰ ਗਲਤ ਅਤੇ ਝੂਠੇ ਬਿਆਨ ਵਾਪਸ ਲੈਣ ਲਈ ਬੇਨਤੀ ਕੀਤੀ ਪਰ ਅਖਬਾਰ ਨੇ ਇਸ ਦੀ ਕੋਈ ਪ੍ਰਵਾਹ ਨਾ ਕੀਤੀ। ਗੁਰਦੁਆਰਾ ਸਾਹਿਬ ਵਲੋਂ ਇਸ ਅਖਬਾਰ ਵਿਰੁਧ ਮਾਣਹਾਨੀ ਦਾ ਮੁਕੱਦਮਾ ਕੀਤਾ ਹੋਇਆ ਹੈ। ਪਿੱਛੇ ਜਿਹੇ ਜਦੋਂ ਇਸ ਮੁਕੱਦਮੇ ਦੀ ਤਰੀਕ ਆਈ ਤਾਂ ਇਸ ਦੇ ਮਾਲਕਾਂ ਨੇ ਅਖਬਾਰ ਦੀ ਬੈਂਕਰਪਸੀ ਫਾਈਲ ਕਰ ਦਿੱਤੀ ਅਤੇ ਇਸ ਨੂੰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੇ ਨਾਮ ਹੇਠ ਚਲਦਾ ਰੱਖਿਆ। ਉਨ੍ਹਾਂ ਕਿਹਾ ਕਿ ਇਹ ਅਖਬਾਰ ਕੈਲੀਫੋਰਨੀਆ ਸੂਬੇ ਤੋਂ 'ਆਊਟ ਆਫ ਸਟੇਟਸ' ਵੀ ਹੋਇਆ ਹੋਇਆ ਹੈ। ਇਸ ਮੁਕੱਦਮੇ ਵਿਚ ਇਨ੍ਹਾਂ ਦੇ ਵਕੀਲ ਹਰਪਾਲ ਸਿੰਘ ਨਾਹਲ ਨੇ ਦੱਸਿਆ ਕਿ ਇਹ ਅਖਬਾਰ ਪਹਿਲਾਂ ਵਾਲਾ ਹੀ ਹੈ, ਸਿਰਫ ਥੋੜਾ ਜਿਹਾ ਨਾਮ ਹੀ ਬਦਲਿਆ ਹੈ। ਪ੍ਰਬੰਧਕ ਸੇਵਾਦਾਰਾਂ ਨੇ ਇਸ ਬਾਰੇ ਡੂੰਘੀ ਵਿਚਾਰ ਤੋਂ ਬਾਅਦ ਸਰਬਸੰਮਤੀ ਨਾਲ ਮਤਾ ਪਾਸ ਕੀਤਾ ਕਿ ਜਿੰਨਾ ਚਿਰ ਗੁਰਦੁਆਰਾ ਸਾਹਿਬ ਦਾ ਇਸ ਅਖਬਾਰ ਵਿਰੁਧ ਮੁਕੱਦਮਾ ਚਲਦਾ ਹੈ, ਉਨਾ ਚਿਰ ਇਸ ਅਖਬਾਰ ਨੂੰ ਗੁਰਦੁਆਰਾ ਸਾਹਿਬ ਅੰਦਰ ਰੱਖਣ ਦੀ ਮਨਾਹੀ ਕੀਤੀ ਜਾਵੇ। ਪਿਛਲੇ ਹਫਤੇ ਗੁਰਦੁਆਰਾ ਸਾਹਿਬ ਵਲੋਂ 'ਇਸ ਅਖਬਾਰ ਦੇ ਕਰਤਾ ਧਰਤਾ' ਨੂੰ ਇੱਕ ਚਿੱਠੀ ਰਾਹੀਂ ਇਸ ਬਾਰੇ ਸੂਚਿਤ ਕੀਤਾ ਗਿਆ ਸੀ। ਭਾਈ ਢਿੱਲੋਂ ਨੇ ਆਖਿਆ ਕਿ ਇਸ ਦਾ ਕਰਤਾ ਧਰਤਾ ਜਸਜੀਤ ਸਿੰਘ ਇਕ ਪਾਸੇ ਕਹਿ ਰਿਹਾ ਹੈ ਕਿ ਉਸ ਦਾ ਇਸ ਅਖਬਾਰ ਨਾਲ ਕੋਈ ਲੈਣਾ ਦੇਣਾ ਨਹੀਂ ਪਰ ਦੂਜੇ ਪਾਸੇ ਇਸ ਪਾਬੰਦੀ ਵਿਰੁਧ ਆਵਾਜ਼ ਵੀ ਸਭ ਤੋਂ ਵੱਧ ਉਹ ਹੀ ਉਠਾ ਰਿਹਾ ਹੈ।

ਇਸੇ ਦੌਰਾਨ ਅਖਬਾਰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਵਿਰੁਧ ਲਏ ਗਏ ਇਸ ਫੈਸਲੇ ਨੂੰ ਵਿਰੋਧੀ ਧਿਰ ਅਤੇ ਅਖਬਾਰ ਦੇ ਪ੍ਰਬੰਧਕਾਂ ਵਲੋਂ ਪ੍ਰੈਸ ਦੀ ਆਜ਼ਾਦੀ ਉਤੇ ਹਮਲਾ ਕਰਾਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਗੁਰਦੁਆਰਾ ਪ੍ਰਬੰਧਕਾਂ ਵਲੋਂ ਇਹ ਫੈਸਲਾ ਚੀਅਰ ਗਰਲਜ਼ ਦੇ ਮਾਮਲੇ ਉਤੇ ਅਖਬਾਰ ਵਿਚ ਛਪੀਆਂ ਖਬਰਾਂ ਅਤੇ ਟਿੱਪਣੀਆਂ ਤੋਂ ਚਿੜ ਕੇ ਲਿਆ ਗਿਆ ਹੈ। ਅਦਾਰਾ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਨੇ ਆਪਣੇ ਪਿਛਲੇ ਅੰਕ ਵਿਚ ਪ੍ਰਬੰਧਕ ਕਮੇਟੀ ਦੇ ਇਸ ਫੈਸਲੇ ਨੂੰ ਤਾਨਾਸ਼ਾਹੀ ਕਰਾਰ ਦਿੰਦਿਆਂ ਕਿਹਾ ਸੀ ਕਿ ਇਹ ਇੱਕਪਾਸੜ ਕਾਰਵਾਈ ਕੇਵਲ ਸਾਡੇ ਅਖ਼ਬਾਰ ਵਿਰੁਧ ਨਹੀਂ ਸਗੋਂ ਅਮਰੀਕੀ ਸੰਵਿਧਾਨ ਅਨੁਸਾਰ ਦਿੱਤੀ ਗਈ ਪ੍ਰੈਸ ਦੀ ਆਜ਼ਾਦੀ ਉਤੇ ਹਮਲਾ ਹੈ। ਅਖ਼ਬਾਰ ਦੇ ਪ੍ਰਬੰਧਕਾਂ ਨੇ ਮਸਲਾ ਸੰਗਤਾਂ ਦੀ ਕਚਹਿਰੀ ਵਿਚ ਲੈ ਜਾਣ ਦੀ ਗੱਲ ਵੀ ਕਹੀ ਸੀ।

ਇਸੇ ਦੌਰਾਨ ਲੰਘੇ ਐਤਵਾਰ ਨੂੰ ਸੰਗਤ ਦੇ ਲਗਭਗ 60-70 ਮੈਂਬਰਾਂ ਨੇ ਪ੍ਰਬੰਧਕਾਂ ਦੇ 'ਪਾਬੰਦੀ' ਦੇ ਫੈਸਲੇ ਨੂੰ ਨਕਾਰਦਿਆਂ ਖੁਦ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਦੀਆਂ ਕਾਪੀਆਂ ਸੰਗਤਾਂ ਵਿਚ ਵੰਡੀਆਂ। ਉਨ੍ਹਾਂ ਸਵਾਲ ਕੀਤਾ ਕਿ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼', ਜੋ ਹੋਰਨਾਂ ਅਖ਼ਬਾਰਾਂ ਵਾਂਗ ਹਰ ਗੁਰੂ ਘਰ ਵਿਚ ਜਾਂਦਾ ਹੈ, ਦੇ ਸੈਨ ਹੋਜ਼ੇ ਗੁਰੂ ਘਰ ਵਿਚ ਦਾਖ਼ਲੇ ਉਤੇ ਰੋਕ ਕਿਉਂ ਲਾਈ ਗਈ ਹੈ?

ਅਖਬਾਰ ਦੇ ਹਮਾਇਤੀਆਂ ਦੇ ਇਕ ਗਰੁਪ ਵਲੋਂ ਮੀਟਿੰਗ ਕਰਕੇ ਪ੍ਰਬੰਧਕ ਕਮੇਟੀ ਦੀ ਕਾਰਵਾਈ ਦੀ ਨਿਖੇਧੀ ਕਰਦਿਆਂ ਇਸ ਦਾ ਵਿਰੋਧ ਜਾਰੀ ਰੱਖਣ ਦਾ ਫੈਸਲਾ ਲਿਆ ਗਿਆ। ਮੀਟਿੰਗ ਵਿਚ ਹਾਜ਼ਰ ਮੈਂਬਰਾਂ ਨੇ ਗੁਰੂ ਘਰ ਦੇ ਸਾਬਕਾ ਸੇਵਾਦਾਰ ਸ. ਬਲਵੀਰ ਢਿੱਲੋਂ ਵਲੋਂ ਲਿਆਂਦਾ ਗਿਆ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਜਿਸ ਵਿਚ ਸਪੱਸ਼ਟ ਕਿਹਾ ਗਿਆ ਕਿ "ਕਮੇਟੀ ਦੇ ਅਜਿਹੇ ਤਾਨਾਸ਼ਾਹੀ ਹੁਕਮ ਸੰਗਤ ਪ੍ਰਵਾਨ ਨਹੀਂ ਕਰੇਗੀ। 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਵਿਰੁਧ ਲਿਆ ਫ਼ੈਸਲਾ ਪ੍ਰੈਸ ਦੀ ਆਜ਼ਾਦੀ 'ਤੇ ਸਿੱਧਾ ਹਮਲਾ ਹੈ।"



*ਗੁਰਦੁਆਰਾ ਸੈਨ ਹੋਜ਼ੇ ਵਿਚ ਅਖਬਾਰ 'ਕੌਮਾਂਤਰੀ ਅੰਮ੍ਰਿਤਸਰ ਟਾਈਮਜ਼' ਫੜ੍ਹੀ ਖੜ੍ਹੇ ਸੰਗਤ ਦੇ ਕੁਝ ਮੈਂਬਰ*

## ਸਿੱਖ ਕਤਲੇਆਮ ਦੇ ਪੀੜਤ ਦੀ ਸੁਣਵਾਈ 25 ਨੂੰ

**ਚੰਡੀਗੜ੍ਹ:** ਨਵੰਬਰ 1984 ਸਿੱਖ ਕਤਲੇਆਮ ਦੌਰਾਨ ਜੋ ਪਰਿਵਾਰ ਗੁੜਗਾਉਂ, ਹੋਂਦ ਚਿੱਲੜ, ਰਿਵਾੜੀ, ਪਟੌਦੀ ਵਿਚ ਹਿੰਸਾ ਦਾ ਸ਼ਿਕਾਰ ਹੋਣ ਉਪਰੰਤ ਚੰਡੀਗੜ੍ਹ, ਮੁਹਾਲੀ ਜਾਂ ਪੰਜਾਬ ਵਿਚ ਕਿਤੇ ਵੀ ਵਸੇ ਹੋਣ, ਉਹ ਆਪਣੇ ਮੁੜ ਵਸੇਬੇ ਤੇ ਸਹਾਇਤਾ ਲਈ 25 ਸਤੰਬਰ ਨੂੰ ਹਿਸਾਰ ਵਿਖੇ ਪੁਰਾਣਾ ਪੀ. ਡਬਲਿਊ. ਡੀ. ਰੈਸਟ ਹਾਊਸ ਵਿਚ ਟੀ. ਪੀ. ਗਰਗ ਕਮਿਸ਼ਨ ਅੱਗੇ ਪੇਸ਼ ਹੋ ਕੇ ਆਪਣੇ ਦਾਅਵੇ ਪੇਸ਼ ਕਰ ਸਕਦ ਹਨ।

ਪੰਥਕ ਵਿਚਾਰ ਮੰਚ ਦੇ ਭਾਈ ਬਲਜੀਤ ਸਿੰਘ ਖ਼ਾਲਸਾ ਨੇ ਦੱਸਿਆ ਕਿ ਜ਼ਿਆਦਾ ਜਾਣਕਾਰੀ ਲਈ ਗੁੜਗਾਉਂ ਦੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਸੰਤੋਖ ਸਿੰਘ ਸਾਹਨੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ooraa




ਕਰੈਡਿਟ ਕਾਰਡ ਪੇਮੈਂਟਾਂ ਤੋਂ ਬੇਹੱਦ ਪ੍ਰੇਸ਼ਾਨ ਹੋ?

- ਹਜ਼ਾਰਾਂ ਡਾਲਰ ਬਚਾਓ, ਆਪਣੀ ਜਾਨ ਸੁਖਾਲੀ ਕਰੋ
- ਤੁਹਾਡੀ ਰਹਿੰਦੀ ਪੇਮੈਂਟ 60% ਤੱਕ ਘਟ ਸਕਦੀ ਹੈ
- ਆਪਣਾ ਕਰੈਡਿਟ ਬਹਾਲ ਕਰਾਓ
- Bankruptcy ਤੋਂ ਬਚੋ !
- ਸਾਰੇ ਕਾਰਡਾਂ ਦੀ ਇਕੋ Monthly Payment ਬਣਾਓ

- Achieve financial peace of mind
- Get the fast results
- 100% confidential
- Prevent wages garnishment and bank levies

We work in USA & Canada

Resolve your IRS Tax Debt / Problems

100% SATISFACTION GUARANTEED

ਅੱਜ ਹੀ ਸਾਨੂੰ ਕਾਲ ਕਰੋ

(888) 888-9914

www.ooraa.org

# ਸੀ.ਬੀ.ਆਈ. ਨੇ ਖੋਲ੍ਹੀ ਹਰਪ੍ਰੀਤ ਹੱਤਿਆ ਕਾਂਡ ਦੀ ਪੋਲ

## ਬੀਬੀ ਜਗੀਰ ਕੌਰ ਖ਼ਿਲਾਫ਼ ਹਾਈ ਕੋਰਟ ਦਾ ਦਰ ਖੜਕਾਇਆ



**ਚੰਡੀਗੜ੍ਹ:** ਆਪਣੀ ਧੀ ਨੂੰ ਅਗਵਾ ਕਰਨ ਤੇ ਗਰਭਪਾਤ ਕਰਵਾਉਣ ਦੇ ਦੋਸ਼ 'ਚ ਸਜ਼ਾ ਭੁਗਤ ਰਹੀ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਜਗੀਰ ਕੌਰ ਦੀਆਂ ਮੁਸ਼ਕਲਾਂ 'ਚ ਉਸ ਵੇਲੇ ਹੋਰ ਵਾਧਾ ਹੋ ਗਿਆ ਜਦੋਂ ਸੀ.ਬੀ.ਆਈ. ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਅਪੀਲ ਦਾਇਰ ਕਰਕੇ ਦਾਅਵਾ ਕੀਤਾ ਹੈ ਕਿ ਉਸ ਨੇ ਆਪਣੀ ਧੀ ਹਰਪ੍ਰੀਤ ਕੌਰ ਨੂੰ ਮਾਰਨ ਦੀ ਸਾਜ਼ਿਸ਼ ਘੜੀ ਸੀ।

ਸੀ.ਬੀ.ਆਈ. ਦੇ ਵਿਸ਼ੇਸ਼ ਸਰਕਾਰੀ ਵਕੀਲ ਆਰਕੇ ਹਾਂਡਾ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ 'ਚ ਦਾਇਰ ਅਪੀਲ ਵਿਚ ਕਿਹਾ ਗਿਆ ਹੈ ਕਿ ਹੇਠਲੀ ਅਦਾਲਤ ਦਾ ਜੱਜ ਹਰਪ੍ਰੀਤ ਦੀ ਮੌਤ ਨੂੰ ਕਤਲ ਵਜੋਂ ਸਮਝਣ ਵਿਚ ਅਸਫਲ ਰਿਹਾ ਹੈ ਤੇ ਇਨ੍ਹਾਂ ਤੱਥਾਂ ਨੂੰ ਨਜ਼ਰਅੰਦਾਜ਼ ਕੀਤਾ ਹੈ ਕਿ ਇਹ ਮੌਤ ਭੇਤਭਰੀ ਹਾਲਤ ਵਿਚ ਹੋਈ ਹੈ। ਜ਼ਿਕਰਯੋਗ ਹੈ ਕਿ ਛੇ ਮਹੀਨੇ ਪਹਿਲਾਂ ਸੀ.ਬੀ.ਆਈ. ਅਦਾਲਤ ਨੇ ਬੀਬੀ ਜਗੀਰ ਕੌਰ ਨੂੰ ਆਪਣੀ ਧੀ ਦੀ ਹੱਤਿਆ ਦੇ ਦੋਸ਼ ਵਿਚੋਂ ਬਰੀ ਕਰ ਦਿੱਤਾ ਸੀ ਪਰ ਉਸ ਨੂੰ ਅਗਵਾ ਕਰਨ ਤੇ ਜਬਰੀ ਗਰਭ ਡੇਗਣ ਦੇ ਦੋਸ਼ ਵਿਚ ਸਜ਼ਾ ਸੁਣਾਈ ਸੀ।

ਸੀ.ਬੀ.ਆਈ. ਨੇ ਆਪਣੀ ਅਪੀਲ ਵਿਚ ਦੱਸਿਆ ਕਿ ਹਰਪ੍ਰੀਤ ਕੌਰ ਤੇ ਕਮਲਜੀਤ ਦੀ ਪ੍ਰੇਮ ਕਹਾਣੀ ਉਦੋਂ ਸ਼ੁਰੂ ਹੋਈ ਜਦੋਂ ਉਹ ਬੇਗੋਵਾਲ ਵਿਚ ਕਮਲਜੀਤ ਦੇ ਛੋਟੇ ਭਰਾ ਸਿਮਰਜੀਤ ਸਿੰਘ ਨਾਲ ਪੜ੍ਹਦੀ ਸੀ। 1999 'ਚ ਅਠਾਰਾਂ ਸਾਲਾਂ ਦੀ ਹਰਪ੍ਰੀਤ ਕੌਰ ਅਮਰੀਕਾ ਵਿਚ ਸੀ ਜਦੋਂ ਉਸ ਨੂੰ ਆਪਣੇ ਗਰਭਵਤੀ ਹੋਣ ਬਾਰੇ ਪਤਾ ਲੱਗਿਆ ਤੇ ਉਸ ਨੇ ਕਮਲਜੀਤ ਨਾਲ ਜਾਣਕਾਰੀ ਸਾਂਝੀ ਕੀਤੀ। ਦੋਵਾਂ ਨੂੰ ਹੀ ਆਸ ਸਨ ਕਿ ਉਨ੍ਹਾਂ ਦਾ ਵਿਆਹ ਜਲਦੀ ਹੋ ਜਾਵੇਗਾ ਤੇ ਉਹ ਇਸ ਗਰਭ ਨੂੰ ਰੱਖਣਾ ਚਾਹੁੰਦੇ ਸਨ।

ਇਸ ਲਈ ਕਈ ਵਾਰ ਇਕੱਠੇ ਕਲੀਨਕ ਵੀ ਗਏ ਸਨ ਪਰ ਬੀਬੀ ਜਗੀਰ ਕੌਰ ਇਸ ਗਰਭ ਨੂੰ ਨਹੀਂ ਚਾਹੁੰਦੀ ਸੀ ਕਿਉਂਕਿ ਉਸ ਨੂੰ ਲੱਗਦਾ ਸੀ ਕਿ ਇਸ ਨਾਲ ਉਸ ਦਾ ਸਮਾਜਿਕ ਤੇ ਰਾਜਸੀ ਰੁਤਬਾ ਖ਼ਤਰੇ ਵਿਚ ਪੈ ਜਾਵੇਗਾ। ਉਹ ਚਾਹੁੰਦੀ ਸੀ ਕਿ ਹਰਪ੍ਰੀਤ, ਉਸ ਦੀ ਵਿਸ਼ਵਾਸਪਾਤਰ ਦਲਵਿੰਦਰ ਕੌਰ ਢੇਸੀ ਦੇ ਵੱਡੇ ਲੜਕੇ ਚੇਨੀ ਨਾਲ ਵਿਆਹ ਕਰਵਾ ਲਵੇ ਜੋ ਉਦੋਂ ਇੰਗਲੈਂਡ ਵਿਚ ਪੜ੍ਹਦਾ ਸੀ। 18 ਮਾਰਚ, 2000 ਨੂੰ ਹਰਪ੍ਰੀਤ ਨੂੰ ਚੰਡੀਗੜ੍ਹ ਤੋਂ ਅਗਵਾ ਕਰ ਲਿਆ ਗਿਆ ਤੇ ਉਸ ਨੂੰ ਫਗਵਾੜਾ ਵਿਖੇ ਬੀਬੀ ਢੇਸੀ ਦੇ ਘਰ ਜਸਦਿਲ ਮੈਨਸਨ ਵਿਚ ਰੱਖਿਆ ਗਿਆ।

20 ਮਾਰਚ, 2000 ਨੂੰ ਢੇਸੀ ਨੇ ਕਰਤਾਰਪੁਰ ਵਿਖੇ ਉਸ ਦਾ ਗਰਭਪਾਤ ਕਰਵਾ ਦਿੱਤਾ। ਸੀ.ਬੀ.ਆਈ. ਵਕੀਲ ਵੱਲੋਂ ਦਾਇਰ ਅਪੀਲ ਅਨੁਸਾਰ ਬੀਬੀ ਜਗੀਰ ਕੌਰ ਹਰਪ੍ਰੀਤ ਨੂੰ ਕਮਲਜੀਤ ਨਾਲ ਵਿਆਹ ਕਰਨ ਤੋਂ ਨਹੀਂ ਰੋਕ ਸਕੀ। ਇਸ ਕਰਕੇ 14 ਅਪਰੈਲ, 2000 ਨੂੰ ਉਸ ਨੇ ਪਰਮਜੀਤ ਸਿੰਘ ਰਾਏਪੁਰ, ਬੀਬੀ ਢੇਸੀ ਤੇ ਆਪਣੇ ਨਿੱਜੀ ਸੁਰੱਖਿਆ ਅਧਿਕਾਰੀ ਨਿਸ਼ਾਨ ਸਿੰਘ ਤੇ ਡਾ. ਬਲਵਿੰਦਰ ਸਿੰਘ ਨਾਲ ਰਲ ਕੇ ਹਰਪ੍ਰੀਤ ਨੂੰ ਮਾਰਨ ਦੀ ਸਾਜ਼ਿਸ਼ ਘੜ ਲਈ। ਬਾਕੀ ਦੇ ਮੁਲਜ਼ਮ ਬੀਬੀ ਜਗੀਰ ਕੌਰ ਦੇ ਰਾਜਸੀ ਪ੍ਰਭਾਵ ਕਰਕੇ ਉਸ ਨੂੰ ਜਵਾਬ ਨਾ ਦੇ ਸਕੇ ਤੇ ਡਾ. ਸੋਹਲ ਤੋਂ ਇਸ ਕੰਮ ਨੂੰ ਸਿਰੇ ਲਾਉਣ ਲਈ ਸਲਾਹ ਮੰਗੀ ਗਈ ਕਿ ਕਿਹੜੀ ਜ਼ਹਿਰ ਦਿੱਤੀ ਜਾਵੇ ਤੇ ਉਦੋਂ ਤੱਕ ਹਰਪ੍ਰੀਤ ਨੂੰ ਜਸਦਿਲ ਮੈਨਸਨ ਵਿਚ ਰੱਖਣ ਦਾ ਹੀ ਫੈਸਲਾ ਲਿਆ ਗਿਆ।

ਇਸ ਦੌਰਾਨ ਕਮਲਜੀਤ ਤੇ ਉਸ ਦੇ ਪਰਿਵਾਰ ਨੂੰ ਹਰਪ੍ਰੀਤ ਕੌਰ ਨਾਲ ਨਾ ਮਿਲਣ ਦਿੱਤਾ ਗਿਆ। 20-21 ਅਪਰੈਲ ਦੀ ਰਾਤ ਨੂੰ ਡਾ. ਸੋਹਲ ਨੂੰ ਜਸਦਿਲ ਮੈਨਸਨ ਵਿਚ ਬੁਲਾਇਆ ਗਿਆ ਤੇ ਉਸ ਦੀ ਸਲਾਹ ਨਾਲ 30-35 ਗੋਲੀਆਂ ਦਾ ਪਾਊਡਰ ਬਣਾ ਕੇ ਖਾਣੇ ਵਿਚ ਪਾ ਕੇ ਹਰਪ੍ਰੀਤ ਨੂੰ ਦਿੱਤਾ ਗਿਆ ਪਰ ਉਹ ਧੱਕੇ ਨਾਲ ਉੱਥੇ ਰੱਖਣ ਵਿਰੁੱਧ ਖਾਣਾ ਨਹੀਂ ਖਾ ਰਹੀ ਸੀ। ਉਸ ਨੂੰ ਮਨਾਇਆ ਗਿਆ ਕਿ ਉਹ ਰੋਟੀ ਖਾ ਲਵੇ ਤੇ ਉਸ ਨੂੰ ਚੰਡੀਗੜ੍ਹ ਲੈ ਜਾਇਆ ਜਾਵੇਗਾ। ਇਸ ਤੋਂ ਬਾਅਦ ਉਸ ਨੇ ਖਾਣਾ ਖਾ ਲਿਆ।

ਹਰਪ੍ਰੀਤ ਦੀ ਮੌਤ ਨੂੰ ਕੁਦਰਤੀ ਮੌਤ ਵਜੋਂ ਦਰਸਾਉਣ ਦੀ ਸਾਜ਼ਿਸ਼ ਬਣਾਈ ਗਈ ਤੇ ਪੋਸਟ ਮਾਰਟਮ ਵੀ ਨਾ ਕਰਵਾਇਆ। ਅਪੀਲ ਅਨੁਸਾਰ ਟਰਾਇਲ ਕੋਰਟ ਦੇ ਜੱਜ ਨੇ ਇਸ ਪੱਖ ਨੂੰ ਅਣਦੇਖਿਆ ਕਰ ਦਿੱਤਾ ਕਿ ਪਰਮਜੀਤ ਗੋਲੀਆਂ ਲੈ ਕੇ ਆਇਆ ਸੀ ਤੇ ਹਰਪ੍ਰੀਤ ਨੂੰ ਮਾਰਨ ਤੋਂ ਪਹਿਲਾਂ ਇਨ੍ਹਾਂ ਦਾ ਪਾਊਡਰ ਖਾਣੇ ਵਿਚ ਮਿਲਾਇਆ ਗਿਆ। ਜੱਜ ਨੇ ਇਸ ਗੱਲ 'ਤੇ ਵੀ ਗੌਰ ਨਹੀਂ ਕੀਤੀ ਕਿ ਜਦੋਂ ਹਰਪ੍ਰੀਤ ਦੀ ਮੌਤ ਹੋਈ ਉਹ ਜਸਦਿਲ ਮੈਨਸਨ ਵਿਚ ਕਿਉਂ ਸੀ? ਸੀ.ਬੀ.ਆਈ. ਦੀ ਅਪੀਲ ਵਿਚ ਕਿਹਾ ਗਿਆ ਹੈ ਕਿ ਮੁਲਜ਼ਮਾਂ ਨੂੰ ਇਸ ਮਾਮਲੇ ਵਿਚ ਦੋਸ਼ੀ ਠਹਿਰਾ ਕੇ ਸਜ਼ਾ ਦਿੱਤੀ ਜਾਵੇ। ਇਸ ਅਪੀਲ 'ਤੇ ਅਗਲੇ ਹਫ਼ਤੇ ਡਿਵੀਜ਼ਨ ਬੈਂਚ ਵੱਲੋਂ ਸੁਣਵਾਈ ਕੀਤੇ ਜਾਣ ਦੀ ਉਮੀਦ ਹੈ।

# ਤਾਂਤਰਿਕ ਬੀਬੀ ਨੇ ਬੱਚੀ ਨੂੰ ਕੁੱਟ-ਕੁੱਟ ਕੇ ਜਾਨੋਂ ਮਾਰਿਆ



**ਮੋਗਾ:** ਪਿੰਡ ਭਿੰਡਰ ਕਲਾਂ 'ਚ 22 ਅਗਸਤ ਨੂੰ ਪਿੰਡ ਦੀ ਸਰਪੰਚਣੀ ਨੇ ਇਕ 10 ਸਾਲਾ ਲੜਕੀ 'ਚੋਂ ਭੂਤ ਕੱਢਣ ਲਈ ਉਸ ਨੂੰ ਚਿਮਟਿਆਂ ਨਾਲ ਕੁੱਟ ਕੇ ਮਾਰ ਦਿੱਤਾ। ਲੜਕੀ ਉਸ ਦੀ ਭਤੀਜੀ ਸੀ। ਸਰਪੰਚਣੀ ਪਿੰਡ 'ਚ ਗੁੱਗੇ ਪੀਰ ਦੀ ਜਗ੍ਹਾ 'ਤੇ ਚੌਕੀ ਲਾਉਂਦੀ ਹੈ ਜਿਥੇ ਬਿਮਾਰ ਲੋਕ ਸਿਹਤਯਾਬੀ ਲਈ ਮੰਨਤਾਂ ਮੰਗਦੇ ਹਨ।

ਪੁਲਿਸ ਨੇ ਦੱਸਿਆ ਕਿ ਪਿੰਡ ਭਿੰਡਰ ਕਲਾਂ ਦੀ ਸਰਪੰਚ ਪਾਲ ਕੌਰ ਨੇ ਪਿੰਡ 'ਚ ਕਰਵਾਏ ਜਾਣ ਵਾਲੇ ਸਾਲਾਨਾ ਮੇਲੇ 'ਤੇ ਚੌਕੀ ਲਾਈ ਹੋਈ ਸੀ। ਪਿੰਡ ਮਨਾਵਾਂ ਦੀ ਲੜਕੀ ਵੀਰਪਾਲ ਕੌਰ ਜੋ ਮੇਲੇ 'ਤੇ ਆਈ ਸੀ, ਵਿਚੋਂ ਭੂਤ ਕੱਢਣ ਲਈ ਸਰਪੰਚ ਪਾਲ ਕੌਰ ਨੇ ਉਸ 'ਤੇ ਗਰਮ ਚਿਮਟਿਆਂ ਨਾਲ ਕਈ ਵਾਰ ਕੀਤੇ। ਲੜਕੀ ਵੱਲੋਂ ਵਾਰ-ਵਾਰ ਪਾਣੀ ਮੰਗਣ 'ਤੇ ਵੀ ਉਸ ਨੂੰ ਪਾਣੀ ਨਾ ਦੇਣ ਤੇ ਉਸ ਦੀ ਹਾਲਤ ਖਰਾਬ ਹੋਣ ਕਾਰਨ ਉੱਥੇ ਮੌਜੂਦ ਲੋਕਾਂ ਨੇ ਇਸ ਦੀ ਸੂਚਨਾ ਪੁਲਿਸ ਨੂੰ ਦਿੱਤੀ ਪਰ ਪੁਲਿਸ ਦੇ ਪਹੁੰਚਣ ਤੋਂ ਪਹਿਲਾਂ ਹੀ ਲੜਕੀ ਜ਼ਖ਼ਮਾਂ ਦੀ ਤਾਬ ਨਾ ਸਹਾਰਦੀ ਹੋਈ ਮਰ ਗਈ। ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ 'ਚ ਪਿੰਡ ਭਿੰਡਰ ਕਲਾਂ ਦੇ ਹੀ ਰਵਿੰਦਰ ਸਿੰਘ ਨੇ ਦੋਸ਼ ਲਾਇਆ ਕਿ ਉਹ ਜਦੋਂ ਪਿੰਡ ਦੀ ਸਰਪੰਚ ਪਾਲ ਕੌਰ ਜੋ ਪੁੱਛਾਂ ਦੇਣ ਦਾ ਕੰਮ ਕਰਦੀ ਹੈ, ਦੇ ਘਰ ਕੋਲੋਂ ਲੰਘ ਰਿਹਾ ਸੀ ਤਾਂ ਘਰ ਵਿਚੋਂ ਲੜਕੀ ਦੇ ਤਰਲੇ ਸੁਣ ਰਹੇ ਸਨ ਕਿ ਉਸ ਨੂੰ ਛੱਡ ਦਿਓ ਪਰ ਇਸ ਦੇ ਬਾਵਜੂਦ ਤਾਂਤਰਿਕ ਗਰਮ ਚਿਮਟਿਆਂ ਨਾਲ ਲੜਕੀ ਨੂੰ ਕੁੱਟ ਰਹੀ ਸੀ ਜਿਸ ਕਾਰਨ ਲੜਕੀ ਦੀ ਮੌਤ ਹੋ ਗਈ। ਪੁਲਿਸ ਨੇ ਰਵਿੰਦਰ ਸਿੰਘ ਦੇ ਬਿਆਨਾਂ 'ਤੇ ਤਾਂਤਰਿਕ ਸਰਪੰਚ ਪਾਲ ਕੌਰ, ਦਰਬਾਰਾ ਸਿੰਘ, ਗੁਰਸੇਵਕ ਸਿੰਘ ਤੇ ਮੁਖ਼ਤਿਆਰ ਸਿੰਘ ਮਾੜੀ ਮੁਸਤਫਾ ਵਿਰੁੱਧ ਕੇਸ ਦਰਜ ਕਰ ਲਿਆ ਹੈ।

### ਤਰਕਸ਼ੀਲ ਸੁਸਾਇਟੀ ਵੱਲੋਂ ਨਿਖੇਧੀ

**ਬਰਨਾਲਾ (ਬਿਊਰੋ):** ਇਸ ਘਟਨਾ ਨੂੰ ਬਹੁਤ ਹੀ ਅਫ਼ਸੋਸਨਾਕ ਦੱਸਦਿਆਂ ਤਰਕਸ਼ੀਲ ਸੁਸਾਇਟੀ ਭਾਰਤ ਨੇ ਇਸ ਦੀ ਸਖ਼ਤ ਨਿਖੇਧੀ ਕੀਤੀ ਹੈ। ਸੁਸਾਇਟੀ ਦੇ ਆਗੂ ਮੇਘ ਰਾਜ ਮਿੱਤਰ ਨੇ ਕਿ ਕਿਹਾ ਹੈ ਕਿ ਅੱਜ ਵਿਗਿਆਨ ਦੇ ਯੁੱਗ ਵਿਚ ਜਦੋਂ ਵਿਗਿਆਨਕਾਂ ਨੇ ਹਿੰਗਸ ਪਾਰਟੀਕਲ ਦੀ ਖੋਜ ਦਾ ਕੰਮ ਨੇੜੇ ਲਾ ਲਿਆ ਹੈ, ਭਾਰਤ ਦੇ ਲੋਕੀਂ ਅਜੇ ਵੀ ਭੂਤਾਂ-ਪ੍ਰੇਤਾਂ ਦੀ ਹੋਂਦ ਵਿਚ ਯਕੀਨ ਰੱਖਦੇ ਹਨ। ਇਹ ਸਾਰਾ ਕੁਝ ਸਾਡੇ ਦੇਸ਼ ਦੀ ਗਰੀਬੀ, ਅਨਪੜ੍ਹਤਾ ਅਤੇ ਅੰਧਵਿਸ਼ਵਾਸੀ ਸੋਚ ਕਾਰਨ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਭੂਤਾਂ-ਪ੍ਰੇਤਾਂ ਦੀ ਹੋਂਦ ਹੋ ਹੀ ਨਹੀਂ ਸਕਦੀ ਕਿਉਂਕਿ ਇਹ ਇੱਕ ਵਿਗਿਆਨਕ ਸੱਚਾਈ ਹੈ ਕਿ ਕੋਈ ਵੀ ਵਿਚਾਰ, ਚੇਤਨਤਾ, ਖਿਆਲ, ਸੁਪਨਾ ਜਾਂ ਗਿਆਨ ਕਿਸੇ ਪਦਾਰਥਕ ਵਸਤੂ ਵਿਚ ਹੀ ਹੋ ਸਕਦਾ ਹੈ। ਇਸ ਲਈ ਕਿਸੇ ਵਿਅਕਤੀ ਦੀ ਕੁੱਟਮਾਰ ਨਾਲ ਕੋਈ ਵਿਚਾਰ ਕੱਢ ਦੇਣਾ ਜਾਂ ਪਾ ਦੇਣਾ ਅਸੰਭਵ ਹੈ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਦੋਸ਼ੀਆਂ ਵਿਰੁਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭੂਤਾਂ-ਪ੍ਰੇਤਾਂ ਦੀ ਹੋਂਦ ਨੂੰ ਸਿੱਧ ਕਰਨ ਵਾਲਿਆਂ ਲਈ ਤਰਕਸ਼ੀਲ ਸੁਸਾਇਟੀ ਵੱਲੋਂ ਇੱਕ ਕਰੋੜ ਰੁਪਏ ਦੇ ਇਨਾਮ ਦੀ ਪੇਸ਼ਕਸ਼ ਅਜੇ ਵੀ ਬਰਕਰਾਰ ਹੈ।

## ਗੁਟਖੇ ਤੇ ਪਾਨ ਮਸਾਲੇ 'ਤੇ ਪਾਬੰਦੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਵਿਚ ਗੁਟਖਾ ਤੇ ਪਾਨ ਮਸਾਲਾ ਵੇਚਣ, ਭੰਡਾਰ ਕਰਨ, ਬਣਾਉਣ ਤੇ ਵੰਡਣ 'ਤੇ ਪਾਬੰਦੀ ਲਾ ਦਿੱਤੀ ਹੈ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਸ. ਬਾਦਲ ਨੇ ਸਿਹਤ ਤੇ ਪਰਿਵਾਰ ਕਲਿਆਣ ਵਿਭਾਗ ਵੱਲੋਂ ਗੁਟਖਾ ਤੇ ਪਾਨ ਮਸਾਲੇ 'ਤੇ ਪਾਬੰਦੀ ਲਾਉਣ ਬਾਰੇ ਭੇਜੀ ਤਜਵੀਜ਼ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਸ ਤਹਿਤ ਤੰਬਾਕੂ ਜਾਂ ਨਿਕੋਟਿਨ ਵਾਲੀਆਂ ਹੋਰ ਖਾਣ ਵਾਲੀਆਂ ਵਸਤੂਆਂ ਜੋ ਮਾਰਕੀਟ ਵਿਚ ਕਿਸੇ ਵੀ ਨਾਂ ਹੇਠ ਵਿਕਦੀਆਂ ਹਨ, ਨੂੰ ਵੀ ਪਾਬੰਦੀ ਦੇ ਘੇਰੇ ਵਿਚ ਲਿਆਂਦਾ ਗਿਆ ਹੈ। ਪੰਜਾਬ ਸਰਕਾਰ ਵੱਲੋਂ ਪਹਿਲਾਂ ਹੀ ਚਾਰ ਜ਼ਿਲ੍ਹਿਆਂ ਰੂਪਨਗਰ, ਮੁਹਾਲੀ, ਅੰਮ੍ਰਿਤਸਰ ਤੇ ਮਾਨਸਾ ਵਿਚ ਗੁਟਖਾ ਤੇ ਪਾਨ ਮਸਾਲੇ ਦੀ ਵਿਕਰੀ 'ਤੇ ਪਾਬੰਦੀ ਲਾਈ ਜਾ ਚੁੱਕੀ ਹੈ।

ਗੁਟਖਾ, ਪਾਨ ਮਸਾਲਾ ਤੇ ਹੋਰ ਤੰਬਾਕੂ ਵਸਤੂਆਂ ਕੈਂਸਰ ਵਰਗੇ ਮਾਰੂ ਰੋਗਾਂ ਦਾ ਕਾਰਨ ਬਣਦੀਆਂ ਹਨ।

## ਲੜਕੀ ਨੂੰ ਤਿੰਨ ਮਹੀਨੇ ਹਨੇਰੇ ਕਮਰੇ 'ਚ ਰੱਖਿਆ

**ਜਗਰਾਉਂ:** ਨੇੜਲੇ ਪਿੰਡ ਬੜੈਚ ਦੀ 18 ਸਾਲਾ ਖਸਰਾ ਪੀੜਤ ਮੁਟਿਆਰ ਦਾ ਇਲਾਜ ਕਰਵਾਉਣ ਦੀ ਥਾਂ ਅੰਧ-ਵਿਸ਼ਵਾਸੀ ਪਰਿਵਾਰ ਨੇ ਤਿੰਨ ਮਹੀਨੇ ਉਸ ਨੂੰ ਹਨੇਰੇ ਕਮਰੇ 'ਚ ਡੱਕ ਕੇ ਰੱਖੀ ਰੱਖਿਆ। ਪਿੰਡ ਦੇ ਵਸਨੀਕਾਂ ਤੇ ਪੀੜਤ ਲੜਕੀ ਦੇ ਗੁਆਂਢ 'ਚ ਰਹਿੰਦੇ ਲੋਕਾਂ ਨੇ ਦੱਸਿਆ ਕਿ ਪਿੰਡ ਦੇ ਅਜਮੇਰ ਸਿੰਘ ਦੀ ਧੀ ਹਰਪ੍ਰੀਤ ਕੌਰ (18 ਸਾਲ) ਦੇ ਖਸਰਾ ਨਿਕਲ ਆਇਆ ਸੀ। ਲੜਕੀ ਦਾ ਡਾਕਟਰੀ ਇਲਾਜ ਕਰਾਉਣ ਦੀ ਬਜਾਏ ਅੰਧਵਿਸ਼ਵਾਸੀ ਮਾਪਿਆਂ ਨੇ ਇਸ ਬਿਮਾਰੀ ਨੂੰ ਓਪਰੀ ਕਸਰ ਦਾ ਨਾਂ ਦੇ ਦਿੱਤਾ ਤੇ ਤਾਂਤਰਿਕਾਂ ਕੋਲੋਂ ਇਲਾਜ ਆਰੰਭ ਕਰ ਦਿੱਤਾ। ਤਾਂਤਰਿਕਾਂ ਨੇ ਲੜਕੀ ਨੂੰ ਹਨੇਰੇ ਕਮਰੇ 'ਚ ਰੱਖਣ ਲਈ ਕਿਹਾ ਤੇ ਨਾਲ ਹੀ ਇਹ ਹੁਕਮ ਦਿੱਤਾ ਕਿ ਲੜਕੀ ਨਾਲ ਕਿਸੇ ਨੂੰ ਵੀ ਮਿਲਣ ਨਾ ਦਿੱਤਾ ਜਾਵੇ। ਇਸ ਗੱਲ ਨੂੰ ਤਕਰੀਬਨ ਤਿੰਨ ਮਹੀਨੇ ਬੀਤ ਗਏ ਤੇ ਇਲਾਜ ਖੁਣੋਂ ਇਸ ਲੜਕੀ ਦੇ ਸਰੀਰ 'ਤੇ ਨਿਕਲੇ ਦਾਣੇ ਹੌਲੀ ਹੌਲੀ ਫੋੜੇ ਬਣ ਗਏ। ਜਦੋਂ ਕਈ ਦਿਨ ਗੁਆਂਢੀਆਂ ਨੇ ਲੜਕੀ ਨੂੰ ਨਾ ਦੇਖਿਆ ਤਾਂ ਉਨ੍ਹਾਂ ਦੇ ਪੁੱਛਣ 'ਤੇ ਮਾਪਿਆਂ ਨੇ ਦੱਸਿਆ ਕਿ ਲੜਕੀ ਨੂੰ ਇਲਾਜ ਲਈ ਅੰਦਰ ਰੱਖਿਆ ਗਿਆ ਹੈ। ਇਸ ਗੱਲ ਦੀ ਭਿਣਕ ਪਿੰਡ ਦੇ ਪੜ੍ਹੇ ਲਿਖੇ ਵਿਅਕਤੀਆਂ ਨੂੰ ਪਈ ਤਾਂ ਉਨ੍ਹਾਂ ਨੇ ਲੜਕੀ ਦਾ ਡਾਕਟਰੀ ਇਲਾਜ ਕਰਾਉਣ ਲਈ ਉਸ ਦੇ ਮਾਪਿਆਂ ਨਾਲ ਗੱਲ ਕੀਤੀ ਪਰ ਉਹ ਸਹਿਮਤ ਨਾ ਹੋਏ। ਇਸ 'ਤੇ ਪਿੰਡ ਦੇ ਲੋਕਾਂ ਪਰਮਜੀਤ ਸਿੰਘ, ਮਨਦੀਪ ਸਿੰਘ, ਊਧਮ ਸਿੰਘ ਤੇ ਦਰਸ਼ਨ ਸਿੰਘ ਨੇ ਜ਼ਬਰਦਸਤੀ ਲੜਕੀ ਨੂੰ ਹਸਪਤਾਲ 'ਚ ਇਲਾਜ ਲਈ ਦਾਖਲ ਕਰਵਾਇਆ। ਡਾਕਟਰਾਂ ਦੇ ਦੱਸਣ ਉਪਰੰਤ ਲੜਕੀ ਦੇ ਮਾਪਿਆਂ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ।



# ਆਈਸ ਡਰੱਗ ਮਾਮਲੇ ਵਿਚ 18 ਮੁਲਜ਼ਿਮ ਅੜਿੱਕੇ ਆਏ



**ਜਲੰਧਰ:** ਆਈਸ ਡਰੱਗ (ਮੈਥਾਫੈਟਾਮਾਈਨ) ਦਾ ਧੰਦਾ ਕਰਨ ਵਾਲੇ ਗਰੋਹ ਦੇ ਮੁੱਖ ਸਰਗਨਾ ਰਣਜੀਤ ਸਿੰਘ ਉਰਫ਼ ਰਾਜਾ ਕੰਧੋਲਾ ਨੂੰ ਅਦਾਲਤ ਨੇ ਸੱਤ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਹੈ। ਪੁਲਿਸ ਰਾਜਾ ਕੰਧੋਲਾ ਨੂੰ ਹੀ ਪ੍ਰੋਡਕਸ਼ਨ ਵਰੰਟ 'ਤੇ ਦਿੱਲੀਓਂ ਲੈ ਕੇ ਆਈ ਸੀ। ਉਸ ਨੂੰ ਸਥਾਨਕ ਅਦਾਲਤ 'ਚ ਪੇਸ਼ ਕੀਤਾ ਗਿਆ ਜਿੱਥੇ ਉਨ੍ਹਾਂ ਰਾਜਾ ਕੰਧੋਲਾ ਨੂੰ ਸੱਤ ਦਿਨਾਂ ਪੁਲਿਸ ਰਿਮਾਂਡ 'ਤੇ ਭੇਜਣ ਦੇ ਹੁਕਮ ਦੇ ਦਿੱਤੇ ਹਨ।

ਰਾਜਾ ਕੰਧੋਲਾ ਨਵਾਂਸ਼ਹਿਰ ਜ਼ਿਲ੍ਹੇ ਦਾ ਵਸਨੀਕ ਹੈ। ਉਸ ਦੇ ਗਰੋਹ ਵਿਚ ਸ਼ਾਮਲ ਇਸੇ ਜ਼ਿਲ੍ਹੇ ਦੇ ਨੌਜਵਾਨ ਲੜਕੇ ਲੜਕੀਆਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਇਸ ਚਰਚਿਤ ਆਈਸ ਡਰੱਗ ਦੇ ਮਾਮਲੇ 'ਚ ਹੁਣ ਤੱਕ 18 ਗ੍ਰਿਫ਼ਤਾਰੀਆਂ ਹੋ ਚੁੱਕੀਆਂ ਹਨ ਜਿਨ੍ਹਾਂ ਵਿਚ ਰਾਜਾ ਕੰਧੋਲਾ ਦੀ ਪਤਨੀ ਤੇ ਪੁੱਤਰ ਵੀ ਸ਼ਾਮਲ ਹਨ। ਬਹੁਤ ਸਾਰੇ ਉਹ ਵਿਅਕਤੀ ਵੀ ਫੜੇ ਗਏ ਹਨ ਜਿਹੜੇ ਰਾਜਾ ਕੰਧੋਲਾ ਨਾਲ ਮਿਲ ਕੇ ਇਹ ਕਾਰੋਬਾਰ ਕਰਦੇ ਸਨ ਤੇ ਉਸ ਦੇ ਇਸ ਧੰਦੇ ਤੋਂ ਕਮਾਏ ਕਰੋੜਾਂ ਰੁਪਏ ਚਿੱਟੇ ਧਨ 'ਚ ਬਦਲਦੇ ਸਨ। ਪੰਜਾਬ 'ਚ ਪਹਿਲੀ ਵਾਰ ਏਨੀ ਵੱਡੀ ਪੱਧਰ 'ਤੇ ਆਈਸ ਡਰੱਗ ਫੜੀ ਗਈ ਸੀ ਜਿਸ ਦੀ ਕੌਮਾਂਤਰੀ ਪੱਧਰ 'ਤੇ ਕੀਮਤ 200 ਕਰੋੜ ਰੁਪਏ ਦੱਸੀ ਜਾਂਦੀ ਹੈ।

ਦਿੱਲੀ ਪੁਲਿਸ ਨੇ ਰਾਜਾ ਕੰਧੋਲਾ ਨੂੰ 13 ਅਗਸਤ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਜਲੰਧਰ ਪੁਲਿਸ ਵੱਲੋਂ ਪ੍ਰੋਡਕਸ਼ਨ ਵਾਰੰਟ ਹਾਸਲ ਕਰਕੇ ਉਸ ਨੂੰ ਦਿੱਲੀ ਦੀ ਤਿਹਾੜ ਜੇਲ੍ਹ 'ਚੋਂ 25 ਅਗਸਤ ਨੂੰ ਜਲੰਧਰ ਲਿਆਂਦਾ ਗਿਆ। ਰਾਜਾ ਕੰਧੋਲਾ ਜੋ ਆਪ ਵੀ ਵਿਦੇਸ਼ਾਂ 'ਚ ਆਉਂਦਾ-ਜਾਂਦਾ ਰਹਿੰਦਾ ਸੀ ਤੇ ਉਸ ਦੇ ਸੰਪਰਕ ਵਿਚ ਬਹੁਤ ਸਾਰੇ ਪਰਵਾਸੀ ਭਾਰਤੀ ਸਨ ਜਿਨ੍ਹਾਂ ਰਾਹੀਂ ਉਹ ਆਪਣੀ ਇਸ ਆਈਸ ਡਰੱਗ ਨੂੰ ਵੇਚਦਾ ਸੀ। ਇਸ ਡਰੱਗ ਨੂੰ ਆਮ ਤੌਰ 'ਤੇ ਰੇਵ ਪਾਰਟੀਆਂ 'ਚ ਵਰਤਿਆ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਪਹਿਲੀ ਜੂਨ ਨੂੰ ਜਲੰਧਰ ਦਿਹਾਤੀ ਪੁਲਿਸ ਨੇ ਇਕ ਗੁਪਤ ਸੂਚਨਾ ਦੇ ਆਧਾਰ 'ਤੇ ਗੜ੍ਹਸ਼ੰਕਰ ਦੇ ਇਲਾਕੇ 'ਚੋਂ ਸੁਖਵਿੰਦਰ ਸਿੰਘ ਲੱਡੂ ਦੇ ਘਰ 'ਚ ਛਾਪਾ ਮਾਰ ਕੇ ਮੌਕੇ 'ਤੇ ਇਕ ਆਈ-20 ਤੇ ਇੰਡੀਕਾ ਕਾਰ ਬਿਨਾਂ ਨੰਬਰੀ ਜਿਸ ਵਿਚ ਚਾਰ ਵਿਅਕਤੀ ਸਨ, ਨੂੰ ਕਾਬੂ ਕੀਤਾ ਸੀ ਜਿਨ੍ਹਾਂ ਕੋਲੋਂ 34 ਕਿੱਲੋ 200 ਗ੍ਰਾਮ ਮੈਥਾਫੈਟਾਮਾਈਨ ਤੇ 19 ਕਿਲੋ ਐਫਡਰੀਨ ਡਰੱਗ ਬਰਾਮਦ ਹੋਏ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਮਰੀਕਾ ਬਣਾਉਣ ਬਾਰੇ ਮਤਾ ਪਾਸ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੀ ਤਰਜ਼ 'ਤੇ ਅਮਰੀਕਾ ਦੇ ਗੁਰੂਘਰਾਂ ਦੀ ਇਕ ਸਾਂਝੀ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦੇ ਉਪਰਾਲੇ ਅਰੰਭੇ ਗਏ ਹਨ। ਲੰਘੇ ਸਨਿਚਰਵਾਰ ਇਥੇ ਹੋਏ ਨਗਰ ਕੀਰਤਨ ਤੋਂ ਬਾਅਦ ਸਮੋਕੀ ਪਾਰਕ ਵਿਚ ਮਿਲਵਾਕੀ ਦੇ ਗੋਲੀ ਕਾਂਡ ਵਿਚ ਮਾਰੇ ਗਏ ਸ਼ਰਧਾਲੂਆਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਹੋਏ ਸਮਾਗਮ ਦੌਰਾਨ ਇਕੱਤਰ ਹੋਏ ਵਖ ਵਖ ਜਥੇਬੰਦੀਆਂ ਦੇ ਨੁਮਾਇੰਦਿਆਂ ਵਲੋਂ ਇਸ ਮਾਮਲੇ ਵਿਚ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿਲ ਦੀ ਪਹਿਲਕਦਮੀ ਨਾਲ ਇਕ ਮਤਾ ਪਾਸ ਕੀਤਾ ਗਿਆ। ਇਹ ਮਹਿਸੂਸ ਕੀਤਾ ਗਿਆ ਕਿ ਸਿੱਖ ਭਾਈਚਾਰੇ ਨਾਲ ਸਬੰਧਤ ਵਖ ਵਖ ਮਾਮਲਿਆਂ, ਖਾਸ ਕਰਕੇ ਸਿੱਖ ਪਛਾਣ ਦੇ ਮਾਮਲੇ ਵਿਚ ਉਦਮ ਕਰਨ ਲਈ ਅਜਿਹੀ ਜਥੇਬੰਦੀ ਦੀ ਬੇਹੱਦ ਲੋੜ ਹੈ ਜੋ ਸਿੱਖਾਂ ਦੀ ਆਵਾਜ ਵਾਸ਼ਿੰਗਟਨ ਡੀ ਸੀ ਤਕ ਪਹੁੰਚਦੀ ਕਰ ਸਕੇ।

ਇਹ ਮਹਿਸੂਸ ਕੀਤਾ ਗਿਆ ਕਿ ਮਿਲਵਾਕੀ ਵਿਚ ਵਾਪਰੇ ਗੋਲੀ ਕਾਂਡ ਤੋਂ ਬਾਅਦ ਰਾਸ਼ਟਰਪਤੀ ਓਬਾਮਾ ਸ਼ਰਧਾਂਜਲੀ ਸਮਾਗਮ ਵਿਚ ਪਹੁੰਚਣਾ ਚਾਹੁੰਦੇ ਸਨ ਪਰ ਇਹ ਪ੍ਰੋਗਰਾਮ ਕੈਂਸਲ ਹੋ ਗਿਆ। ਜੇ ਸਹੀ ਸਿੱਖ ਲੀਡਰਸ਼ਿਪ ਹੁੰਦੀ ਤਾਂ ਰਾਸ਼ਟਰਪਤੀ ਉਥੇ ਜਰੂਰ ਪਹੁੰਚਦੇ ਜਿਸ ਨਾਲ ਸਿੱਖਾਂ ਦੀ ਪਛਾਣ ਦਾ ਮਾਮਲਾ ਦੁਨੀਆਂ ਭਰ ਵਿਚ ਬੜੇ ਜੋਰਦਾਰ ਢੰਗ ਨਾਲ ਉਜਾਗਰ ਕੀਤਾ ਜਾ ਸਕਦਾ ਸੀ।

ਸੂਤਰਾਂ ਅਨੁਸਾਰ ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿਚ ਰਖ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਮਤਾ ਪਾਸ ਕੀਤਾ ਗਿਆ, ਜਿਸ ਨੂੰ ਬਣਾਉਣ ਲਈ ਵੈਸਟ ਕੋਸਟ ਕੈਲੀਫੋਰਨੀਆ ਅਤੇ ਮਿਡਵੈਸਟ ਦੇ ਬਹੁਤ ਸਾਰੇ ਗੁਰੂਘਰਾਂ ਦੀ ਸਹਿਮਤੀ ਆ ਚੁਕੀ ਹੈ। ਇਸ ਜਥੇਬੰਦੀ ਦੇ ਗਠਨ ਪਿਛੋਂ ਸਿੱਖ ਕੌਮ ਦੀ ਚੜ੍ਹਦੀ ਕਲਾ ਲਈ ਪ੍ਰੋਗਰਾਮ ਬਣਾਏ ਜਾ ਸਕਣਗੇ।

## ਆਸਟਰੇਲੀਆ ਸਰਕਾਰ ਸ਼ਰਨਾਰਥੀਆਂ 'ਤੇ ਮਿਹਰਬਾਨ

**ਮੈਲਬਰਨ:** ਆਸਟਰੇਲੀਆ ਨੇ ਆਪਣਾ ਰਫਿਊਜੀ ਕੋਟਾ 13750 ਤੋਂ ਵਧਾ ਕੇ 20,000 ਸਾਲਾਨਾ ਕਰ ਦਿੱਤਾ ਹੈ।

ਏਬੀਸੀ ਰਿਪੋਰਟ ਅਨੁਸਾਰ ਆਸਟਰੇਲੀਆ ਵਿਚ ਸ਼ਰਨ ਹਾਸਲ ਕਰਨ ਬਾਰੇ ਕਾਇਮ ਮਾਹਿਰਾਂ ਦੀ ਕਮੇਟੀ ਦੀ ਸਿਫਾਰਸ਼ ਅਨੁਸਾਰ ਆਸਟਰੇਲੀਆ ਨੇ ਆਪਣੇ ਮਾਨਵੀ ਪ੍ਰੋਗਰਾਮ ਤਹਿਤ ਪਿਛਲੇ ਤੀਹ ਸਾਲਾਂ ਦੀ ਨੀਤੀ ਵਿਚ ਅਹਿਮ ਤਬਦੀਲੀ ਕਰਦਿਆਂ ਸ਼ਰਨਾਰਥੀਆਂ ਦੀ ਆਮਦ ਦਾ ਕੋਟਾ ਵਧਾ ਕੇ 20,000 ਕਰ ਦਿੱਤਾ ਹੈ। ਇਸ ਵਿਚ ਭਾਰਤ ਤੋਂ ਆਉਣ ਵਾਲੇ ਸ੍ਰੀਲੰਕਾ, ਅਫਗਾਨਿਸਤਾਨ ਤੇ ਬਰਮਾ (ਮਿਆਂਮਾਰ) ਦੇ ਨਾਗਰਿਕਾਂ ਨੂੰ ਧਿਆਨ ਵਿਚ ਰੱਖਿਆ ਗਿਆ ਹੈ।


Mortgage Underwater?

Doesn't mean you have to drown!
Finally.... A Solution!

IF YOU ...Owe more than your house is worth and want to keep your home



ਤੁਹਾਡੇ ਸਿਰ ਮਕਾਨ ਦਾ $417,000 ਜਾਂ ਵਧ ਦਾ ਕਰਜ਼ਾ ਹੈ, ਆਪਣਾ ਕਰੈਡਿਟ ਬਚਾਉਣਾ ਚਾਹੁੰਦੇ ਹੋ, ਕਰਜਾ ਕਾਫੀ ਘੱਟ ਕਰਨਾ ਚਾਹੁੰਦੇ ਹੋ?

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ

ਇਹ ਸ਼ਾਰਟ ਸੇਲ ਜਾਂ ਲੋਨ ਮੋਡੀਫਿਕੇਸ਼ਨ ਨਹੀਂ ਹੈ

Permanently reduce your loan amount and create positive equity!
You don't have to walk away from your investment, I can help you!

ਇਸ ਸੇਵਾ ਲਈ ਮੈਂ ਕੋਈ ਫੀਸ ਨਹੀਂ ਚਾਰਜ ਕਰਦੀ

ਅੱਜ ਹੀ ਕਾਲ ਕਰੋ, ਬਲਵਿੰਦਰ (ਪੌਪੀ) ਜੌਹਲ

Call us Today: 925-400-8096

I pay $500 - $1,000 for every referral that closes successfully.



Law Offices of Gill & Heridis

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill, Esq.
Attorney at Law
(Admitted in CA)

Call for initial consultation

Attorney Bhupinder Gill, Esq.
Attorney George Heridis, Esq.

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



KAUR eye institute

Putting Patient Care First



Dr. Harrup Kaur, MD, FACS
Eye Surgeon

CATARACT SPECIALIST, San Jose, CA

- Top 10% of eye surgeons in the U.S.
- Trained at the prestigious Mayo Clinc
- Board Certified: American Board of Ophthalmology
- Fellow, American College of Surgeons

ਆਪਣੀਆਂ ਅੱਖਾਂ ਦੀ ਸਰਜਰੀ ਦੀ ਜ਼ਿੰਮੇਵਾਰੀ ਡਾ. ਹਰਿਰੂਪ ਕੌਰ 'ਤੇ ਛੱਡੋ

Cataract surgery continues to evolve. Trust your eyes to a surgeon who has been trained in and uses the most advanced surgical techniques.
*Dr. Kaur has been successfully helping patients see without glasses for the past 8 years.*

MICRO-INCISION SURGERY • NO STITCHES • PREMIUM LENSES

*We accept all major health insurances, including Medicare.*

CALL TODAY TO SCHEDULE YOUR SURGERY CONSULTATION
888-940-3940 • 408-940-3940

Kaur Eye Institute • 555 Knowles Dr., Suite 117 • Los Gatos, CA 95032
www.KaurEye.com




Buy or Sell

House, Liquor Store, Gas Station etc.

In Bay Area & Central Valley

- For Quick Short Sale
- Home Loans & SBA Loans
- Refinance @ Zero Cost
- Free Loan Approval Letter



Raj Singh
MA, Med.
(Retd. Principal)
Realtor/Notary
CA DRE#01776459
Mortgage Specialist
NMLS#361690

SMS or Call @
510-452-7370

www.singhraj.bayeastweb.com
Fax: 510-490-9703

MISSIONPEAK BROKERS, INC.

46560 Fremont Blvd., Suite#111, Fremont, CA 94538

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਟੈਕਸਾਂ ਰਾਹੀਂ ਪੰਜਾਬ ਵਾਸੀਆਂ ਦੀਆਂ ਜੇਬਾਂ 'ਤੇ ਡਾਕਾ

ਆਪਣਾ ਹੈਲੀਕਾਪਟਰ ਖਰੀਦਣ ਦੀ ਤਿਆਰੀ ਵੀ ਕਰ ਲਈ ਹੈ ਜਿਸ ਦੀ ਕੀਮਤ 38 ਕਰੋੜ ਰੁਪਏ ਹੈ। ਕਾਂਗਰਸ ਨੇ 4500 ਕਰੋੜ ਰੁਪਏ ਦੇ ਨਵੇਂ ਟੈਕਸ ਥੋਪਣ ਦੀ ਤਜਵੀਜ਼ ਦਾ ਵਿਰੋਧ ਕੀਤਾ ਹੈ।

ਇਸ ਵਾਰ ਪੰਜਾਬ ਸਰਕਾਰ ਨੇ ਵੈਟ, ਸਟੈਂਪ ਡਿਊਟੀ, ਰੋਡ ਟੈਕਸ ਵਿਚ ਵਾਧਾ ਕੀਤਾ ਹੈ। ਇਨ੍ਹਾਂ ਖੇਤਰਾਂ ਵਿਚੋਂ ਸਰਕਾਰ ਨੂੰ ਸਾਲਾਨਾ ਤਕਰੀਬਨ 900 ਕਰੋੜ ਰੁਪਏ ਮਿਲਣਗੇ। ਸਰਕਾਰ ਨੇ ਸ਼ਹਿਰੀ ਖੇਤਰਾਂ ਵਿਚ ਹਾਊਸ ਟੈਕਸ ਦੀ ਥਾਂ ਜਾਇਦਾਦ ਟੈਕਸ ਲਾਉਣ ਦਾ ਫੈਸਲਾ ਕੀਤਾ ਹੈ। ਇਸ ਨਾਲ ਸ਼ਹਿਰੀਆਂ ਨੂੰ 300 ਕਰੋੜ ਰੁਪਏ ਦਾ ਸਾਲਾਨਾ ਹੋਰ ਬੋਝ ਝੱਲਣਾ ਪਵੇਗਾ।

ਗੰਭੀਰ ਮਾਲੀ ਸੰਕਟ ਵਿਚ ਘਿਰੀ ਅਕਾਲੀ-ਭਾਜਪਾ ਸਰਕਾਰ ਨੇ ਚਲੰਤ ਮਾਲੀ ਸਾਲ ਦੌਰਾਨ ਗੁਜ਼ਾਰਾ ਕਰਨ ਲਈ ਤਕਰੀਬਨ 2000 ਕਰੋੜ ਰੁਪਏ ਦਾ ਜੁਗਾੜ ਕਰ ਲਿਆ ਹੈ। ਮੰਤਰੀ ਮੰਡਲ ਨੇ 58 ਸਾਲ ਦੀ ਉਮਰ 'ਤੇ ਸੇਵਾ ਮੁਕਤ ਹੋਣ ਵਾਲੇ ਮੁਲਾਜ਼ਮਾਂ ਤੇ ਅਫਸਰਾਂ ਨੂੰ ਇਕ ਸਾਲ ਲਈ ਮੁੜ ਨੌਕਰੀ 'ਤੇ ਰੱਖਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੁੜ ਤੋਂ ਨੌਕਰੀ ਹਾਸਲ ਕਰਨ ਵਾਲਾ ਮੁਲਾਜ਼ਮ ਇਹ ਲਿਖ ਕੇ ਦੇਵੇਗਾ ਕਿ ਉਹ ਸੇਵਾ ਮੁਕਤੀ ਦੇ ਲਾਭ ਇਕ ਸਾਲ ਨਹੀਂ ਲਵੇਗਾ। ਇਸ ਨਾਲ ਸਰਕਾਰ ਨੂੰ ਸੇਵਾ ਮੁਕਤੀ ਦੇ ਦਿੱਤੇ ਜਾਣ ਵਾਲੇ ਲਾਭ ਇਕ ਹਜ਼ਾਰ ਕਰੋੜ ਰੁਪਏ ਅੱਗੇ ਪਾਉਣ ਦਾ ਮੌਕਾ ਮਿਲੇਗਾ।

ਪੰਜਾਬ ਵਿਚ ਵੈਟ ਦੀਆਂ ਮੌਜੂਦਾ ਦਰਾਂ 'ਚ 0.5 ਫ਼ੀਸਦੀ ਦਾ ਵਾਧਾ ਕੀਤਾ ਗਿਆ ਹੈ। ਇਸ ਤੋਂ ਇਲਾਵਾ ਹੋਟਲਾਂ ਤੇ ਮੈਰਿਜ ਪੈਲੇਸਾਂ 'ਤੇ ਮੌਜੂਦਾ ਚਾਰ ਫੀਸਦੀ ਲਗਜ਼ਰੀ ਟੈਕਸ ਵਧਾ ਕੇ ਅੱਠ ਫ਼ੀਸਦੀ, ਵੈਟ ਡੀਲਰਾਂ 'ਤੇ 800 ਰੁਪਏ ਪ੍ਰੋਸੈਸਿੰਗ ਫ਼ੀਸ ਲਾਗੂ ਕਰਨ ਤੇ ਭੱਠਾ ਮਾਲਕਾਂ ਵੱਲੋਂ ਦਿੱਤੇ ਜਾਂਦੇ ਉੱਕਾ-ਪੁੱਕਾ ਟੈਕਸ ਵਿਚ ਵਾਧਾ ਕੀਤਾ ਗਿਆ ਹੈ। ਵਾਹਨਾਂ 'ਤੇ ਲਗਦਾ ਮੋਟਰ ਵਾਹਨ ਟੈਕਸ ਵਧਾਇਆ ਗਿਆ ਹੈ ਜਿਸ ਨਾਲ ਸਾਲਾਨਾ 108 ਕਰੋੜ ਰੁਪਏ ਦਾ ਵਾਧੂ ਮਾਲੀਆ ਇਕੱਤਰ ਹੋਵੇਗਾ। ਇਹ ਮੋਟਰ ਵਾਹਨ ਟੈਕਸ ਹਰ ਕਿਸਮ ਦੇ ਵਾਹਨਾਂ 'ਤੇ ਛੇ ਫ਼ੀਸਦੀ ਦੇ ਇੱਕਸਾਰ ਰੇਟ 'ਤੇ ਲਾਇਆ ਜਾਵੇਗਾ।

ਇਸ ਤੋਂ ਇਲਾਵਾ 250 ਰੁਪਏ ਤੋਂ ਲੈ ਕੇ 7500 ਰੁਪਏ ਤੱਕ ਦਾ ਉੱਕਾ-ਪੁੱਕਾ ਮੋਟਰ ਕਰ ਹਰ ਤਰ੍ਹਾਂ ਦੇ ਵਾਹਨਾਂ ਦੇ ਤਬਾਦਲੇ ਉਪਰ ਵੀ ਲਾਇਆ ਜਾਵੇਗਾ। ਇਸੇ ਤਰ੍ਹਾਂ ਸਾਮਾਨ ਦੀ ਢੋਅ-ਢੁਆਈ ਕਰਨ ਵਾਲੇ ਵਾਹਨਾਂ, ਪ੍ਰਾਈਵੇਟ ਸਰਵਿਸ ਗੱਡੀਆਂ, ਟੂਰਿਸਟ ਬੱਸਾਂ ਤੇ ਆਲ ਇੰਡੀਆ ਟੂਰਿਸਟ ਪਰਮਿਟ 'ਤੇ ਚੱਲਣ ਵਾਲੇ ਵਾਹਨਾਂ ਉਪਰ ਲੱਗਣ ਵਾਲੇ ਮੋਟਰ ਵਹੀਕਲ ਟੈਕਸ ਵਿਚ ਵੀ ਵਾਧਾ ਕੀਤਾ ਗਿਆ ਹੈ।

ਸਰਕਾਰ ਨੇ ਜ਼ਮੀਨ ਦੀ ਰਜਿਸਟਰੀ ਮੌਕੇ ਸਿੱਖਿਆ ਤੇ ਸਿਹਤ ਲਈ ਇਕ ਫ਼ੀਸਦੀ ਸਮਾਜਕ ਬੁਨਿਆਦੀ ਢਾਂਚਾ ਕਰ (ਸੋਸ਼ਲ ਇਨਫਰਾ-ਸਟਰੱਕਚਰ ਸੈਸ) ਲਾਉਣ ਨੂੰ ਵੀ ਮਨਜ਼ੂਰੀ ਦਿੱਤੀ। ਬੈਅਨਾਮੇ ਦੀ ਫ਼ੀਸ ਦੀ ਉਪਰਲੀ ਸੀਮਾ ਵਿਚ ਵਾਧਾ ਕਰਦਿਆਂ ਇਸ ਨੂੰ 30,000 ਰੁਪਏ ਤੋਂ ਵਧਾ ਕੇ ਦੋ ਲੱਖ ਰੁਪਏ ਕਰ ਦਿੱਤਾ ਗਿਆ ਹੈ। ਮੰਤਰੀ ਮੰਡਲ ਨੇ ਫਰਦ ਤੇ ਸੁਵਿਧਾ ਕੇਂਦਰਾਂ ਵਿਚ ਇੰਤਕਾਲ ਫ਼ੀਸ ਅਤੇ ਉਥੇ ਮਿਲਣ ਵਾਲੀਆਂ ਹੋਰ ਸੁਵਿਧਾਵਾਂ ਦੇ ਖਰਚਿਆਂ ਵਿਚ ਵੀ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ। ਇਨ੍ਹਾਂ ਸਾਰੀਆਂ ਤਜਵੀਜ਼ਾਂ ਤੋਂ ਸਰਕਾਰ ਨੂੰ ਹਰ ਸਾਲ 480 ਕਰੋੜ ਰੁਪਏ ਇਕੱਤਰ ਹੋਣਗੇ।

ਸਰਕਾਰ ਨੇ ਸ਼ਹਿਰੀ ਖੇਤਰ ਵਿਚ ਜਾਇਦਾਦ ਟੈਕਸ ਲਾਗੂ ਕਰ ਕੇ ਲੋਕਾਂ 'ਤੇ ਸਾਲਾਨਾ 180 ਕਰੋੜ ਰੁਪਏ ਦਾ ਵਾਧੂ ਬੋਝ ਪਾ ਦਿੱਤਾ ਹੈ। ਮਿਉਂਸਪਲ ਕਮੇਟੀਆਂ ਨੂੰ ਤਕਰੀਬਨ 360 ਕਰੋੜ ਰੁਪਏ ਦੀ ਸਾਲਾਨਾ ਆਮਦਨ ਹੋਵੇਗੀ। ਸੂਬੇ ਵਿਚ ਪਹਿਲਾਂ ਤੋਂ ਲਾਗੂ ਹਾਊਸ ਟੈਕਸ ਤੋਂ ਕਮੇਟੀਆਂ ਨੂੰ 178 ਕਰੋੜ ਰੁਪਏ ਦੀ ਆਮਦਨ ਹੁੰਦੀ ਹੈ। ਜਾਇਦਾਦ ਟੈਕਸ, ਹਾਊਸ ਟੈਕਸ ਦੀ ਥਾਂ ਲਵੇਗਾ। ਇਸ ਨਵੇਂ ਟੈਕਸ ਦੇ ਲਾਗੂ ਹੋਣ ਤੋਂ ਬਾਅਦ ਜਿਨ੍ਹਾਂ ਪਲਾਟਾਂ 'ਤੇ ਕਿਸੇ ਤਰ੍ਹਾਂ ਦੀ ਕੋਈ ਉਸਾਰੀ ਨਹੀਂ ਕੀਤੀ ਗਈ, ਉਨ੍ਹਾਂ ਦੇ ਮਾਲਕਾਂ ਨੂੰ ਵੀ ਟੈਕਸ ਅਦਾ ਕਰਨਾ ਪਵੇਗਾ।

# ਸਿੱਖਾਂ ਦੀ ਨਿਆਰੀ ਹਸਤੀ ਦਾ ਮਾਮਲਾ ਭਖਿਆ

## *ਸੰਸਦ 'ਚ ਧਾਰਾ 25 'ਚ ਸੋਧ ਬਾਰੇ ਬਿਲ ਪੇਸ਼ ਹੋਵੇਗਾ*

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਸਿੱਖਾਂ ਦੀ ਨਿਆਰੀ ਹਸਤੀ ਨੂੰ ਮਾਨਤਾ ਦਾ ਮਾਮਲਾ ਇਕ ਵਾਰ ਫਿਰ ਚਰਚਾ ਵਿਚ ਆ ਗਿਆ ਹੈ। ਆਨੰਦ ਮੈਰਿਜ ਐਕਟ ਦੀ ਮੰਗ ਪੂਰੀ ਹੋਣ ਮਗਰੋਂ ਸੰਵਿਧਾਨਕ ਸੋਧ ਕਰਵਾ ਕੇ ਸਿੱਖ ਧਰਮ ਨੂੰ ਵੱਖਰੇ ਧਰਮ ਵਜੋਂ ਮਾਨਤਾ ਦਿਵਾਉਣ ਲਈ ਹੰਭਲਾ ਮਾਰਿਆ ਜਾ ਰਿਹਾ ਹੈ। ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਰਤਨ ਸਿੰਘ ਅਜਨਾਲਾ ਨੂੰ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਵੇਲੇ ਸੰਵਿਧਾਨ ਦੀ ਧਾਰਾ 25 ਤਹਿਤ ਸਿੱਖ, ਜੈਨ ਤੇ ਬੋਧੀ ਹਿੰਦੂ ਧਰਮ ਦਾ ਹਿੱਸਾ ਹਨ। ਸਿੱਖਾਂ ਦੀ ਚਿਰਕੋਣੀ ਮੰਗ ਹੈ ਕਿ ਇਸ ਧਾਰਾ ਵਿਚ ਸੋਧ ਕਰਕੇ ਉਨ੍ਹਾਂ ਨੂੰ ਵੱਖਰੇ ਧਰਮ ਵਜੋਂ ਮਾਨਤਾ ਦਿੱਤੀ ਜਾਵੇ।

ਕੋਲਾ ਘਪਲੇ ਦੇ ਮਾਮਲੇ 'ਤੇ ਸੰਸਦ ਵਿਚ ਹੰਗਾਮਾ ਜਾਰੀ ਰਹਿਣ ਕਾਰਨ 24 ਅਗਸਤ ਨੂੰ ਸਿੱਖਾਂ ਦੀ ਨਿਆਰੀ ਹਸਤੀ ਬਾਰੇ 'ਸੰਵਿਧਾਨ ਸੋਧ' ਬਿੱਲ ਲੋਕ ਸਭਾ ਵਿਚ ਪੇਸ਼ ਨਾ ਹੋ ਸਕਿਆ। ਇਹ ਪ੍ਰਾਈਵੇਟ ਮੈਂਬਰ ਬਿੱਲ ਹੁਣ ਸੱਤ ਸਤੰਬਰ ਨੂੰ ਪੇਸ਼ ਹੋਣ ਦੇ ਆਸਾਰ ਹਨ। ਇਸੇ ਦੌਰਾਨ ਕਾਨੂੰਨ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਕਿ ਸਿੱਖ ਧਰਮ ਸਮੇਤ ਜੈਨ ਤੇ ਬੁੱਧ ਧਰਮ ਨੂੰ ਵੀ ਸੰਵਿਧਾਨ ਦੀ ਧਾਰਾ 25 ਵਿਚ ਸੋਧ ਕਰਕੇ ਹਿੰਦੂ ਧਰਮ ਤੋਂ ਵੱਖਰੇ ਧਰਮ ਕਰਾਰ ਦੇਣ ਦੇ ਮੁੱਦੇ 'ਤੇ ਸਰਬਸੰਮਤੀ ਬਣਨੀ ਸੰਭਵ ਹੈ।

ਜ਼ਿਕਰਯੋਗ ਹੈ ਕਿ ਕੋਲਾ ਮਾਮਲੇ 'ਤੇ ਐਨ.ਡੀ.ਏ. ਵੱਲੋਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਅਸਤੀਫੇ ਦੀ ਕੀਤੀ ਜਾ ਰਹੀ ਮੰਗ ਕਾਰਨ ਸੰਸਦ ਵਿਚ ਹੰਗਾਮਾ ਜਾਰੀ ਹੈ ਜਿਸ ਕਾਰਨ ਇਹ ਬਿੱਲ ਵੀ ਪੇਸ਼ ਹੋਣੋਂ ਰਹਿ ਗਿਆ। ਜਥੇਦਾਰ ਅਜਨਾਲਾ ਨੇ ਕਿਹਾ ਕਿ ਹੁਣ ਇਹ ਬਿੱਲ ਸੱਤ ਸਤੰਬਰ ਸ਼ੁੱਕਰਵਾਰ ਨੂੰ ਪੇਸ਼ ਕੀਤਾ ਜਾਵੇਗਾ। ਸੰਸਦ ਵਿਚ ਸ਼ੁੱਕਰਵਾਰ ਦਾ ਦਿਨ ਪ੍ਰਾਈਵੇਟ ਮੈਂਬਰ ਬਿੱਲਾਂ ਲਈ ਰੱਖਿਆ ਜਾਂਦਾ ਹੈ।

ਇਸ ਬਿੱਲ ਨੂੰ 'ਸੰਵਿਧਾਨ ਸੋਧ ਬਿਲ' 2012 ਦਾ ਨਾਂ ਦਿੱਤਾ ਗਿਆ ਹੈ ਤੇ ਅਸਲ ਵਿਚ ਇਹ ਤਾਂ ਹੀ ਕਾਨੂੰਨ ਬਣ ਸਕੇਗਾ ਜੇ ਆਨੰਦ ਕਾਰਜ ਸੋਧ ਬਿੱਲ ਵਾਂਗ ਸਰਕਾਰ ਇਸ ਬਿੱਲ ਨੂੰ ਵੀ ਖੁਦ ਅਪਨਾ ਲਵੇ। ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਦਾ ਕਹਿਣਾ ਹੈ ਕਿ ਪ੍ਰਾਈਵੇਟ ਮੈਂਬਰ ਬਿੱਲ ਦਾ ਰਾਹ ਹਮੇਸ਼ਾ ਔਖਾ ਹੁੰਦਾ ਹੈ ਪਰ ਜੇ ਸਿਆਸੀ ਇੱਛਾ ਸ਼ਕਤੀ ਹੋਵੇ ਤਾਂ ਸਰਕਾਰ ਇਸ ਬਿੱਲ ਨੂੰ ਅਪਨਾ ਕੇ ਪਾਸ ਕਰਵਾ ਸਕਦੀ ਹੈ।

ਸੰਵਿਧਾਨ ਦੀ ਧਾਰਾ 25 ਵਿਚ ਸੋਧ ਕਰਨ ਲਈ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਰਤਨ ਸਿੰਘ ਅਜਨਾਲਾ ਨੇ ਲੋਕ ਸਭਾ ਸਪੀਕਰ ਮੀਰਾ ਕੁਮਾਰ ਤੋਂ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕਰਨ ਦੀ ਇਜਾਜ਼ਤ ਮੰਗੀ ਸੀ ਤੇ ਸਪੀਕਰ ਨੇ ਇਹ ਮੰਗ ਪ੍ਰਵਾਨ ਕਰ ਲਈ। ਇਸ 'ਸੰਵਿਧਾਨਕ ਸੋਧ ਬਿੱਲ 2012' ਵਿਚ ਧਾਰਾ 25 ਦੀ ਵਿਆਖਿਆ-99 ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ ਜਿਸ ਵਿਚ ਸਿੱਖ, ਜੈਨ ਤੇ ਬੋਧੀ ਧਰਮ ਨੂੰ ਹਿੰਦੂ ਧਰਮ ਦਾ ਅੰਗ ਦੱਸਿਆ ਗਿਆ ਹੈ। ਧਾਰਾ 25 ਦੀ ਕਲਾਜ਼ ਇਕ ਵਿਚ ਭਾਵੇਂ ਹਰ ਕਿਸੇ ਲਈ ਧਰਮ ਦੀ ਆਜ਼ਾਦੀ ਦੀ ਗੱਲ ਕੀਤੀ ਗਈ ਹੈ ਪਰ ਧਾਰਾ 25 ਦੀ ਕਲਾਜ਼ 2 ਦੀ ਉਪ ਕਲਾਜ਼ (ਬੀ) ਵਿਚ ਇਸ ਆਜ਼ਾਦੀ ਉਪਰ ਛਾਪਾ ਮਾਰਿਆ ਗਿਆ ਹੈ। ਇਸ ਵਿਚ ਸਿੱਖ, ਜੈਨ ਤੇ ਬੋਧੀ ਧਰਮ ਨੂੰ ਵੱਖਰਾ ਨਾ ਮੰਨ ਕੇ ਹਿੰਦੂ ਧਰਮ ਦਾ ਅੰਗ ਬਣਾ ਦਿੱਤਾ ਗਿਆ ਹੈ। ਇਸ ਕਰਕੇ ਪੂਰੀ ਦੁਨੀਆਂ ਵਿਚ ਇਨ੍ਹਾਂ ਤਿੰਨੇ ਧਰਮਾਂ ਦੀ ਸੁਤੰਤਰ ਪਛਾਣ ਬਾਰੇ ਭੰਬਲਭੂਸਾ ਪਿਆ ਹੋਇਆ ਹੈ। ਇਸ ਲਈ ਇਸ ਬਿੱਲ ਰਾਹੀਂ ਧਾਰਾ 25 ਵਿਚ ਸੋਧ ਦੀ ਮੰਗ ਕੀਤੀ ਗਈ ਹੈ ਤਾਂ ਜੋ ਸਿੱਖਾਂ ਦੀ ਵੱਖਰੀ ਪਛਾਣ ਦੁਨੀਆਂ ਸਾਹਮਣੇ ਆ ਸਕੇ।

ਐਨ.ਡੀ.ਏ. ਸਰਕਾਰ ਵੇਲੇ ਸਾਬਕਾ ਚੀਫ ਜਸਟਿਸ ਐਮ.ਐਨ. ਵੈਂਕਟਚਾਈਆ ਦੀ ਅਗਵਾਈ ਹੇਠਲੇ ਸੰਵਿਧਾਨ ਨਜ਼ਰਸਾਨੀ ਕੌਮੀ ਕਮਿਸ਼ਨ ਨੇ ਜੋ ਸੁਝਾਅ ਧਾਰਾ 25 ਵਿਚ ਸੋਧ ਲਈ ਦਿੱਤੇ ਸਨ, ਉਨ੍ਹਾਂ ਦਾ ਹਵਾਲਾ ਵੀ ਇਸ ਬਿੱਲ ਵਿਚ ਦਿੱਤਾ ਗਿਆ ਹੈ। ਸੰਵਿਧਾਨ ਵਿਚ ਸੋਧ ਕਰਨ ਲਈ ਸਿੱਖ ਸੰਸਦ ਮੈਂਬਰ ਵੱਲੋਂ ਪੇਸ਼ ਕੀਤੇ ਜਾਣ ਵਾਲਾ ਇਹ ਦੂਜਾ ਪ੍ਰਾਈਵੇਟ ਮੈਂਬਰ ਬਿੱਲ ਹੈ। ਇਸ ਤੋਂ ਪਹਿਲਾਂ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਆਨੰਦ ਕਾਰਜ ਸੋਧ ਐਕਟ ਲਈ ਪ੍ਰਾਈਵੇਟ ਮੈਂਬਰ ਬਿੱਲ ਪੇਸ਼ ਕੀਤਾ ਸੀ। ਇਹ ਆਪਣੇ ਆਪ ਵਿਚ ਅਨੋਖੀ ਘਟਨਾ ਸੀ ਜਦੋਂ ਸਰਕਾਰ ਨੇ ਇਸ ਬਿੱਲ ਨੂੰ ਮਨਜ਼ੂਰ ਕਰ ਲਿਆ ਸੀ।

# ਬਾਦਲਾਂ ਦਾ ਤਖ਼ਤ ਹਿਲਾਉਣ ਦੀਆਂ ਤਿਆਰੀਆਂ

ਬਣਿਆ ਹੈ।

ਪੰਜਾਬ ਕਾਂਗਰਸ ਵਿਧਾਇਕ ਦਲ ਦੇ ਆਗੂ ਸੁਨੀਲ ਜਾਖੜ ਦਾ ਕਹਿਣਾ ਹੈ ਕਿ ਜੇ ਮਨਪ੍ਰੀਤ ਬਾਦਲ ਦੇ ਕਾਂਗਰਸ ਵਿਚ ਸ਼ਾਮਲ ਹੋਣ ਬਾਬਤ ਪਾਰਟੀ ਹਾਈਕਮਾਨ ਕੋਈ ਸੰਕੇਤ ਦੇਵੇਗੀ ਤਾਂ ਉਹ ਇਸ 'ਤੇ ਜ਼ਰੂਰ ਵਿਚਾਰ ਕਰਨਗੇ। ਇਹ ਮਾਮਲਾ ਪੂਰੀ ਤਰ੍ਹਾਂ ਸਮੁੱਚੀ ਪਾਰਟੀ ਨਾਲ ਜੁੜਿਆ ਹੈ ਤੇ ਕੋਈ ਇਕ ਬੰਦਾ ਇਸ ਬਾਰੇ ਫੈਸਲਾ ਲੈਣ ਦੇ ਸਮਰੱਥ ਨਹੀਂ ਹੈ। ਸ੍ਰੀ ਜਾਖੜ ਨੇ ਮੰਨਿਆ ਕਿ ਪੀ.ਪੀ.ਪੀ. ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਵੋਟਾਂ ਦਾ ਗਣਿਤ ਬਦਲ ਦਿੱਤੇ ਜਾਣ ਕਾਰਨ ਪਾਰਟੀ ਨੂੰ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਅਨੁਸਾਰ ਭਾਵੇਂ ਸੀਟਾਂ ਦੀ ਗਲਤ ਵੰਡ ਕਾਰਨ ਵੀ ਚੋਣਾਂ ਵਿਚ ਪੰਜਾਬ ਕਾਂਗਰਸ ਨੂੰ ਨੁਕਸਾਨ ਹੋਇਆ ਹੈ ਪਰ ਚੋਣਾਂ ਦੌਰਾਨ ਵੋਟਾਂ ਦੀ ਵੰਡ ਵੀ ਕਾਂਗਰਸ ਦੀ ਹਾਰ ਦਾ ਇਕ ਮੁੱਖ ਕਾਰਨ ਹੈ। ਉਂਜ, ਉਨ੍ਹਾਂ ਕਿਹਾ ਕਿ ਮਨਪ੍ਰੀਤ ਬਾਦਲ ਦੇ ਕਾਂਗਰਸ ਦੇ ਨੇੜੇ ਆਉਣ ਬਾਰੇ ਗੱਲਾਂ ਅਜੇ ਸੁਣੀਆਂ-ਸੁਣਾਈਆਂ ਹੀ ਹਨ, ਅਧਿਕਾਰਤ ਤੌਰ 'ਤੇ ਅਜਿਹੀ ਕੋਈ ਗੱਲ ਨਹੀਂ ਹੈ।

## ਕਾਂਗਰਸ ਤੇ ਪੀ ਪੀ ਪੀ ਇਕ ਦੂਜੇ ਦੇ ਨੇੜੇ ਹੋਣ ਲੱਗੇ

ਆਲ ਇੰਡੀਆ ਕਾਂਗਰਸ ਦੀ ਵਰਕਿੰਗ ਕਮੇਟੀ ਦੇ ਮੈਂਬਰ ਤੇ ਪੰਜਾਬ ਕਾਂਗਰਸ ਦੀ ਪ੍ਰਧਾਨਗੀ ਦੇ ਮੁੱਖ ਦਾਅਵੇਦਾਰ ਜਗਮੀਤ ਸਿੰਘ ਬਰਾੜ ਦਾ ਕਹਿਣਾ ਹੈ ਕਿ ਜੇ ਮਨਪ੍ਰੀਤ ਬਾਦਲ ਕਾਂਗਰਸ ਦੇ ਸਿਧਾਂਤਾਂ ਤੇ ਰਵਾਇਤਾਂ ਨੂੰ ਮੰਨ ਕੇ ਪਾਰਟੀ ਵਿਚ ਸ਼ਾਮਲ ਹੁੰਦੇ ਹਨ ਤਾਂ ਉਹ ਉਨ੍ਹਾਂ ਦਾ ਭਰਵਾਂ ਸਵਾਗਤ ਕਰਨਗੇ ਕਿਉਂਕਿ ਮਨਪ੍ਰੀਤ ਬਾਦਲ ਨੇ ਇਕ ਵਿਚਾਰਧਾਰਾ ਦੇ ਆਧਾਰ 'ਤੇ ਅਕਾਲੀ ਦਲ ਤੋਂ ਅਲੱਗ ਹੋਣ ਦੀ ਹਿੰਮਤ ਦਿਖਾਈ ਹੈ। ਉਧਰ, ਬੀਤੇ ਦਿਨੀਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਬਰਸੀ 'ਚ ਪੁੱਜੇ ਮਨਪ੍ਰੀਤ ਬਾਦਲ ਨੇ ਕਿਹਾ ਕਿ ਜੇਕਰ ਕਾਂਗਰਸ ਵੱਲੋਂ ਕੋਈ ਪਹਿਲਕਦਮੀ ਹੋਵੇਗੀ ਤਾਂ ਸਾਂਝੇ ਮੋਰਚਾ ਲੋਕ ਸਭਾ ਚੋਣਾਂ ਲਈ ਗਠਜੋੜ ਬਾਰੇ ਵਿਚਾਰ ਕਰ ਸਕਦਾ ਹੈ।

ਬੀਰਦਵਿੰਦਰ ਨੂੰ ਪਾਰਟੀ ਵਿਚੋਂ ਕੱਢਿਆ: ਪੀਪਲਜ਼ ਪਾਰਟੀ ਆਫ ਪੰਜਾਬ ਨੇ ਬੀਰਦਵਿੰਦਰ ਸਿੰਘ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਉਨ੍ਹਾਂ ਉਤੇ ਪਾਰਟੀ ਦਾ ਜ਼ਾਬਤਾ ਭੰਗ ਕਰਨ ਦਾ ਦੋਸ਼ ਹੈ। ਦੂਜੇ ਪਾਸੇ ਬੀਰਦਵਿੰਦਰ ਸਿੰਘ ਨੇ ਕਿਹਾ ਹੈ ਕਿ ਉਹ ਕਦੇ ਵੀ ਪਾਰਟੀ ਦੇ ਮੈਂਬਰ ਨਹੀਂ ਬਣੇ ਸਨ। ਉਨ੍ਹਾਂ ਨੇ ਮਨਪ੍ਰੀਤ ਬਾਦਲ ਨੂੰ ਉਨ੍ਹਾਂ ਦੀ ਮੈਂਬਰਸ਼ਿਪ ਦਾ ਸਬੂਤ ਦੇਣ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮਨਪ੍ਰੀਤ ਬਾਦਲ ਤਾਂ ਉਨ੍ਹਾਂ ਨੂੰ ਬਗੈਰ ਮੈਂਬਰਸ਼ਿਪ ਤੋਂ ਹੀ ਮੁਹਾਲੀ ਵਿਧਾਨ ਸਭਾ ਹਲਕੇ ਦੀ ਟਿਕਟ ਤੇ ਪਾਰਟੀ ਦੇ ਮੁੱਖ ਬੁਲਾਰੇ ਦੀ ਜ਼ਿੰਮੇਵਾਰੀ ਦੇ ਗਏ ਸਨ।

# ਮੁੱਲਾ ਉਮਰ ਦੇ ਪਾਕਿਸਤਾਨ 'ਚ ਹੋਣ ਦੀ ਚਰਚਾ

**ਵਾਸ਼ਿੰਗਟਨ:** ਪਾਕਿਸਤਾਨ ਦੇ ਲਗਾਤਾਰ ਦਾਅਵਿਆਂ ਨੂੰ ਰੱਦ ਕਰਦਿਆਂ ਅਫਗਾਨਿਸਤਾਨ ਵਿਚ ਤਾਇਨਾਤ ਉੱਚ ਅਮਰੀਕੀ ਜਨਰਲ ਦਾ ਕਹਿਣਾ ਹੈ ਕਿ ਤਾਲਿਬਾਨ ਆਗੂ ਮੁੱਲਾ ਉਮਰ ਆਪਣੇ ਕਮਾਂਡਰਾਂ ਸਮੇਤ ਪਾਕਿਸਤਾਨ 'ਚ ਲੁਕਿਆ ਹੋਇਆ ਹੈ। ਅਫਗਾਨਿਸਤਾਨ ਵਿਚ ਅਮਰੀਕੀ ਤੇ ਨਾਟੋ ਫੌਜਾਂ ਦੇ ਕਮਾਂਡਰ ਜਨਰਲ ਜੌਹਨ ਐਲਨ ਨੇ 'ਦਾ ਵਾਸ਼ਿੰਗਟਨ ਪੋਸਟ' ਵਿਚ ਲਿਖੇ ਇਕ ਲੇਖ ਵਿਚ ਕਿਹਾ ਹੈ ਕਿ ਉਮਰ ਪਾਕਿਸਤਾਨ ਵਿਚ ਰਹਿੰਦਾ ਹੈ ਤੇ ਉਸ ਦੇ ਕਈ ਕਮਾਂਡਰ ਵੀ ਉਥੇ ਹੀ ਰਹਿੰਦੇ ਹਨ।

ਉਥੋਂ ਕਿਸੇ ਸੁਰੱਖਿਅਤ ਥਾਂ ਤੋਂ ਉਨ੍ਹਾਂ ਨੇ ਸੈਂਕੜੇ ਸੰਵੇਦਨਸ਼ੀਲ, ਧਾਰਮਿਕ ਤੇ ਮਜਬੂਰ ਨੌਜਵਾਨਾਂ ਨੂੰ ਅਫਗਾਨਿਸਤਾਨ ਵਿਚ ਮੌਤ ਦੇ ਮੂੰਹ ਵਿਚ ਧੱਕਿਆ। ਇਸ ਕਾਰਨ ਉਹ ਆਪਣਾ ਮਾਣ ਸਨਮਾਨ ਤੇ ਇਸਲਾਮ ਵਿਚ ਵਿਸ਼ਵਾਸ ਦਾ ਦਾਅਵਾ ਗੁਆ ਚੁੱਕੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਅਕਾਲੀ ਦਲ (ਪੰਚ ਪ੍ਰਧਾਨੀ) ਦੀ ਕਮਾਨ ਕੁਲਬੀਰ ਸਿੰਘ ਬੜਾਪਿੰਡ ਨੇ ਸੰਭਾਲੀ

**ਅੰਮ੍ਰਿਤਸਰ:** ਭਾਈ ਕੁਲਬੀਰ ਸਿੰਘ ਬੜਾਪਿੰਡ ਨੇ ਅਕਾਲੀ ਦਲ (ਪੰਚ ਪ੍ਰਧਾਨੀ) ਦੀ ਕਮਾਨ ਸੰਭਾਲ ਲਈ ਹੈ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਕੀਤੇ ਡੈਲੀਗੇਟ ਇਜਲਾਸ ਵਿਚ ਸਰਬ ਸੰਮਤੀ ਨਾਲ ਭਾਈ ਕੁਲਬੀਰ ਸਿੰਘ ਬੜਾਪਿੰਡ ਮੈਂਬਰ ਸ਼੍ਰੋਮਣੀ ਕਮੇਟੀ ਨੂੰ ਭਾਈ ਦਲਜੀਤ ਸਿੰਘ ਬਿੱਟੂ ਦੀ ਥਾਂ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਪਾਰਟੀ ਦਾ ਨਵਾਂ ਪ੍ਰਧਾਨ ਚੁਣਿਆ ਗਿਆ।

ਡੈਲੀਗੇਟ ਇਜਲਾਸ ਵਿਚ ਸਰਬ ਸੰਮਤੀ ਨਾਲ ਦੋ ਸਾਲ ਲਈ ਚੋਣ ਕੀਤੀ ਜਿਸ ਵਿਚ ਭਾਈ ਹਰਪਾਲ ਸਿੰਘ ਚੀਮਾ ਨੂੰ ਸੀਨੀਅਰ ਮੀਤ ਪ੍ਰਧਾਨ, ਭਾਈ ਅਮਰੀਕ ਸਿੰਘ ਈਸੜੂ, ਬਾਬਾ ਹਰਦੀਪ ਸਿੰਘ ਮਹਿਰਾਜ ਤੇ ਭਾਈ ਬਲਦੇਵ ਸਿੰਘ ਸਿਰਸਾ ਨੂੰ ਮੀਤ ਪ੍ਰਧਾਨ, ਭਾਈ ਮਨਧੀਰ ਸਿੰਘ ਨੂੰ ਸਕੱਤਰ ਜਨਰਲ ਚੁਣਿਆ ਗਿਆ। ਇਸ ਤੋਂ ਇਲਾਵਾ ਭਾਈ ਜਸਵੰਤ ਸਿੰਘ ਰਾਮਗੜ੍ਹ, ਭਾਈ ਦਰਸ਼ਨ ਸਿੰਘ ਜਗਾ ਰਾਮ ਤੀਰਥ, ਭਾਈ ਜਸਵੀਰ ਸਿੰਘ ਖੰਡੂਰ, ਭਾਈ ਜਰਨੈਲ ਸਿੰਘ ਹੁਸੈਨਪੁਰ, ਭਾਈ ਬਲਵਿੰਦਰ ਸਿੰਘ ਝਬਾਲ, ਭਾਈ ਸੁਖਦੇਵ ਸਿੰਘ ਡੋਡ, ਐਡਵੋਕੇਟ ਜਸਪਾਲ ਸਿੰਘ ਮੰਝਪੁਰ ਤੇ ਭਾਈ ਰਾਜਪਾਲ ਸਿੰਘ ਹਰਦਿਆਲੇਆਣਾ ਨੂੰ ਜਨਰਲ ਸਕੱਤਰ ਚੁਣਿਆ ਗਿਆ।

ਪਾਰਟੀ ਦੇ ਜਥੇਬੰਦਕ ਢਾਂਚੇ ਦੀਆਂ ਹੋਰ ਨਿਯੁਕਤੀਆਂ ਜਲਦ ਹੀ ਕੀਤੇ ਜਾਣ ਦਾ ਐਲਾਨ ਹੋਇਆ। ਭਾਈ ਦਲਜੀਤ ਸਿੰਘ ਬਿੱਟੂ ਪਾਰਟੀ ਦੀ ਸੁਪਰੀਮ ਕੌਂਸਲ ਦੇ ਮੈਂਬਰ ਹੋਣਗੇ। ਭਾਈ ਦਲਜੀਤ ਸਿੰਘ ਬਿੱਟੂ ਨੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪਾਰਟੀ ਦੇ ਸੰਵਿਧਾਨ ਮੁਤਾਬਕ ਹਰੇਕ ਦੋ ਸਾਲ ਬਾਅਦ ਪਾਰਟੀ ਦੇ ਅਹੁਦੇਦਾਰਾਂ ਦੀ ਪੁਨਰ ਨਿਯੁਕਤੀ ਕੀਤੀ ਜਾਣ ਤੇ ਪੰਥਕ ਪਿੜ ਵਿਚ ਗੰਭੀਰਤਾ ਨਾਲ ਵਿਚਾਰਕ ਤੇ ਸਿਧਾਂਤਕ ਸਰਗਰਮੀਆਂ ਕਰਨ ਤਹਿਤ ਡੈਲੀਗੇਟ ਇਜਲਾਸ ਵਿਚ ਅਹਿਮ ਫੈਸਲੇ ਕੀਤੇ ਗਏ ਹਨ।

ਇਸ ਮੌਕੇ ਬੋਲਦਿਆਂ ਭਾਈ ਦਲਜੀਤ ਸਿੰਘ

### *ਸਿੱਖ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਦਾ ਅਹਿਦ*

ਬਿੱਟੂ ਨੇ ਸਪੱਸ਼ਟ ਕੀਤਾ ਕਿ ਕਾਂਗਰਸ-ਭਾਜਪਾ ਨਾਲ ਉਨ੍ਹਾਂ ਦੀ ਪਾਰਟੀ ਦਾ ਕੋਈ ਸਰੋਕਾਰ ਨਹੀਂ। ਉਨ੍ਹਾਂ ਕਿਹਾ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ



*ਕੁਲਬੀਰ ਸਿੰਘ ਬੜਾਪਿੰਡ*

ਨੂੰ ਸਮਰਪਿਤ ਹਨ ਪਰ ਉਥੋਂ ਸਿੱਖ ਮਰਯਾਦਾ ਦੀ ਥਾਂ ਸਿਆਸਤ ਤੋਂ ਪ੍ਰੇਰਿਤ ਫੈਸਲੇ ਲਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਵੀਂ ਲੀਡਰਸ਼ਿਪ ਵੀ ਵੱਖਰੇ ਸਿੱਖ ਰਾਜ ਦੀ ਪ੍ਰਾਪਤੀ ਲਈ ਜਮਹੂਰੀ ਢੰਗ-ਤਰੀਕੇ ਨਾਲ ਸਿੱਖ ਸੰਘਰਸ਼ ਨੂੰ ਜਾਰੀ ਰੱਖੇਗੀ ਤੇ ਘੱਟੋ ਘੱਟ ਸਾਂਝੇ ਪ੍ਰੋਗਰਾਮ ਤਹਿਤ ਹੋਰ ਸਿੱਖ ਜਥੇਬੰਦੀਆਂ ਨੂੰ ਇਕ ਮੰਚ 'ਤੇ ਇਕੱਠਾ ਕਰਨ ਦਾ ਯਤਨ ਕਰੇਗੀ।

ਇਸ ਬਾਰੇ ਲੋਕਾਂ ਨੂੰ ਸੈਮੀਨਾਰਾਂ ਤੇ ਗੋਸ਼ਟੀਆਂ ਰਾਹੀਂ ਜਾਗਰੂਕ ਕੀਤਾ ਜਾਵੇਗਾ। ਇਸ ਤੋਂ ਇਲਾਵਾ ਘੱਟੋ ਘੱਟ ਸਾਂਝੇ ਪ੍ਰੋਗਰਾਮ ਤਹਿਤ ਹਮਖਿਆਲੀ ਸਿੱਖ ਜਥੇਬੰਦੀਆਂ ਨੂੰ ਇਕ ਮੰਚ 'ਤੇ ਲਿਆਂਦਾ ਜਾਵੇਗਾ। ਇਸ ਬਾਰੇ ਪੰਚ ਪ੍ਰਧਾਨੀ ਵੱਲੋਂ ਤਿੰਨ ਮੈਂਬਰੀ ਤਾਲਮੇਲ ਕਮੇਟੀ ਵੀ ਬਣਾਈ ਗਈ ਹੈ ਜੋ ਵੱਖ ਵੱਖ ਜਥੇਬੰਦੀਆਂ ਨਾਲ ਗੱਲਬਾਤ ਕਰੇਗੀ। ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਬਾਈਕਾਟ ਕਰਨ ਦੇ ਕੀਤੇ ਫੈਸਲੇ ਬਾਰੇ ਉਨ੍ਹਾਂ ਆਖਿਆ ਕਿ ਜਥੇਬੰਦੀ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੈ ਪਰ ਇਥੇ ਨਿਯੁਕਤ ਜਥੇਦਾਰ ਦੇ ਫੈਸਲਿਆਂ ਨਾਲ ਸਹਿਮਤ ਨਹੀਂ ਹੈ। ਇਸ ਲਈ ਜਦੋਂ ਤੱਕ ਸਿੱਖ ਪੰਥ ਦੀ ਤਰਜਮਾਨੀ ਕਰਦੇ ਜਥੇਦਾਰ ਦੀ ਨਿਯੁਕਤੀ ਨਹੀਂ ਹੁੰਦੀ, ਇਹ ਫੈਸਲਾ ਕਾਇਮ ਰਹੇਗਾ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇ ਪੰਜ ਸਿੰਘ ਸਾਹਿਬਾਨ ਵੱਲੋਂ ਕੀਤੇ ਫੈਸਲੇ ਸਿੱਖ ਪੰਥ ਦੀਆਂ ਭਾਵਨਾਵਾਂ ਅਨੁਸਾਰ ਹੋਣਗੇ ਤਾਂ ਉਹ ਅਜਿਹੇ ਫੈਸਲਿਆਂ ਨੂੰ ਜ਼ਰੂਰ ਮਾਨਤਾ ਦੇਣਗੇ।

## ਨੀਲ ਆਰਮਸਟਰਾਂਗ ਨਹੀਂ ਰਹੇ

**ਵਾਸ਼ਿੰਗਟਨ:** ਅਮਰੀਕਾ ਦੇ ਸਾਬਕਾ ਪੁਲਾੜ-ਯਾਤਰੀ ਤੇ ਚੰਦਰਮਾ 'ਤੇ ਜਾਣ ਵਾਲੇ ਦੁਨੀਆ ਦੇ ਪਹਿਲੇ ਵਿਅਕਤੀ ਨੀਲ ਆਰਮਸਟਰਾਂਗ ਜਿਨ੍ਹਾਂ ਨੇ ਪਿਛਲੀ 5 ਅਗਸਤ ਨੂੰ ਹੀ ਆਪਣਾ 82ਵਾਂ ਜਨਮ ਦਿਨ ਮਨਾਇਆ ਸੀ, ਦਾ ਦੇਹਾਂਤ ਹੋ ਗਿਆ। ਇਸ ਮਹੀਨੇ ਦੇ ਸ਼ੁਰੂ ਵਿਚ ਹੀ ਉਨ੍ਹਾਂ ਦੇ ਦਿਲ ਦੀ ਬਾਈਪਾਸ ਸਰਜਰੀ ਹੋਈ ਸੀ।

ਅਪੋਲੋ 11 ਮਿਸ਼ਨ ਦੇ ਕਮਾਂਡਰ ਨੀਲ ਆਰਮਸਟਰਾਂਗ 20 ਜੁਲਾਈ, 1969 ਨੂੰ ਚੰਦਰਮਾ 'ਤੇ ਕਦਮ ਰੱਖਣ ਵਾਲੇ ਦੁਨੀਆਂ ਦੇ ਪਹਿਲੇ ਵਿਅਕਤੀ ਬਣੇ ਸਨ। ਇਸ ਯਾਤਰਾ ਦੌਰਾਨ ਉਨ੍ਹਾਂ ਦੇ ਨਾਲ ਪੁਲਾੜ-ਯਾਤਰੀ ਐਡਵਿਨ ਅਲਡ੍ਰੀਨ ਵੀ ਗਏ ਸਨ। ਇਸ ਯਾਤਰਾ ਦੌਰਾਨ ਆਰਮਸਟਰਾਂਗ ਤੇ ਐਡਵਿਨ ਚੰਦਰਮਾ 'ਤੇ ਕਰੀਬ ਤਿੰਨ ਘੰਟੇ ਤੁਰੇ ਸਨ।

# ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਏਥਨਜ਼ ਤੋਂ ਲੰਡਨ' ਰਿਲੀਜ਼

**ਟੋਰਾਂਟੋ (ਬਿਊਰੋ):** ਨਾਮੀ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਦੀ ਪੁਸਤਕ 'ਏਥਨਜ਼ ਤੋਂ ਲੰਡਨ' ਨਾਟਕਕਾਰ ਅਜਮੇਰ ਸਿੰਘ ਔਲਖ ਨੇ ਕਲਮਾਂ ਦੇ ਕਾਫ਼ਲੇ ਦੀ ਮੀਟਿੰਗ ਵਿਚ ਰਿਲੀਜ਼ ਕੀਤੀ। ਇਸ ਸਮੇਂ ਕਹਾਣੀਕਾਰ ਜਰਨੈਲ ਸਿੰਘ, ਕਿਰਪਾਲ ਸਿੰਘ ਪੰਨੂੰ, ਡਾ. ਬਲਜਿੰਦਰ ਸਿੰਘ ਸੇਖੋਂ, ਓਂਕਾਰਪ੍ਰੀਤ ਸਿੰਘ, ਵਕੀਲ ਸਿੰਘ ਕਲੇਰ ਤੇ ਕਲਮਾਂ ਦੇ ਕਾਫ਼ਲੇ ਦੇ ਮੈਂਬਰ ਹਾਜ਼ਰ ਸਨ।

ਇਸ ਪੁਸਤਕ ਵਿਚ ਪੁਰਾਤਨ ਤੇ ਨਵੀਨ ਓਲੰਪਿਕ ਖੇਡਾਂ ਦਾ ਇਤਿਹਾਸ ਬੜੀ ਰੌਚਿਕ ਸ਼ੈਲੀ ਵਿਚ ਬਿਆਨ ਕੀਤਾ ਗਿਆ ਹੈ। ਲੇਖਕ ਸ਼ਬਦਾਂ ਦਾ ਓਲੰਪੀਅਨ ਹੈ ਜੀਹਦੀ ਵਾਰਤਕ ਬਾਰੇ ਵਰਿਆਮ ਸਿੰਘ ਸੰਧੂ ਨੇ 'ਪੰਜਾਬੀ ਵਾਰਤਕ ਦਾ ਉਚਾ ਬੁਰਜ ਸਰਵਣ ਸਿੰਘ' ਪੁਸਤਕ ਸੰਪਾਦਤ ਕੀਤੀ ਹੈ। 176 ਪੰਨਿਆਂ ਦੀ ਇਹ ਪੁਸਤਕ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਿਤ ਕੀਤੀ ਹੈ। ਲੇਖਕ ਦੀ ਸਵੈਜੀਵਨੀ 'ਹਸੰਦਿਆਂ ਖੇਲੰਦਿਆਂ', ਸਫ਼ਰਨਾਮੇ 'ਅੱਖੀਂ ਵੇਖ ਨਾ ਰੱਜੀਆਂ' ਤੇ 'ਫੇਰੀ ਵਤਨਾਂ ਦੀ' ਅਤੇ 'ਖੇਡਾਂ ਦੀ ਦੁਨੀਆਂ' ਦੀਆਂ ਨਵੀਆਂ ਐਡੀਸ਼ਨਾਂ ਵੀ ਸੰਗਮ ਪਬਲੀਕੇਸ਼ਨਜ਼ ਨੇ ਹੀ ਪ੍ਰਕਾਸ਼ਿਤ ਕੀਤੀਆਂ ਹਨ। 'ਪਿੰਡ ਦੀ ਸੱਥ ਚੋਂ' ਤੇ 'ਪੰਜਾਬ ਦੇ ਉੱਘੇ ਖਿਡਾਰੀ' ਛਪ ਰਹੀਆਂ ਹਨ।


OKKJI Transfer LLC.

15238 Radiance Dr., Noblesville, IN, 46060

ਡਰਾਈਵਰ ਤੇ ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ

*ਡਰਾਈ ਅਤੇ ਰੀਫਰ ਲੋਡ



ਕਾਗਜ਼ ਦਿਓ ਤੇ ਪੈਸੇ ਲਓ

ਸੰਪਰਕ ਕਰੋ:

Toll Free: 1-855-966-5554

Manny Sandhu: 317-603-1000, Sam Bhullar: 732-486-9045

Fax: 317-774-9665



Short Sale Specialist

We Can Sell Your Home in Short Sale at No Cost to You



For Buying & Selling Residential Property And For Loans

Call: Sohanpreet 'Sam' Chahal

@916-612-5773

Serving from Bay Area to Sacramento

Sohanpreet (Sam) Chahal

CA Lic. 01504071

Realtor/Notary Public

email:samchahal@hotmail.com

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624

Tel: 916-612-5773 Fax: 916-689-5707



Yarra, Kharazi & Associates

Phone: (888) 97YARRA (92772)

Bankruptcy & Criminal Law

Offices in Bakersfield, Fresno and Merced

Bring this ad in and receive a free consultation

ਬੈਂਕਰਪਸੀ ਅਤੇ ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ

ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ 'ਤੇ ਤੁਸੀਂ ਯਕੀਨ ਕਰ ਸਕਦੇ ਹੋ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com

# ਨਸਲੀ ਅਪਰਾਧਾਂ ਖਿਲਾਫ਼ ਪਰਵਾਸੀ ਹੋਏ ਇੱਕਜੁੱਟ

**ਵਾਸ਼ਿੰਗਟਨ (ਪੰਜਾਬ ਟਾਈਮਜ਼ ਬਿਊਰੋ):** ਵਿਸਕਾਨਸਿਨ ਦੇ ਗੁਰਦੁਆਰੇ ਵਿਚ ਹੋਏ ਗੋਲੀ ਕਾਂਡ ਮਗਰੋਂ 150 ਤੋਂ ਵੱਧ ਸੰਗਠਨਾਂ ਨੇ ਨਫ਼ਰਤੀ ਅਪਰਾਧਾਂ ਲਈ ਕਾਂਗਰਸ ਵਿਚ ਵਿਚਾਰ ਕੀਤੇ ਜਾਣ ਦਾ ਸੱਦਾ ਦਿੱਤਾ ਹੈ। ਛੇ ਸਿੱਖ ਸ਼ਰਧਾਲੂ ਪੰਜ ਅਗਸਤ ਨੂੰ ਗੁਰਦੁਆਰਾ ਓਕ ਕਰੀਕ ਵਿਚ ਇਕ ਗੋਰੇ ਸਾਬਕਾ ਫੌਜੀ ਵੱਲੋਂ ਕੀਤੇ ਗਏ ਹਮਲੇ 'ਚ ਮਾਰੇ ਗਏ ਸਨ। ਭਾਵੇਂ ਪੁਲਿਸ ਨੇ ਹਾਲੇ ਗੋਲੀਆਂ ਚਲਾਏ ਜਾਣ ਦਾ ਕਾਰਨ ਤੈਅ ਕਰਨਾ ਹੈ ਪਰ ਸਿੱਖ ਜਥੇਬੰਦੀਆਂ ਇਸ ਨੂੰ ਨਫ਼ਰਤੀ ਅਪਰਾਧ ਕਰਾਰ ਦੇ ਚੁੱਕੀਆਂ ਹਨ।

ਵੱਖ-ਵੱਖ ਧਰਮਾਂ 'ਤੇ ਆਧਾਰਤ 150 ਦੇ ਕਰੀਬ ਸੰਗਠਨਾਂ ਨੇ ਸਿੱਖ ਕੁਲੀਸ਼ਨ ਦੀ ਅਗਵਾਈ ਵਿਚ ਲੰਘੇ ਦਿਨ ਸੈਨੇਟ ਦੀ ਜੁਡੀਸ਼ਰੀ ਕਮੇਟੀ ਨੂੰ ਪੱਤਰ ਭੇਜ ਕੇ ਨਫ਼ਰਤ ਆਧਾਰਤ ਅਪਰਾਧਾਂ ਤੇ ਅਮਰੀਕਾ ਵਿਚ ਨਫ਼ਰਤੀ ਜਥੇਬੰਦੀਆਂ ਦੀ ਵਧ ਰਹੀ ਗਿਣਤੀ ਬਾਰੇ ਸੁਣਵਾਈ ਕਰਨ ਲਈ ਕਿਹਾ ਹੈ। ਓਕ ਕਰੀਕ ਵਿਚ ਸਿੱਖ ਸ਼ਰਧਾਲੂਆਂ 'ਤੇ ਹੋਏ ਹਮਲੇ ਤੇ ਪਿਛਲੇ ਮਹੀਨੇ ਦੇਸ਼ ਭਰ ਵਿਚ ਮੁਸਲਿਮ ਭਾਈਚਾਰਿਆਂ 'ਤੇ ਹੋਏ ਹਮਲਿਆਂ ਦੇ ਹਵਾਲੇ ਨਾਲ ਪੱਤਰ ਵਿਚ ਕਿਹਾ ਗਿਆ ਹੈ ਕਿ ਨਸਲ, ਮੂਲ ਮੁਲਕ ਹੋਰ ਹੋਣ, ਧਾਰਮਿਕ ਆਸਥਾ, ਜਿਨਸੀ ਝੁਕਾਅ, ਲਿੰਗ, ਲਿੰਗ ਪਛਾਣ, ਅਪੰਗਤਾ ਤੇ ਇਮੀਗ੍ਰੇਸ਼ਨ ਸਟੇਟਸ ਦੇ ਆਧਾਰ 'ਤੇ ਹਜ਼ਾਰਾਂ ਵਿਅਕਤੀਆਂ ਨੂੰ ਦੇਸ਼ ਭਰ ਵਿਚ ਲਗਾਤਾਰ ਨਫ਼ਰਤੀ ਹਿੰਸਾ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ।

ਸਿੱਖ ਕੁਲੀਸ਼ਨ ਵਿਚ ਲਾਅ ਐਂਡ ਪਾਲਿਸੀ ਦੇ ਡਾਇਰੈਕਟਰ ਰਾਜਦੀਪ ਸਿੰਘ ਨੇ ਕਿਹਾ ਕਿ ਓਕ ਕਰੀਕ ਜਿਹੀ ਘਟਨਾ ਹੋਰ ਕਿਤੇ ਵੀ ਵਾਪਰਨੋਂ ਰੋਕਣ ਲਈ ਜੋ ਕੀਤਾ ਜਾ ਸਕਦਾ ਹੈ, ਉਹ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਨਫ਼ਰਤੀ ਅਪਰਾਧਾਂ ਦੇ ਜਾਰੀ ਰਹਿਣ ਤੇ ਅਮਰੀਕਾ ਵਿਚ ਨਫ਼ਰਤ ਕਰਨ ਵਾਲੇ ਸੰਗਠਨਾਂ ਦੀ ਵੱਡੀ ਗਿਣਤੀ ਨੂੰ ਦੇਖਦਿਆਂ ਉਹ ਚਾਹੁੰਦੇ ਹਨ ਕਿ ਦੇਸ਼ ਦੇ ਨੀਤੀ ਘਾੜੇ ਇਥੋਂ ਇਸ ਕੱਟੜਪੁਣੇ ਨੂੰ ਜੜ੍ਹੋਂ ਉਖਾੜਨ ਲਈ ਸਰਗਰਮ ਭੂਮਿਕਾ ਨਿਭਾਉਣ। ਪੱਤਰ 'ਚ ਕਿਹਾ ਗਿਆ ਹੈ ਕਿ ਵਿਸਕਾਨਸਿਨ ਵਿਚ ਸਿੱਖਾਂ ਦੇ ਘਾਣ ਲਈ ਜ਼ਿੰਮੇਵਾਰ ਹਮਲਾਵਰ ਦੇ ਨਫ਼ਰਤੀ ਜਥੇਬੰਦੀਆਂ ਨਾਲ ਸਬੰਧ ਜੱਗ ਜ਼ਾਹਰ ਹਨ ਤੇ ਪਿਛਲੇ ਸਮਿਆਂ ਵਿਚ ਸੱਤ ਸੂਬਿਆਂ ਵਿਚ ਮੁਸਲਿਮ ਭਾਈਚਾਰਾ ਲਗਾਤਾਰ ਹਮਲਿਆਂ, ਲੁੱਟ-ਖਸੁੱਟ, ਸ਼ੱਕੀ ਸਾੜ-ਫੂਕ, ਗੋਲੀਬਾਰੀ ਤੇ ਧਾਰਮਿਕ ਥਾਵਾਂ ਦੀ ਬੇਅਦਬੀ ਦਾ ਸੰਤਾਪ ਝੱਲ ਰਿਹਾ ਹੈ। 10 ਦੇ ਕਰੀਬ ਇਸਲਾਮਿਕ ਅਦਾਰੇ ਲੁੱਟ-ਖਸੁੱਟ ਦਾ ਸ਼ਿਕਾਰ ਹੋ ਚੁੱਕੇ ਹਨ।

ਪੱਤਰ ਵਿਚ ਕਿਹਾ ਗਿਆ ਹੈ ਕਿ ਸਾਊਦਰਨ ਪਾਵਰਟੀ ਲਾਅ ਸੈਂਟਰ ਅਨੁਸਾਰ ਅਮਰੀਕਾ ਵਿਚ ਨਫ਼ਰਤੀ ਦਲਾਂ ਦੀ ਸੰਖਿਆ 2000 ਤੋਂ ਮਗਰੋਂ 60 ਫੀਸਦੀ ਵਧੀ ਹੈ ਤੇ ਇਸ ਵੇਲੇ ਹਜ਼ਾਰ ਤੋਂ ਵਧ ਹੈ। 2010 ਵਿਚ 47 ਫੀਸਦੀ ਨਫ਼ਰਤੀ ਅਪਰਾਧ ਨਸਲ ਆਧਾਰਤ, 20 ਫੀਸਦੀ ਪੀੜਤ ਦੇ ਧਰਮ ਆਧਾਰਤ, 19 ਫੀਸਦੀ ਜਿਨਸੀ ਝੁਕਾਅ ਤੇ 13 ਫੀਸਦੀ ਅਪਰਾਧ ਗੈਰ-ਮੁਲਕੀ ਮੂਲ ਦੇ ਹੋਣ ਕਾਰਨ ਹੋਏ। ਇਸ ਪੱਤਰ ਵਿਚ ਕਈ ਕਾਨੂੰਨਾਂ ਵਿਚ ਸੋਧ ਦੀ ਮੰਗ ਕੀਤੀ ਗਈ ਹੈ।

## ਡੇਢ ਸੌ ਸੰਗਠਨਾਂ ਨੇ ਸੌਂਪਿਆ ਮੰਗ ਪੱਤਰ




## 19 ਸੈਨੇਟਰਾਂ ਵੱਲੋਂ ਵੀ ਸਿੱਖਾਂ ਦੀ ਹਮਾਇਤ

**ਵਾਸ਼ਿੰਗਟਨ:** ਅਮਰੀਕਾ ਦੇ 19 ਪ੍ਰਭਾਵਸ਼ਾਲੀ ਸੈਨੇਟਰਾਂ ਨੇ ਅਮਰੀਕੀ ਨਿਆਂ ਵਿਭਾਗ ਤੇ ਮੁਲਕ ਦੀ ਜਾਂਚ ਏਜੰਸੀ ਐਫ.ਬੀ.ਆਈ. ਨੂੰ ਅਪੀਲ ਕੀਤੀ ਹੈ ਕਿ ਦੇਸ਼ ਦੇ ਨਫਰਤ ਆਧਾਰਤ ਜੁਰਮਾਂ ਦੀ ਨਿਗਰਾਨੀ ਬਾਰੇ ਪ੍ਰਕਿਰਿਆ ਨੂੰ ਸੋਧਿਆ ਜਾਵੇ ਤਾਂ ਕਿ ਅਮਰੀਕੀ ਸਿੱਖਾਂ ਖ਼ਿਲਾਫ਼ ਹੋਣ ਵਾਲੀ ਹਿੰਸਾ 'ਤੇ ਨਜ਼ਰ ਰੱਖੀ ਜਾ ਸਕੇ ਤੇ ਇਸ ਬਾਰੇ ਅੰਕੜੇ ਇਕੱਤਰ ਕੀਤੇ ਜਾ ਸਕਣ। ਸੈਨੇਟਰ ਡਾਇਨੀ ਫੀਨਸਟੀਨ ਦੀ ਅਗਵਾਈ ਹੇਠ ਸੈਨੇਟਰਾਂ ਨੇ ਇਸ ਬਾਰੇ ਅਮਰੀਕੀ ਅਟਾਰਨੀ ਜਨਰਲ ਐਰਿਕ ਹੋਲਡਰ ਨੂੰ ਬੀਤੇ ਦਿਨ ਚਿੱਠੀ ਭੇਜੀ ਹੈ ਜੋ ਇਸ ਘਟਨਾ ਨੂੰ ਪਹਿਲਾਂ 'ਘਰੇਲੂ ਦਹਿਸ਼ਤਗਰਦੀ' ਕਰਾਰ ਦੇ ਚੁੱਕੇ ਹਨ। ਚਿੱਠੀ ਵਿਚ ਕਿਹਾ ਗਿਆ ਹੈ ਕਿ ਉਂਜ ਸਿੱਖ ਭਾਈਚਾਰੇ ਦਾ ਖਿਆਲ ਹੈ ਕਿ ਵਿਨਕਾਨਸਿਨ ਗੁਰਦੁਆਰੇ ਵਿਚ ਸਾਬਕਾ ਗੋਰੇ ਫੌਜੀ ਵੱਲੋਂ ਕੀਤੀ ਗੋਲੀਬਾਰੀ ਨਫਰਤੀ ਜੁਰਮ ਸੀ। ਸੈਨੇਟਰਾਂ ਨੇ ਲਿਖਿਆ ਹੈ ਕਿ ਸਾਰੇ ਸੰਕੇਤ ਇਹੋ ਦੱਸਦੇ ਹਨ ਕਿ ਹਮਲਾਵਰ ਵੇਡ ਮਾਈਕਲ ਪੇਜ ਨੇ ਗੁਰਦੁਆਰੇ ਉਤੇ ਹਮਲਾ ਉਨ੍ਹਾਂ ਦੇ ਧਰਮ ਕਾਰਨ ਕੀਤਾ। ਉਨ੍ਹਾਂ ਕਿਹਾ ਕਿ ਇਹ ਮੰਦਭਾਗੀ ਘਟਨਾ ਅਮਰੀਕਾ ਵਿਚ ਸਿੱਖਾਂ ਖਿਲਾਫ ਸਭ ਤੋਂ ਤਾਜ਼ਾ-ਤਰੀਨ ਨਫਰਤੀ ਜੁਰਮ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦੋ ਸਾਲਾਂ ਦੌਰਾਨ ਸਿੱਖਾਂ ਉਤੇ ਅਜਿਹੇ ਕਈ ਹਮਲੇ ਹੋ ਚੁੱਕੇ ਹਨ। ਕੈਲੀਫੋਰਨੀਆ ਵਿਚ ਦੋ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ, ਮਿਸ਼ੀਗਨ ਵਿਚ ਇਕ ਗੁਰਦੁਆਰੇ ਨੂੰ ਨੁਕਸਾਨ ਪਹੁੰਚਾਇਆ ਗਿਆ ਤੇ ਹੋਰ ਸਿੱਖਾਂ ਉਤੇ ਵੀ ਹਮਲੇ ਹੋਏ ਹਨ।

## ਕਾਰਲ ਮਹਿਤਾ ਵੀ ਓਬਾਮਾ ਦੀ ਟੀਮ 'ਚ ਸ਼ਾਮਲ

**ਵਾਸ਼ਿੰਗਟਨ:** ਭਾਰਤੀ ਮੂਲ ਦੇ ਅਮਰੀਕਨ ਕਾਰੋਬਾਰੀ ਕਾਰਲ ਮਹਿਤਾ ਨੂੰ 'ਪ੍ਰੈਜ਼ੀਡੈਂਸ਼ੀਅਲ ਇਨੋਵੇਸ਼ਨ ਫੈਲੋਜ਼' ਚੁਣਿਆ ਗਿਆ ਹੈ। ਇਸ ਖੋਜ ਕਾਰਜ ਲਈ ਕੁੱਲ ਅਠਾਰਾਂ ਫੈਲੋਜ਼ ਦੀ ਚੋਣ ਕੀਤੀ ਗਈ ਹੈ। ਇਹ ਕੌਮੀ ਰਾਜਧਾਨੀ ਵਿਚ ਅਮਰੀਕਾ ਦੇ ਪੰਜ ਬੇਹੱਦ ਪ੍ਰਭਾਵਸ਼ਾਲੀ ਪ੍ਰਾਜੈਕਟਾਂ ਉੱਤੇ ਕੰਮ ਕਰਨਗੇ। ਇਨ੍ਹਾਂ ਫੈਲੋਜ਼ ਦੀ ਚੋਣ ਦੇਸ਼ ਭਰ ਵਿਚੋਂ ਆਈਆਂ 700 ਅਰਜ਼ੀਆਂ ਵਿਚੋਂ ਕੀਤੀ ਗਈ ਹੈ। ਕਾਰਲ ਮਹਿਤਾ ਆਪਣੇ ਸਾਥੀ ਫੈਲੋਜ਼ ਨਾਲ ਮਿਲ ਕੇ ਵਾਸ਼ਿੰਗਟਨ ਡੀ.ਸੀ. ਵਿਚ ਪੰਜ ਬੇਹੱਦ ਪ੍ਰਭਾਵਸ਼ਾਲੀ ਪ੍ਰਾਜੈਕਟਾਂ ਉੱਤੇ ਕੰਮ ਕਰੇਗਾ। ਇਨ੍ਹਾਂ ਪ੍ਰਾਜੈਕਟਾਂ ਦਾ ਉਦੇਸ਼ ਅਮਰੀਕੀ ਕਾਰੋਬਾਰੀਆਂ, ਛੋਟੇ ਵਪਾਰੀਆਂ ਤੇ ਆਰਥਿਕਤਾ ਦੀ ਸਹਾਇਤਾ ਕਰਨਾ ਹੈ ਤਾਂ ਕਿ ਸੰਘੀ ਸਰਕਾਰ ਅਮਰੀਕੀ ਲੋਕਾਂ ਦੀ ਵੱਧ ਤੋਂ ਵੱਧ ਸੇਵਾ ਕਰ ਸਕੇ। ਵੀਹ ਫੀਸਦੀ ਪਹਿਲਕਦਮੀ ਵਾਲੇ ਇਸ 18 ਫੈਲੋਜ਼ ਵਿਚ ਮਹਿਤਾ ਇਕੋ-ਇਕ ਭਾਰਤੀ ਮੂਲ ਦਾ ਉੱਦਮੀ ਹੈ। ਟੀ.ਆਈ.ਈ. ਸਿਲੀਕਾਨ ਵੈਲੀ ਦਾ ਮੈਂਬਰ ਮਹਿਤਾ ਪਲੇਅ ਸਪੇਨ ਦਾ ਮੁੱਖ ਕਾਰਜਕਾਰੀ ਅਧਿਕਾਰੀ ਤੇ ਬਾਨੀ ਹੈ ਜਿਸ ਨੂੰ ਬਾਅਦ ਵਿਚ 'ਵੀਜ਼ਾ' ਕੰਪਨੀ ਨੇ ਖਰੀਦ ਲਿਆ ਸੀ।ਮਹਿਤਾ 2010 ਵਿਚ 'ਇੰਟਰਪ੍ਰੇਨਿਓਰ ਆਫ ਦਿ ਈਅਰ' ਪੁਰਸਕਾਰ ਹਾਸਲ ਕਰ ਚੁੱਕਾ ਹੈ। ਇਹ ਪੁਰਸਕਾਰ ਉੱਤਰੀ ਕੈਲੇਫੋਰਨੀਆ ਵਿਚ ਅਰਨੈਸਟ ਤੇ ਯੰਗ ਵੱਲੋਂ ਦਿੱਤਾ ਗਿਆ ਸੀ।

# ਨਿਊ ਜਰਸੀ ਵਿਚ ਬਜ਼ੁਰਗ ਸਿੱਖ ਦੀ ਕੁੱਟਮਾਰ

**ਵਾਸ਼ਿੰਗਟਨ:** ਅਮਰੀਕਾ ਦੇ ਸ਼ਹਿਰ ਨਿਊਜਰਸੀ ਵਿਚ ਇਕ ਬਜ਼ੁਰਗ ਸਿੱਖ ਦੀ ਝਗੜੇ ਦੌਰਾਨ ਗੁਆਂਢੀ ਨੇ ਕੁੱਟਮਾਰ ਕੀਤੀ। ਬਾਅਦ ਵਿਚ ਉਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਕਿਉਂਕਿ ਉਸ ਨੇ ਛੋਟੀ ਕਿਰਪਾਨ ਪਹਿਨੀ ਹੋਈ ਸੀ। ਇਹ ਘਟਨਾ ਓਕ ਕਰੀਕ ਗੁਰਦੁਆਰੇ ਵਿਚ ਵਾਪਰੀ ਘਟਨਾ ਤੋਂ 10 ਦਿਨ ਪਹਿਲਾਂ 26 ਜੁਲਾਈ ਨੂੰ ਵਾਪਰੀ ਸੀ।

ਯੂਨਾਈਟਿਡ ਸਿੱਖਜ਼ ਨੇ ਦੱਸਿਆ ਕਿ ਨਿਊਜਰਸੀ ਵਿਚ ਗੈਸ ਸਟੇਸ਼ਨ ਦਾ ਮਾਲਕ ਅਵਤਾਰ ਸਿੰਘ (72) ਜੋ ਉਥੋਂ ਦੇ ਗਲੇਨ ਰੌਕ ਗੁਰਦੁਆਰੇ ਦਾ ਵੀ ਮੁਢਲਾ ਮੈਂਬਰ ਹੈ, ਆਪਣੇ ਗੁਆਂਢੀ ਐਡਵਰਡ ਕੋਸਕੋਵਸਕੀ ਦੀ ਦੁਕਾਨ 'ਤੇ ਇਹ ਬੇਨਤੀ ਕਰਨ ਗਿਆ ਸੀ ਕਿ ਉਸ ਦੇ ਪੈਟਰੋਲ ਪੰਪ ਦੇ ਅੱਗੇ ਖੜ੍ਹੇ ਕੀਤੇ ਟਰੱਕ ਨੂੰ ਪਾਸੇ ਕੀਤਾ ਜਾਵੇ ਕਿਉਂਕਿ ਟਰੱਕ ਨੇ ਪੰਪ ਦਾ ਰਸਤਾ ਬੰਦ ਕਰ ਦਿੱਤਾ ਸੀ। ਇਹ ਮਾਮਲਾ ਝਗੜੇ ਦਾ ਰੂਪ ਅਖਤਿਆਰ ਕਰ ਗਿਆ ਤੇ ਅਵਤਾਰ ਸਿੰਘ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ।

ਅਵਤਾਰ ਸਿੰਘ ਨੇ ਦੱਸਿਆ ਕਿ ਉਹ ਐਡਵਰਡ ਦੀਆਂ ਮਿੰਨਤਾਂ ਕਰਦਾ ਰਿਹਾ ਕਿ ਉਸ ਨੂੰ ਜਾਣ ਦਿੱਤਾ ਜਾਵੇ ਪਰ ਉਸ ਨੇ ਮੁੱਕੇ ਮਾਰ ਕੇ ਉਸ ਦੇ ਦੰਦ ਤੋੜ ਦਿੱਤੇ। ਉਸ ਨੂੰ ਢਿੱਡ ਵਿਚ ਵੀ ਮੁੱਕੇ ਮਾਰੇ ਗਏ ਤੇ ਉਸ ਨੇ ਕਿਰਪਾਨ ਖੋਹ ਕੇ ਆਪਣੇ ਨੌਕਰ ਵੱਲ ਵਗਾਹ ਕੇ ਮਾਰੀ। ਨੌਕਰ ਨੇ ਮਿਆਨ ਵਿਚੋਂ ਕਿਰਪਾਨ ਕੱਢ ਕੇ ਵਗਾਹ ਕੇ ਅੰਦਰ ਮਾਰੀ।

ਜਦੋਂ ਪੁਲਿਸ ਘਟਨਾ ਸਥਾਨ ਉਤੇ ਪੁੱਜੀ ਤਾਂ ਪੁਲਿਸ ਨੇ 72 ਸਾਲਾਂ ਦੇ ਅਵਤਾਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਕਿਉਂਕਿ ਉਸ ਕੋਲੋਂ ਕਿਰਪਾਨ ਮਿਲੀ ਸੀ। ਪੁਲਿਸ ਨੇ ਉਸ ਦਾ ਇਲਾਜ ਕਰਵਾਉਣ ਦੀ ਥਾਂ ਪਹਿਲਾਂ ਪੁੱਛਗਿੱਛ ਕਰਨ ਨੂੰ ਤਰਜੀਹ ਦਿੱਤੀ। ਹਸਪਤਾਲ ਵਿਚ ਵੀ ਪੁਲਿਸ ਨੇ ਉਸ ਦੇ ਹੱਥ ਬੰਨ੍ਹ ਕੇ ਰੱਖੇ। ਉਸ ਦੇ ਪਰਿਵਾਰਕ ਮੈਂਬਰਾਂ ਨੇ ਬਾਅਦ ਵਿਚ ਉਸ ਨੂੰ ਜ਼ਮਾਨਤ 'ਤੇ ਰਿਹਾਅ ਕਰਵਾਇਆ।

# ਮਿਸ਼ੇਲ ਓਬਾਮਾ ਨੇ ਪੀੜਤਾਂ ਨਾਲ ਦਰਦ ਵੰਡਾਇਆ

**ਮਿਲਵਾਕੀ:** ਸਿੱਖ ਭਾਈਚਾਰੇ ਨਾਲ ਦੁੱਖ ਵੰਡਾਉਣ ਲਈ ਰਾਸ਼ਟਰਪਤੀ ਬਰਾਕ ਓਬਾਮਾ ਦੀ ਪਤਨੀ ਤੇ ਅਮਰੀਕਾ ਦੀ ਪ੍ਰਥਮ ਮਹਿਲਾ ਮਿਸ਼ੇਲ ਓਬਾਮਾ ਨੇ ਸਥਾਨਕ ਗੁਰਦੁਆਰਾ ਓਕ ਕਰੀਕ ਵਿਚ ਹੋਏ ਗੋਲੀ ਕਾਂਡ ਦੇ ਪੀੜਤਾਂ ਨੂੰ ਮਿਲ ਕੇ ਉਨ੍ਹਾਂ ਨਾਲ ਦੁੱਖ ਵੰਡਾਇਆ ਅਤੇ ਇਸ ਔਖੀ ਘੜੀ ਵਿਚ ਹਰ ਸੰਭਵ ਮਦਦ ਦਾ ਭਰੋਸਾ ਦਿਤਾ।

ਓਕ ਕਰੀਕ ਹਾਈ ਸਕੂਲ ਵਿਚ ਬੀਤੇ ਦਿਨ ਪੀੜਤ ਪਰਿਵਾਰਾਂ ਨੂੰ ਮਿਲ ਕੇ ਮਿਸ਼ੇਲ ਓਬਾਮਾ ਨੇ ਕਿਹਾ ਕਿ ਉਹ ਸਿੱਖਾਂ ਦੇ ਸਨਮਾਨ ਵਿਚ ਇਥੇ ਆਈ ਹੈ ਤੇ ਉਨ੍ਹਾਂ ਨੂੰ ਮਿਲ ਕੇ ਮਾਣ ਮਹਿਸੂਸ ਕਰ ਰਹੀ ਹੈ। ਉਨ੍ਹਾਂ ਕਿਹਾ ਹੈ ਕਿ ਇਸ ਗੱਲ ਦਾ ਦੁੱਖ ਹੈ ਕਿ ਇਨ੍ਹਾਂ ਹਾਲਤਾਂ ਵਿਚ ਮੁਲਾਕਾਤ ਹੋ ਰਹੀ ਹੈ। ਮਿਸ਼ੇਲ ਨੇ ਕਿਹਾ ਕਿ ਪਰਿਵਾਰਾਂ ਨਾਲ ਮਿਲ ਕੇ ਫਿਕਰ ਹੋਇਆ ਹੈ ਤੇ ਉਹ ਹਰ ਸੰਭਵ ਮਦਦ ਕਰਨ ਲਈ ਤਿਆਰ ਹੈ। ਮਿਸ਼ੇਲ ਓਬਾਮਾ ਤਕਰੀਬਨ 30 ਮਿੰਟ ਪੀੜਤ ਪਰਿਵਾਰਾਂ ਨਾਲ ਰਹੇ।

ਮਿਸ਼ੇਲ ਓਬਾਮਾ ਇਕੱਲੇ-ਇਕੱਲੇ ਪੀੜਤ ਪਰਿਵਾਰ ਨੂੰ ਮਿਲ ਕੇ ਉਨ੍ਹਾਂ ਦੇ ਦੁੱਖ ਵਿਚ ਸ਼ਰੀਕ ਹੋਏ। ਇਸ ਮੁਲਾਕਾਤ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਦੇ ਸਕੱਤਰ ਕੁਲਵੰਤ ਸਿੰਘ ਧਾਲੀਵਾਲ ਤੇ ਓਕ ਕਰੀਕ ਦੇ ਮੇਅਰ ਸਟੀਫ਼ਨ ਸਕੈਫਿਦੀ ਨੇ ਇਸ ਮੁਲਾਕਾਤ ਤੋਂ ਪਹਿਲਾਂ ਮਿਸ਼ੇਲ ਓਬਾਮਾ ਦਾ ਸਵਾਗਤ ਕੀਤਾ।




## ਡਾ. ਮਨਮੋਹਨ ਸਿੰਘ ਦਾ ਤਾਜ਼ ਅਜੇ ਰਹੇਗਾ ਕਾਇਮ

**ਨਵੀਂ ਦਿੱਲੀ:** ਕਾਂਗਰਸ ਨੇ ਅੰਦਰੂਨੀ ਰਾਜਨੀਤੀ ਕਾਰਨ ਮਨਮੋਹਨ ਸਿੰਘ ਨੂੰ ਅਹੁਦੇ ਤੋਂ ਹਟਾਏ ਜਾਣ ਦੀਆਂ ਖ਼ਬਰਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਤੇ ਸਪੱਸ਼ਟ ਕੀਤਾ ਕਿ 2014 ਦੀਆਂ ਲੋਕ ਸਭਾ ਚੋਣਾਂ ਤੱਕ ਉਹ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਰਹਿਣਗੇ। ਕਾਂਗਰਸ ਦੇ ਜਨਰਲ ਸਕੱਤਰ ਤੇ ਮੁੱਖ ਬੁਲਾਰੇ ਜਨਾਰਦਨ ਦਿਵੇਦੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਦੇ ਹਟਾਏ ਜਾਣ ਦੀ ਖ਼ਬਰ ਇਕਦਮ 'ਮਿਥਿਆ ਤੇ ਕਾਲਪਨਿਕ' ਹੈ। ਸ੍ਰੀ ਦਿਵੇਦੀ ਦਾ ਇਹ ਬਿਆਨ ਸਮਾਜਵਾਦੀ ਪਾਰਟੀ ਦੇ ਸੀਨੀਅਰ ਆਗੂ ਤੇ ਲੋਕ ਸਭਾ ਵਿਚ ਚੀਫ ਵ੍ਹਿੱਪ ਸ੍ਰੀ ਮੋਹਨ ਸਿੰਘ ਵੱਲੋਂ ਕੀਤੀ ਉਸ ਟਿੱਪਣੀ ਤੋਂ ਬਾਅਦ ਆਇਆ ਹੈ ਜਿਸ ਅਨੁਸਾਰ ਕਾਂਗਰਸ ਪਾਰਟੀ ਦਾ ਇਕ ਧੜਾ ਸਰਦਾਰ ਮਨਮੋਹਨ ਸਿੰਘ ਦੀ ਥਾਂ 'ਤੇ ਕਿਸੇ ਹੋਰ ਨੂੰ ਪ੍ਰਧਾਨ ਮੰਤਰੀ ਬਣਾਉਣਾ ਚਾਹੁੰਦਾ ਹੈ।

**Are You Tired Of All Treatments?**
**Try Homeopathic Natural Medicines (HNM)**

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
**1188 E Santa Clara St., San Jose, CA 95116**

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

**Homeopathic natural medicines supply**



*Gurdip Singh Sandhu*

**EX Member:**
*The California Homeopathic Society*
National Center For Homeopathy- USA

**Ph:(408) 687-1899**
**(408) 729-6691**
**Fax:(408)292-6200**

Email: Homeomdicine@yahoo.com
Website: www.Homeopathyatoz.com

**Toll Free: 1-877-OK-HOMEO (1-877-654-6636)**

**Healthcare/Medical Programs**

**Study @ Home and Get Certified.**
**Overseas degrees given credit**
**Specially designed for working people.**
**Make your dreams come true**
**Onetime Investment, Lifelong Reward**

ਘਰ ਬੈਠ ਕੇ ਪੜ੍ਹਾਈ ਕਰੋ ਤੇ ਸਰਟੀਫਿਕੇਟ ਹਾਸਲ ਕਰੋ। ਹੋਰ ਦੇਸ਼ਾਂ ਤੋਂ ਕੀਤੀ ਡਿਗਰੀ ਲਈ ਕਰੈਡਿਟ ਮਿਲੇਗਾ। ਇਹ ਪ੍ਰੋਗਰਾਮ ਖਾਸ ਕਰਕੇ ਕੰਮ ਕਰਦੇ ਲੋਕਾਂ ਲਈ ਹੈ। ਆਪਣੇ ਸੁਪਨੇ ਸੱਚੇ ਕਰੋ। ਇਕ ਵਾਰ ਦਾ ਖਰਚਾ, ਉਮਰ ਭਰ ਦਾ ਲਾਭ।

**www.royalcollegeusa.com**

# ਕੈਪਟਨ ਨੇ ਮੁੜ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਿਆ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਇਕ ਵਾਰ ਫਿਰ ਸਰਗਰਮ ਹੋਏ ਹਨ ਤੇ ਉਨ੍ਹਾਂ ਨੇ ਸਰਕਾਰ ਦੀਆਂ ਨੀਤੀਆਂ ਵਿਰੁਧ ਸਾਰੇ 117 ਵਿਧਾਨ ਸਭਾ ਹਲਕਿਆਂ ਵਿਚ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ। ਕਾਂਗਰਸ ਪਹਿਲਾਂ ਉਨ੍ਹਾਂ ਹਲਕਿਆਂ ਵਿਚ ਇਕੱਠ ਕਰੇਗੀ ਜਿਥੇ ਕਾਂਗਰਸੀ ਲੀਡਰਾਂ ਤੇ ਵਰਕਰਾਂ ਉਪਰ ਸਭ ਤੋਂ ਵੱਧ ਸਰਕਾਰੀ ਤਸ਼ੱਦਦ ਹੋਇਆ ਹੈ।

ਵਿਧਾਨ ਸਭਾ ਚੋਣਾਂ ਤੋਂ ਬਾਅਦ ਪਹਿਲੀ ਵਾਰ ਪੰਜਾਬ ਕਾਂਗਰਸ ਨੇ ਅਕਾਲੀ-ਭਾਜਪਾ ਸਰਕਾਰ ਵਿਰੁੱਧ ਮੁਹਿੰਮ ਚਲਾਉਣ ਦੀ ਰਣਨੀਤੀ ਬਣਾਈ ਹੈ। ਕੈਪਟਨ ਨੇ ਨਵੰਬਰ ਤੱਕ ਨਿਰੰਤਰ ਵਿਧਾਨ ਸਭਾ ਹਲਕਿਆਂ ਵਿਚ ਦੌਰੇ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ ਜਿਸ ਤਹਿਤ ਦੋ ਸਤੰਬਰ ਤੋਂ ਪੱਟੀ ਵਿਧਾਨ ਸਭਾ ਹਲਕੇ ਤੋਂ ਇਹ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ। ਕਾਂਗਰਸ ਵੱਲੋਂ ਪਹਿਲੇ ਪੜਾਅ ਵਿਚ ਉਨ੍ਹਾਂ ਹਲਕਿਆਂ ਵਿਚ ਪ੍ਰੋਗਰਾਮ ਰੱਖੇ ਹਨ ਜਿਥੋਂ ਦੇ ਅਕਾਲੀ ਲੀਡਰਾਂ ਵੱਲੋਂ ਵੱਡੇ ਪੱਧਰ 'ਤੇ ਕਾਂਗਰਸੀ ਆਗੂਆਂ ਨਾਲ ਵਧੀਕੀਆਂ ਤੇ ਬਦਲਾਲਊ ਨੀਤੀਆਂ ਅਪਣਾਈਆਂ ਗਈਆਂ ਹਨ।

ਪੰਜਾਬ ਕਾਂਗਰਸ ਵੱਲੋਂ ਖਾਸ ਕਰਕੇ ਪੱਟੀ, ਮਜੀਠਾ, ਰਾਮਪੁਰਾ ਫੂਲ ਤੇ ਫਤਹਿਗੜ੍ਹ ਚੂੜ੍ਹੀਆਂ ਵਿਧਾਨ ਸਭਾ ਹਲਕਿਆਂ ਵਿਚ ਪਹਿਲਾਂ ਇਕੱਠ ਕੀਤੇ ਜਾ ਰਹੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਜਿਥੇ ਦੋ ਸਤੰਬਰ ਨੂੰ ਪੱਟੀ ਦਾ ਦੌਰਾ ਕਰਨਗੇ, ਉਥੇ ਤਿੰਨ ਸਤੰਬਰ ਨੂੰ ਸ੍ਰੀ ਚਮਕੌਰ ਸਾਹਿਬ, ਪੰਜ ਸਤੰਬਰ ਨੂੰ ਰਾਮਪੁਰਾ ਫੂਲ, ਛੇ ਸਤੰਬਰ ਨੂੰ ਫਿਲੌਰ, ਨੌਂ ਸਤੰਬਰ ਨੂੰ ਮਜੀਠਾ, 12 ਸਤੰਬਰ ਨੂੰ ਫਤਹਿਗੜ੍ਹ ਚੂੜ੍ਹੀਆਂ ਤੇ 13 ਸਤੰਬਰ ਨੂੰ ਸੰਗਰੂਰ ਦਾ ਦੌਰਾ ਕਰਨਗੇ।

ਕਾਂਗਰਸ ਅਨੁਸਾਰ ਇਨ੍ਹਾਂ ਹਲਕਿਆਂ ਵਿਚ ਹੀ ਅਕਾਲੀ ਦਲ ਦੇ ਮੰਤਰੀਆਂ ਬਿਕਰਮ ਸਿੰਘ ਮਜੀਠੀਆ ਤੇ ਸਿਕੰਦਰ ਸਿੰਘ ਮਲੂਕਾ ਤੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨੇ ਕਾਂਗਰਸੀ ਵਰਕਰਾਂ ਤੇ ਆਗੂਆਂ ਉਪਰ ਤਸ਼ੱਦਦ ਕਰਵਾਏ ਹਨ। ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਵੀ ਕਾਂਗਰਸੀ ਆਗੂਆਂ ਨੇ ਬੜੇ ਜ਼ੋਰ-ਸ਼ੋਰ ਨਾਲ ਦੋਸ਼ ਲਾਇਆ ਸੀ ਕਿ ਅਕਾਲੀ-ਭਾਜਪਾ ਸਰਕਾਰ ਪੰਜਾਬ ਵਿਚ ਕਾਂਗਰਸੀ ਲੀਡਰਾਂ ਤੇ ਵਰਕਰਾਂ ਵਿਰੁੱਧ ਬਦਲਾਲਊ ਕਾਰਵਾਈ ਕਰ ਰਹੀ ਹੈ ਤੇ ਕਈ ਕਾਂਗਰਸੀਆਂ ਵਿਰੁੱਧ ਝੂਠੇ ਪੁਲਿਸ ਕੇਸ ਦਰਜ ਕੀਤੇ ਗਏ ਹਨ।

ਇਸ ਤੋਂ ਬਾਅਦ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਇਨ੍ਹਾਂ ਦੋਸ਼ਾਂ ਦੀ ਪੜਤਾਲ ਕਰਨ ਦੀ ਜ਼ਿੰਮੇਵਾਰੀ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਸੁਮੇਧ ਸਿੰਘ ਸੈਣੀ ਦੀ ਲਾਈ ਗਈ ਸੀ ਪਰ ਇਹ ਮੁੱਦਾ ਅੱਜ ਤੱਕ ਵੀ ਭਖਿਆ ਹੋਇਆ ਹੈ।

## Matrimonials

### ਵਰ ਦੀ ਲੋੜ ਹੈ

ਅਮਰੀਕੀ ਸਿਟੀਜ਼ਨ ਓਹਾਇਓ ਵਸਨੀਕ, ਹਾਈ ਸਕੂਲ ਪਾਸ ਜੱਟ ਸਿੱਖ ਲੜਕੀ ਉਮਰ 25 ਸਾਲ, 5'-3" ਲਈ ਅਮਰੀਕਾ ਵਸਦੇ ਯੋਗ ਜੱਟ ਸਿੱਖ ਵਰ ਦੀ ਲੋੜ ਹੈ। ਫੋਟੋ ਤੇ ਵੇਰਵੇ ਸਹਿਤ ਸੰਪਰਕ ਕਰੋ: partapbajwa@hotmail.com

US citizen/green card holder match sought for US citizen Jatt Sikh divorcee girl, no issues, 34 years, 5'-8". California residents only. Please contact: Email: hkbrar1951@yahoo.com

### ਕੰਨਿਆ ਦੀ ਲੋੜ ਹੈ

US citizen or green card holder girl sought for US green card holder Rajput boy 29, 5'-11". Call: 318-348-7448 or 661-229-6823 (Cell)

Sikh parents seek pretty, tall, professionally qualified match for US citizen clean-shaven boy 26, 5' 11", Master degree, working as financial analyst with a reputed Company. Contact: kpsingh263@gmail.com

Wanted suitable professional match for US citizen Jatt Sikh boy, 39, 5'-7" MD, good practice, innocent divorcee, issueless. Respectable family. Email bio-data & recent photo @ ssg77429@gmail.com

ਇੰਡੀਆ ਵਿਚ ਰਹਿੰਦੇ ਸੋਹਣੇ-ਸੁਨੱਖੇ ਦੋ ਜੱਟ ਸਿੱਖ ਸਕੇ ਭਰਾਵਾਂ ਉਮਰ 29 ਸਾਲ, ਕੱਦ 6'-1" ਤੇ ਉਮਰ 28 ਸਾਲ, ਕੱਦ 6 ਫੁੱਟ ਵਾਸਤੇ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀਆਂ ਦੀ ਲੋੜ ਹੈ। ਤਲਾਕਸ਼ੁਦਾ ਵੀ ਵਿਚਾਰਨਯੋਗ। ਲੜਕਿਆਂ ਦਾ ਸਾਰਾ ਪਰਿਵਾਰ ਅਮਰੀਕਾ ਵਿਚ ਸੈਟਲ ਹੈ। ਵਿਆਹ ਜਲਦ ਤੇ ਵਿਆਹ ਦਾ ਖਰਚਾ ਲੜਕਾ ਪਰਿਵਾਰ ਵਲੋਂ। ਲੜਕਿਆਂ ਦਾ ਪਰਿਵਾਰ ਅਕਤੂਬਰ ਮਹੀਨੇ ਇੰਡੀਆ ਜਾ ਰਿਹਾ ਹੈ। ਪੇਪਰ ਮੈਰਿਜ ਅਤੇ ਵੱਟੇ ਦੇ ਸਾਕ ਵਾਲੇ ਸੰਪਰਕ ਨਾ ਕਰਨ। ਸੰਪਰਕ ਕਰੋ: ਫੋਨ, 510-861-5851, ਈ-ਮੇਲ: gentlemandhillon@yahoo.com or gentlemandhillon@gmail.com


MRP TRAVEL
Lowest International and Domestic Fares
A·R·C FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available

India Vacation tour package also available.
Asiana Airlines, Emirates, KOREAN AIR, SINGAPORE AIRLINES, CATHAY PACIFIC, Lufthansa, CHINA AIRLINES



ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi ਰੇਡੀਓ ਚੰਨ ਪ੍ਰਦੇਸੀ
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein, market, iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com



SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR

JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545 London $250



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ

Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)

Cell: (510)-677-9942
Shop: (510)-505-9605



OKKJI Transfer LLC.
Specialized in Trucking
15238 Radiance Dr., Noblesville, IN, 46060
Wanted Drivers and Owner Operators
* Local and long distance
* Dry & Refer Loads

ਕਾਗਜ਼ ਦਿਓ ਤੇ ਪੈਸੇ ਲਓ
ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045
Fax: 317-774-9665



FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com

Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area



Jaswinder Gill M.Sc (PAU)
CA DRE# 00966763
Broker/Owner/Notary

**Fremont Office:**
86 Pilgrim Loop
Fremont CA 94539
Tel:510-440-9292, Fax:510-656-8941

**Sacramento Office:**
8695 Territorial Way,
Elk Grove CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

E-mail: jassi@jassigill.com or
Visit us @ www.jassigill.com
for hot listings

**Selling Homes from Gilroy to Sacramento, CA**

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

Call Sukhi Gill
@ 510-207-9067
CA DRE Lic.#01180969,
NMLS# 352095

### JUST SOLD

1. 32467 Woodland Dr., Union City, CA 94587
2. 4172 Eugene St. Fremont, CA 94538
3. 4171 N. Greenland Ter., Fremont, CA 94555
4. 2856 Glen Donegal Dr. San Jose, CA 95148
5. 1969 Catalpa Way Hayward, CA 94545
6. 4276 Solar Cir., Union City, CA 94587
7. 4313 San Marino Ct. Elk Grove, CA 95858
8. 3339 Sueno Dr. San Jose, CA 95148
9. 847 Downing Cir., Lincoln, CA 95648
10. 2952 Remington Way San Jose, CA 95148
11. 27471 Ponderosa Ct. Hayward, CA 94545
12. 5685 Comanche Dr., San Jose, CA 95123
13. 32452 Springwood Dr., Union City, CA 94587
14. 675 Bethal Pl., Livermore, CA 94551
15. 648 Cayuga Dr., San Jose, CA 95123
16. 4080 Gibraltor Dr., Fremont, CA 94536
17. 4167 Asimuth Dr., Union City, CA 94587
18. 2459 Medallion Dr., Union City, CA 94587

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

# ਮੇਰੀ ਮਾਤ ਭਾਸ਼ਾ ਦੇ ਰੰਗ

ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਲੰਘੇ ਹਫਤੇ ਮੈਨੂੰ ਆਪਣੀ ਮਾਤ-ਭਾਸ਼ਾ ਦੇ ਭਾਂਤ-ਸੁਭਾਂਤੇ ਰੰਗ ਦੇਖਣ ਤੇ ਸੁਣਨ ਨੂੰ ਮਿਲੇ। ਮੁੰਬਈ ਦੀ ਸਭਿਆਚਾਰਕ ਵਿਰਾਸਤ ਨਾਲ ਸਬੰਧਿਤ ਇਕ ਸੰਸਥਾ ਵਲੋਂ ਰਚਾਏ ਗਏ ਇਕ ਸੈਮੀਨਾਰ ਵਿਚ ਪੰਜਾਬੀ ਮੀਡੀਆ, ਲੋਕ ਧਾਰਾ ਤੇ ਗੀਤ ਸੰਗੀਤ ਦੀ ਬਹੁਰੰਗੀ ਚਰਚਾ ਤੋਂ ਪਿੱਛੋਂ ਨਵੀਂ ਮੁੰਬਈ ਦੇ ਸਿੰਘ ਸਭਾ ਗੁਰਦਵਾਰੇ ਵਿਚ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਕੋਲੋਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸਮਾਈਆਂ ਅੱਧੀ ਦਰਜਨ ਉਪ ਭਾਸ਼ਾਵਾਂ ਦੇ ਨਮੂਨੇ ਸੁਣਨ ਨੂੰ ਮਿਲੇ। ਇਥੇ ਹੀ ਬਸ ਨਹੀਂ ਮੁੰਬਈ ਤੋਂ ਬਾਹਰ ਲੋਨੇਵਾਲਾ ਦੀ ਅਮੀਰ ਬਸਤੀ ਵਿਚ ਅਮਰਜੀਤ ਸਿੰਘ ਸੈਣੀ ਦੇ ਘਰ ਮੁੰਬਈ ਦੇ ਪੰਜਾਬੀ ਪਿਆਰਿਆਂ ਨਾਲ ਖੁਲ੍ਹੀ ਗੱਲ ਬਾਤ ਵੀ ਹੋਈ ਤੇ ਸ਼ਿਅਰ-ਓ-ਸ਼ਾਇਰੀ ਵੀ।

ਫੇਰ ਪੰਜਾਬੀ ਸਹਿਤ ਸਭਾ, ਨਵੀਂ ਦਿੱਲੀ ਦੀ ਸਾਲਾਨਾ ਇਕੱਤਰਤਾ ਵਿਚ ਦਾਸ ਨੂੰ ਸਭਾ ਦਾ ਪ੍ਰਧਾਨ ਚੁਣ ਕੇ ਸਵਰਗੀ ਕਰਤਾਰ ਸਿੰਘ ਦੁੱਗਲ ਦੇ ਹਾਣ ਦਾ ਰੁਤਬਾ ਹੀ ਨਹੀਂ ਦਿੱਤਾ ਗਿਆ ਸਗੋਂ ਸਭਾ ਵਲੋਂ ਪੇਡੂ ਲਾਇਬਰੇਰੀਆਂ ਨਾਲ ਸਬੰਧਤ ਬੈਠਕਾਂ ਅਤੇ ਸਾਹਿਤ ਨਾਲ ਸਬੰਧਤ ਸਮਾਗਮਾਂ ਤੇ ਸੈਮੀਨਾਰਾਂ ਦੀ ਵਰਖਾ ਲਾਉਣ ਦਾ ਐਲਾਨ ਵੀ ਕੀਤਾ ਗਿਆ। ਇਸ ਬੈਠਕ ਪਿਛੋਂ ਫਰੀਦਾਬਾਦ, ਬਰਨਾਲਾ, ਦੇਹਰਾਦੂਨ ਤੇ ਜੰਮੂ-ਕਸ਼ਮੀਰ ਤੋਂ ਮਿਲੇ ਹੁੰਗਾਰਿਆਂ ਤੋਂ ਅਹਿਸਾਸ ਹੋਇਆ ਕਿ ਸਭਾ ਨੇ ਆਪਣੇ ਪੈਰ ਕਿਥੋਂ ਤੱਕ ਪਸਾਰੇ ਹੋਏ ਹਨ। ਦੇਸ਼ ਦੀ ਰਾਜਧਾਨੀ ਵਿਚ ਬਿਨਾ ਕਿਸੇ ਸਰਕਾਰੀ ਸਹਾਇਤਾ ਦੇ ਦੇਸ਼ ਵਿਦੇਸ਼ ਪ੍ਰਵਾਨ ਹੋਣ ਵਾਲਾ ਜੁਗਾੜ ਸਿਰਜਣਾ ਸੌਖਾ ਤਾਂ ਨਹੀਂ ਪਰ ਸਭਾ ਦੇ ਕਰਤੇ ਧਰਤਿਆਂ ਨੇ ਕਰ ਵਿਖਾਇਆ ਹੈ। ਕਿਸੇ ਕਾਰਵਾਈ ਦਾ ਰਾਤੋ ਰਾਤ ਜੇ. ਕੇ. ਦੇ ਕੰਵਲ ਕਸ਼ਮੀਰੀ ਤੇ ਤੀਰਥ ਸਿੰਘ ਇਨਕਲਾਬੀ ਤੱਕ ਪਹੁੰਚ ਜਾਣਾ ਵੀ ਇਹੀਓ ਦਰਸਾਉਂਦਾ ਹੈ।

ਚੰਡੀਗੜ੍ਹ ਪਰਤਦੇ ਸਾਰ ਦੋ ਬੜੀਆਂ ਹੀ ਦਿਲਚਸਪ ਗੱਲਾਂ ਹੋਈਆਂ। ਮੈਂ ਕੰਨੜ ਭਾਸ਼ਾ ਦੇ ਇਕ ਦਸਤਾਵੇਜ਼ ਦਾ ਪੰਜਾਬੀ ਵਿਚ ਉਲਥਾ ਕਰਵਾਉਣਾ ਸੀ। ਮੇਰੇ ਪ੍ਰਕਾਸ਼ਕ ਹਰੀਸ਼ ਜੈਨ ਨੇ ਮੇਰੀ ਜਾਣ ਪਛਾਣ ਕੰਨੜ ਜਾਏ ਪੰਡਿਤ ਰਾਓ ਨਾਂ ਦੇ ਪ੍ਰੋਫੈਸਰ ਨਾਲ ਕਰਵਾ ਦਿੱਤੀ ਜੋ ਫਰਨ ਫਰਨ ਪੰਜਾਬੀ ਬੋਲਦਾ ਹੈ ਤੇ ਅਜਿਹਾ ਕਰਨ ਵਿਚ ਮਾਣ ਮਹਿਸੂਸ ਕਰਦਾ ਹੈ। ਉਸ ਨੇ ਕਈ ਭਗਤਾਂ ਦੀ ਬਾਣੀ ਕੰਨੜ ਤੋਂ ਪੰਜਾਬੀ ਵਿਚ ਉਲਥਾ ਰੱਖੀ ਹੈ। ਮੈਨੂੰ ਮਿਲਣ ਆਇਆ ਤਾਂ ਉਸ ਦੇ ਹੱਥ ਵਿਚ ਉਹ ਪੋਥੀ ਸੀ ਜਿਸ ਵਿਚ ਉਸ ਨੇ ਜਪੁਜੀ ਸਾਹਿਬ ਤੇ ਜ਼ਫਰਨਾਮਾ ਦਾ ਅਨੁਵਾਦ ਕੰਨੜ ਵਿਚ ਛਪਵਾਇਆ ਹੈ।

ਇਧਰ ਮਲੇਰਕੋਟਲਾ ਤੋਂ ਮੇਰੇ ਮਿੱਤਰ ਅਬਦਸ ਸ਼ਕੂਰ, ਰਮਜ਼ਾਨ ਸਈਦ ਤੇ ਮੁਹੰਮਦ ਅਸਰਾਰ ਈਦੀ ਦੀਆਂ ਅਫਗਾਨੀ ਖਜੂਰਾਂ, ਵਾਰਿਸ ਦੀ ਹੀਰ ਦੇ ਦੰਦਾਂ ਵਰਗੇ ਅਨਾਰ ਦੇ ਦਾਣੇ ਅਤੇ ਇਸਲਾਮੀ ਮਹਿਕ ਵਾਲੀ ਬਰਫੀ ਲੈ ਕੇ ਪਹੁੰਚੇ ਹੋਏ ਸਨ। ਸ਼ਕੂਰ ਪੰਜਾਬੀ ਭਾਸ਼ਾ ਵਿਚ ਛਪਦੇ 'ਪਹੁ ਫੁਟਾਲਾ' ਦਾ ਪ੍ਰਬੰਧਕੀ ਸੰਪਾਦਕ ਹੈ ਤੇ ਰਮਜ਼ਾਨ ਭਾਈ ਕੁਰਾਨ ਸ਼ਰੀਫ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਵਾਲਾ ਪੰਜਾਬੀ ਜੀਊੜਾ। ਉਹਦੇ ਵਾਲਾ ਅਨੁਵਾਦ ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼ ਮਲੇਰਕੋਟਲਾ ਨੇ 1998 ਵਿਚ ਛਾਪਿਆ ਸੀ। ਮੈਂ ਉਸ ਨੂੰ ਇਸ ਅਦੁੱਤੀ ਕੰਮ ਨੂੰ ਨੇਪਰੇ ਚਾੜ੍ਹਨ ਦੀ ਵਧਾਈ ਦਿੱਤੀ ਤਾਂ ਉਸ ਨੇ ਨਿਮਰਤਾ ਸਹਿਤ ਉਤਰ ਦਿੱਤਾ ਕਿ ਇਹ ਕੰਮ ਕਰਨ ਵਾਲਾ ਉਹ ਪਹਿਲਾ ਸ਼ਖਸ ਨਹੀਂ। ਇਸ ਤੋਂ ਪਹਿਲਾਂ ਸੰਤ ਗੁਰਦਿੱਤ ਸਿੰਘ (1890), ਸਰਦਾਰ ਮੁਹੰਮਦ ਯੂਸਫ (1934) ਤੇ ਗਿਆਨੀ ਆਬਾਦ ਉੱਲਾ ਕਾਦਿਆਨੀ (1980) ਇਹ ਕੰਮ ਪਹਿਲਾਂ ਹੀ ਨੇਪਰੇ ਚਾੜ੍ਹ ਚੁੱਕੇ ਹਨ। ਮੇਰੇ ਲਈ ਤਾਂ ਉਹਦੀ ਦਿੱਤੀ ਇਹ ਜਾਣਕਾਰੀ ਵੀ ਨਵੀਂ ਸੀ ਕਿ ਕੁਰਾਨ ਸ਼ਰੀਫ ਭਾਰਤ ਦੀਆਂ 15 ਭਾਸ਼ਾਵਾਂ ਵਿਚ ਆ ਚੁੱਕੀ ਹੈ ਤੇ ਪੰਜਾਬੀ ਦਾ ਇਨ੍ਹਾਂ ਭਾਸ਼ਾਵਾਂ ਵਿਚ ਮਾਣਯੋਗ ਸਥਾਨ ਹੈ।

ਕੇਵਲ ਇਕ ਹਫਤੇ ਦੇ ਸਮੇਂ ਵਿਚ ਕਿਸੇ ਭਾਸ਼ਾ ਦੇ ਇੰਨੇ ਰੰਗਾਂ ਨਾਲ ਮੇਲ ਹੋਣਾ ਇੱਕ ਚਮਤਕਾਰ ਹੀ ਤਾਂ ਕਿਹਾ ਜਾ ਸਕਦਾ ਹੈ।

### ਤੁਰ ਗਏ ਸੱਜਣ ਰਾਂਗਲੇ

ਅਗਸਤ ਮਹੀਨੇ ਦੋ ਵਧੀਆ ਇਨਸਾਨਾਂ ਤੇ ਗੂੜ੍ਹੇ ਮਿੱਤਰਾਂ ਦਾ ਤੁਰ ਜਾਣਾ ਦੁਖਦਾਈ ਤਾਂ ਸੀ ਪਰ ਮੈਂ ਇਸ ਨੂੰ ਏਸ ਤਰ੍ਹਾਂ ਨਹੀਂ ਲਿਆ। ਪ੍ਰੋ. ਐਲ ਆਰ ਨਾਗਪਾਲ ਅਲਾਹਾਬਾਦ ਦੀ ਪ੍ਰਿੰਟਿੰਗ ਤਕਨਾਲੋਜੀ ਨਾਲ ਸਬੰਧਤ ਰਾਸ਼ਟਰੀ ਪੱਧਰ ਦੀ ਸੰਸਥਾ ਤੋਂ ਪੰਜਾਬੀ ਯੂਨੀਵਰਸਿਟੀ ਵਿਚ ਰੀਡਰ ਬਣ ਕੇ ਆਏ ਸਨ ਤੇ ਪੂਰੇ ਬਾਰਾਂ ਸਾਲ ਪੱਤਰਕਾਰੀ ਤੇ ਜਨਸੰਚਾਰ ਵਿਭਾਗ ਦੇ ਪ੍ਰੋਫੈਸਰ ਤੇ ਮੁਖੀ ਰਹੇ। ਛਪਾਈ ਦੇ ਖੇਤਰ ਤੋਂ ਪੱਤਰਕਾਰੀ ਦੀ ਵਿਦਿਆ ਦੇ ਵਿਹੜੇ ਆ ਕੇ ਨਾਮਣਾ ਖੱਟਣ ਵਾਲੇ ਉਹ ਪਹਿਲੇ ਤੇ ਆਖਰੀ ਵਿਅਕਤੀ ਸਨ। ਉਨ੍ਹਾਂ ਦੇ ਗਿਆਨ ਦਾ ਸਿੱਕਾ ਭਾਰਤੀ ਵਿਦਿਆਪੀਠ ਤੇ ਕੇਂਦਰੀ ਜਨ ਸੇਵਾ ਕਮਿਸ਼ਨ ਵੀ ਮੰਨਦੇ ਰਹੇ।

ਦੁਆਬੇ ਦਾ ਜੰਮਪਲ ਅਵਤਾਰ ਜੰਡਿਆਲਵੀ ਅੱਧੀ ਸਦੀ ਲੰਡਨ ਰਿਹਾ। ਉਸ ਨੇ 40 ਸਾਲ ਪਹਿਲਾਂ 'ਸੰਦੇਸ਼' ਨਾਂ ਦਾ ਸਪਤਾਹਿਕ ਵੀ ਕੱਢਿਆ ਤੇ ਪੰਜਾਬੀ ਸਾਹਿਤ ਸਭਾ ਸਾਊਥਾਲ ਦਾ ਉਹ ਪ੍ਰਧਾਨ ਵੀ ਰਿਹਾ। ਚਾਰ ਕਾਵਿ ਪੁਸਤਕਾਂ ਦਾ ਰਚੈਤਾ ਹੋਣ ਤੋਂ ਬਿਨਾਂ ਉਸ ਨੇ 'ਹੁਣ' ਨਾਂ ਦੇ ਬਹੁਤ ਹੀ ਹਰਮਨ ਪਿਆਰੇ ਰਸਾਲੇ ਦੀ ਸਥਾਪਨਾ ਕੀਤੀ ਜਿਸ ਦੀ ਬਹੁਰੰਗੀ ਦੇਣ ਨੂੰ ਭੁਲਾਇਆ ਨਹੀਂ ਜਾ ਸਕਦਾ।

ਦੋਨਾਂ ਸੱਜਣਾਂ ਦੇ ਤੁਰ ਜਾਣ ਨਾਲ ਪਿਆ ਪਾੜਾ ਪੂਰਨਾ ਤਾਂ ਸੌਖਾ ਨਹੀਂ ਪਰ ਇਸ ਗੱਲ ਦੀ ਸੰਤੁਸ਼ਟੀ ਹੈ ਕਿ ਦੋਵੇਂ ਸਫਲ ਤੇ ਫਲਦਾਇਕ ਜੀਵਨ ਜਿਉ ਕੇ ਗਏ ਹਨ।

**ਅੰਤਿਕਾ:** (ਅਵਤਾਰ ਜੰਡਿਆਲਵੀ)
ਪੈਰਿਸ ਦੇ ਵਿਚ ਪੈਲ ਪਾਉਂਦਿਆਂ ਘੁੰਮਾਂ,
ਲੰਡਨ ਵਾਲੀ ਗੋਰੀ ਦਾ ਮੂੰਹ ਚੁੰਮਾਂ,
ਟੱਬਰ ਦੇ ਲਈ ਰੋਟੀ ਅਤੇ ਪੁਸ਼ਾਕਾਂ,
ਮੇਰੇ ਹੱਥ ਵਿਚ ਪਾਸਪੋਰਟ ਜੰਨਤ ਦਾ।

# ਆਪਣੇ ਆਪ ਨੂੰ ਮਰਿਆ ਸਾਬਤ ਕਰਨ ਲਈ ਕੀਤੇ ਦੋ ਕਤਲ

**ਅੰਮ੍ਰਿਤਸਰ:** ਆਪਣੇ ਜੁਰਮਾਂ ਦੀ ਸਜ਼ਾ ਤੋਂ ਬਚਣ ਲਈ ਸ਼ਾਤਿਰ ਵਿਅਕਤੀ ਵੱਲੋਂ ਆਪਣੇ ਆਪ ਨੂੰ ਮਰਿਆ ਸਾਬਤ ਕਰਨ ਵਾਸਤੇ ਦੋ ਹੋਰ ਕਤਲ ਕਰਨ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਇਸ ਦੇ ਬਾਵਜੂਦ ਉਹ ਕਾਨੂੰਨ ਦੀ ਨਜ਼ਰ ਤੋਂ ਬਚ ਨਾ ਸਕਿਆ। ਪੁਲਿਸ ਵੱਲੋਂ ਕਾਬੂ ਕੀਤੇ ਮੁਲਜ਼ਮ ਦੀ ਸ਼ਨਾਖਤ ਗੁਰਨਾਮ ਸਿੰਘ ਵਾਸੀ ਲੋਪੋਕੇ ਵਜੋਂ ਹੋਈ ਹੈ। ਗੁਰਨਾਮ ਸਿੰਘ ਅਨਪੜ੍ਹ ਹੈ ਪਰ ਉਸ ਖਿਲਾਫ ਲੁੱਟਾਂ-ਖੋਹਾਂ ਦੇ ਕਈ ਕੇਸ ਅਦਾਲਤ ਦੇ ਜ਼ੇਰੇ-ਗ਼ੌਰ ਹਨ ਜਿਥੋਂ ਹੁਣ ਉਸ ਨੂੰ ਜਲਦੀ ਹੀ ਸਜ਼ਾ ਹੋਣ ਦੀ ਸੰਭਾਵਨਾ ਸੀ। ਇਸ ਸਜ਼ਾ ਤੋਂ ਬਚਣ ਲਈ ਉਸ ਨੇ ਸਾਜ਼ਸ਼ ਰਚੀ ਤਾਂ ਕਿ ਉਹ ਆਪਣੇ ਆਪ ਨੂੰ ਮਰਿਆ ਸਾਬਤ ਕਰ ਕੇ ਅਦਾਲਤੀ ਸਜ਼ਾ ਤੋਂ ਬਚ ਸਕੇ। ਇਸ ਖਾਤਰ ਉਸ ਨੇ ਇਕ ਤੋਂ ਬਾਅਦ ਇਕ ਕਰ ਕੇ ਦੋ ਕਤਲ ਕਰ ਦਿੱਤੇ ਪਰ ਆਪਣੇ ਆਪ ਨੂੰ ਬਚਾ ਨਾ ਸਕਿਆ।

ਥਾਣਾ ਘਰਿੰਡਾ ਦੀ ਪੁਲਿਸ ਨੂੰ ਬੀਤੀ 9 ਅਗਸਤ ਨੂੰ ਬੁਰੀ ਹਾਲਤ ਵਿਚ ਇਕ ਲਾਸ਼ ਬਰਾਮਦ ਹੋਈ ਸੀ ਜਿਸ ਦੀ ਜੇਬ੍ਹ ਵਿਚੋਂ ਇਕ ਮੋਬਾਈਲ ਨੰਬਰ ਤੇ ਗੁਰਨਾਮ ਸਿੰਘ ਦਾ ਨਾਂ ਲਿਖਿਆ ਮਿਲਿਆ ਸੀ। ਇਸ ਦੇ ਆਧਾਰ 'ਤੇ ਪੁਲਿਸ ਨੇ ਲਾਸ਼ ਦੀ ਸ਼ਨਾਖਤ ਦੀ ਕਾਰਵਾਈ ਅਰੰਭੀ। ਜਦੋਂ ਪੁਲਿਸ ਨੇ ਉਸ ਨੰਬਰ 'ਤੇ ਫੋਨ ਕੀਤਾ ਤਾਂ ਗੁਰਨਾਮ ਸਿੰਘ ਵਾਸੀ ਲੋਪੋਕੇ ਦੇ ਘਰਵਾਲੇ ਬੋਲੇ ਤੇ ਉਨ੍ਹਾਂ ਆ ਕੇ ਲਾਸ਼ ਨੂੰ ਦੇਖ ਕੇ ਇਸ ਨੂੰ ਗੁਰਨਾਮ ਸਿੰਘ ਦੀ ਲਾਸ਼ ਦੱਸਿਆ ਪਰ ਪੁਲਿਸ ਨੇ ਸ਼ੱਕ ਪੈਣ 'ਤੇ ਮਾਮਲੇ ਦੀ ਬਾਰੀਕੀ ਨਾਲ ਜਾਂਚ ਸ਼ੁਰੂ ਕੀਤੀ ਤਾਂ ਸਾਹਮਣੇ ਆਇਆ ਕਿ ਇਹ ਲਾਸ਼ ਗੁਰਨਾਮ ਸਿੰਘ ਦੀ ਨਹੀਂ ਸਗੋਂ ਸੰਦੀਪ ਸਿੰਘ ਵਾਸੀ ਨੰਗਲ ਦਿਆਲ ਦੀ ਸੀ।

ਉਸ ਨੂੰ ਗੁਰਨਾਮ ਸਿੰਘ ਨੇ ਸਵਾਰੀ ਦਾ ਬਹਾਨਾ ਲਾ ਕੇ ਪਹਿਲਾਂ ਸੁਲਤਾਨਪੁਰ ਲਿਆਂਦਾ ਤੇ ਉਥੇ ਉਸ ਨੂੰ ਸ਼ਰਾਬ ਪਿਆ ਕੇ ਕੱਪੜੇ ਬਦਲ ਕੇ ਵਹਿਸ਼ੀਆਨਾ ਤਰੀਕੇ ਨਾਲ ਘਰਿੰਡੇ ਲਾਗੇ ਕਤਲ ਕਰ ਕੇ ਸੁੱਟ ਦਿੱਤਾ। ਇਸੇ ਸ਼ਾਜ਼ਿਸ ਤਹਿਤ ਉਸ ਨੇ ਜੇਬ ਵਿਚ ਆਪਣਾ ਨਾਂ ਤੇ ਨੰਬਰ ਲਿਖ ਕੇ ਪਾ ਦਿੱਤਾ ਤਾਂ ਕਿ ਪੁਲਿਸ ਇਸ ਲਾਸ਼ ਨੂੰ ਗੁਰਨਾਮ ਸਿੰਘ ਦੀ ਸਮਝੇ।

ਪੁਲਿਸ ਨੇ ਇਸ ਬਾਰੇ ਕਤਲ ਦਾ ਮਾਮਲਾ ਦਰਜ ਕਰ ਕੇ ਗੁਰਨਾਮ ਸਿੰਘ ਦੀ ਭਾਲ ਸ਼ੁਰੂ ਕਰ ਦਿੱਤੀ ਤੇ ਇਸ ਮਾਮਲੇ ਵਿਚ ਕਰਤਾਰ ਸਿੰਘ, ਸਵਿੰਦਰ ਕੌਰ, ਸਰਬਜੀਤ ਕੌਰ ਤੇ ਸ਼ਿੰਗਾਰਾ ਸਿੰਘ ਸਾਰੇ ਵਾਸੀ ਲਪੋਕੇ ਖਿਲਾਫ ਲਾਸ਼ ਦੀ ਗਲਤ ਸ਼ਨਾਖਤ ਕਰਨ ਦਾ ਮਾਮਲਾ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਪੁਲਿਸ ਅਜੇ ਗੁਰਨਾਮ ਸਿੰਘ ਦੀ ਭਾਲ ਕਰ ਹੀ ਰਹੀ ਸੀ ਕਿ 16 ਅਗਸਤ ਨੂੰ ਪੁਲਿਸ ਨੂੰ ਸੁਲਤਾਨਵਿੰਡ ਦੀ ਇਕ ਟਾਈਲਾਂ ਦੀ ਫੈਕਟਰੀ ਵਿਚੋਂ ਇਕ ਹੋਰ ਅੱਧਸੜੀ ਲਾਸ਼ ਮਿਲੀ ਜਿਸ ਦੀ ਜੇਬ੍ਹ ਵਿਚੋਂ ਖੁਦਕੁਸ਼ੀ ਨੋਟ ਮਿਲਿਆ।

ਇਸ ਵਿਚ ਲਿਖਿਆ ਸੀ: 'ਮੈਂ ਗੁਰਨਾਮ ਸਿੰਘ ਹਾਂ ਤੇ ਮੈਂ ਇਕ ਕਤਲ ਕੀਤਾ ਸੀ ਜਿਸਦੇ ਪਛਤਾਵੇ ਵਜੋਂ ਮੈਂ ਆਪਣੇ-ਆਪ ਨੂੰ ਅੱਗ ਲਾ ਕੇ ਖੁਦਕੁਸ਼ੀ ਕਰ ਰਿਹਾ ਹਾਂ।' ਪੁਲਿਸ ਨੇ ਮੁਲਜ਼ਮ ਦੀ ਪਹਿਲੀ ਕਾਰਵਾਈ ਨੂੰ ਧਿਆਨ ਵਿਚ ਰੱਖਦਿਆਂ ਜਦੋਂ ਇਸ ਮਾਮਲੇ ਦੀ ਵੀ ਜਾਂਚ ਕੀਤੀ ਤਾਂ ਇਹ ਲਾਸ਼ ਵੀ ਕਿਸੇ ਹੋਰ ਵਿਅਕਤੀ ਦੀ ਸਾਬਤ ਹੋਈ।

ਪੁਲਿਸ ਨੇ ਜਦੋਂ ਗੁਰਨਾਮ ਸਿੰਘ ਨੂੰ ਕਾਬੂ ਕੀਤਾ ਤਾਂ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਇਹ ਲਾਸ਼ ਪਰਵਾਸੀ ਮਜ਼ਦੂਰ ਦੀ ਸੀ ਜਿਸ ਨੂੰ ਗੁਰਨਾਮ ਸਿੰਘ ਲੁਧਿਆਣੇ ਤੋਂ 4500 ਰੁਪਏ ਮਹੀਨਾ ਤਨਖਾਹ ਦੇਣ ਦੇ ਲਾਲਚ ਨਾਲ ਇਥੇ ਲਿਆਂਦਾ ਸੀ ਤੇ ਇਥੇ ਸੁਲਤਾਨਵਿੰਡ ਵਿਖੇ ਇਕ ਫੈਕਟਰੀ ਵਿਚ ਲਿਆ ਕੇ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪੁਲਿਸ ਨੇ ਇਸ ਮਾਮਲੇ ਵਿਚ ਵੀ ਕਤਲ ਦਾ ਕੇਸ ਦਰਜ ਕਰਨ ਤੋਂ ਬਾਅਦ ਉਸ ਦਾ ਸਾਥ ਦੇਣ ਵਾਲੇ ਉਸ ਦੇ ਸੰਦੀਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ। ਇਸ ਕਤਲ ਕੇਸ ਵਿਚ ਅੰਗਰੇਜ਼ ਸਿੰਘ, ਸੁਖਦੇਵ ਸਿੰਘ, ਗੁਰਪ੍ਰੀਤ ਸਿੰਘ ਤੇ ਗੁਰਮੇਜ ਸਿੰਘ ਵਾਸੀ ਲੋਪੋਕੇ ਦੀ ਪੁਲਿਸ ਵੱਲੋਂ ਭਾਲ ਕੀਤੀ ਜਾ ਰਹੀ ਹੈ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ**
**ਫੋਨ: 209-992-7185**

***ਪੰਜਾਬ 'ਚ ਗੁਟਖਾ ਤੇ ਪਾਨ ਮਸਾਲੇ 'ਤੇ ਪਾਬੰਦੀ**
-ਪਰ ਅਫੀਮ, ਗਾਂਜਾ, ਭੁੱਕੀ, ਹੈਰੋਇਨ ਤੇ ਨਸ਼ਿਆਂ ਦੇ ਟੀਕੇ ਪਹਿਲਾਂ ਵਾਂਗ ਖੁੱਲ੍ਹੇਆਮ ਮਿਲਦੇ ਰਹਿਣਗੇ।

***ਪੰਜਾਬ ਪੁਲਿਸ ਦਾ ਵਿਗੜਿਆ ਅਕਸ ਸੁਧਾਰਨਾ ਸਮੇਂ ਦੀ ਮੁਖ ਲੋੜ**
-ਝੂਠੇ ਮੁਕਾਬਲਿਆਂ ਤੇ ਅਣਪਛਾਤੀਆਂ ਲਾਸ਼ਾਂ ਵਾਲਾ ਕਲੰਕ ਕਿਸ ਸਾਬਣ ਨਾਲ ਧੋਵੋਗੇ?

***ਭਾਰਤ ਨੂੰ ਭਾਰਤ ਵਿਰੋਧੀ ਅਨਸਰਾਂ ਤੋਂ ਬਚਾਉਣ ਜ਼ਰੂਰੀ**
-ਬਚਾਓਗੇ ਕਿਵੇਂ? ਸਾਰੀ ਤਾਕਤ ਤੇ ਉਨ੍ਹਾਂ ਕੋਲ ਐ।


***ਫਿਲਮ 'ਸਨ ਆਫ਼ ਸਰਦਾਰ' ਦੇ ਰਿਲੀਜ਼ ਹੋਣ 'ਤੇ ਪਬੰਦੀ ਲਾਈ ਜਾਵੇ- ਪੀਰ ਮੁਹੰਮਦ**
-ਇਹ ਫਿਲਮ ਹੁਣ ਹਿੱਟ ਸਮਝੋ।

***ਨੌਜਵਾਨ ਸਾਹਿਤ ਸਭਾ ਦੀ ਮੀਟਿੰਗ ਵਿਚ ਰਚਨਾਵਾਂ ਸੁਣਾਈਆਂ**
-ਕਿਉਂ, ਪਹਿਲਾਂ ਯੋਗਾ ਸਿਖਾਉਂਦੇ ਸੀ?

***ਮੈਂ ਹੁਣ ਪੰਜਾਬੀ ਫਿਲਮਾਂ ਹੀ ਕਰਾਂਗੀ-ਮਾਹੀ ਗਿੱਲ**
-ਹਿੰਦੀ ਫਿਲਮਾਂ ਵਾਲੇ ਤਾਂ ਮੈਨੂੰ ਬੇਰਾਂ ਵੱਟੇ ਨਹੀਂ ਸਿਆਣਦੇ।

***ਆਜ਼ਾਦੀ ਦਿਵਸ 'ਤੇ ਅਮਰੀਕਨ ਭਾਰਤੀਆਂ ਨੇ ਗਾਇਆ 'ਸਾਰੇ ਜਹਾਂ ਸੇ ਅਛਾ ਹਿੰਦੋਸਤਾਂ ਹਮਾਰਾ।'**
-ਫਿਰ ਅਮਰੀਕਾ ਅੰਬ ਲੈਣ ਆਏ ਸੀ?

Quick Stop 40, Oklahoma
Help Wanted
ਟਰੱਕ ਸਟਾਪ ਲਈ ਲੋੜ ਹੈ
ਕੁਕ, ਕੈਸ਼ੀਅਰ, ਮਕੈਨਿਕ ਅਤੇ ਮੈਨੇਜਰ
ਇੰਡੀਅਨ ਰੈਸਟੋਰੈਂਟ ਵਿਚ ਫੁਲਕੇ ਪਕਾਉਣ ਲਈ ਖਾਸ ਤੌਰ 'ਤੇ ਕੁਕ ਦੀ ਲੋੜ ਹੈ
ਖਾਣ-ਪੀਣ ਅਤੇ ਰਿਹਾਇਸ਼ ਮੁਫਤ, ਚੰਗੀ ਤਨਖਾਹ
ਕਾਲ ਕਰੋ:832-512-7172



10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ
AMANTEL.COM
$25 ਵਿਚ 3000 ਮਿੰਟ (50 ਘੰਟੇ)
ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ
ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।
vaisakhi
Coupon Code
ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ
ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ
24/7 Customer Service Available
Same rate for lanline and mobile.
ਟੌਲ ਫਰੀ ਨੰਬਰ 1-888-652-6268
732-983-4332/4333

# ਪੰਜਾਬ ਸਰਕਾਰ ਦਾ ਖਜ਼ਾਨਾ ਸਿਰਫ ਲੋਕਾਂ ਲਈ ਖਾਲੀ !

## ਮੁਲਾਜ਼ਮਾਂ ਦੀਆਂ ਤਨਖਾਹਾਂ ਰੁਕੀਆਂ ਪਰ 38 ਕਰੋੜ ਦੇ ਨਵੇਂ ਹੈਲੀਕਾਪਟਰ ਦਾ ਸੌਦਾ ਤੈਅ




**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪੰਜਾਬ ਸਰਕਾਰ ਦੀ ਡਾਵਾਂਡੋਲ ਮਾਲੀ ਹਾਲਤ ਦੇ ਬਾਵਜੂਦ ਵਿੱਤ ਵਿਭਾਗ ਨੇ ਨਵਾਂ ਹੈਲੀਕਾਪਟਰ ਖਰੀਦਣ ਲਈ ਸਾਢੇ ਸੱਤ ਕਰੋੜ ਰੁਪਏ ਦੀ ਪੇਸ਼ਗੀ ਰਕਮ ਜਾਰੀ ਕਰ ਦਿੱਤੀ ਹੈ ਜਿਸ 'ਤੇ ਕੁੱਲ 38 ਕਰੋੜ ਰੁਪਏ ਖਰਚ ਹੋਣਗੇ। ਸਰਕਾਰ ਵੱਲੋਂ ਚਲੰਤ ਮਾਲੀ ਸਾਲ ਦੌਰਾਨ ਕਈ ਤਰ੍ਹਾਂ ਦੇ ਵਾਧੂ ਖਰਚਿਆਂ 'ਤੇ ਪਾਬੰਦੀ ਲਾਈ ਗਈ ਹੈ ਪਰ ਵਿੱਤ ਵਿਭਾਗ ਦੇ ਫੈਸਲਿਆਂ ਨੂੰ ਦੇਖਿਆ ਜਾਵੇ ਤਾਂ ਇਹ ਪਾਬੰਦੀ ਮੰਤਰੀਆਂ ਤੇ ਮੁੱਖ ਪਾਰਲੀਮਾਨੀ ਸਕੱਤਰਾਂ 'ਤੇ ਲਾਗੂ ਨਹੀਂ ਹੋ ਰਹੀ। ਸਿਵਲ ਸਕੱਤਰੇਤ ਵਿਚ ਮੰਤਰੀਆਂ ਤੇ ਮੁੱਖ ਪਾਰਲੀਮਾਨੀ ਸਕੱਤਰਾਂ ਦੇ ਦਫ਼ਤਰਾਂ ਨੂੰ ਨਵੀਂ ਦਿੱਖ ਦੇਣ ਲਈ ਲੱਖਾਂ ਰੁਪਏ ਖਰਚ ਕੀਤੇ ਜਾ ਰਹੇ ਹਨ।

ਸੂਤਰਾਂ ਮੁਤਾਬਕ ਖਜ਼ਾਨਾ ਸੰਕਟ ਵਿਚ ਹੋਣ ਕਾਰਨ ਕੇਂਦਰੀ ਗਰਾਂਟਾਂ ਵਿਚ ਰਾਜ ਸਰਕਾਰ ਵੱਲੋਂ ਆਪਣਾ ਹਿੱਸਾ ਨਹੀਂ ਪਾਇਆ ਜਾ ਰਿਹਾ ਤੇ ਕੇਂਦਰ ਤੋਂ ਵਿਦਿਆਰਥੀਆਂ ਲਈ ਆਉਂਦੀ ਵਜ਼ੀਫਾ ਰਾਸ਼ੀ ਤੱਕ ਦਾ ਪਿਛਲੇ ਇਕ ਸਾਲ ਤੋਂ ਭੁਗਤਾਨ ਨਹੀਂ ਹੋ ਸਕਿਆ। ਸਰਕਾਰ ਦੀ ਮਾਲੀ ਹਾਲਤ ਏਨੀ ਖਸਤਾ ਹੋ ਗਈ ਹੈ ਕਿ ਮੁਲਾਜ਼ਮਾਂ ਨੂੰ ਤਨਖਾਹਾਂ ਦੇਣੀਆਂ ਔਖੀਆਂ ਹੋ ਗਈਆਂ ਹਨ।

ਉਧਰ, ਪੰਜਾਬ ਵਿਚ ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ, ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ, ਉਦਯੋਗ ਵਿਭਾਗ ਦੇ ਮੰਤਰੀ ਅਨਿਲ ਜੋਸ਼ੀ, ਜਨਮੇਜਾ ਸਿੰਘ ਸੇਖੋਂ ਬੋਲਾਰੀਆ, ਸੋਮ ਪ੍ਰਕਾਸ਼ ਦੇ ਦਫ਼ਤਰਾਂ ਦੀ ਮੁਰੰਮਤ ਕੀਤੀ ਗਈ ਹੈ। ਕਈ ਦਫ਼ਤਰਾਂ ਵਿੱਚ ਤਾਂ ਅਜੇ ਵੀ ਕੰਮ ਚੱਲ ਰਿਹਾ ਹੈ। ਵਿੱਤ ਵਿਭਾਗ ਮੁਤਾਬਕ ਮੰਤਰੀਆਂ ਤੇ ਪਾਰਲੀਮਾਨੀ ਸਕੱਤਰਾਂ ਦੇ ਦਫ਼ਤਰਾਂ ਲਈ ਵਿਭਾਗ ਵੱਲੋਂ ਤਕਰੀਬਨ 3.5 ਕਰੋੜ ਰੁਪਏ ਜਾਰੀ ਕੀਤੇ ਗਏ ਸਨ।

ਮੁੱਖ ਪਾਰਲੀਮਾਨੀ ਸਕੱਤਰਾਂ ਦੀ ਨਵੀਂ ਫੌਜ ਲਈ ਸਰਕਾਰ ਨੇ 20 ਦੇ ਕਰੀਬ ਨਵੀਆਂ ਕਾਰਾਂ ਦੀ ਖਰੀਦ ਵੀ ਕੀਤੀ ਗਈ ਸੀ ਜਿਨ੍ਹਾਂ 'ਤੇ 3 ਕਰੋੜ ਦੇ ਕਰੀਬ ਖਰਚਾ ਆਇਆ ਸੀ। ਓਧਰ ਮੰਤਰੀਆਂ ਵੱਲੋਂ ਫਾਰਚਿਊਨਰ ਟਿਊਟਾ ਕਾਰਾਂ ਦੀ ਮੰਗ ਕੀਤੀ ਜਾ ਰਹੀ ਹੈ ਜਿਸ ਨੂੰ ਫ਼ਿਲਹਾਲ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਰੱਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮੰਤਰੀਆਂ ਵੱਲੋਂ ਵਿਦੇਸ਼ ਦੌਰਿਆਂ 'ਤੇ ਵੀ ਸਰਕਾਰੀ ਖਜ਼ਾਨੇ ਵਿਚੋਂ ਖਰਚ ਕੀਤਾ ਜਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਅਮਰੀਕਨ ਕੰਪਨੀ ਬੈਲ ਦੇ 'ਬੈਲ 429' ਮਾਡਲ ਦੇ ਹੈਲੀਕਾਪਟਰ ਲਈ ਸੌਦਾ ਕੀਤਾ ਗਿਆ ਹੈ।

ਇਸ ਹੈਲੀਕਾਪਟਰ ਦੀ ਕੀਮਤ ਤਕਰੀਬਨ 38 ਕਰੋੜ ਰੁਪਏ ਹੈ। ਕੰਪਨੀ ਵੱਲੋਂ ਸੂਬਾ ਸਰਕਾਰ ਦੀਆਂ ਲੋੜਾਂ ਮੁਤਾਬਕ ਵਿਸ਼ੇਸ਼ ਤੌਰ 'ਤੇ 5 ਸੀਟਾਂ ਵਾਲਾ ਹੈਲੀਕਾਪਟਰ ਬਣਾਇਆ ਜਾ ਰਿਹਾ ਹੈ। ਰਾਜ ਸਰਕਾਰ ਵੱਲੋਂ ਪਿਛਲੇ ਦੋ ਸਾਲਾਂ ਤੋਂ ਗਲੋਵਲ ਵਿਕਟਰਾ ਨਾਮੀ ਕੰਪਨੀ ਦਾ ਹੈਲੀਕਾਪਟਰ ਕਿਰਾਏ 'ਤੇ ਲਿਆ ਹੋਇਆ ਹੈ। ਸਰਕਾਰੀ ਜਾਂ ਕਿਰਾਏ ਦੇ ਹੈਲੀਕਾਪਟਰ ਵਿਚ ਆਮ ਤੌਰ 'ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਰਾਜਪਾਲ ਸ਼ਿਵ ਰਾਜ ਪਾਟਿਲ ਤੇ ਮੁੱਖ ਮੰਤਰੀ ਦੇ ਜਵਾਈ ਤੇ ਖੁਰਾਕ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਹੀ ਸਫ਼ਰ ਕਰਦੇ ਹਨ। ਕੈਬਨਿਟ ਦੇ ਬਾਕੀ ਮੈਂਬਰਾਂ ਨੂੰ ਤਾਂ ਕਦੀ ਕਦਾਈਂ ਹੀ ਹੈਲੀਕਾਪਟਰ ਵਿਚ ਬੈਠਣਾ ਨਸੀਬ ਹੁੰਦਾ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਦੇ ਦਾਅਵਾ ਹੈ ਕਿ ਨਵੰਬਰ ਮਹੀਨੇ ਤੱਕ ਰਾਜ ਸਰਕਾਰ ਕੋਲ ਆਪਣਾ ਹੈਲੀਕਾਪਟਰ ਹੋਵੇਗਾ।

## ਕੈਪਟਨ ਨੇ ਪਾਈ ਸੀ ਮਹਿੰਗੀਆਂ ਕਾਰਾਂ ਦੀ ਪਿਰਤ

**ਚੰਡੀਗੜ੍ਹ :** ਮਹਿੰਗੀਆਂ ਕਾਰਾਂ ਖਰੀਦਣ ਦੀ ਪਿਰਤ ਕੈਪਟਨ ਸਰਕਾਰ ਨੇ ਪਾਈ ਸੀ। ਉਨ੍ਹਾਂ ਪੰਜ ਵਰ੍ਹਿਆਂ ਦੇ ਕਾਰਜਕਾਲ ਦੌਰਾਨ 13.79 ਕਰੋੜ ਰੁਪਏ ਆਪਣੇ ਲਈ ਤੇ ਮੰਤਰੀਆਂ ਲਈ ਗੱਡੀਆਂ ਖਰੀਦਣ 'ਤੇ ਖਰਚੇ ਜਦੋਂਕਿ ਅਕਾਲੀ ਸਰਕਾਰ ਨੇ ਪਿਛਲੇ ਪੰਜ ਵਰ੍ਹਿਆਂ ਵਿਚ 9.69 ਕਰੋੜ ਰੁਪਏ ਗੱਡੀਆਂ ਖਰੀਦਣ 'ਤੇ ਖਰਚੇ। ਕੈਪਟਨ ਸਰਕਾਰ ਨੇ ਆਪਣੇ ਰਾਜ ਭਾਗ ਦੌਰਾਨ ਵਜ਼ੀਰਾਂ ਖਾਤਰ 18 ਕੈਮਰੀ ਗੱਡੀਆਂ 2.83 ਕਰੋੜ ਵਿਚ ਖਰੀਦੀਆਂ ਸਨ ਜਦੋਂਕਿ ਮੌਜੂਦਾ ਸਰਕਾਰ ਨੇ 21 ਕੈਮਰੀ ਗੱਡੀਆਂ ਖਰੀਦਣ ਲਈ 4.27 ਕਰੋੜ ਰੁਪਏ ਖਰਚ ਕੀਤੇ ਹਨ। ਇਨ੍ਹਾਂ ਦੋਹਾਂ ਸਰਕਾਰਾਂ ਨੇ ਸਿਰਫ 53 ਅੰਬੈਸਡਰ ਗੱਡੀਆਂ ਖਰੀਦੀਆਂ ਜਿਸ ਦੀ ਪ੍ਰਤੀ ਕਾਰ ਕੀਮਤ ਕਰੀਬ 4.20 ਲੱਖ ਰੁਪਏ ਬਣਦੀ ਹੈ।

ਮੌਜੂਦਾ ਸਰਕਾਰ ਵੱਲੋਂ ਹਰ ਕੈਬਨਿਟ ਵਜ਼ੀਰ ਨੂੰ ਕੈਮਰੀ ਕਾਰ ਦਿੱਤੀ ਗਈ ਹੈ। ਮੁੱਖ ਸੰਸਦੀ ਸਕੱਤਰਾਂ ਨੂੰ ਕਰੋਲਾ ਗੱਡੀਆਂ ਦਿੱਤੀਆਂ ਗਈਆਂ ਹਨ ਜਿਸ ਦੀ ਕੀਮਤ 10.51 ਲੱਖ ਰੁਪਏ ਪ੍ਰਤੀ ਗੱਡੀ ਹੈ। ਵਿਧਾਇਕਾਂ ਨੂੰ ਦਿੱਤੀਆਂ ਗੱਡੀਆਂ ਦਾ ਖਰਚ ਵੱਖਰਾ ਹੈ। ਜ਼ਿਕਰਯੋਗ ਹੈ ਕਿ ਜਦੋਂ ਕੈਪਟਨ ਸਰਕਾਰ ਬਣੀ ਸੀ ਤਾਂ ਉਦੋਂ ਪਹਿਲੇ ਸਾਲ ਹੀ 91 ਗੱਡੀਆਂ ਖਰੀਦੀਆਂ ਗਈਆਂ ਸਨ ਜਿਨ੍ਹਾਂ 'ਤੇ 3.93 ਕਰੋੜ ਰੁਪਏ ਖਰਚ ਆਏ ਸਨ। ਸਾਲ 2005-06 ਵਿਚ ਗੱਡੀਆਂ ਖਰੀਦਣ 'ਤੇ ਸਭ ਤੋਂ ਵੱਧ ਰਾਸ਼ੀ 4.41 ਕਰੋੜ ਰੁਪਏ ਖਰਚ ਕੀਤੀ ਗਈ। ਕੈਪਟਨ ਹਕੂਮਤ ਨੇ 4.31 ਕਰੋੜ ਵਿਚ 97 ਕੁਆਲਿਸ ਗੱਡੀਆਂ, 1.13 ਕਰੋੜ ਵਿਚ 30 ਅੰਬੈਸਡਰ ਗੱਡੀਆਂ, 3.18 ਕਰੋੜ ਵਿਚ 77 ਜਿਪਸੀਆਂ, 98.53 ਲੱਖ ਰੁਪਏ ਵਿਚ 13 ਇਲੈਂਟਰਾ ਗੱਡੀਆਂ ਤੇ 1.20 ਕਰੋੜ ਰੁਪਏ ਵਿਚ 28 ਕੰਟੈਸਾ ਗੱਡੀਆਂ ਖਰੀਦੀਆਂ ਸਨ। ਕਾਂਗਰਸ ਸਰਕਾਰ ਨੇ ਆਪਣੇ ਸਮੇਂ ਦੌਰਾਨ 266 ਗੱਡੀਆਂ ਤੇ ਅਕਾਲੀ ਸਰਕਾਰ ਨੇ 120 ਗੱਡੀਆਂ ਖਰੀਦੀਆਂ ਸਨ। ਅਕਾਲੀ ਭਾਜਪਾ ਗਠਜੋੜ ਸਰਕਾਰ ਨੇ ਵੀ ਲੰਘੇ ਪੰਜ ਵਰ੍ਹਿਆਂ ਵਿਚ 96.17 ਲੱਖ ਰੁਪਏ ਵਿਚ 23 ਅੰਬੈਸਡਰ ਕਾਰਾਂ, 3.09 ਕਰੋੜ ਰੁਪਏ ਵਿਚ 63 ਜਿਪਸੀਆਂ, 4.27 ਕਰੋੜ ਰੁਪਏ ਵਿਚ 21 ਕੈਮਰੀ ਕਾਰਾਂ ਤੇ 1.36 ਕਰੋੜ ਰੁਪਏ ਵਿਚ 13 ਕਰੋਲਾ ਗੱਡੀਆਂ ਖਰੀਦੀਆਂ ਸਨ। ਹਰ ਵਜ਼ੀਰ ਨੂੰ ਇਕ ਮਹਿੰਗੀ ਗੱਡੀ ਦੇ ਨਾਲ ਸੁਰੱਖਿਆ ਲਈ ਇਕ ਜਿਪਸੀ ਦਿੱਤੀ ਹੋਈ ਹੈ। ਮੌਜੂਦਾ ਸਰਕਾਰ ਵੱਲੋਂ ਆਪਣੇ ਪਿਛਲੇ ਕਾਰਜਕਾਲ ਦੌਰਾਨ ਮਨਪ੍ਰੀਤ ਸਿੰਘ ਬਾਦਲ ਨੂੰ ਵੀ ਕੈਮਰੀ ਗੱਡੀ ਦਿੱਤੀ ਗਈ ਸੀ ਜੋ ਉਨ੍ਹਾਂ ਚਾਰ ਮਹੀਨੇ ਮਗਰੋਂ ਹੀ ਸਰਕਾਰ ਨੂੰ ਵਾਪਸ ਕਰ ਦਿੱਤੀ ਸੀ। ਉਨ੍ਹਾਂ ਕੋਲ ਸਿਰਫ ਇਕ ਸਰਕਾਰੀ ਜਿਪਸੀ ਹੀ ਸੀ। ਇਹ ਵੱਖਰੀ ਗੱਲ ਹੈ ਕਿ ਸਰਕਾਰ ਵੱਲੋਂ ਉਨ੍ਹਾਂ ਦੇ ਪਿਤਾ ਗੁਰਦਾਸ ਸਿੰਘ ਬਾਦਲ ਨੂੰ ਸਫ਼ਰ ਦੀ ਸਰਕਾਰੀ ਸਹੂਲਤ ਦਿੱਤੀ ਹੋਈ ਸੀ। ਮੌਜੂਦਾ ਵਿਧਾਇਕਾਂ ਨੂੰ ਪੰਜਾਬ ਸਰਕਾਰ ਵੱਲੋਂ ਇਨੋਵਾ ਗੱਡੀਆਂ ਦਿੱਤੀਆਂ ਹੋਈਆਂ ਹਨ ਜੋ 2009 ਮਾਡਲ ਹਨ। ਪ੍ਰਤੀ ਗੱਡੀ ਸਰਕਾਰ ਵੱਲੋਂ 8.47 ਲੱਖ ਰੁਪਏ ਖਰਚ ਕੀਤੇ ਗਏ ਹਨ। ਇਸ ਵੇਲੇ ਮੁੱਖ ਮੰਤਰੀ ਕੋਲ 22 ਕਾਰਾਂ ਤੇ 11 ਜਿਪਸੀਆਂ ਹਨ ਜਦੋਂਕਿ ਉਪ ਮੁੱਖ ਮੰਤਰੀ ਕੋਲ 11 ਕਾਰਾਂ, 8 ਜਿਪਸੀਆਂ ਤੇ ਇੱਕ ਇਨੋਵਾ ਗੱਡੀ ਹੈ।

## ਮੰਤਰੀਆਂ ਲਈ ਕਾਰਾਂ 'ਤੇ 24 ਕਰੋੜ ਉਡਾਏ



**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਚਾਲੂ ਮਾਲੀ ਵਰ੍ਹੇ ਵਿਚ 6.60 ਕਰੋੜ ਰੁਪਏ ਲਗਜ਼ਰੀ ਕਾਰਾਂ 'ਤੇ ਖਰਚੇ ਜਾਣਗੇ। ਕੈਬਨਟ ਵਜ਼ੀਰਾਂ ਨੂੰ ਕੈਮਰੀ ਕਾਰਾਂ ਤੇ ਮੁੱਖ ਸੰਸਦੀ ਸਕੱਤਰਾਂ ਨੂੰ ਨਵੀਆਂ ਕਰੋਲਾ ਕਾਰਾਂ ਮਿਲਣਗੀਆਂ। ਸਰਕਾਰ ਵਜ਼ੀਰਾਂ ਦੇ ਸਫ਼ਰ ਖਾਤਰ ਲੰਘੇ 10 ਵਰ੍ਹਿਆਂ ਵਿਚ 386 ਗੱਡੀਆਂ ਖਰੀਦਣ 'ਤੇ 23.49 ਕਰੋੜ ਰੁਪਏ ਖਰਚ ਕਰ ਚੁੱਕੀ ਹੈ। ਵਿੱਤੀ ਸਾਲ 2012-13 ਦੌਰਾਨ 57 ਲਗਜ਼ਰੀ ਕਾਰਾਂ ਤੇ ਜਿਪਸੀਆਂ ਖਰੀਦਣ ਦੀ ਤਜਵੀਜ਼ ਤਿਆਰ ਕੀਤੀ ਗਈ ਹੈ ਜਿਨ੍ਹਾਂ 'ਤੇ 6,60,50,716 ਰੁਪਏ ਖਰਚ ਆਉਣਗੇ। ਔਸਤਨ ਦੇਖੀਏ ਤਾਂ ਦਹਾਕੇ ਤੋਂ ਪੰਜਾਬ ਵਿਚ ਹਰ ਹਫ਼ਤੇ ਨਵੀਂ ਲਗਜ਼ਰੀ ਕਾਰ ਦੀ ਖਰੀਦ ਹੋਈ ਹੈ। ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਵੱਲੋਂ ਸੂਚਨਾ ਦੇ ਅਧਿਕਾਰ ਤਹਿਤ 15 ਮਈ, 2012 ਨੂੰ ਦਿੱਤੀ ਗਈ ਸੂਚਨਾ ਮੁਤਾਬਕ ਚਾਲੂ ਸਾਲ ਦੌਰਾਨ ਮੁੱਖ ਮੰਤਰੀ ਲਈ ਛੇ ਅੰਬੈਸਡਰ ਕਾਰਾਂ ਖਰੀਦੀਆਂ ਜਾਣਗੀਆਂ ਜਿਨ੍ਹਾਂ 'ਤੇ 32,35,914 ਰੁਪਏ ਖਰਚੇ ਜਾਣੇ ਹਨ। ਵਜ਼ੀਰਾਂ ਲਈ 10 ਕੈਮਰੀ ਕਾਰਾਂ ਖਰੀਦਣ ਵਾਸਤੇ 2.18 ਕਰੋੜ ਰੁਪਏ ਖਰਚਣ ਦੀ ਤਜਵੀਜ਼ ਹੈ। ਮੁੱਖ ਸੰਸਦੀ ਸਕੱਤਰਾਂ ਲਈ 21 ਕਰੋਲਾ ਕਾਰਾਂ ਖਰੀਦੀਆਂ ਜਾਣਗੀਆਂ ਜਿਨ੍ਹਾਂ 'ਤੇ 2,83,89,522 ਰੁਪਏ ਖਰਚ ਕੀਤੇ ਜਾਣੇ ਹਨ। ਇਨ੍ਹਾਂ ਸੰਸਦੀ ਸਕੱਤਰਾਂ ਲਈ 15 ਜਿਪਸੀਆਂ ਖਰੀਦਣ ਵਾਸਤੇ ਵੱਖਰੇ 73.46 ਲੱਖ ਰੁਪਏ ਖਰਚੇ ਜਾਣੇ ਹਨ। ਸੰਸਦ ਮੈਂਬਰਾਂ ਤੇ ਵਿਧਾਇਕਾਂ ਲਈ 5 ਇਨੋਵਾ ਗੱਡੀਆਂ 'ਤੇ 52.78 ਲੱਖ ਰੁਪਏ ਖਰਚ ਕੀਤੇ ਜਾਣਗੇ।ਸਰਕਾਰੀ ਖਜ਼ਾਨਾ ਖਾਲੀ ਹੋਵੇ ਚਾਹੇ ਭਰਿਆ ਪਰ ਸੂਬੇ ਦੇ ਵਜ਼ੀਰਾਂ ਨੂੰ ਔਸਤਨ ਹਰ ਹਫ਼ਤੇ ਨਵੀਂ ਗੱਡੀ ਮਿਲੀ ਹੈ। ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਲਈ ਪੈਸੇ ਨਹੀਂ ਹਨ ਤੇ ਸਰਕਾਰ ਅੰਬੈਸਡਰ ਕਾਰਾਂ ਛੱਡ ਕੇ ਹੋਰ ਮਹਿੰਗੀਆਂ ਕਾਰਾਂ ਖਰੀਦਣ ਲੱਗੀ ਹੈ। ਅਕਾਲੀ ਹਕੂਮਤ ਦੀ ਦੂਸਰੀ ਪਾਰੀ ਦੀ ਸ਼ੁਰੂਆਤ ਵਿਚ ਵੀ ਲਗਜ਼ਰੀ ਕਾਰਾਂ 'ਤੇ 6.60 ਕਰੋੜ ਰੁਪਏ ਖਰਚੇ ਜਾਣੇ ਹਨ। ਦੂਜੇ ਪਾਸੇ ਬਹੁਤੇ ਸਰਕਾਰੀ ਵਿਭਾਗਾਂ ਕੋਲ ਖਟਾਰਾ ਗੱਡੀਆਂ ਹਨ।

# ਤੇਲ ਸੋਧਕ ਕਾਰਖਾਨਾ ਬਣਿਆ ਪੰਜਾਬ ਸਰਕਾਰ ਦੇ ਗਲੇ ਦੀ ਹੱਡੀ

## ■ ਛੇ ਹਜ਼ਾਰ ਕਰੋੜ ਦਾ ਵਿਆਜ ਮੁਕਤ ਕਰਜ਼ਾ ਮੰਗਿਆ




**ਚੰਡੀਗੜ੍ਹ:** ਪੰਜਾਬ ਸਰਕਾਰ ਤੋਂ ਅਰਬਾਂ ਰੁਪਏ ਦੀਆਂ ਵਿੱਤੀ ਰਾਹਤਾਂ ਲੈਣ ਵਾਲੇ ਬਠਿੰਡਾ ਦੇ ਤੇਲ ਸੋਧਕ ਕਾਰਖਾਨੇ ਦੇ ਮਾਲਕਾਂ ਨੇ 6000 ਕਰੋੜ ਰੁਪਏ ਦਾ ਵਿਆਜ ਮੁਕਤ ਕਰਜ਼ਾ ਮੰਗ ਕੇ ਰਾਜ ਸਰਕਾਰ ਨੂੰ ਸੰਕਟ ਵਿਚ ਪਾ ਦਿੱਤਾ ਹੈ। ਗੰਭੀਰ ਮਾਲੀ ਸੰਕਟ ਨਾਲ ਜੂਝ ਰਹੀ ਪੰਜਾਬ ਸਰਕਾਰ ਲਈ ਵਿਆਜ ਮੁਕਤ ਕਰਜ਼ਾ ਦੇਣਾ ਜਾਂ ਹੋਰ ਸਹੂਲਤ ਦੇਣੀ ਵਿੱਤੋਂ ਬਾਹਰੀ ਗੱਲ ਹੋਈ ਪਈ ਹੈ। ਵਿੱਤ ਵਿਭਾਗ ਵੱਲੋਂ ਇਸ ਮਾਮਲੇ 'ਤੇ ਉਦਯੋਗ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਪਰ ਉਦਯੋਗਪਤੀ ਦੀ ਇਸ ਵੱਡੀ ਮੰਗ ਦਾ ਕੋਈ ਰਾਹ ਨਹੀਂ ਲੱਭ ਰਿਹਾ।

ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਾਲ ਮੀਟਿੰਗ ਤੋਂ ਬਾਅਦ ਹੀ ਇਸ ਮਾਮਲੇ ਦਾ ਕੋਈ ਹੱਲ ਨਿਕਲ ਸਕੇਗਾ। ਇਹ ਕਾਰਖਾਨਾ ਹਿੰਦੋਸਤਾਨ ਪੈਟਰੋਲੀਅਮ ਲਿਮਟਿਡ ਤੇ ਵਿਸ਼ਵ ਪ੍ਰਸਿੱਧ ਪਰਵਾਸੀ ਭਾਰਤੀ ਪੂੰਜੀਪਤੀ ਐਲ.ਐਨ. ਮਿੱਤਲ ਵੱਲੋਂ ਸਾਂਝੇ ਤੌਰ 'ਤੇ ਲਾਇਆ ਜਾ ਰਿਹਾ ਹੈ। ਇਸ ਕਾਰਖਾਨੇ ਨੂੰ ਸਭ ਤੋਂ ਵੱਡੇ ਪ੍ਰਾਜੈਕਟਾਂ ਵਿਚ ਮੰਨਿਆ ਜਾ ਰਿਹਾ ਹੈ ਜਿੱਥੇ ਦੋ ਹਜ਼ਾਰ ਕਰੋੜ ਰੁਪਏ ਦਾ ਪੂੰਜੀ ਨਿਵੇਸ਼ ਹੋਇਆ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਵੱਲੋਂ ਇਸ ਤੇਲ ਸੋਧਕ ਕਾਰਖਾਨੇ ਦਾ ਰਸਮੀ ਉਦਘਾਟਨ ਪਿਛਲੇ ਦਿਨਾਂ ਵਿਚ ਕੀਤਾ ਗਿਆ ਸੀ ਤੇ ਫਿਰ ਵੀ ਪ੍ਰਬੰਧਕਾਂ ਵੱਲੋਂ ਰਾਜ ਸਰਕਾਰ ਤੋਂ ਰਾਹਤਾਂ ਦੀ ਉਮੀਦ ਕੀਤੀ ਜਾ ਰਹੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਤੇਲ ਸੋਧ ਕਾਰਖਾਨੇ ਲਈ ਵਿਆਜ ਮੁਕਤ ਕਰਜ਼ਾ ਜਾਂ ਫਿਰ ਵੀ ਪ੍ਰਬੰਧਕਾਂ ਵੱਲੋਂ ਰਾਜ ਸਰਕਾਰ ਤੋਂ ਰਾਹਤਾਂ ਦੀ ਉਮੀਦ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਤੇਲ ਸੋਧ ਕਾਰਖਾਨੇ ਲਈ ਵਿਆਜ ਮੁਕਤ ਕਰਜ਼ਾ ਜਾਂ ਫਿਰ ਦੂਜੇ ਰਾਜਾਂ ਵਾਲੀਆਂ ਸਹੂਲਤਾਂ ਦੀ ਮੰਗ ਕੀਤੀ ਗਈ ਹੈ।

ਉਦਯੋਗ ਵਿਭਾਗ ਦੇ ਅਧਿਕਾਰੀਆਂ ਮੁਤਾਬਕ ਐਸ.ਪੀ.ਸੀ.ਐਲ. ਮਿੱਤਲ ਵੱਲੋਂ ਮੰਗ ਕੀਤੀ ਗਈ ਹੈ ਕਿ 400 ਕਰੋੜ ਰੁਪਏ ਸਾਲਾਨਾ ਕਰਜ਼ਾ ਵਿਆਜ ਮੁਕਤ ਦਿੱਤਾ ਜਾਵੇ ਤੇ ਉਹ ਵੀ ਅਗਲੇ 15 ਸਾਲ ਲਗਾਤਾਰ ਹਰ ਵਰ੍ਹੇ ਦਿੱਤਾ ਜਾਵੇ ਜੋ ਇੰਨੇ ਸਮੇਂ ਦੌਰਾਨ 6 ਹਜ਼ਾਰ ਕਰੋੜ ਬਣ ਜਾਵੇਗਾ। ਕੰਪਨੀ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਵਿਆਜ ਮੁਕਤ ਕਰਜ਼ੇ ਦੀ ਸਹੂਲਤ ਨਹੀਂ ਦਿੱਤੀ ਜਾ ਸਕਦੀ ਤਾਂ ਗੁਜਰਾਤ, ਮੱਧ ਪ੍ਰਦੇਸ਼, ਮਹਾਂਰਾਸ਼ਟਰ ਤੇ ਤਾਮਿਲਨਾਡੂ ਰਾਜਾਂ ਵੱਲੋਂ ਵੱਡੇ ਉਦਯੋਗਾਂ ਲਈ ਜਿਸ ਤਰ੍ਹਾਂ ਦੀਆਂ ਮਾਲੀ ਛੋਟਾਂ, ਰਾਹਤਾਂ ਜਾਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਉਹ ਦਿੱਤੀਆਂ ਜਾਣ। ਹਾਸਲ ਜਾਣਕਾਰੀ ਮੁਤਾਬਕ ਸਰਕਾਰ ਕੋਲ ਇਹ ਮਾਮਲਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਇਆ ਸੀ ਪਰ ਚੋਣ ਜ਼ਾਬਤਾ ਲੱਗਣ ਕਾਰਨ ਠੰਢੇ ਬਸਤੇ ਵਿੱਚ ਸੁੱਟ ਦਿੱਤਾ ਗਿਆ ਸੀ। ਪੰਜਾਬ ਸਰਕਾਰ ਵੱਲੋਂ ਇਸ ਕਾਰਖਾਨੇ ਨੂੰ ਇਸ ਤੋਂ ਪਹਿਲਾਂ ਜਿਹੜੀਆਂ ਸਹੂਲਤਾਂ ਦਿੱਤੀਆਂ ਗਈਆਂ ਹਨ, ਉਨ੍ਹਾਂ ਵਿਚ 5 ਸਾਲਾਂ ਲਈ 250 ਕਰੋੜ ਰੁਪਏ ਦਾ ਕਰਜ਼ਾ ਵਿਆਜ ਮੁਕਤ (ਕੁੱਲ ਕਰਜ਼ਾ 1250 ਕਰੋੜ ਰੁਪਏ), ਜ਼ਮੀਨ ਐਕੁਆਇਰ ਕਰਨ ਦੀ ਫੀਸ ਜੋ 14 ਫੀਸਦੀ ਬਣਦੀ ਹੈ, ਮੁਆਫ਼ ਕੀਤੀ ਗਈ ਹੈ, ਬਿਜਲੀ ਪੈਦਾਵਾਰ 'ਤੇ ਲੱਗਣ ਵਾਲੀ ਇਲੈਕਟ੍ਰਿਸਿਟੀ ਡਿਊਟੀ ਤੋਂ ਛੋਟ, ਉਸਾਰੀ ਲਈ ਮੁਫ਼ਤ ਪਾਣੀ, ਰਾਜ ਸਰਕਾਰ ਵੱਲੋਂ ਕਾਰਖਾਨੇ ਦੇ ਖੇਤਰ ਵਿਚ ਸੜਕਾਂ, ਸਕੂਲ ਤੇ ਹਸਪਤਾਲ ਦੀ ਉਸਾਰੀ 'ਤੇ 180 ਕਰੋੜ ਰੁਪਏ ਦਾ ਖਰਚ, ਉਸਾਰੀ ਲਈ ਆਉਂਦੇ ਸਾਮਾਨ ਤੋਂ ਚੁੰਗੀ ਦੀ ਛੋਟ, ਕਰਾਂ ਤੋਂ ਮੁਆਫ਼ੀ ਆਦਿ ਵੱਡੀਆਂ ਛੋਟਾਂ ਸ਼ਾਮਲ ਹਨ।

ਇਸ ਤਰ੍ਹਾਂ ਨਾਲ ਬਠਿੰਡਾ ਤੇਲ ਸੋਧਕ ਕਾਰਖਾਨੇ ਨੂੰ ਰਾਜ ਸਰਕਾਰ ਪਹਿਲਾਂ ਹੀ ਅਰਬਾਂ ਰੁਪਏ ਦੀਆਂ ਛੋਟਾਂ ਦੇ ਚੁੱਕੀ ਹੈ। ਇਹ ਵੀ ਜ਼ਿਕਰਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਹਕੂਮਤ ਨੇ ਇਸ ਕਾਰਖਾਨੇ ਲਈ ਸਹੂਲਤਾਂ ਦੇਣ ਤੋਂ ਨਾਂਹ ਕਰ ਦਿੱਤੀ ਸੀ। ਉਸ ਤੋਂ ਬਾਅਦ ਆਈ ਅਕਾਲੀ-ਭਾਜਪਾ ਸਰਕਾਰ ਨੇ ਛੋਟਾਂ ਦੀ ਬਹਾਲੀ ਹੀ ਨਹੀਂ ਕੀਤੀ ਸਗੋਂ ਇਨ੍ਹਾਂ ਵਿਚ ਢੇਰ ਸਾਰਾ ਵਾਧਾ ਵੀ ਕਰ ਦਿੱਤਾ ਸੀ।

# ਸਰਕਾਰ ਨਸ਼ਿਆਂ ਦੇ ਸੌਦਾਗਰਾਂ ’ਤੇ ਮਿਹਰਬਾਨ

**ਚੰਡੀਗੜ੍ਹ (ਬਿਊਰੋ):** ਪੰਜਾਬ ਸਰਕਾਰ ਇਕ ਪਾਸੇ ਨਸ਼ਿਆਂ ਨੂੰ ਨੱਥ ਪਾਉਣ ਲਈ ਸਖ਼ਤੀ ਦਾ ਡਰਾਮਾ ਕਰ ਰਹੀ ਹੈ ਪਰ ਦੂਜੇ ਪਾਸੇ ਨਸ਼ਿਆਂ ਦੇ ਸੌਦਾਗਰਾਂ ’ਤੇ ਮਿਹਰਬਨ ਪੂਰੀ ਤਰ੍ਹਾਂ ਮਿਹਰਬਾਨ ਹੈ। ਪੰਜਾਬ ਨੂੰ ਖੇਤੀ ਅਧਾਰਤ ਸਨਅਤਾਂ ਦੀ ਲੋੜ ਹੈ ਪਰ ਸਰਕਾਰਾਂ ਵੱਲੋਂ ਸ਼ਰਾਬ ਸਨਅਤਾਂ ਨੂੰ ਤਕਰੀਬਨ 500 ਕਰੋੜ ਦੀ ਛੋਟ ਦਿੱਤੀ ਗਈ ਹੈ ਜਿਸ ਨਾਲ ਖੇਤੀ ਪ੍ਰਧਾਨ ਸੂਬੇ ਨੂੰ ਕੋਈ ਖਾਸ ਲਾਹਾ ਨਹੀਂ ਹੋ ਰਿਹਾ।

ਪੰਜਾਬ ਵਿਚ ਸ਼ਰਾਬ ਦੇ ਕਾਰੋਬਾਰ ਦੇ ਪਸਾਰ ਲਈ ਸਪੈਸ਼ਲ ਪੈਕੇਜ ਐਲਾਨੇ ਗਏ ਹਨ। ਉਂਜ ਇਸ ਮਾਮਲੇ ਵਿਚ ਪਹਿਲ ਕਾਂਗਰਸ ਸਰਕਾਰ ਨੇ ਕੀਤੀ ਸੀ ਤੇ ਅਕਾਲੀ ਭਾਜਪਾ ਗਠਜੋੜ ਨੇ ਇਸ ਨੀਤੀ ਨੂੰ ਹੋਰ ਹੁਲਾਰਾ ਦਿੱਤਾ ਹੈ। ਛੋਟਾਂ ਦੇ ਗੱਫੇ ਨੂੰ ਦੇਖਦੇ ਹੋਏ ਪੰਜਾਬ ਵਿਚ ਨਵੀਆਂ 19 ਸ਼ਰਾਬ ਸਨਅਤਾਂ ਲੱਗ ਰਹੀਆਂ ਹਨ ਤੇ ਕੋਈ ਵੀ ਜ਼ਿਲ੍ਹਾ ਹੁਣ ਸ਼ਰਾਬ ਸਨਅਤਾਂ ਤੋ ਬਚਿਆ ਨਹੀਂ ਰਹੇਗਾ। ਕਾਂਗਰਸ ਸਰਕਾਰ ਨੇ ਨਵੇਂ ਨਿਵੇਸ਼ ਆਕਰਸ਼ਿਤ ਕਰਨ ਲਈ ਸਨਅਤੀ ਨੀਤੀ 2003 ਤਿਆਰ ਕੀਤੀ ਸੀ ਜਿਸ ਤਹਿਤ ਸ਼ਰਾਬ ਸਨਅਤਾਂ ਨੂੰ ਮੈਗਾ ਪ੍ਰਾਜੈਕਟਾਂ ਦੀ ਸ਼੍ਰੇਣੀ ਵਿਚ ਸ਼ਾਮਲ ਕੀਤਾ ਗਿਆ ਸੀ। ਸਾਲ 2003 ਤੋਂ ਹੁਣ ਤੱਕ 15 ਸ਼ਰਾਬ ਸਨਅਤਾਂ ਨੂੰ ਮੈਗਾ ਪ੍ਰਾਜੈਕਟ ਐਲਾਨਿਆ ਗਿਆ ਹੈ ਤੇ ਛੋਟਾਂ ਦੇ ਗੱਫੇ ਦਿੱਤੇ ਗਏ ਹਨ।

ਉਦਯੋਗ ਤੇ ਕਾਮਰਸ ਵਿਭਾਗ ਪੰਜਾਬ ਤੋਂ ਮਿਲੀ ਜਾਣਕਾਰੀ ਅਨੁਸਾਰ ਕਾਂਗਰਸ ਸਰਕਾਰ ਨੇ ਸਨਅਤੀ ਨੀਤੀ 2003 ਤਿਆਰ ਕੀਤੀ ਸੀ ਜਿਸ ਤਹਿਤ ਉਸ ਸਨਅਤ ਨੂੰ ਸਪੈਸ਼ਲ ਪੈਕੇਜ ਦੇਣ ਦੀ ਸ਼ਰਤ ਸੀ ਜੋ ਘੱਟੋ ਘੱਟ ਸੌ ਕਰੋੜ ਰੁਪਏ ਦਾ ਨਿਵੇਸ਼ ਕਰੇਗੀ। ਸਰਹੱਦੀ ਜ਼ਿਲ੍ਹਿਆਂ ਲਈ ਇਹ ਸ਼ਰਤ 25 ਕਰੋੜ ਰੁਪਏ ਦੀ ਸੀ। ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਇਸੇ ਤਰਜ਼ ’ਤੇ ਨਵੀਂ ਸਨਅਤੀ ਨੀਤੀ 2009 ਤਿਆਰ ਕੀਤੀ ਪਰ ਛੋਟਾਂ ਦੇ ਰੰਗ ਰੂਪ ਵਿਚ ਥੋੜ੍ਹਾ ਬਦਲਾਅ ਕਰ ਦਿੱਤਾ।

ਸਪੈਸ਼ਲ ਪੈਕੇਜ ਕਰਕੇ ਹੀ 15 ਸ਼ਰਾਬ ਸਨਅਤਾਂ ਵੱਲੋਂ ਪੰਜਾਬ ਵਿਚ ਸ਼ਰਾਬ ਦੀ ਪੈਦਾਵਾਰ ਦੇ ਖੇਤਰ ਵਿਚ 1450 ਕਰੋੜ ਰੁਪਏ ਦਾ ਨਿਵੇਸ਼ ਕੀਤਾ ਜਾ ਰਿਹਾ ਹੈ। ਕਈ ਸ਼ਰਾਬ ਸਨਅਤਾਂ ਚੱਲ

## *ਸ਼ਰਾਬ ਸਨਅਤ ਨੂੰ 500 ਕਰੋੜ ਦੀ ਰਿਆਇਤ*

ਪਈਆਂ ਹਨ ਤੇ ਕਈ ਉਸਰ ਰਹੀਆਂ ਹਨ। ਸਰਕਾਰੀ ਜਾਣਕਾਰੀ ਅਨੁਸਾਰ ਕਾਂਗਰਸ ਸਰਕਾਰ ਨੇ ਮੈਸਰਜ਼ ਰਾਣਾ ਸ਼ੂਗਰਜ਼ ਲਿਮਟਿਡ ਨੂੰ ਸਪੈਸ਼ਲ ਪੈਕੇਜ ਦਿੱਤਾ। ਇਹ ਫਰਮ ਕਾਂਗਰਸੀ ਪਰਿਵਾਰ ਦੀ ਹੈ। ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਵੱਲੋਂ ਫਰੀਦਕੋਟ ਤੋਂ ਹਾਲ ਵਿਚ ਹੀ ਅਕਾਲੀ ਵਿਧਾਇਕ ਬਣੇ ਦੀਪ ਮਲਹੋਤਰਾ ਦੀ ਫਰਮ ਨੂੰ ਬਠਿੰਡਾ ਜ਼ਿਲ੍ਹੇ ਦੇ ਬਲਾਕ ਸੰਗਤ ਵਿਚ ਸ਼ਰਾਬ ਫੈਕਟਰੀ ਲਾਉਣ ਲਈ ਸਪੈਸ਼ਲ ਪੈਕੇਜ ਦਿੱਤਾ ਗਿਆ ਹੈ।

ਕਾਂਗਰਸ ਸਰਕਾਰ ਤੇ ਮੌਜੂਦਾ ਸਰਕਾਰ ਨੇ ਪੌਂਟੀ ਚੱਢੇ ਦੀਆਂ ਦੋ ਸ਼ਰਾਬ ਸਨਅਤਾਂ ਨੂੰ ਦੋ ਸਪੈਸ਼ਲ ਪੈਕੇਜ ਦਿੱਤੇ ਹਨ। ਮੌਜੂਦਾ ਪੰਜਾਬ ਸਰਕਾਰ ਵੱਲੋਂ ਇਕ ਪਾਸੇ 25 ਕਰੋੜ ਰੁਪਏ ਦੀ ਲਾਗਤ ਨਾਲ ਪੰਜਾਬ ਵਿਚ ਪੰਜ ਨਸ਼ਾ ਛੁਡਾਊ ਕੇਂਦਰ ਖੋਲ੍ਹਣ ਦਾ ਐਲਾਨ ਕੀਤਾ ਗਿਆ ਹੈ ਤੇ ਦੂਜੇ ਪਾਸੇ ਸ਼ਰਾਬ ਕਾਰੋਬਾਰ ਦੇ ਪਸਾਰ ਲਈ ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਸਨਅਤੀ ਨੀਤੀ 2003 ਤਹਿਤ ਇਨ੍ਹਾਂ ਸ਼ਰਾਬ ਸਨਅਤਾਂ ਨੂੰ 25 ਕਰੋੜ ਰੁਪਏ ਦੀ ਐਕਸਾਈਜ਼ ਡਿਊਟੀ ਤੋਂ ਛੋਟ ਦਿੱਤੀ ਗਈ। ਇਹ ਛੋਟ 10 ਸਾਲਾਂ ਲਈ ਦਿੱਤੀ ਗਈ ਹੈ ਤੇ ਇਸ ਛੋਟ ਦੀ ਸੀਮਾ ਵੱਧ ਤੋਂ ਵੱਧ 25 ਕਰੋੜ ਰੁਪਏ ਰੱਖੀ ਗਈ ਹੈ।

ਸ਼ਰਾਬ ਸਨਅਤਾਂ ਲਈ ਫਰਮਾਂ ਵੱਲੋਂ ਖਰੀਦੀ ਜਾਣ ਵਾਲੀ ਜ਼ਮੀਨ ’ਤੇ ਸਟੈਂਪ ਡਿਊਟੀ ਤੇ ਰਜਿਸਟ੍ਰੇਸ਼ਨ ਫੀਸ ਤੋਂ ਛੋਟ ਦਿੱਤੀ ਗਈ ਹੈ। ਪੈਕੇਜ ਤਹਿਤ ਸ਼ਰਾਬ ਸਨਅਤਾਂ ਨੂੰ ਪੰਜ ਸਾਲ ਲਈ ਬਿਜਲੀ ਕਰ ਤੋਂ ਵੀ ਛੋਟ ਦਿੱਤੀ ਗਈ ਹੈ। ਇਸ ਤੋਂ ਇਲਾਵਾ ਐਡਵਾਂਸ ਖਪਤ ਡਿਪਾਜ਼ਿਟ ਤੋਂ ਵੀ ਛੋਟ ਦਿੱਤੀ ਗਈ ਹੈ। ਮੌਜੂਦਾ ਗਠਜੋੜ ਦੀ ਸਰਕਾਰ ਨੇ ਛੋਟਾਂ ਵਿਚ ਫੇਰ ਬਦਲ ਕੀਤਾ ਹੈ। ਸੂਚਨਾ ਅਨੁਸਾਰ ਕਾਂਗਰਸ ਸਰਕਾਰ ਵੱਲੋਂ 11 ਸ਼ਰਾਬ ਸਨਅਤਾਂ ਤੇ ਮੌਜੂਦਾ ਗਠਜੋੜ ਦੀ ਸਰਕਾਰ ਵੱਲੋਂ ਚਾਰ ਸ਼ਰਾਬ ਸਨਅਤਾਂ ਨੂੰ ਸਪੈਸ਼ਲ ਪੈਕੇਜ ਦਿੱਤਾ ਗਿਆ ਹੈ। ਕਾਂਗਰਸ ਸਰਕਾਰ ਨੇ 16 ਜਨਵਰੀ, 2006 ਨੂੰ ਪੌਂਟੀ ਚੱਢੇ ਦੀ ਸ਼ਰਾਬ ਸਨਅਤ ਲਈ ਸਪੈਸ਼ਲ ਪੈਕਜ ਦਿੱਤਾ ਜਦੋਂਕਿ ਅਕਾਲੀ ਸਰਕਾਰ ਨੇ 22 ਜੁਲਾਈ, 2011 ਨੂੰ ਪੌਂਟੀ ਚੱਢੇ ਦੇ ਸ਼ਰਾਬ ਕਾਰੋਬਾਰ ਲਈ ਛੋਟਾਂ ਦਾ ਗੱਫਾ ਦਿੱਤਾ।

ਇਸੇ ਤਰ੍ਹਾਂ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਨੇ 22 ਜੂਨ 2011 ਨੂੰ ਫਰੀਦਕੋਟ ਤੋਂ ਅਕਾਲੀ ਵਿਧਾਇਕ ਦੀਪ ਮਲਹੋਤਰਾ ਦੀ ਫਰਮ ਮੈਸਰਜ਼ ਓਮ ਸਨਜ਼ ਮਾਰਕੀਟਿੰਗ ਪ੍ਰਾਈਵੇਟ ਲਿਮਟਿਡ ਨੂੰ ਸਪੈਸ਼ਲ ਪੈਕੇਜ ਦਿੱਤਾ ਜਿਸ ਦੀ ਸ਼ਰਾਬ ਸਨਅਤ ਰੋਜ਼ਾਨਾ 120 ਕਿਲੋਲੀਟਰ ਉਤਪਾਦਨ ਕਰੇਗੀ। ਇਸ ਵਿਚ 10 ਮੈਗਾਵਾਟ ਦਾ ਪਾਵਰ ਪਲਾਂਟ ਵੀ ਲੱਗਣਾ ਹੈ। ਅਕਾਲੀ ਸਰਕਾਰ ਨੇ ਦੀਪ ਮਲਹੋਤਰਾ ਦੀ ਫਰਮ ਨੂੰ ਪੰਜ ਸਾਲਾਂ ਲਈ ਬਿਜਲੀ ਕਰ ਤੋਂ ਛੋਟ ਦਿੱਤੀ ਹੈ ਤੇ ਸ਼ਰਾਬ ਸਨਅਤ ਲਈ ਜ਼ਮੀਨ ਖਰੀਦਣ ’ਤੇ ਸਟੈਂਪ ਡਿਊਟੀ ਤੋਂ ਛੋਟ ਦਿੱਤੀ ਹੈ।

ਇਸੇ ਤਰ੍ਹਾਂ ਅਡਵਾਂਸ ਖਪਤ ਡਿਪਾਜ਼ਿਟ ਤੋਂ ਛੋਟ ਦਿੱਤੀ ਗਈ ਹੈ। ਬਠਿੰਡਾ ਜ਼ਿਲ੍ਹੇ ਵਿਚ ਇੱਕ ਸ਼ਰਾਬ ਸਨਅਤ ਤਾਂ ਚਾਲੂ ਵੀ ਹੋ ਗਈ ਹੈ, ਦੂਸਰੀ ਸਨਅਤ ਹਾਲੇ ਲੱਗਣੀ ਹੈ। ਇਹ ਸ਼ਰਾਬ ਸਨਅਤਾਂ ਤਖ਼ਤ ਦਮਦਮਾ ਸਾਹਿਬ ਦੇ ਇਲਾਕੇ ਵਾਲੀ ਧਰਤੀ ’ਤੇ ਲੱਗ ਰਹੀਆਂ ਹਨ। ਪਹਿਲਾਂ ਮਾਲਵਾ ਖੇਤਰ ਸ਼ਰਾਬ ਸਨਅਤਾਂ ਤੋਂ ਬਚਿਆ ਹੋਇਆ ਸੀ।

ਪੰਜਾਬ ਸਰਕਾਰ ਵੱਲੋਂ ਸਾਲ 2003 ਤੋਂ ਜਿਨ੍ਹਾਂ ਸ਼ਰਾਬ ਸਨਅਤਾਂ ਨੂੰ ਮੈਗਾ ਪ੍ਰਾਜੈਕਟਾਂ ਤਹਿਤ ਸਪੈਸ਼ਲ ਛੋਟਾਂ ਦਾ ਪੈਕੇਜ ਦਿੱਤਾ ਗਿਆ ਹੈ, ਉਨ੍ਹਾਂ ਵਿਚ ਮੈਸਰਜ਼ ਚੰਡੀਗੜ੍ਹ ਡਿਸਟਿਲਰੀਜ਼, ਮੈਸਰਜ਼ ਰਾਣਾ ਸ਼ੂਗਰਜ਼ ਲਿਮਟਿਡ, ਮੈਸਰਜ਼ ਭਗਤ ਇੰਡਸਟ੍ਰੀਅਲ ਕਾਰਪੋਰੇਸ਼ਨ, ਮੈਸਰਜ਼ ਭੰਕਰਪੁਰ ਡਿਸਟਿਲਰੀਜ਼, ਮੈਸਰਜ਼ ਏ ਬੀ ਸ਼ੂਗਰਜ਼ ਪ੍ਰਾਈਵੇਟ ਲਿਮਟਿਡ, ਮੈਸਰਜ਼ ਚੱਢਾ ਸ਼ੂਗਰਜ਼, ਮੈਸਰਜ਼ ਨਾਹਰ ਸ਼ੂਗਰਜ਼, ਮੈਸਰਜ਼ ਪਾਇਨੀਅਰ ਇੰਡਸਟ੍ਰੀਜ਼, ਮੈਸਰਜ਼ ਪਿਕਾਡਲੀ ਸ਼ੂਗਰਜ਼, ਮੈਸਰਜ਼ ਏ ਬੀ ਗਰੇਨਜ਼ ਸਪਿਰਟ, ਮੈਸਰਜ਼ ਮੈਲਬਰੋਜ਼, ਮੈਸਰਜ਼ ਸਪਰੇਅ ਇੰਜੀਨੀਅਰਿੰਗ ਸ਼ੂਗਰਜ਼, ਮੈਸਰਜ਼ ਦਿੱਲੀ ਕੈਮੀਕਲਜ਼ ਅਤੇ ਮੈਸਰਜ਼ ਓਮ ਸੰਨਜ਼ ਸ਼ਾਮਲ ਹਨ।


ਰੇਡੀਓ ਚੜ੍ਹਦੀ ਕਲਾ ਸੁਣੋ

RADIO CHARDI KALA

ਹੁਣ ਦੁਨੀਆਂ ਭਰ ਵਿਚ
www.radiock.com ‘ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

Wifi Radio ਦੁਨੀਆਂ ਭਰ ਵਿਚ ਚਲਦਾ ਹੈ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ,
ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

> Preet Fabric, Fremont > Kash Fabrics, Hayward
> Sidhartha International, Fremont
>Shalimar, Union City >Mann Grocery Market, Yuba City

ਰੇਡੀਓ ਤੁਸੀਂ ਫੋਨ
832-551-5038
510-972-0442
’ਤੇ ਵੀ ਸੁਣ ਸਕਦੇ ਹੋ

Khalsa Radio
“Independent Voice”
ਗੁਰਬਾਣੀ ਪ੍ਰੋਗਰਾਮ 24/7/365
ਫੋਨ ’ਤੇ ਸੁਣੋ 702-489-0222
www.khalsaradio.org Info@khalsaradio.org

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 510-900-3600

Radio CK, PO Box 296, Fremont, CA 94537



Yarra, Kharazi & Associates

Phone: (888) 97YARRA (92772)

Immigration
Family Law
Personal Injury





ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ
ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

Trust your matter to a specialist

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ
ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

Offices in Bakersfield, Fresno and Merced.

Bring this ad in and receive a free consultation

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ
ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/
ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ
ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ
ਟਰੱਕ ਡਰਾਇਵਰ ਬਣੋ





Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

1816 Main Ave., Secramento CA, 95838

ਪੰਜਾਬ ਟਾਈਮਜ਼

*ਸ਼ਨਿਚਰਵਾਰ, ਪਹਿਲੀ ਸਤੰਬਰ 2012*

## ਨਵੀਆਂ ਸਿਆਸੀ ਸਫ਼ਬੰਦੀਆਂ

ਪੰਜਾਬ ਵਿਚ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ ਨੇ 2014 ਵਿਚ ਹੋ ਰਹੀਆਂ ਲੋਕ ਸਭਾ ਚੋਣਾਂ ਲਈ ਵਿਉਂਤਬੰਦੀਆਂ ਹੁਣ ਤੋਂ ਹੀ ਅਰੰਭ ਦਿੱਤੀਆਂ ਹਨ। ਕੁਝ ਸਿਆਸੀ ਵਿਸ਼ਲੇਸ਼ਣਕਾਰਾਂ ਨੇ ਪਿਛਲੇ ਕੁਝ ਸਮੇਂ ਦੌਰਾਨ ਅਕਾਲੀ ਦਲ ਬਾਰੇ ਇਹ ਨੁਕਤਾ ਨੋਟ ਕੀਤਾ ਸੀ ਕਿ ਇਸ ਨੂੰ ਹੁਣ ਕਿਸੇ ਸਿਆਸੀ ਜਥੇਬੰਦੀ ਦੀ ਥਾਂ ਕਿਸੇ ਲਿਮਟਿਡ ਕੰਪਨੀ ਵਾਂਗ ਚਲਾਇਆ ਜਾ ਰਿਹਾ ਹੈ; ਖਾਸ ਕਰ ਕੇ ਆਰਥਿਕ ਅਤੇ ਸਿਆਸੀ ਫਰੰਟ ਲਈ ਪਾਰਟੀ ਵੱਲੋਂ ਜਿਸ ਤਰ੍ਹਾਂ ਦੀ ਸੋਚ ਅਪਨਾਈ ਗਈ ਹੈ ਅਤੇ ਇਸ ਆਧਾਰ ਉਤੇ ਜਿਸ ਤਰ੍ਹਾਂ ਦੀ, ਤੇ ਜਿਸ ਪੱਧਰ 'ਤੇ ਸਰਗਰਮੀ ਕੀਤੀ ਜਾ ਰਹੀ ਹੈ, ਉਸ ਤੋਂ ਇਨ੍ਹਾਂ ਵਿਸ਼ਲੇਸ਼ਣਕਾਰਾਂ ਵੱਲੋਂ ਸੁਝਾਏ ਨੁਕਤੇ ਵਿਚ ਬਹੁਤ ਹੱਦ ਤੱਕ ਸੱਚਾਈ ਵੀ ਪ੍ਰਤੀਤ ਹੁੰਦੀ ਹੈ। ਅਕਾਲੀ ਦਲ ਦੇ ਸਰਪ੍ਰਸਤ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਉਨ੍ਹਾਂ ਦੇ ਫਰਜ਼ੰਦ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀਆਂ ਨੀਤੀਆਂ ਅਤੇ ਰਣਨੀਤੀਆਂ ਤੋਂ ਸਾਫ ਝਲਕ ਰਿਹਾ ਹੈ ਕਿ ਉਨ੍ਹਾਂ ਦਾ ਮੁੱਖ ਏਜੰਡਾ ਹੁਣ ਚੋਣਾਂ ਲੜਨਾ ਅਤੇ ਹਰ ਹਾਲ ਚੋਣਾਂ ਜਿੱਤਣਾ ਹੀ ਰਹਿ ਗਿਆ ਹੈ। ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਉਨ੍ਹਾਂ ਸਿੱਖ ਪੰਥ ਨਾਲ ਸਬੰਧਤ ਇਮਾਰਤਾਂ ਦੇ ਉਪਰੋਥਲੀ ਉਦਘਾਟਨ ਕਰ ਕੇ ਵੋਟਰਾਂ ਨੂੰ ਪੰਥਕ ਹੋਣ ਦਾ ਭੁਲੇਖਾ ਪਾਇਆ ਸੀ। ਹੁਣ ਜਦੋਂ ਦੇਸ਼ ਦੀਆਂ ਤਕਰੀਬਨ ਸਾਰੀਆਂ ਹੀ ਸਿਆਸੀ ਪਾਰਟੀਆਂ ਨੇ 2014 ਦੀਆਂ ਚੋਣਾਂ ਲਈ ਅਗਾਊਂ ਵਿਉਂਤਬੰਦੀਆਂ ਸ਼ੁਰੂ ਕਰ ਦਿੱਤੀਆਂ ਹਨ ਤਾਂ ਪੰਜਾਬ ਵਿਚ ਕਾਂਗਰਸ ਨੂੰ ਉਕਾ ਹੀ ਖੂੰਜੇ ਲਾ ਚੁੱਕੇ ਬਾਦਲਾਂ ਨੇ ਆਪਣਾ ਸਾਰਾ ਧਿਆਨ ਲੋਕ ਸਭਾ ਚੋਣਾਂ ਵੱਲ ਲਾ ਦਿੱਤਾ ਹੈ। ਸੰਸਦ ਦੇ ਸੈਸ਼ਨ ਦੌਰਾਨ ਸੰਵਿਧਾਨ ਦੀ ਧਾਰਾ 25 ਵਿਚ ਸੋਧ ਲਈ ਪ੍ਰਾਈਵੇਟ ਬਿੱਲ ਪੇਸ਼ ਕਰਨ ਦੀ ਪੈਰਵੀ ਕਰਨਾ ਬਾਦਲਾਂ ਦੀ ਇਸੇ ਵਿਉਂਤਵੰਦੀ ਦੀ ਪਹਿਲੀ ਪੂਣੀ ਹੈ। ਕੁਝ ਕਾਰਨਾਂ ਕਰਕੇ ਇਹ ਬਿਲ ਭਾਵੇਂ ਸੰਸਦ ਵਿਚ ਪੇਸ਼ ਹੋਣ ਤੋਂ ਰਹਿ ਗਿਆ ਹੈ, ਪਰ ਇਸ ਨਾਲ ਬਾਦਲਾਂ ਦੀ ਚੋਣ ਰਣਨੀਤੀ ਦੀ ਮਾਸਾ ਕੁ ਭਿਣਕ ਜ਼ਰੂਰ ਪੈ ਗਈ ਹੈ।

ਬਾਦਲਾਂ ਦੀ ਇਸ ਅਗੇਤੀ ਰਣਨੀਤੀ ਦਾ ਇਕ ਆਧਾਰ ਅਕਾਲੀ ਦਲ ਅਤੇ ਬਾਦਲ ਤੋਂ ਬਾਗ਼ੀ ਹੋਇਆ ਆਗੂ ਮਨਪ੍ਰੀਤ ਸਿੰਘ ਬਾਦਲ ਵੀ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਮਨਪ੍ਰੀਤ ਸਿਆਸੀ ਪਿੜ ਵਿਚ ਭਾਵੇਂ ਕੋਈ ਵੱਢ ਨਹੀਂ ਸੀ ਮਾਰ ਸਕਿਆ, ਪਰ ਇਕ ਗੱਲ ਪੰਜਾਬ ਦੀਆਂ ਦੋਹਾਂ ਵੱਡੀਆਂ ਸਿਆਸੀ ਧਿਰਾਂ ਨੂੰ ਸਪਸ਼ਟ ਹੋ ਗਈ ਕਿ ਵਿਧਾਨ ਸਭਾ ਚੋਣਾਂ ਵਿਚ ਬਾਦਲਾਂ ਦੀ ਜਿੱਤ ਅਤੇ ਕਾਂਗਰਸ ਦੀ ਹਾਰ ਦੇ ਕਈ ਕਾਰਨਾਂ ਵਿਚੋਂ ਇਕ, ਮਨਪ੍ਰੀਤ ਦਾ ਚੋਣ ਮੈਦਾਨ ਵਿਚ ਆਪਣਾ ਵੱਖਰਾ ਕੀਲਾ ਗੱਡਣਾ ਹੀ ਸੀ। ਕਾਂਗਰਸ ਦੇ ਕੇਂਦਰੀ ਆਗੂ ਤਾਂ ਦੱਬਵੀਂ ਜਿਹੀ ਸੁਰ ਵਿਚ ਇਹ ਗੱਲ ਮੰਨ ਵੀ ਚੁੱਕੇ ਹਨ। ਕਾਂਗਰਸ ਦੇ ਇਕ ਧੜੇ ਵਿਚ ਹੁਣ ਇਹ ਆਮ ਰਾਏ ਹੈ ਕਿ ਪੰਜਾਬ ਵਿਚ ਬਾਦਲਾਂ ਨੂੰ ਖਦੇੜਨ ਲਈ ਮਨਪ੍ਰੀਤ ਮੱਦਦਗਾਰ ਸਾਬਤ ਹੋ ਸਕਦਾ ਹੈ। ਚੋਣਾਂ ਵਿਚ ਲੱਕ-ਤੋੜਵੀਂ ਹਾਰ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਦੇ ਕਮਜ਼ੋਰ ਹੋਣ ਤੋਂ ਬਾਅਦ ਮਨਪ੍ਰੀਤ ਅਤੇ ਕਾਂਗਰਸ ਦੇ ਕੇਂਦਰੀ ਆਗੂਆਂ ਦੀ ਨੇੜਤਾ ਵਧਣ ਦੀਆਂ ਕਨਸੋਆਂ ਵੀ ਮਿਲ ਰਹੀਆਂ ਹਨ। ਇਨ੍ਹਾਂ ਕਨਸੋਆਂ ਤੋਂ ਬਾਅਦ ਮਨਪ੍ਰੀਤ ਨੇ ਤਾਂ ਇਹ ਖੁੱਲ੍ਹੇਆਮ ਕਹਿ ਦਿੱਤਾ ਹੈ ਕਿ ਲੋਕ ਸਭਾ ਚੋਣਾਂ ਵਿਚ ਆਪਸੀ ਤਾਲਮੇਲ ਲਈ ਜੇ ਕਾਂਗਰਸ ਕੋਈ ਪਹਿਲਕਦਮੀ ਕਰਦੀ ਹੈ ਤਾਂ ਉਨ੍ਹਾਂ ਦੀ ਜਥੇਬੰਦੀ 'ਪੀਪਲਜ਼ ਪਾਰਟੀ ਆਫ ਪੰਜਾਬ' ਇਸ ਬਾਰੇ ਗਹਿਰ-ਗੰਭੀਰ ਵਿਚਾਰ ਕਰੇਗੀ। ਉਂਜ ਮਨਪ੍ਰੀਤ ਨੂੰ ਵੀ ਹੁਣ ਸਪਸ਼ਟ ਹੋ ਗਿਆ ਹੈ ਕਿ ਪੰਜਾਬ ਵਿਚ ਪਹਿਲਾਂ ਹੀ ਆਪਣੀ ਭੱਲ ਗੁਆ ਚੁੱਕੀਆਂ ਖੱਬੀਆਂ ਪਾਰਟੀਆਂ ਉਨ੍ਹਾਂ ਦੀ ਸਿਆਸੀ ਬੇੜੀ ਨੂੰ ਕਿਸੇ ਕੰਢੇ ਲਾਉਣ ਜੋਗੀਆਂ ਨਹੀਂ ਹਨ। ਜਿਸ ਤੀਜੇ ਮੋਰਚੇ ਦੇ ਸਿਰ ਉਤੇ ਉਹ ਅਕਾਲੀ ਦਲ ਅਤੇ ਕਾਂਗਰਸ ਨੂੰ ਵੰਗਾਰਨ ਦੀ ਆਸ ਲਾਈ ਬੈਠਾ ਸੀ, ਉਸ ਦੀ ਪੈਂਠ ਵਾਲੀ ਹੋਂਦ ਹੀ ਨਹੀਂ ਬਣ ਸਕੀ।

ਪੰਜਾਬ ਦੇ ਸਿਆਸੀ ਪਿੜ ਵਿਚ ਬਣ ਰਹੀਆਂ ਇਹ ਨਵੀਆਂ ਸਫਬੰਦੀਆਂ ਆਉਣ ਵਾਲੇ ਸਮੇਂ ਵਿਚ ਕੀ ਰੂਪ ਅਤੇ ਰੁਖ਼ ਅਖ਼ਤਿਆਰ ਕਰਦੀਆਂ ਹਨ, ਇਹ ਤਾਂ ਸਮਾਂ ਹੀ ਦੱਸੇਗਾ, ਪਰ ਹੁਣ ਇਕ ਗੱਲ ਸਪਸ਼ਟ ਹੋ ਗਈ ਹੈ ਕਿ ਪੰਜਾਬ ਦੀ ਬਹੁਤੀਆਂ ਧਿਰਾਂ ਬਾਦਲਾਂ ਤੋਂ ਖਹਿੜਾ ਛੁਡਾਉਣ ਦੀ ਲੋਚਾ ਰੱਖਦੀਆਂ ਹਨ। ਕੁਝ ਪੰਥਕ ਜਥੇਬੰਦੀਆਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੌਰਾਨ ਬਾਦਲਾਂ ਨਾਲ ਦੋ-ਦੋ ਹੱਥ ਕਰਨ ਲਈ ਹੰਭਲਾ ਮਾਰਿਆ ਸੀ ਪਰ ਆਪਸੀ ਫੁੱਟ ਅਤੇ ਕੁਝ ਕੁ ਸਿਆਸੀ ਕਚਿਆਈ ਕਾਰਨ ਇਹ ਹੰਭਲਾ ਕਾਰਗਰ ਸਾਬਤ ਨਹੀਂ ਸੀ ਹੋਇਆ। ਇਨ੍ਹਾਂ ਧਿਰਾਂ ਅਤੇ ਮਨਪ੍ਰੀਤ ਦੇ ਹੱਕ ਵਿਚ ਸਿਰਫ ਇਕ ਗੱਲ ਜਾਂਦੀ ਹੈ; ਉਹ ਇਹ ਕਿ ਪੰਥ ਲਈ ਤੜਫਣ ਵਾਲਿਆਂ ਨੂੰ ਲਗਦਾ ਹੈ ਕਿ ਬਾਦਲ ਪੰਥ ਨੂੰ ਗਲਤ ਦਿਸ਼ਾ ਦਿਖਾ ਰਹੇ ਹਨ; ਤੇ ਪੰਜਾਬ ਬਾਰੇ ਫਿਕਰ ਕਰਨ ਵਾਲਿਆਂ ਦੀ ਰਾਏ ਹੈ ਕਿ ਜਿੰਨਾ ਚਿਰ ਬਾਦਲ ਸੱਤਾ ਵਿਚ ਹਨ, ਪੰਜਾਬ ਬਾਰੇ ਕੋਈ ਅਗਲੀ ਗੱਲ ਨਹੀਂ ਕੀਤੀ ਜਾ ਸਕਦੀ। ਜੇ ਇਸ ਇਕ ਨੁਕਤੇ ਉਤੇ ਹੀ ਪੰਜਾਬ ਦਾ ਆਵਾਮ ਮੋੜਾ ਖਾਂਦਾ ਹੈ ਤਾਂ ਉਹ ਘੜੀ ਬਾਦਲਾਂ ਦੇ ਸਿਆਸੀ ਭਵਿਖ ਲਈ 'ਵਾਟਰਲੂ' ਤੋਂ ਕਿਸੇ ਵੀ ਲਿਹਾਜ ਘੱਟ ਨਹੀਂ ਹੋਵੇਗੀ। ਆਵਾਮ ਦੇ ਮਨਾਂ ਵਿਚ ਇਹ ਗੱਲ ਸਚਮੁੱਚ ਘਰ ਕਰ ਗਈ ਹੈ ਕਿ ਬਾਦਲ ਸਿਰਫ ਇਸ ਲਈ ਜਿੱਤ ਰਹੇ ਹਨ, ਕਿ ਉਨ੍ਹਾਂ ਨੂੰ ਹਰਾਉਣ ਵਾਲੀ ਧਿਰ ਕੱਖੋਂ ਹੌਲੀ ਹੋਈ ਪਈ ਹੈ। ਨਾਲੇ ਬਾਦਲ ਜਿਸ ਢੰਗ ਨਾਲ ਆਪਣੀ ਜਥੇਬੰਦੀ ਅਤੇ ਸੂਬੇ ਨੂੰ ਚਲਾ ਰਹੇ ਹਨ, ਉਸ ਦੇ ਟਾਕਰੇ ਲਈ ਉਸੇ ਪੱਧਰ ਦੀ ਵਿਉਂਤਬੰਦੀ ਦਰਕਾਰ ਹੈ। ਇਸ ਵਿਉਂਤਬੰਦੀ ਦੀ ਕਨਸੋਅ ਕਾਂਗਰਸ ਦੀ ਪਹਿਲਕਦਮੀ ਅਤੇ ਮਨਪ੍ਰੀਤ ਦੀ ਸਿਆਸੀ ਇੱਛਾ ਨੇ ਦੇ ਹੀ ਦਿੱਤੀ ਹੈ। ਸ਼ਾਇਦ ਤਾਕਤਵਰ ਬਾਦਲਾਂ ਅੱਗੇ ਢਹਿ-ਢੇਰੀ ਹੋਣ ਤੋਂ ਪਹਿਲਾਂ ਮਨਪ੍ਰੀਤ ਇਕ ਹੰਭਲਾ ਹੋਰ ਮਾਰਨਾ ਚਾਹੁੰਦਾ ਹੈ। ਇਸ ਸੂਰਤ ਵਿਚ ਪੰਜਾਬ ਅਤੇ ਪੰਥ ਲਈ ਕਿਹੜੇ ਰਾਹ ਖੁੱਲ੍ਹਦੇ ਹਨ ਅਤੇ ਬਾਦਲਾਂ ਨੂੰ ਖਦੇੜਨ ਵਿਚ ਮਸਰੂਫ ਆਗੂ ਇਨ੍ਹਾਂ ਰਾਹਾਂ ਉਤੇ ਕਿੰਨੇ ਕੁ ਸਾਬਤ ਕਦਮੀਂ ਤੁਰਦੇ ਹਨ, ਇਸ ਨੇ ਹੀ ਪੰਜਾਬ ਦੀਆਂ ਨਵੀਆਂ ਸਫਬੰਦੀਆਂ ਲਈ ਮੰਚ ਉਸਾਰਨ ਦਾ ਔਖਾ ਕਾਰਜ ਕਰਨਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਪੀ-ਪੀ-ਪੀ ਦੀ ਗੱਡੀ ਦਾ ਕਬਿਤ !*

'ਲੋਕ ਰਾਜ' ਕਾਹਦਾ ਇਹ ਤਾਂ 'ਬੋਕ ਰਾਜ' ਹੈ ਅਤਿ ਚੱਕੀ ਹੋਈ ਐ ਸੱਤਾ ਦੇ ਵਪਾਰੀਆਂ।
ਧੱਕੇਸ਼ਾਹੀ, ਨਸ਼ੇ, ਪੈਸੇ ਰੋਲ ਦਿੰਦੇ ਨੇ, ਨੇਕ ਨੀਤੀ ਨਾਲ ਵਿਢੀਆਂ ਤਿਆਰੀਆਂ।
ਲਾਰੇ ਲੱਪੇ ਲਾਉਣੇ ਵਾਲੇ ਰਾਜ ਭੋਗਦੇ, ਸੱਚਿਆਂ ਦੇ ਪੱਲੇ ਪੈਂਦੀਆਂ ਖੁਆਰੀਆਂ।
ਲੋਟੂ ਟੋਲੇ ਤਾਂਈਂ ਭੋਰਾ ਸੰਗ ਆਵੇ ਨਾ, ਕੌਮੀ ਹਿਤਾਂ ਨਾਲ ਕਰਕੇ ਗਦਾਰੀਆਂ।
ਵਿਕੀ ਜਾਂਦੇ ਆਗੂਆਂ ਦਾ ਹਾਲ ਦੇਖ ਕੇ, 'ਤੀਸਰੇ ਫਰੰਟ' ਸੋਚਾਂ ਪਈਆਂ ਭਾਰੀਆਂ।
ਪੀ.ਪੀ.ਪੀ. ਦੀ ਗੱਡੀ ਦਾ 'ਸਟਾਫ਼'ਤੜਫੇ, ਚੜ੍ਹ ਚੜ੍ਹ ਲਥੀ ਜਾਂਦੀਆਂ ਸਵਾਰੀਆਂ।

# ਸਾਡਾ ਦੇਸ਼ ਬਿਮਾਰ ਹੈ

## ਪ੍ਰਸੰਗ ਅਮਰੀਕਾ ਵਿਚ ਵਾਪਰ ਰਹੇ ਗੋਲੀ ਕਾਂਡ

*ਪੂਰੇ ਸੰਸਾਰ ਵਿਚ ਸਿੱਖ ਭਾਈਚਾਰੇ ਨੂੰ ਝੰਜੋੜ ਸੁੱਟਣ ਵਾਲੇ ਵਿਸਕੌਨਸਿਨ ਗੋਲੀ ਕਾਂਡ ਤੋਂ ਬਾਅਦ ਬਹੁਤ ਸਾਰੀਆਂ ਮੁਹਿੰਮਾਂ ਛਿੜੀਆਂ ਹਨ ਜਿਨ੍ਹਾਂ ਵਿਚ ਸਿੱਖਾਂ ਦੀ ਨਿਆਰੀ ਪਛਾਣ ਦਾ ਮੁੱਦਾ ਮੁੱਖ ਹੈ। ਕੁਝ ਵਿਦਵਾਨਾਂ ਨੇ ਇਸ ਮਸਲੇ ਦੀ ਜੜ੍ਹ ਤੱਕ ਅੱਪੜਨ ਦਾ ਯਤਨ ਕਰਦਿਆਂ ਇਸ ਦੇ ਹੋਰ ਪੱਖਾਂ ਬਾਰੇ ਵੀ ਮੋਕਲੀ ਚਰਚਾ ਕੀਤੀ ਹੈ। ਕੈਨੇਡਾ ਵਸਦੇ ਪੱਤਰਕਾਰ ਸੁਰਜਨ ਜ਼ੀਰਵੀ ਨੇ ਅਪ੍ਰੈਲ 2007 ਵਿਚ ਵਰਜੀਨੀਆ ਸੂਬੇ ਵਿਚ ਵਾਪਰੇ ਗੋਲੀ ਕਾਂਡ ਤੋਂ ਤੁਰੰਤ ਬਾਅਦ ਲੰਮਾ ਲੇਖ ਲਿਖਿਆ ਸੀ। ਇਸ ਲੇਖ ਦਾ ਸੰਖੇਪ ਰੂਪ ਇਥੇ ਛਾਪਿਆ ਜਾ ਰਿਹਾ ਹੈ। ਇਸ ਲੇਖ ਵਿਚ ਇਸ ਮਸਲੇ ਦੀਆਂ ਜੜ੍ਹ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਅਮਰੀਕਾ ਵਿਚ ਪਿਛਲੇ ਕੁਝ ਹਫਤਿਆਂ ਦੌਰਾਨ ਵਾਪਰੇ ਗੋਲੀ ਕਾਂਡਾਂ ਦੇ ਮੱਦੇਨਜ਼ਰ ਇਸ ਲੇਖ ਵਿਚ ਉਭਾਰੇ ਮੁੱਦਿਆਂ ਦੀ ਬੜੀ ਅਹਿਮੀਅਤ ਬਣਦੀ ਹੈ। -ਸੰਪਾਦਕ*

16 ਅਪਰੈਲ (2007) ਦੀ ਸਵੇਰ ਨੂੰ ਵਰਜੀਨੀਆ ਟੈੱਕ (ਬਲੈਕ ਬਰਗ) ਵਿਚ ਜੋ ਕੁੱਝ ਵਾਪਰਿਆ, ਉਹ ਅਮਰੀਕਾ ਦਾ ਅਜਿਹਾ ਸਭ ਤੋਂ ਵੱਡਾ ਖ਼ੂਨੀ ਸਾਕਾ ਸੀ ਜਿਸ ਵਿਚ ਹਿੱਲਿਆ ਹੌਲਿਆ ਕੋਈ ਬੰਦਾ ਆਪਣੇ ਮਨ ਵਿਚ ਪਲ਼ ਰਹੀ ਕਿਸੇ ਅਣਪਛਾਤੀ ਘਿਰਣਾ ਤੇ ਰੋਹ ਦੇ ਭਾਂਬੜ ਭੜਕ ਉੱਠਣ ਉੱਤੇ ਹਥਿਆਰ ਚੁੱਕਦਾ ਹੈ ਤੇ ਅੱਗੇ ਆਉਣ ਵਾਲੇ ਹਰ ਕਿਸੇ ਨੂੰ ਭੁੰਨਦਾ ਤੁਰਿਆ ਜਾਂਦਾ ਹੈ। ਇਸ ਵਾਰ ਇਹ ਬੰਦਾ 23 ਸਾਲ ਦਾ ਚੋ ਸੁੰਗ ਹੂਈ ਸੀ ਅਤੇ ਇਸੇ ਵਿਦਿਅਕ ਸੰਸਥਾ ਦਾ ਵਿਦਿਆਰਥੀ ਸੀ।



ਇਹ ਸਾਕਾ ਉਸ ਸਮੇਂ ਹੋਇਆ ਜਦੋਂ ਅੱਠ ਸਾਲ ਪਹਿਲਾਂ ਅਪਰੈਲ ਦੇ ਇਸੇ ਹਫ਼ਤੇ ਕੋਲੰਬਾਈਨ ਸਕੂਲ ਵਿਚ ਵਾਪਰੇ ਅਜਿਹੇ

■ ਸੁਰਜਨ ਜ਼ੀਰਵੀ

ਹੀ ਸਾਕੇ ਦੀ ਬਰਸੀ ਮਨਾਈ ਜਾ ਰਹੀ ਸੀ। ਉਸ ਖ਼ੂਨੀ ਸਾਕੇ ਵਿਚ ਖਾਂਦੇ ਪੀਂਦੇ ਘਰਾਂ ਦੇ 2 ਵਿਦਿਆਰਥੀਆਂ ਐਰਿਕ ਹੈਰਿਸ ਤੇ ਡਾਇਲਨ ਕਲੈਬੋਰਡ ਨੇ ਗੋਲੀਆਂ ਚਲਾ ਕੇ ਆਪਣੇ 12 ਸਾਥੀ ਵਿਦਿਆਰਥੀਆਂ ਨੂੰ ਕਤਲ ਕਰਨ ਪਿਛੋਂ ਆਤਮ ਹੱਤਿਆ ਕਰ ਲਈ ਸੀ।

ਨਵਾਂ ਸਾਕਾ ਪਿਛਲੇ ਇਕ ਦਹਾਕੇ ਵਿਚ ਅਮਰੀਕਾ ਦੇ ਵਿਦਿਅਕ ਅਦਾਰਿਆਂ ਵਿਚ ਵਾਪਰਨ ਵਾਲਾ 19ਵਾਂ ਖ਼ੂਨੀ ਸਾਕਾ ਸੀ। ਇਹ ਸਾਕਾ ਆਪਣੇ ਆਪ ਵਿਚ ਇੰਨਾ ਵੱਡਾ ਤੇ ਭਿਆਨਕ ਸੀ ਕਿ ਅਮਰੀਕੀ ਮੀਡੀਏ ਨੇ ਇਸ ਦੀ ਵਿਆਪਕ ਕਵਰੇਜ ਕਰਨੀ ਹੀ ਸੀ। ਤਾਂ ਵੀ ਕਵਰੇਜ ਦੇ ਪੱਖੋਂ ਇਹ ਸਾਕਾ ਕੁੱਝ ਵਧੇਰੇ ਹੀ ਵਿਸ਼ੇਸ਼ਤਾ ਅਖਤਿਆਰ ਕਰ ਗਿਆ ਕਿਉਂਕਿ ਹੁਣ ਮੀਡੀਏ ਕੋਲ ਇੰਨੀ ਜ਼ਬਰਦਸਤ ਖਲਬਲੀ ਤੇ ਹਾਹਾਕਾਰ ਪੈਦਾ ਕਰਨ ਵਾਲਾ ਕੋਈ ਹੋਰ ਵਾਕਿਆ ਹੈ ਨਹੀਂ ਸੀ, ਖਾਸ ਤੌਰ 'ਤੇ ਉਸ ਹਾਲਾਤ ਵਿਚ ਜਦੋਂ ਉਨ੍ਹਾਂ ਦੀ ਨਜ਼ਰ ਵਿਚ ਇਰਾਕ ਤੇ ਅਫ਼ਗਾਨਿਸਤਾਨ ਦੀਆਂ ਘਟਨਾਵਾਂ ਆਪਣਾ ਅਖ਼ਬਾਰੀ ਮੁੱਲ ਗੁਆ ਚੁੱਕੀਆਂ ਹਨ। ਮੰਨਿਆ ਕਿ ਬਗ਼ਦਾਦ ਵਿਚ ਤੇ ਇਰਾਕ ਦੀਆਂ ਹੋਰ ਥਾਵਾਂ ਉਤੇ ਹਰ ਰੋਜ਼ ਬੰਬ ਧਮਾਕੇ ਹੁੰਦੇ ਹਨ ਅਤੇ ਹਰ ਰੋਜ਼ ਦਰਜਨਾਂ ਤੋਂ ਲੈ ਕੇ ਸੈਂਕੜਿਆਂ ਤੱਕ ਲੋਕ ਮਰ ਰਹੇ ਹਨ; ਪਰ ਮੀਡੀਏ ਦੇ ਨਜ਼ਰੀਏ ਤੋਂ ਦੇਖਿਆ ਜਾਏ ਤਾਂ ਜਿਸ ਇੱਕੋ ਜਿਹੇ ਢੰਗ ਨਾਲ ਇਹ ਘਟਨਾਵਾਂ ਵਾਪਰ ਰਹੀਆਂ ਹਨ, ਉਸ ਦੇ ਕਾਰਨ ਇਨ੍ਹਾਂ ਵਿਚ ਸਨਸਨੀਖੇਜ਼ੀਅਤ ਦਾ ਕੋਈ ਅੰਸ਼ ਰਿਹਾ ਨਹੀਂ। ਦੂਜਾ, ਮਰਨ ਵਾਲੇ ਮਹਿਜ਼ ਇਰਾਕੀ ਹੀ ਤਾਂ ਹਨ ਅਤੇ ਅਮਰੀਕਾ ਨੇ ਉਸ ਦੇਸ਼ ਵਿਚ ਜਮਹੂਰੀਅਤ ਦੀ ਸਥਾਪਨਾ ਲਈ ਜਿਹੜਾ ਮਹਾਯੱਗ ਰਚਾ ਰੱਖਿਆ ਹੈ, ਉਸ ਦੀ ਸੰਪੂਰਨਤਾ ਲਈ ਕੋਈ ਆਹੂਤੀ ਇਰਾਕੀਆਂ ਵਾਸਤੇ ਵੱਡੀ ਕਿਉਂ ਹੋਵੇ?

ਜਿਥੋਂ ਤੱਕ ਵਰਜੀਨੀਆ ਟੈੱਕ ਸਾਕੇ ਦੀ ਕਵਰੇਜ ਦਾ ਸੰਬੰਧ ਹੈ, ਇਸ ਬਾਰੇ ਮੀਡੀਏ ਵੱਲ ਇਹ ਉਂਗਲ ਨਹੀਂ ਹੋ ਸਕਦੀ ਕਿ ਇਸ ਨੇ ਇਸ ਦੇ ਵੱਖ-ਵੱਖ ਪੱਖਾਂ ਜਾਂ ਵਿਸਥਾਰਾਂ ਦੀ ਫੋਲਾ-ਫਾਲੀ ਕਰਨ ਵਿਚ ਕੋਈ ਕਸਰ ਛੱਡੀ ਹੋਵੇ। ਇਸ ਸਾਕੇ ਦਾ ਅਜਿਹਾ ਕਿਹੜਾ ਖੂੰਜਾ ਜਾਂ ਨੁੱਕਰ ਹੈ ਜਿਸ ਉੱਤੇ ਟੀ.ਵੀ. ਚੈਨਲਾਂ ਜਾਂ ਅਖ਼ਬਾਰਾਂ ਨੇ ਝਾਤ ਨਾ ਪੁਆਈ ਹੋਵੇ। ਉਨ੍ਹਾਂ ਹਤਿਆਰੇ ਦੀ ਮਾਨਸਿਕਤਾ ਦੀਆਂ ਹਨ੍ਹੇਰੀਆਂ ਤੋਂ ਹਨ੍ਹੇਰੀਆਂ ਤਹਿਆਂ ਨੂੰ ਟੋਹਿਆ ਅਤੇ ਉਸ ਦੇ ਵਰਤੋਂ-ਵਿਹਾਰ, ਉਸ ਦੀ ਸੋਚ ਤੇ ਰੁਝੇਵਿਆਂ ਦਾ ਵਿਸਥਾਰ ਸਹਿਤ ਵੇਰਵਾ ਪੇਸ਼ ਕੀਤਾ। ਉਨ੍ਹਾਂ ਵਰਜੀਨੀਆ ਟੈੱਕ ਦੇ ਵਿਦਿਆਰਥੀਆਂ ਤੋਂ ਇਲਾਵਾ ਅਣਗਿਣਤ ਮਨੋਵਿਗਿਆਨੀਆਂ, ਖੋਜਕਾਰਾਂ, ਵਿਸ਼ਲੇਸ਼ਣਕਾਰਾਂ, ਅਮਨ ਕਾਨੂੰਨ ਦੇ ਮਹਿਰਾਂ, ਪੁਲਿਸ ਅਧਿਕਾਰੀਆਂ ਤੇ ਪ੍ਰਸ਼ਾਸਕਾਂ ਨੂੰ ਪਾਠਕਾਂ ਤੇ ਦਰਸ਼ਕਾਂ ਦੇ ਰੂ-ਬਰੂ ਕੀਤਾ। ਅਸਲ ਵਿਚ, ਉਨ੍ਹਾਂ ਅਜਿਹੇ ਹਰ ਬੰਦੇ ਨੂੰ ਸਾਹਮਣੇ ਲਿਆਂਦਾ ਜਿਹੜਾ ਇਸ ਸਾਕੇ ਦੇ ਵਰਨਣ ਵਿਚ ਕਿਸੇ ਕੰਨੇ ਬਿੰਦੀ ਦਾ ਵੀ ਵਾਧਾ ਕਰ ਸਕਦਾ ਸੀ। ਅਜਿਹੇ ਬੰਦਿਆਂ ਵਿਚ ਕਸਬਾ ਰੋਆਨਕੇ ਦਾ ਅਸਲਾ-ਫਰੋਸ਼ ਜੈੱਕ ਮਾਰਕੈੱਲ ਵੀ ਸੀ ਜਿਸ ਨੇ ਪੰਜ ਹਫ਼ਤੇ ਪਹਿਲਾਂ ਚੋ ਸੁੰਗ ਹੂਈ ਨੂੰ ਉਹ ਹੈਂਡਗੰਨ ਵੇਚੀ ਸੀ ਜਿਸ ਦੀ ਵਰਤੋਂ ਅਪਰਾਧੀ ਨੇ ਕਤਲੇਆਮ ਲਈ ਕੀਤੀ।

ਇਸ ਲੰਮੀ ਕਵਰੇਜ ਦੌਰਾਨ ਜਿਹੜੇ ਕੁੱਝ ਸਵਾਲ ਉੱਠਣੇ ਲਾਜ਼ਮੀ ਸਨ, ਉਹ ਉੱਠੇ। ਮਿਸਾਲ ਵਜੋਂ ਇਹ ਕਿ ਡਾਰਮੈਟਰੀ ਵਿਚ ਹੋਏ ਦੋ ਕਤਲਾਂ ਤੋਂ ਪਿੱਛੋਂ ਵਰਜੀਨੀਆ ਟੈੱਕ ਦੇ ਪ੍ਰਸ਼ਾਸਕਾਂ ਤੇ ਪੁਲਿਸ ਅਧਿਕਾਰੀਆਂ ਨੇ ਇਹ ਨਤੀਜਾ ਕਿਵੇਂ ਕੱਢ ਲਿਆ ਕਿ ਇਹ ਵਾਰਦਾਤ ਪਰਿਵਾਰਕ ਝਗੜੇ ਦਾ ਸਿੱਟਾ ਹੈ? ਜਾਂ ਇਹ ਕਿ ਕਾਤਲ ਕੈਂਪਸ ਵਿਚੋਂ ਫਰਾਰ ਹੋ ਗਿਆ ਹੋਵੇਗਾ? ਅਤੇ ਇਹ ਵੀ ਕਿ ਕੈਂਪਸ ਦੇ ਅਧਿਕਾਰੀ ਇਸ ਅਦਾਰੇ ਦੇ ਵਿਦਿਆਰਥੀਆਂ ਨੂੰ ਈ-ਮੇਲ ਰਾਹੀਂ ਖ਼ਤਰੇ ਦੀ ਤਾੜਨਾ ਕਰਨ ਲਈ ਉਸ ਸਮੇਂ ਤੱਕ ਕਿਉਂ ਉਡੀਕ ਕਰਦੇ ਰਹੇ, ਜਦ ਤੱਕ ਹਤਿਆਰੇ ਨੇ ਕਤਲਾਂ ਦਾ ਦੂਜਾ ਦੌਰ ਸ਼ੁਰੂ ਨਹੀਂ ਸੀ ਕਰ ਦਿੱਤਾ? ਜਾਂ ਫਿਰ ਇਹ ਕਿ ਕੀ ਇਸ ਮਹੱਤਵਪੂਰਨ ਵਿਦਿਅਕ ਸੰਸਥਾ ਕੋਲ ਅਜਿਹੇ ਟੈਕਨੀਕਲ ਸਾਧਨ ਮੌਜੂਦ ਹਨ, ਜਿਹੜੇ ਕਿਸੇ ਸੰਕਟ ਦੇ ਟਾਕਰੇ ਲਈ ਇਸ ਕੋਲ ਹੋਣੇ ਚਾਹੀਦੇ ਹਨ?

ਪਰ ਜਿਹੜੇ ਕੁੱਝ ਸਵਾਲ ਉੱਠਣੇ ਚਾਹੀਦੇ ਸਨ ਜਾਂ ਤਾਂ ਉਹ ਉੱਠੇ ਹੀ ਨਹੀਂ ਤੇ ਜੇ ਉੱਠੇ ਤਾਂ ਅਧੂਰੇ ਜਿਹੇ ਢੰਗ ਨਾਲ ਤੇ ਸਿਰਫ਼ ਰਸਮ ਪੂਰੀ ਕਰਨ ਲਈ। ਮਿਸਾਲ ਵਜੋਂ ਇਹ ਬੁਨਿਆਦੀ ਸਵਾਲ ਕਿ ਹੋਰ ਕਿੰਨੇ ਖ਼ੂਨੀ ਕਾਂਡ ਵਾਪਰਨ ਪਿੱਛੋਂ ਅਮਰੀਕਾ ਇਹ ਮਹਿਸੂਸ ਕਰੇਗਾ ਕਿ ਹਥਿਆਰ ਖਰੀਦਣ ਤੇ ਰੱਖਣ ਦੀ ਖੁੱਲ੍ਹ ਹੋਰ ਜ਼ਿਆਦਾ ਦੇਰ ਜਾਰੀ ਨਹੀਂ ਰੱਖੀ ਜਾ ਸਕਦੀ?

ਦਰਅਸਲ, ਹਰ ਖ਼ੂਨੀ ਕਾਂਡ ਪਿੱਛੋਂ ਉਤਲਾ ਸਵਾਲ ਉੱਠਦਾ ਹੈ ਪਰ ਇਸ ਤੋਂ ਪਹਿਲਾਂ ਕਿ ਇਹ ਸੰਜੀਦਾ ਬਹਿਸ ਦੀ ਸ਼ਕਲ ਅਖਤਿਆਰ ਕਰ ਸਕੇ, ਦੇਸ਼ ਦੀ ਸ਼ਕਤੀਸ਼ਾਲੀ ਗੰਨ-ਲਾਬੀ ਵੇਲੇ ਦੇ ਪ੍ਰਸ਼ਾਸਨ ਦੀ ਅਸ਼ੀਰਵਾਦ ਨਾਲ ਇਸ ਨੂੰ ਫੂੰਡ ਦਿੰਦੀ ਹੈ। ਅਮਰੀਕਾ ਵਿਚ ਹਥਿਆਰਾਂ ਦੀ ਜਿੰਨੀ ਭਰਮਾਰ ਹੈ, ਉਸ ਨੂੰ ਦੇਖ ਕੇ ਬੰਦਾ ਦੰਗ ਰਹਿ ਜਾਂਦਾ ਹੈ। ਇਸ ਵਿਸ਼ੇ ਉੱਤੇ 'ਟੋਰਾਂਟੋ ਸਟਾਰ' ਦੇ ਕਾਲਮਨਵੀਸ ਥਾਮਸ ਵਾਲਕਮ ਦੀ ਟਿੱਪਣੀ ਪੜ੍ਹਨ ਵਾਲੀ ਹੈ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਹੈ ਕਿ "9/11 ਜਿਹੇ ਦਹਿਸ਼ਤਗਰਦੀ ਦੇ ਕਿਸੇ ਨਵੇਂ ਹਮਲੇ ਨੂੰ ਰੋਕਣ ਦੇ ਨਾਂ ਉਤੇ ਬਹੁਤੇ ਅਮਰੀਕੀ ਨਾਗਰਿਕ ਪ੍ਰਾਈਵੇਸੀ ਅਤੇ ਨਿਆਂਭਰੀ ਅਦਾਲਤੀ ਸੁਣਵਾਈ ਵਰਗੇ ਵੱਡਮੁਲੇ ਮਨੁੱਖੀ ਅਧਿਕਾਰ ਤਾਂ ਛੱਡਣ ਲਈ ਤਿਆਰ ਹਨ, ਪਰ ਹਥਿਆਰ ਰੱਖਣ ਦੇ ਕਿਤੇ ਗ਼ੈਰ-ਅਹਿਮ ਅਧਿਕਾਰ ਨੂੰ ਨਹੀਂ ਛੱਡਣਾ ਚਾਹੁੰਦੇ ਹਾਲਾਂਕਿ ਇਸ ਦੇ ਸਿੱਟੇ ਵਜੋਂ ਹਰ ਸਾਲ ਜਿੰਨੀਆਂ ਮੌਤਾਂ ਹੁੰਦੀਆਂ ਹਨ, ਉਨ੍ਹਾਂ ਦੀ ਗਿਣਤੀ 9/11 ਨੂੰ ਹੋਈਆਂ ਨਾਲੋਂ ਕਿਤੇ ਵੱਧ ਹੁੰਦੀ ਹੈ।"

ਅਮਰੀਕਾ ਦੇ ਇਸ ਅਗਿਆਤ ਤੇ ਖ਼ਤਰਨਾਕ ਰੋਗ ਦੀ ਜੜ੍ਹ ਹੈ ਕਿੱਥੇ? ਟੀ.ਵੀ. ਤੇ ਅਖ਼ਬਾਰਾਂ ਨੂੰ ਇਸ ਸਵਾਲ ਦਾ ਉੱਤਰ ਲੱਭਣ ਵਿਚ ਕੋਈ ਦਿਲਚਸਪੀ ਨਹੀਂ ਸੀ। ਉਨ੍ਹਾਂ ਦਾ ਸਾਰਾ ਜ਼ੋਰ ਹਮੇਸ਼ਾ ਵਾਂਗ ਇਸ ਵਾਰ ਵੀ ਇਹ ਜੜ੍ਹ ਹਤਿਆਰੇ ਦੇ ਰੋਗੀ ਮਨ ਦੇ ਅੰਦਰੋਂ ਲੱਭਣ ਉੱਤੇ ਲੱਗਾ ਰਿਹਾ। ਮੁਸ਼ਕਲ ਇਹ ਹੈ ਕਿ ਨਾ ਇਹ ਪਹਿਲਾ ਹਤਿਆਰਾ ਸੀ ਤੇ ਨਾ ਹੀ ਇਹ ਪਹਿਲੀ ਵਾਰ ਸੀ ਕਿ ਉਸ ਦੇ ਰੋਗੀ ਮਨ ਦੀ ਚੀਰ ਫਾੜ ਇੰਨੀ ਬਾਰੀਕੀ ਨਾਲ ਕੀਤੀ ਗਈ ਹੋਵੇ।


ਖ਼ੂਨੀ ਘਟਨਾਵਾਂ ਦਾ ਵਾਰ-ਵਾਰ ਵਾਪਰਨਾ ਦੱਸਦਾ ਹੈ ਕਿ ਹਤਿਆਰਾ ਆਪਣੇ ਆਪ ਵਿਚ ਰੋਗ ਨਹੀਂ, ਸਗੋਂ ਕਿਸੇ ਦੀਰਘ ਰੋਗ ਦੀ ਅਲਾਮਤ ਹੈ। ਇਸ ਦੀਰਘ ਰੋਗ ਦੀ ਤਸ਼ਖੀਸ ਮਾਈਕਲ ਮੂਰ ਜਿਹਾ ਫਿਲਮਸਾਜ਼ ਹੀ ਕਰ ਸਕਦਾ ਹੈ। ਹੋ ਸਕਦਾ ਹੈ ਉਹ ਜਾਂ ਉਸ ਜਿਹਾ ਕੋਈ ਹੋਰ ਫਿਲਮਸਾਜ਼ ਗੰਨ ਕਲਚਰ ਨੂੰ ਚਿਤਰਦੀ ਦਸਤਾਵੇਜ਼ੀ ਫਿਲਮ "ਬਊਲਿੰਗ ਫਾਰ ਕੋਲੰਬਾਈਨ" ਦੀ ਅਗਲੀ ਕੜੀ ਵਿਚ ਇਸ ਰੋਗ ਉੱਤੇ ਕੋਈ ਨਵੀਂ ਰੌਸ਼ਨੀ ਪਾ ਸਕੇ? ਇਹ ਵੀ ਹੋ ਸਕਦਾ ਹੈ ਕਿ ਨੌਮ ਚੌਮਸਕੀ ਜਿਹਾ ਕੋਈ ਪ੍ਰਤਿਭਾਸ਼ੀਲ ਸੋਚਵਾਨ ਜਾਂ ਸਕਾਲਰ ਅਮਰੀਕਾ ਦੇ ਅਤੀਤ ਨੂੰ ਗਾਹ ਕੇ ਇਸ ਰੋਗ ਦੀ ਤਹਿ ਤੱਕ ਪਹੁੰਚ ਸਕੇ। ਅੰਤ ਨੂੰ ਇਥੋਂ ਦੇ ਆਦੀਵਾਸੀ ਕਬੀਲਿਆਂ ਨੂੰ ਮਾਰ ਮੁਕਾਉਣ ਦੀਆਂ ਮੁਹਿੰਮਾਂ ਇਥੇ ਹੀ ਚੱਲੀਆਂ ਸਨ ਤੇ ਗ਼ੁਲਾਮਦਾਰੀ ਦਾ ਅਣਮਨੁੱਖੀ ਦੌਰ, ਕੂ ਕਲੱਕਸ ਕਲਾਨ ਦਾ ਵਹਿਸ਼ੀਪੁਣਾ, ਨਸਲੀ ਭੇਦਭਾਵ, ਹੀਰੋਸ਼ੀਮਾ ਤੇ ਨਾਗਾਸਕੀ, ਵੀਅਤਨਾਮ ਤੇ ਹੁਣ ਇਰਾਕ ਜਿਹੀਆਂ ਲਹੂ ਭਿੱਜੀਆਂ ਵਾਰਤਾਵਾਂ ਵੀ ਤਾਂ ਇਸੇ ਸਮਾਜ ਦੇ ਬੀਤੇ ਅਤੇ ਵਰਤਮਾਨ ਦਾ ਹੀ ਹਿੱਸਾ ਹਨ। ਇਹ ਤਾਂ ਹੋ ਨਹੀਂ ਸਕਦਾ ਕਿ ਇਨ੍ਹਾਂ ਸਾਰੇ ਘਿਰਣਤ ਵਰਤਾਰਿਆਂ ਨੇ ਅਮਰੀਕੀ ਚਰਿਤਰ ਤੇ ਮਾਨਸਿਕਤਾ ਉੱਤੇ ਕੋਈ ਚਿਰਸਥਾਈ ਅਸਰ ਨਾ ਛੱਡਿਆ ਹੋਵੇ।

ਅਮਰੀਕਾ ਦੀ ਇਕ ਮੁਸ਼ਕਲ ਇਹ ਹੈ ਕਿ ਇਸ ਦੇ ਜਿਹੜੇ ਦੂਰਦਰਸ਼ੀ ਸੋਚਵਾਨ ਤੇ ਚਿੰਤਕ ਹੱਕ ਤੇ ਸੱਚ ਨੂੰ ਪਛਾਨਣ ਤੇ ਉਸ ਦੇ ਲਈ ਆਵਾਜ਼ ਉਠਾਉਣ ਦੀ ਦਲੇਰੀ ਰੱਖਦੇ ਹਨ, ਉਨ੍ਹਾਂ ਦੀ ਵੱਡਮੁਲੀ ਦੇਣ ਨੂੰ ਤਾਂ ਇਸ ਦੇਸ਼ ਦੀ ਸਥਾਪਤੀ ਸਮਾਂ ਪਾ ਕੇ ਆਪਣੀਆਂ ਜਮਹੂਰੀ ਰਵਾਇਤਾਂ ਦੇ ਹਿੱਸੇ ਵਜੋਂ ਪੇਸ਼ ਕਰਨਾ ਸ਼ੁਰੂ ਕਰ ਦਿੰਦੀ ਹੈ ਪਰ ਅਜਿਹਾ ਕਦੇ ਘੱਟ ਹੀ ਹੋਇਆ ਹੈ ਇਸ ਨੇ ਅਜਿਹੇ ਸੋਚਵਾਨਾਂ ਜਾਂ ਚਿੰਤਕਾਂ ਨੂੰ ਉਨ੍ਹਾਂ ਦੇ ਜਿਉਂਦੇ ਜੀਅ ਉਨ੍ਹਾਂ ਦੀ ਬਣਦੀ ਥਾਂ ਦਿੱਤੀ ਹੋਵੇ ਜਾਂ ਉਨ੍ਹਾਂ ਦੇ ਵਿਚਾਰਾਂ ਨੂੰ ਵੇਲੇ ਸਿਰ ਸਤਿਕਾਰਿਆ ਹੋਵੇ। ਜੇ ਵਰਜੀਨੀਆ ਟੈੱਕ ਕਾਂਡ ਦੀ ਮੈਰਾਥਾਨ ਕਵਰੇਜ ਦੇ ਦੌਰਾਨ ਕਿਸੇ ਮੁੱਖ ਅਖ਼ਬਾਰ ਜਾਂ ਟੀ.ਵੀ. ਨੈਟਵਰਕ ਨੇ ਕਿਸੇ ਮਾਈਕਲ ਮੂਰ ਜਾਂ ਕਿਸੇ ਨੌਮ ਚੌਮਸਕੀ ਦੇ ਵਿਚਾਰਾਂ ਤੋਂ ਜਾਣੂ ਹੋਣਾ ਜ਼ਰੂਰੀ ਨਹੀਂ ਸਮਝਿਆ ਤਾਂ ਇਸ ਦਾ ਕਾਰਨ ਸਮਝਣਾ ਔਖਾ ਨਹੀਂ।

ਇਸ ਲਿਖਤ ਲਈ ਜੇ ਕੋਈ ਢੁਕਵੀਂ ਅੰਤਿਕਾ ਹੋ ਸਕਦੀ ਹੈ ਤਾਂ ਉਹ ਹੈ ਅਮਰੀਕੀ ਨਾਗਰਿਕ ਪੀਟ ਰਿਆਨ ਦੀ ਸੰਪਾਦਕ ਦੇ ਨਾਂ ਚਿੱਠੀ। ਉਹ ਲਿਖਦੇ ਹਨ:"ਅਸੀਂ ਮਾਯੂਸਕੁਨ ਹੱਦ ਤੱਕ ਹਿੰਸਾ ਵਿਚ ਡੁੱਬੇ ਹੋਏ ਹਾਂ ਤੇ ਬੇਵਸੀ ਦੀ ਹੱਦ ਤੱਕ ਹਥਿਆਰਾਂ ਵਿਚ ਘਿਰੇ ਹੋਏ ਹਾਂ। ਭੜਕ ਉੱਠਣ ਲਈ ਇੰਨੇ ਜ਼ਿਆਦਾ ਫੂਸ ਤੇ ਅੱਗ ਲਾਉਣ ਲਈ ਇੰਨੀਆਂ ਜ਼ਿਆਦਾ ਤੀਲੀਆਂ ਦੇ ਹੁੰਦਿਆਂ ਹੋਇਆਂ ਅਚੰਭੇ ਦੀ ਗੱਲ ਹੈ ਕਿ ਅਜਿਹੇ ਹਿੰਸਕ ਕਾਰੇ ਹੋਰ ਜ਼ਿਆਦਾ ਕਿਉਂ ਨਹੀਂ ਵਾਪਰਦੇ। ਉੱਖੜੇ ਹੋਏ, ਜਜ਼ਬਾਤੀ ਤੌਰ 'ਤੇ ਉਲਾਰ, ਮਾਨਸਕ ਤੌਰ 'ਤੇ ਅਸਥਿਰ ਤੇ ਦਿਮਾਗ਼ੀ ਤੌਰ ਤੇ ਹਿੱਲੇ ਹੋਏ ਲੋਕ ਇੰਨੀ ਵੱਡੀ ਗਿਣਤੀ ਵਿਚ ਸਾਡੇ ਵਿਚ ਵਿਚਰ ਰਹੇ ਹਨ। ਸਾਡੇ ਸੰਵਿਧਾਨ ਵਿਚ ਕੀਤੀ ਗਈ ਦੂਜੀ ਤਰਮੀਮ ਦੇ ਨਾਂ ਹੇਠ ਹਥਿਆਰ ਖਰੀਦਣ ਤੇ ਰੱਖਣ ਦੀ ਖੁੱਲ੍ਹ ਦਾ ਫਾਇਦਾ ਉਠਾ ਕੇ ਕੋਈ ਵੀ ਬੰਦਾ ਬਿਨਾਂ ਕਿਸੇ ਰੋਕ-ਟੋਕ ਦੇ ਖ਼ੂਨੀ ਹਤਿਆਰਿਆਂ ਦੀ ਪਾਲ ਵਿਚ ਰਲ਼ ਸਕਦਾ ਹੈ। ਸਾਡਾ ਦੇਸ਼ ਬਿਮਾਰ ਹੈ। ਸਾਰੀ ਦੁਨੀਆ ਇਸ ਦੀ ਗਵਾਹ ਹੈ।"

# ਅਸਾਂਜ ਦਾ ਪਿੱਛਾ: ਆਜ਼ਾਦੀ 'ਤੇ ਹਮਲਾ ਅਤੇ ਪੱਤਰਕਾਰੀ ਦਾ ਮਜ਼ਾਕ

ਬਰਤਾਨਵੀ ਹਕੂਮਤ ਵਲੋਂ ਲੰਡਨ ਵਿਚ ਐਕੁਆਡੋਰ ਦੇ ਸਫ਼ਾਰਤਖ਼ਾਨੇ ਉਪਰ ਹਮਲਾ ਕਰ ਕੇ ਜੂਲੀਅਨ ਅਸਾਂਜ ਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ ਦੀ ਅਹਿਮੀਅਤ ਇਤਿਹਾਸਕ ਹੈ। ਕਿਸੇ ਸਮੇਂ ਟੈਲੀਵਿਜ਼ਨ ਸਨਅਤ ਦੇ ਇਕ ਕਾਰੋਬਾਰੀ ਦਾ ਸਾਬਕਾ ਲੋਕ ਸੰਪਰਕ ਅਧਿਕਾਰੀ ਅਤੇ ਸ਼ੇਖ ਰਿਆਸਤਾਂ ਨੂੰ ਹਥਿਆਰ ਵੇਚਣ ਦਾ ਧੰਦਾ ਕਰਦਾ ਰਿਹਾ ਡੇਵਿਡ ਕੈਮਰਨ ਉਨ੍ਹਾਂ ਕੌਮਾਂਤਰੀ ਰਵਾਇਤਾਂ ਦੀਆਂ ਧੱਜੀਆਂ ਉਡਾਉਣ ਲਈ ਐਨ ਢੁੱਕਵਾਂ ਸ਼ਖਸ ਹੈ



**ਜੌਹਨ ਪਿਲਜਰ**

ਜਿਨ੍ਹਾਂ ਨੂੰ ਬਰਤਾਨਵੀਆਂ ਨੇ ਉੱਥਲ-ਪੁੱਥਲ ਦੇ ਸਮਿਆਂ ਵਿਚ ਵੀ ਆਂਚ ਨਹੀਂ ਆਉਣ ਦਿੱਤੀ। ਟੋਨੀ ਬਲੇਅਰ ਵੱਲੋਂ ਇਰਾਕ ਉਪਰ ਹਮਲੇ ਦਾ ਸਿੱਟਾ ਜਿਸ ਤਰ੍ਹਾਂ 7 ਜੁਲਾਈ 2005 ਨੂੰ ਲੰਡਨ ਵਿਚ ਅਤਿਵਾਦੀ ਕਾਰਵਾਈਆਂ ਵਿਚ ਨਿੱਕਲਿਆ ਸੀ, ਉਸੇ ਤਰ੍ਹਾਂ ਹੀ ਕੈਮਰਨ ਅਤੇ ਵਿਦੇਸ਼ ਸਕੱਤਰ ਵਿਲੀਅਮ ਹੇਗ ਨੇ ਦੁਨੀਆ ਵਿਚ ਬਰਤਾਨਵੀ ਨੁਮਾਇੰਦਿਆਂ ਦੀ ਸੁਰੱਖਿਆ ਦਾਅ 'ਤੇ ਲਾ ਦਿੱਤੀ ਹੈ।

ਵਿਦੇਸ਼ੀ ਸਫ਼ਾਰਤਖ਼ਾਨਿਆਂ ਵਿਚੋਂ ਕਾਤਲਾਂ ਨੂੰ ਕੱਢਣ ਲਈ ਬਣਾਏ ਕਾਨੂੰਨ ਦਾ ਗ਼ਲਤ ਇਸਤੇਮਾਲ ਕਰਨ ਦੀ ਘੁਰਕੀ ਦੇ ਕੇ, ਉਹ ਵੀ ਕਿਸੇ ਬੇਕਸੂਰ ਬੰਦੇ ਨੂੰ ਅਖੌਤੀ 'ਮੁਜਰਮ' ਵੱਲੋਂ ਬਦਨਾਮ ਕਰ ਕੇ, ਹੇਗ ਨੇ ਦੁਨੀਆਂ ਵਿਚ ਬਰਤਾਨੀਆ ਦੀ ਹਾਲਤ ਹਾਸੋਹੀਣੀ ਬਣਾ ਦਿੱਤੀ ਹੈ, ਹਾਲਾਂਕਿ ਖ਼ੁਦ ਬਰਤਾਨੀਆ ਵਿਚ ਅਜਿਹੇ ਵਿਚਾਰਾਂ ਨੂੰ ਜ਼ਿਆਦਾਤਰ ਦਬਾਅ ਦਿੱਤਾ ਗਿਆ। ਇੰਡੋਨੇਸ਼ੀਆ ਵਿਚ ਨਸਲਘਾਤ ਤੋਂ ਲੈ ਕੇ ਇਰਾਕ ਅਤੇ ਅਫ਼ਗਾਨਿਸਤਾਨ ਉਪਰ ਹਮਲਿਆਂ ਦੇ ਲੰਮੇ ਖ਼ੂਨੀ ਸਿਲਸਿਲੇ ਦੌਰਾਨ ਬਰਤਾਨੀਆ ਦੀ ਹਮਾਇਤ ਕਰਨ ਵਾਲੇ ਜ਼ੁਅਰਤਮੰਦ ਕਹਾਉਂਦੇ ਅਖ਼ਬਾਰ ਅਤੇ ਰੇਡੀਓ-ਟੀ.ਵੀ. ਬ੍ਰਾਡਕਾਸਟਰ ਹੁਣ ਐਕੁਆਡੋਰ ਦੇ 'ਮਨੁੱਖੀ ਹੱਕਾਂ ਦੇ ਰਿਕਾਰਡ' ਉਪਰ ਹਮਲੇ ਕਰਨ ਵਿਚ ਜੁੱਟੇ ਹੋਏ ਹਨ, ਕਿਉਂਕਿ ਐਕੁਆਡੋਰ ਦਾ ਅਸਲ ਜੁਰਮ ਇਹ ਹੈ ਕਿ ਉਸ ਨੇ ਲੰਡਨ ਅਤੇ ਵਾਸ਼ਿੰਗਟਨ ਵਿਚ ਬੈਠੇ ਧੱਕੜਾਂ ਨਾਲ ਮੱਥਾ ਲਾਇਆ ਹੈ।

ਇੰਜ ਲਗਦਾ ਹੈ ਜਿਵੇਂ ਓਲਿੰਪਿਕ ਦੀ ਖ਼ੁਸ਼ੀ ਵਿਚ ਤਾੜੀਆਂ ਮਾਰਨ ਵਾਲੇ ਰਾਤੋ-ਰਾਤ ਬਸਤੀਵਾਦੀ ਬਦਮਾਸ਼ੀ ਦਾ ਸ਼ਰ੍ਹੇਆਮ ਮੁਜ਼ਾਹਰਾ ਕਰਨ 'ਤੇ ਉੱਤਰ ਆਏ ਹੋਣ। ਜ਼ਰਾ ਬਰਤਾਨਵੀ ਫ਼ੌਜੀ ਅਫ਼ਸਰ-ਕਮ-ਬੀ.ਬੀ.ਸੀ. ਪੱਤਰਕਾਰ ਮਾਰਕ ਅਰਬਨ ਨੂੰ ਐਕੁਆਡੋਰ ਦੇ ਸਫ਼ਾਰਤਖ਼ਾਨੇ ਦੇ ਬਾਹਰ ਮਿਣ-ਮਿਣ ਕਰਦਿਆਂ ਜਨਾਬ ਕ੍ਰਿਸਟੋਫ਼ਰ ਮੇਅਰ ਨਾਲ 'ਵਾਰਤਾਲਾਪ' ਕਰਦੇ ਨੂੰ ਦੇਖੋ, ਜੋ ਵਾਸ਼ਿੰਗਟਨ ਵਿਚ ਬਲੇਅਰ ਦਾ ਸਾਬਕਾ ਹਮਾਇਤੀ ਰਿਹਾ ਹੈ। ਇਹ ਜੋੜੀ ਹੈਂਕੜ ਨਾਲ ਗੁੱਸਾ ਜ਼ਾਹਿਰ ਕਰਦੀ ਹੈ ਕਿ ਵੱਖਰੀ ਤਰ੍ਹਾਂ ਦਾ ਅਸਾਂਜ ਅਤੇ ਨਿਧੜਕ ਰੈਫ਼ਲ ਕੋਰੇਆ (ਐਕੁਆਡੋਰ ਦਾ ਰਾਸ਼ਟਰਪਤੀ) ਪੱਛਮੀ ਪ੍ਰਬੰਧ ਦੇ ਧਾੜਵੀਪਣ ਦਾ ਪਰਦਾਫ਼ਾਸ਼ ਕਿਉਂ ਕਰਦੇ ਹਨ! 'ਦੀ ਗਾਰਡੀਅਨ' (ਯੂ.ਕੇ.) ਦੇ ਪੰਨਿਆਂ ਵਿਚ ਵੀ ਅਜਿਹੀ ਤੌਹੀਨ ਦੇ ਕਾਫ਼ੀ ਉੱਘੜਵੇਂ ਝਲਕਾਰੇ ਮਿਲ ਜਾਂਦੇ ਹਨ। ਇਸ ਨੇ ਹੇਗ ਨੂੰ 'ਤਹੱਮਲ' ਰੱਖਣ ਦੀ ਸਲਾਹ ਦਿੱਤੀ ਹੈ ਅਤੇ ਕਿਹਾ ਕਿ ਸਫ਼ਾਰਤਖ਼ਾਨੇ 'ਤੇ ਹਮਲਾ ਕੀਤੇ ਜਾਣ ਨਾਲ 'ਲੋੜੋਂ ਵੱਧ ਮੁਸ਼ਕਿਲ' ਖੜ੍ਹੀ ਹੋਵੇਗੀ। 'ਦੀ ਗਾਰਡੀਅਨ' ਨੇ ਐਲਾਨ ਕੀਤਾ, ਕਿ ਅਸਾਂਜ ਸਿਆਸੀ ਪਨਾਹਗੀਰ ਨਹੀਂ, ਕਿਉਂਕਿ 'ਕਿਸੇ ਵੀ ਸੂਰਤ ਵਿਚ ਨਾ ਸਵੀਡਨ ਕਿਸੇ ਐਸੇ ਬੰਦੇ ਨੂੰ ਦੇਸ਼ ਨਿਕਾਲਾ ਦੇਵੇਗਾ, ਨਾ ਯੂ.ਕੇ. ਦੇਵੇਗਾ ਜਿਸ ਨੂੰ ਤਸ਼ੱਦਦ ਜਾਂ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪੈ ਰਿਹਾ ਹੋਵੇ।'

ਇਸ ਬਿਆਨ ਵਿਚਲੀ ਗ਼ੈਰ-ਜ਼ਿੰਮੇਵਾਰੀ ਅਸਾਂਜ ਦੇ ਸਮੁੱਚੇ ਮਾਮਲੇ ਵਿਚ 'ਦੀ ਗਾਰਡੀਅਨ' ਦੀ ਧੋਖੇਬਾਜ਼ ਭੂਮਿਕਾ ਨਾਲ ਕਿੰਨੀ ਮਿਲਦੀ ਜੁਲਦੀ ਹੈ! ਅਖ਼ਬਾਰ ਚੰਗੀ ਤਰ੍ਹਾਂ ਜਾਣਦਾ ਹੈ ਕਿ ਵਿਕੀਲੀਕਸ ਵਲੋਂ ਨਸ਼ਰ ਕੀਤੇ ਦਸਤਾਵੇਜ਼ ਦਰਸਾਉਂਦੇ ਹਨ ਕਿ ਨਾਗਰਿਕ ਹੱਕਾਂ ਦੇ ਮਾਮਲੇ ਵਿਚ ਸਵੀਡਨ ਅਮਰੀਕਾ ਦੇ ਦਬਾਅ ਅੱਗੇ ਲਗਾਤਾਰ ਗੋਡੇ ਟੇਕਦਾ ਰਿਹਾ ਹੈ। ਦਸੰਬਰ 2001 ਵਿਚ, ਸਵੀਡਿਸ਼ ਹਕੂਮਤ ਨੇ ਦੋ ਮਿਸਰੀ ਨਾਗਰਿਕਾਂ, ਅਹਿਮਦ ਅਗੀਜ਼ਾ ਅਤੇ ਮੁਹੰਮਦ-ਅਲ-ਜ਼ਾਰੀ, ਦੀ ਸਿਆਸੀ ਪਨਾਹ ਅਚਾਨਕ ਰੱਦ ਕਰ ਦਿੱਤੀ, ਉਨ੍ਹਾਂ ਨੂੰ ਸਟਾਕਹੋਮ ਹਵਾਈ ਅੱਡੇ ਉਪਰ ਸੀ.ਆਈ.ਏ. ਦੇ ਅਗਵਾ ਕਰੂ ਗਰੋਹ ਦੇ ਹਵਾਲੇ ਕਰ ਦਿੱਤਾ ਗਿਆ ਅਤੇ ਮਿਸਰ 'ਵਾਪਸ ਭੇਜ ਦਿੱਤਾ' ਗਿਆ ਜਿੱਥੇ ਉਨ੍ਹਾਂ ਨੂੰ ਤਸੀਹੇ ਦਿੱਤੇ ਗਏ। ਸਵੀਡਨ ਦੇ ਨਿਆਂ ਸਬੰਧੀ ਲੋਕਪਾਲ ਵਲੋਂ ਕੀਤੀ ਛਾਣ-ਬੀਣ ਵਿਚ ਸਾਹਮਣੇ ਆਇਆ ਕਿ ਹਕੂਮਤ ਨੇ ਦੋਵਾਂ ਦੇ ਮਨੁੱਖੀ ਹੱਕਾਂ ਦਾ 'ਘੋਰ ਉਲੰਘਣ ਕੀਤਾ' ਸੀ।

2009 ਵਿਚ ਵਿਕੀਲੀਕਸ ਵੱਲੋਂ ਸੰਨ੍ਹ ਲਾਏ ਅਮਰੀਕੀ ਸਫ਼ਾਰਤਖ਼ਾਨੇ ਦੇ ਕੇਬਲ ਸੁਨੇਹੇ ਜਿਸ ਦਾ ਸਿਰਲੇਖ ਸੀ 'ਵਿਕੀਲੀਕਸ ਨੇ ਨਿਰਪੱਖਤਾ ਨੂੰ ਇਤਿਹਾਸ ਦੇ ਕੂੜੇਦਾਨ ਵਿਚ ਵਗਾਹ ਮਾਰਿਆ', ਤੋਂ ਸਵੀਡਨ ਦੇ ਕੁਲੀਨ ਵਰਗ ਦੇ ਫ਼ਰਜ਼ਮਾਰ ਕਿਰਦਾਰ ਦਾ ਢੌਂਗ ਨੰਗਾ ਹੁੰਦਾ ਹੈ। ਇਕ ਹੋਰ ਅਮਰੀਕੀ ਕੇਬਲ ਸੁਨੇਹੇ ਤੋਂ ਭੇਤ ਖੁੱਲ੍ਹਦਾ ਹੈ ਕਿ 'ਨਾਟੋ ਨੂੰ ਸਵੀਡਨ ਦੇ ਫ਼ੌਜੀ ਅਤੇ ਖ਼ੁਫ਼ੀਆ ਸੇਵਾ ਦੇ ਸਹਿਯੋਗ ਦੀ ਇੰਤਹਾ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ' ਅਤੇ ਜੇ ਇਸ ਨੂੰ ਗੁਪਤ ਨਹੀਂ ਰੱਖਿਆ ਜਾਂਦਾ ਤਾਂ 'ਮੁਲਕ ਵਿਚ ਹਕੂਮਤ ਦੀ ਆਲੋਚਨਾ ਸ਼ੁਰੂ ਹੋ ਜਾਵੇਗੀ।'

ਸਵੀਡਿਸ਼ ਵਿਦੇਸ਼ ਮੰਤਰੀ ਕਾਰਲ ਬਿਲਡ ਵਲੋਂ ਇਰਾਕ ਦੀ ਮੁਕਤੀ ਲਈ ਜਾਰਜ ਵਾਕਰ ਬੁਸ਼ ਦੀ ਕਮੇਟੀ ਵਿਚ ਬਦਨਾਮ ਆਗੂ-ਭੂਮਿਕਾ ਨਿਭਾਈ ਗਈ ਅਤੇ ਰਿਪਬਲਿਕਨ ਪਾਰਟੀ ਦੇ ਘੋਰ ਸੱਜੇਪੱਖੀ ਧੜੇ ਨਾਲ ਇਸ ਦੇ ਗੂੜ੍ਹੇ ਸਬੰਧ ਹਨ। ਸਵੀਡਨ ਦੇ ਸਰਕਾਰੀ ਮੁਕੱਦਮਿਆਂ ਦੇ ਸਾਬਕਾ ਨਿਰਦੇਸ਼ਕ ਸਵੇਨ-ਐਰਿਕ ਐਲਮ ਅਨੁਸਾਰ, ਲਿੰਗਕ ਬਦਤਮੀਜ਼ੀ ਦੇ ਇਲਜ਼ਾਮਾਂ ਦੇ ਆਧਾਰ 'ਤੇ ਅਸਾਂਜ ਨੂੰ ਦੇਸ਼ ਨਿਕਾਲਾ ਦੇਣ ਦਾ ਫ਼ੈਸਲਾ 'ਤਰਕਹੀਣ ਅਤੇ ਮਰਯਾਦਾ ਦੇ ਉਲਟ ਤਾਂ ਹੈ ਹੀ, ਨਾਜਾਇਜ਼ ਅਤੇ ਬੇਮੇਲ ਵੀ ਹੈ।' ਪੁੱਛਗਿੱਛ



ਲਈ ਹਾਜ਼ਰ ਹੋਣ ਦੀ ਪੇਸ਼ਕਸ਼ ਕੀਤੇ ਜਾਣ 'ਤੇ ਅਸਾਂਜ ਨੂੰ ਸਵੀਡਨ ਛੱਡ ਕੇ ਲੰਡਨ ਜਾਣ ਦੀ ਇਜਾਜ਼ਤ ਦਿੱਤੀ ਗਈ ਸੀ ਜਿੱਥੇ ਉਸ ਨੇ ਫਿਰ ਪੁੱਛਗਿੱਛ ਲਈ ਹਾਜ਼ਰ ਹੋਣ ਦੀ ਪੇਸ਼ਕਸ਼ ਕੀਤੀ। ਮਈ ਵਿਚ ਦੇਸ਼ ਨਿਕਾਲੇ ਬਾਰੇ ਆਖ਼ਰੀ ਦਰਖ਼ਾਸਤ ਉਪਰ ਫ਼ੈਸਲੇ ਵਿਚ ਬਰਤਾਨੀਆ ਦੀ ਸਰਵਉੱਚ ਅਦਾਲਤ ਵੱਲੋਂ ਕੋਈ 'ਇਲਜ਼ਾਮ' ਨਾ ਹੋਣ ਦਾ ਜ਼ਿਕਰ ਕਰ ਕੇ ਆਪਣੀ ਹਾਲਤ ਹੋਰ ਵੀ ਹਾਸੋਹੀਣੀ ਬਣਾ ਲਈ ਗਈ।

ਇਸ ਦੇ ਨਾਲ ਹੀ ਅਸਾਂਜ ਵਿਰੁੱਧ ਨਿੱਜੀ ਗਾਲੀ-ਗਲੋਚ ਭਰੀ ਮੁਹਿੰਮ ਚਲਾਈ ਗਈ। ਇਹ ਜ਼ਿਆਦਾਤਰ 'ਦੀ ਗਾਰਡੀਅਨ' ਦੀ ਘੜੀ ਹੋਈ ਹੈ ਜੋ ਵਿਕੀਲੀਕਸ ਦੇ ਇੰਕਸ਼ਾਫ਼ਾਂ ਤੋਂ ਚੋਖੇ ਮੁਨਾਫ਼ੇ ਕਮਾ ਕੇ ਹੁਣ ਦੁਰਕਾਰੇ ਆਸ਼ਕ ਵਾਂਗ ਜਾਣਕਾਰੀ ਦੇ ਸਾਬਕਾ ਸੂਤਰ ਦੇ ਪਿੱਛੇ ਹੱਥ ਧੋ ਕੇ ਪਿਆ ਹੋਇਆ ਹੈ। 'ਦੀ ਗਾਰਡੀਅਨ' ਦੀ ਇਸ ਬਾਰੇ ਛਾਪੀ ਕਿਤਾਬ ਨੇ ਹਾਲੀਵੁੱਡ ਫ਼ਿਲਮਾਂ ਵਾਂਗ ਮੋਟੀ ਕਮਾਈ ਕੀਤੀ ਹੈ, ਪਰ ਇਸ ਵਿਚੋਂ ਫੁੱਟੀ ਕੌਡੀ ਵੀ ਅਸਾਂਜ ਜਾਂ ਵਿਕੀਲੀਕਸ ਨੂੰ ਨਹੀਂ ਦਿੱਤੀ ਗਈ। ਇਸ ਦੇ ਲੇਖਕ ਡੇਵਿਡ ਲੇਹ ਅਤੇ ਲਿਊਕ ਹਾਰਡਿੰਗ, ਅਸਾਂਜ ਨੂੰ 'ਦਾਗ਼ੀ ਸ਼ਖ਼ਸੀਅਤ' ਅਤੇ 'ਬੇਰਹਿਮ' ਗਰਦਾਨ ਕੇ ਅਕਾਰਨ ਹੀ ਗਾਲਾਂ ਦੇ ਰਹੇ ਹਨ। ਇਨ੍ਹਾਂ ਨੇ ਉਹ ਗੁਪਤ ਪਾਸਵਰਡ ਵੀ ਨਸ਼ਰ ਕਰ ਦਿੱਤਾ ਜੋ ਅਸਾਂਜ ਨੇ ਅਖ਼ਬਾਰ 'ਤੇ ਭਰੋਸਾ ਕਰ ਕੇ ਇਸ ਦੇ ਹਵਾਲੇ ਕਰ ਦਿੱਤਾ ਸੀ। ਇਹ ਉਸ ਡਿਜੀਟਲ ਫਾਈਲ ਦੀ ਸੁਰੱਖਿਆ ਲਈ ਬਣਾਇਆ ਗਿਆ ਸੀ ਜਿਸ ਵਿਚ ਅਮਰੀਕੀ ਸਫ਼ਾਰਤਖ਼ਾਨੇ ਦੇ ਕੇਬਲ ਸੁਨੇਹਿਆਂ ਦਾ ਰਿਕਾਰਡ ਹੈ। 20 ਅਗਸਤ ਨੂੰ ਹਾਰਡਿੰਗ ਨੇ ਐਕੁਆਡੋਰ ਦੇ ਸਫ਼ਾਰਤਖ਼ਾਨੇ ਤੋਂ ਬਾਹਰ ਆ ਕੇ, ਆਪਣੇ ਬਲਾਗ ਉਪਰ ਬਾਘੀਆਂ ਪਾਈਆਂ, "ਸਕਾਟਲੈਂਡ ਯਾਰਡ ਨਹਿਲੇ 'ਤੇ ਦਹਿਲਾ ਮਾਰ ਸਕਦਾ ਹੈ।" ਕਿੰਨਾ ਵਿਅੰਗਮਈ ਹੈ, ਜੇ ਇਹ ਪੂਰੀ ਤਰ੍ਹਾਂ ਢੁੱਕਦਾ ਹੋਵੇ ਕਿ ਅਖ਼ਬਾਰ ਵਲੋਂ ਅਸਾਂਜ ਨੂੰ ਬੇਰਹਿਮੀ ਨਾਲ ਦੁਰਕਾਰਨਾ ਇਸੇ ਵਿਸ਼ੇ ਬਾਰੇ ਮਰਡੋਕ ਪ੍ਰੈੱਸ ਦੀ ਤੁਅੱਸਬੀ ਭਵਿੱਖਬਾਣੀਨੁਮਾ ਬਿਆਨਬਾਜ਼ੀ ਨਾਲ ਕਿੰਨਾ ਮਿਲਦਾ ਜੁਲਦਾ ਹੈ। ਕਿੰਨਾ ਅਜੀਬ ਹੈ ਇਹ! ਲੈਵੀਸਨ ਜਾਂਚ (ਨਿਊਜ਼ ਇੰਟਰਨੈਸ਼ਨਲ ਫ਼ੋਨ ਹੈਕਿੰਗ ਘੁਟਾਲੇ ਪਿੱਛੋਂ ਲਾਰਡ ਜਸਟਿਸ ਲੈਵੀਸਨ ਦੀ ਅਗਵਾਈ ਵਿਚ 13 ਜੁਲਾਈ 2011 ਨੂੰ ਬਰਤਾਨਵੀ ਪ੍ਰੈੱਸ ਦੀ ਨੈਤਿਕਤਾ ਦੀ ਪੜਤਾਲ ਲਈ ਬਣਾਈ ਕਮੇਟੀ-ਅਨੁਵਾਦਕ), ਹੈਕਗੇਟ ਘੁਟਾਲਾ (ਨਿਊਜ਼ ਕਾਰਪੋਰੇਸ਼ਨ ਦੀ ਸਹਾਇਕ ਕੰਪਨੀ ਨਿਊਜ਼ ਇੰਟਰਨੈਸ਼ਨਲ ਵਲੋਂ ਪ੍ਰਕਾਸ਼ਤ ਬਰਤਾਨਵੀ ਅਖ਼ਬਾਰਾਂ ਵੱਲੋਂ ਖ਼ਬਰਾਂ ਘੜਨ ਖ਼ਾਤਰ

**ਦੇਸ-ਪਰਦੇਸ**

ਪੁਲਿਸ ਨੂੰ ਰਿਸ਼ਵਤ, ਫ਼ੋਨਾਂ ਵਿਚ ਸੰਨ੍ਹ ਲਾਉਣ ਅਤੇ ਹੋਰ ਨਾਜਾਇਜ਼ ਢੰਗ ਵਰਤਣ ਦਾ ਘੁਟਾਲਾ-ਅਨੁਵਾਦਕ) ਅਤੇ ਮਾਣਯੋਗ, ਆਜ਼ਾਦ ਪੱਤਰਕਾਰੀ ਦੀ ਸ਼ਾਨ ਕਿਵੇਂ ਘੱਟੇ ਰੁਲ ਰਹੀ ਹੈ!

ਅਸਾਂਜ ਨੂੰ ਸਤਾਉਣ ਵਾਲੇ ਉਸ ਦੇ ਮੁਕੱਦਮੇ ਨੂੰ ਤੂਲ ਦੇ ਰਹੇ ਹਨ। ਉਸ ਉਪਰ ਕੋਈ ਜੁਰਮ ਨਹੀਂ ਹੈ, ਉਹ ਨਿਆਂ ਪ੍ਰਣਾਲੀ ਤੋਂ ਭਗੌੜਾ ਨਹੀਂ ਹੈ। ਮਾਮਲੇ ਵਿਚ ਸ਼ਾਮਲ ਕੀਤੀਆਂ ਔਰਤਾਂ ਦੇ ਟੈਕਸਟ ਸੁਨੇਹਿਆਂ ਸਮੇਤ ਸਵੀਡਿਸ਼ ਮੁਕੱਦਮੇ ਦੇ ਦਸਤਾਵੇਜ਼ਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਸੈਕਸ ਨਾਲ ਸਬੰਧਤ ਇਲਜ਼ਾਮ ਕਿੰਨੇ ਬੇਤੁਕੇ ਹਨ। ਇਹ ਇਲਜ਼ਾਮ ਸਟਾਕਹੋਮ ਦੀ ਸੀਨੀਅਰ ਸਰਕਾਰੀ ਵਕੀਲ ਇਵਾ ਫ਼ਿਨੇ ਨੇ ਇਕ ਸਿਆਸਤਦਾਨ ਕਲੈਸ ਬੋਰਗਸਟਰ ਦੇ ਦਖ਼ਲਅੰਦਾਜ਼ੀ ਕਰਨ ਤੋਂ ਪਹਿਲਾਂ ਤੁਰੰਤ ਰੱਦ ਕਰ ਦਿੱਤੇ ਸਨ। ਬਰੈਡਲੇ ਮੈਨਿੰਗ ਦਾ ਮੁਕੱਦਮਾ ਸ਼ੁਰੂ ਹੋਣ ਦੇ ਮੁੱਢਲੇ ਅਮਲ ਸਮੇਂ ਅਮਰੀਕੀ ਫ਼ੌਜ ਦੇ ਇਕ ਜਾਂਚ ਅਧਿਕਾਰੀ ਨੇ ਪੁਸ਼ਟੀ ਕੀਤੀ ਸੀ ਕਿ ਐੱਫ.ਬੀ.ਆਈ. 'ਵਿਕੀਲੀਕਸ ਦੇ ਬਾਨੀਆਂ, ਮਾਲਕਾਂ ਜਾਂ ਪ੍ਰਬੰਧਕਾਂ' ਨੂੰ ਜਾਸੂਸੀ ਕਾਰਨ ਗੁਪਤ ਤੌਰ 'ਤੇ ਨਿਸ਼ਾਨਾ ਬਣਾ ਰਹੀ ਹੈ।

ਚਾਰ ਵਰ੍ਹੇ ਪਹਿਲਾਂ ਵਿਕੀਲੀਕਸ ਵਲੋਂ ਨਸ਼ਰ ਕੀਤੇ ਗਏ ਪੈਂਟਾਗਾਨ ਦੇ ਇਕ ਦਸਤਾਵੇਜ਼ ਜਿਸ ਵੱਲ ਘੱਟ ਹੀ ਗ਼ੌਰ ਕੀਤਾ ਗਿਆ, ਵਿਚ ਬਿਆਨ ਕੀਤਾ ਗਿਆ ਕਿ ਕਿਵੇਂ ਵਿਕੀਲੀਕਸ ਅਤੇ ਅਸਾਂਜ ਨੂੰ ਬਦਨਾਮ ਕਰਨ ਦੀ ਮੁਹਿੰਮ ਚਲਾ ਕੇ ਤਬਾਹ ਕੀਤਾ ਜਾਵੇਗਾ ਅਤੇ 'ਫ਼ੌਜਦਾਰੀ ਮੁਕੱਦਮੇ' ਵਿਚ ਫਸਾਇਆ ਜਾਵੇਗਾ। 18 ਅਗਸਤ ਨੂੰ 'ਸਿਡਨੀ ਮਾਰਨਿੰਗ ਹੇਰਾਲਡ' ਨੇ ਸੂਚਨਾ ਦੀ ਆਜ਼ਾਦੀ ਤਹਿਤ ਸਰਕਾਰੀ ਫਾਈਲਾਂ ਨਸ਼ਰ ਕਰਨ ਦੀ ਮੁਹਿੰਮ ਦੁਆਰਾ ਭੇਤ ਖੋਲ੍ਹਿਆ ਕਿ ਆਸਟਰੇਲੀਆ ਦੀ ਸਰਕਾਰ ਨੂੰ ਵਾਰ-ਵਾਰ ਪ੍ਰਮਾਣਿਕ ਖ਼ਬਰ ਮਿਲਦੀ ਰਹੀ ਸੀ ਕਿ ਅਮਰੀਕੀ ਹਕੂਮਤ ਅਸਾਂਜ ਦਾ 'ਬੇਮਿਸਾਲ' ਪਿੱਛਾ ਕਰ ਰਹੀ ਹੈ, ਪਰ ਇਸ ਨੇ ਕੋਈ ਉਜਰ ਨਹੀਂ ਕੀਤਾ। ਐਕੁਆਡੋਰ ਵਲੋਂ ਅਸਾਂਜ ਨੂੰ ਪਨਾਹ ਦੇਣ ਦੀ ਇਕ ਵਜ੍ਹਾ ਹੈ ਉਸ ਨੂੰ 'ਉਸ ਰਾਜ ਵੱਲੋਂ' ਬੇਸਹਾਰਾ ਛੱਡ ਦੇਣਾ 'ਜਿਸ ਦਾ ਉਹ ਨਾਗਰਿਕ ਹੈ'। 2010 ਵਿਚ ਆਸਟਰੇਲੀਆ ਦੀ ਫੈਡਰਲ ਪੁਲਿਸ ਦੀ ਜਾਂਚ ਵਿਚ ਸਾਹਮਣੇ ਆਇਆ ਸੀ ਕਿ ਅਸਾਂਜ ਅਤੇ ਵਿਕੀਲੀਕਸ ਦਾ ਕੋਈ ਜੁਰਮ ਨਹੀਂ ਬਣਦਾ। ਉਸ ਦਾ ਮੁਕੱਦਮਾ ਸਾਡੇ ਸਾਰਿਆਂ ਉਪਰ ਅਤੇ ਆਜ਼ਾਦੀ ਉਪਰ ਹਮਲਾ ਹੈ।

***ਅਨੁਵਾਦ: ਬੂਟਾ ਸਿੰਘ***
***ਫ਼ੋਨ:91-94634-74342***

# ਆਸਾਮ ਹਿੰਸਾ ਦੀਆਂ ਤਹਿਆਂ ਫਰੋਲਦਿਆਂ

ਆਸਾਮ ਵਿਚ ਹੋਈਆਂ ਹਿੰਸਕ ਵਾਰਦਾਤਾਂ ਦੇ ਨਤੀਜੇ ਵਜੋਂ ਦੇਸ਼ ਦੇ ਹੋਰ ਸੂਬਿਆਂ ਤੋਂ ਆਸਾਮ ਵੱਲ ਜੋ ਹਿਜਰਤ ਹੋਈ ਹੈ, ਉਸ ਦੀ ਤੁਲਨਾ ਦੇਸ਼ ਦੀ ਵੰਡ ਜਾਂ ਬੰਗਲਾਦੇਸ਼ ਦੀ ਜੰਗ ਦੌਰਾਨ ਲੋਕਾਂ ਵਿਚ ਮੱਚੀ ਸਰਹੱਦ ਪਾਰ ਕਰਨ ਦੀ ਭਗਦੜ ਨਾਲ ਕੀਤੀ ਜਾ ਸਕਦੀ ਹੈ। ਉੱਤਰ ਪੂਰਬ ਦੇ ਹਜ਼ਾਰਾਂ ਲੋਕ ਜੋ ਬੰਗਲੌਰ, ਚੇਨਈ, ਹੈਦਰਾਬਾਦ ਅਤੇ ਪੂਣੇ ਵਰਗੇ ਵੱਡੇ ਸ਼ਹਿਰਾਂ ਵਿਚ ਵੱਸ ਰਹੇ ਸਨ, ਉਹ

**ਪ੍ਰਫੁੱਲ ਬਿਦਵਈ**

ਡਰ ਅਤੇ ਘਬਰਾਹਟ ਕਾਰਨ ਆਪਣੇ ਜੱਦੀ ਸੂਬਿਆਂ ਵੱਲ ਵਾਪਸ ਭੱਜ ਉਠੇ।

ਡਰ ਅਤੇ ਘਬਰਾਹਟ ਕਾਰਨ ਹੋਈ ਇਸ ਹਿਜਰਤ ਦੀ ਸ਼ੁਰੂਆਤ ਹਮਲੇ ਕੀਤੇ ਜਾਣ ਦੀਆਂ ਅਫ਼ਵਾਹਾਂ ਨਾਲ ਹੋਈ ਜੋ ਕੰਪਿਊਟਰ ਦੁਆਰਾ ਬਣਾਈਆਂ ਗਈਆਂ ਝੂਠੀਆਂ ਤਸਵੀਰਾਂ, ਮੋਬਾਈਲ ਸੰਦੇਸ਼ਾਂ ਅਤੇ ਈ-ਮੇਲਾਂ ਰਾਹੀਂ ਭੇਜ ਕੇ ਫੈਲਾਈਆਂ ਗਈਆਂ ਤਾਂ ਕਿ ਭੜਕਾਹਟ ਪੈਦਾ ਕੀਤੀ ਜਾ ਸਕੇ। ਇਨ੍ਹਾਂ ਵਿਚੋਂ ਕੁਝ ਤਸਵੀਰਾਂ ਵਿਚ ਮਿਆਂਮਾਰ (ਬਰਮਾ) ਵਿਚ ਮੁਸਲਮਾਨਾਂ ਨੂੰ ਉਨ੍ਹਾਂ ਲੋਕਾਂ ਵੱਲੋਂ ਨਿਸ਼ਾਨਾ ਬਣਾਉਂਦੇ ਦਿਖਾਇਆ ਗਿਆ ਹੈ ਜੋ ਆਪਣੀ ਸ਼ਕਲ-ਸੂਰਤ ਅਤੇ ਕੱਦ-ਕਾਠੀ ਤੋਂ ਭਾਰਤ ਦੇ ਉੱਤਰੀ ਪੂਰਬੀ ਰਾਜਾਂ ਦੇ ਜਾਪਦੇ ਸਨ ਜਿਨ੍ਹਾਂ ਨੂੰ ਨਸਲਵਾਦੀ ਭਾਸ਼ਾ ਵਿਚ 'ਚਿੰਕੀ' ਜਾਂ 'ਮੰਗੋਲ' ਕਰਾਰ ਦਿੱਤਾ ਜਾਂਦਾ ਹੈ।

ਭਾਰਤ ਦੇ ਗ੍ਰਹਿ ਸਕੱਤਰ ਆਰ.ਕੇ. ਸਿੰਘ ਨੇ ਦੋਸ਼ ਲਾਇਆ ਹੈ ਕਿ ਥੋਕ ਵਿਚ ਭੇਜੇ ਗਏ ਈ-ਮੇਲਾਂ ਲਈ ਪਾਕਿਸਤਾਨ ਜ਼ਿੰਮੇਵਾਰ ਹੈ। ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਆਪਣੇ ਪਾਕਿਸਤਾਨੀ ਹਮ-ਰੁਤਬਾ ਰਹਿਮਾਨ ਮਲਿਕ ਤੋਂ ਸ਼ਰਾਰਤੀ ਤੱਤਾਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਝੂਠ ਫੈਲਾਉਣ ਦੀ ਇਸ ਮੁਹਿੰਮ ਜਿਸ ਨੂੰ ਵਧਾ-ਚੜ੍ਹਾ ਕੇ 'ਸਾਈਬਰ ਯੁੱਧ' ਜਾਂ 'ਸਾਈਕੀ ਜਹਾਦ' ਵੀ ਕਿਹਾ ਜਾ ਰਿਹਾ ਹੈ, ਪਿੱਛੇ ਪਾਕਿਸਤਾਨ ਦੇ ਕੁਝ ਇਸਲਾਮੀ ਅਤਿਵਾਦੀ ਵੀ ਹੋ ਸਕਦੇ ਹਨ, ਪਰ ਭਾਰਤੀ ਸੁਰੱਖਿਆ ਏਜੰਸੀਆਂ ਅਨੁਸਾਰ ਤਕਰੀਬਨ 240 ਸ਼ੱਕੀ ਵੈੱਬਸਾਈਟਾਂ/ਪੇਜਾਂ ਵਿਚੋਂ ਬਹੁਤੇ ਭਾਰਤ ਵਿਚੋਂ ਕੰਮ ਕਰ ਰਹੇ ਸਨ।

ਇਸ ਤੋਂ ਵੀ ਅਹਿਮ ਗੱਲ ਇਹ ਹੈ ਕਿ ਮੁਸਲਮਾਨਾਂ ਨੂੰ ਬਦਨਾਮ ਕਰਨ ਲਈ ਇਹ ਹਿੰਦੂਤਵਵਾਦੀ ਗੁੱਟਾਂ ਦੀ ਕਾਰਵਾਈ ਵੀ ਹੋ ਸਕਦੀ ਹੈ। ਇਸ ਦੀ ਪੁਸ਼ਟੀ ਉਨ੍ਹਾਂ ਭੜਕਾਊ ਬਿਆਨਾਂ ਤੋਂ ਵੀ ਹੁੰਦੀ ਹੈ ਜੋ ਆਸਾਮ ਦੇ ਜਾਤੀ ਦੰਗਿਆਂ ਬਾਰੇ ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐਸ.ਐਸ.) ਅਤੇ ਭਾਜਪਾ ਵੱਲੋਂ ਹਰ ਦਿਨ ਜਾਰੀ ਕੀਤੇ ਜਾ ਰਹੇ ਹਨ ਕਿ 'ਸਰਕਾਰ ਹੱਥ ਤੇ ਹੱਥ ਰੱਖੀ ਦੇਖ ਰਹੀ ਹੈ।' ਰਿਪੋਰਟਾਂ ਹਨ ਕਿ ਸੰਘ ਨੇ ਆਪਣੇ ਕੇਡਰਾਂ ਨੂੰ ਨਿਰਦੇਸ਼ ਦਿੱਤੇ ਕਿ 'ਆਸਾਮ ਵਿਚਲੇ ਤਣਾਅ ਅਤੇ ਉੱਤਰ ਪੂਰਬ ਦੇ ਲੋਕਾਂ ਨੂੰ ਮੌਜੂਦ ਖ਼ਤਰੇ ਨੂੰ' ਆਪਣੇ ਹੱਕ ਵਿਚ ਵਰਤਣ। ਅਸਲ ਵਿਚ ਉਨ੍ਹਾਂ ਦਾ ਮਕਸਦ ਉਤਰ-ਪੂਰਬ ਵਿਚ ਸੰਘ ਦੇ ਛੋਟੇ ਆਧਾਰ ਦਾ ਵਿਸਥਾਰ ਕਰਨਾ ਅਤੇ ਭਾਰਤ ਵਿਚ ਫ਼ਿਰਕੂ ਧਰੁਵੀਕਰਨ ਨੂੰ ਉਤਸ਼ਾਹਿਤ ਕਰਨਾ ਹੈ। ਅਤੀਤ ਵਿਚ ਫ਼ਿਰਕੂ ਹਿੰਸਾ ਨੂੰ ਭੜਕਾਉਣ ਲਈ ਸੰਘ ਨੇ ਅਫ਼ਵਾਹਾਂ ਫੈਲਾਉਣ ਅਤੇ ਝੂਠੀਆਂ ਖ਼ਬਰਾਂ ਦੀ ਵਰਤੋਂ ਕਰਨ ਵਿਚ ਮੁਹਾਰਤ ਦਿਖਾਈ ਹੈ। ਮਿਸਾਲ ਵਜੋਂ 1984 ਦੇ ਸਿੱਖ ਵਿਰੋਧੀ ਦੰਗਿਆਂ ਦੌਰਾਨ ਬੇਗੁਨਾਹ ਸਿੱਖਾਂ 'ਤੇ ਹਮਲਿਆਂ ਲਈ ਉਕਸਾਉਣ ਲਈ ਸੰਘ ਪਰਿਵਾਰ ਨੇ ਇਹ ਅਫ਼ਵਾਹਾਂ ਫੈਲਾਈਆਂ ਸਨ ਕਿ ਪੰਜਾਬ ਤੋਂ ਆਉਣ ਵਾਲੀਆਂ ਰੇਲਾਂ ਵਿਚ ਸਿੱਖਾਂ ਵੱਲੋਂ ਹਿੰਦੂਆਂ ਦਾ ਕਤਲ-ਏ-ਆਮ ਕੀਤਾ ਜਾ ਰਿਹਾ ਹੈ।

ਹਥਿਆਰਬੰਦ ਫ਼ੌਜਾਂ ਵਿਸ਼ੇਸ਼ ਅਧਿਕਾਰ ਐਕਟ ਵਰਗੇ ਬੇਰਹਿਮ ਕਾਨੂੰਨ ਰਾਹੀਂ ਉਨ੍ਹਾਂ ਉਪਰ ਠੋਸੇ ਗਏ ਅਨਿਆਂ, ਹਿੰਸਾ ਅਤੇ ਖ਼ੂਨ-ਖ਼ਰਾਬੇ ਨੂੰ ਘੱਟ ਤੋਂ ਘੱਟ ਕਿਆਸਦਿਆਂ ਉੱਤਰ-ਪੂਰਬ ਦੇ ਲੋਕਾਂ ਨੂੰ ਦੇਸ਼ ਦੇ 'ਨਿਸ਼ਚਿੰਤ ਨਾਗਰਿਕ' ਬਣਨ ਦਾ ਸੱਦਾ ਦਿੰਦਿਆਂ ਇਸ ਤਰ੍ਹਾਂ ਦੀ ਖੇਤਰੀ ਪ੍ਰਭੂਸੱਤਾ ਦਾ ਦਾਅਵਾ ਕਰਨ ਦੀ ਨਿਰਾਰਥਕਤਾ ਨੂੰ ਭਾਰਤ ਦੀ ਮੁੱਖ ਭੂਮੀ ਦੇ ਥੋੜ੍ਹੇ ਜਿਹੇ ਲੋਕ ਹੀ ਸਮਝਦੇ ਹਨ। ਇਸ ਐਕਟ ਤਹਿਤ ਫ਼ੌਜ ਕਿਸੇ ਨੂੰ ਵੀ ਮਹਿਜ਼ ਇਸ ਸ਼ੱਕ ਦੇ ਆਧਾਰ 'ਤੇ ਹੀ ਕਤਲ ਕਰ ਸਕਦੀ ਹੈ ਕਿ ਉਸ ਦਾ ਇਰਾਦਾ ਪਾਬੰਦੀ ਦੀ ਉਲੰਘਣਾ ਕਰਨ ਦਾ ਸੀ।

ਇਸ ਇਤਿਹਾਸਕ ਨਾ ਸਮਝੀ ਦੇ ਬਾਵਜੂਦ ਕਈ ਟਿੱਪਣੀਕਾਰ ਅਤੇ ਆਪੇ ਬਣੇ ਮਾਹਿਰ, ਜਿਨ੍ਹਾਂ ਵਿਚੋਂ ਬਹੁਤ ਸਾਰੇ ਉੱਤਰ-ਪੂਰਬੀ ਖੇਤਰ ਤੋਂ ਭੋਰਾ ਵੀ ਜਾਣੂ ਨਹੀਂ ਹਨ, ਬੋਡੋ ਖੇਤਰੀ ਖ਼ੁਦਮੁਖ਼ਤਿਆਰੀ ਜ਼ਿਲ੍ਹਿਆਂ (ਬੀ.ਟੀ.ਏ.ਡੀ.) ਵਿਚਲੇ ਝਗੜਿਆਂ ਲਈ ਕਥਿਤ ਤੌਰ 'ਤੇ ਬੰਗਲਾਦੇਸ਼ ਦੇ ਗ਼ੈਰ-ਕਾਨੂੰਨੀ ਪਰਵਾਸੀਆਂ ਦੇ 'ਵਧਦੇ ਹੜ੍ਹ' ਅਤੇ ਬੋਡੋ ਲੋਕਾਂ ਦੇ ਇਸ ਡਰ ਨੂੰ ਜ਼ਿੰਮੇਵਾਰ ਐਲਾਨਦੇ ਹਨ ਕਿ ਉਨ੍ਹਾਂ ਨੂੰ ਉਨ੍ਹਾਂ ਦੀ ਆਪਣੀ ਧਰਤੀ 'ਤੇ ਹੀ 'ਦੱਬਿਆ' ਜਾ ਰਿਹਾ ਹੈ।

ਆਦਰਸ਼ ਧਰਮ ਸ਼ਾਸਤਰੀ ਸਿਧਾਂਤ ਮੁਤਾਬਿਕ ਕਿਹਾ ਜਾ ਰਿਹਾ ਹੈ ਕਿ ਬੰਗਲਾਦੇਸ਼ੀ ਮੁਸਲਮਾਨ ਜਿਨ੍ਹਾਂ ਨੂੰ ਅਕਸਰ 'ਘੁਸਪੈਠੀਆਂ' ਦਾ ਨਾਂ ਦਿੱਤਾ ਜਾਂਦਾ ਹੈ ਅਤੇ ਜਿਨ੍ਹਾਂ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਸਰਹੱਦ ਪਾਰ ਕਰ ਕੇ ਆਏ ਬੰਗਾਲੀ ਭਾਸ਼ਾਈ ਹਿੰਦੂ ਪਰਵਾਸੀਆਂ ਤੋਂ ਵੱਖਰੇ ਮੰਨਿਆ ਗਿਆ ਹੈ, 20ਵੀਂ ਸਦੀ ਦੇ ਸ਼ੁਰੂਆਤੀ ਸਮੇਂ ਵਾਂਗ ਆਸਾਮ ਵਿਚ ਵੱਡੀ ਗਿਣਤੀ ਵਿਚ ਘੁਸਪੈਠ ਕਰ ਰਹੇ ਹਨ। ਉਹ ਗ਼ੈਰ-ਕਾਨੂੰਨੀ ਤੌਰ 'ਤੇ ਬੋਡੋ ਜ਼ਮੀਨਾਂ 'ਤੇ ਕਬਜ਼ੇ ਕਰ ਰਹੇ ਹਨ ਅਤੇ ਖੇਤਰ ਦੀ ਆਬਾਦੀ ਦਾ ਅਨੁਪਾਤ ਬਦਲ ਰਹੇ ਹਨ। ਇਸ ਦੇ ਨਤੀਜੇ ਵਜੋਂ ਹੋਣ ਵਾਲਾ ਵਿਰੋਧ ਹੀ ਹਾਲ ਹੀ ਦੇ ਝਗੜਿਆਂ ਦੀ ਜੜ੍ਹ ਬਣਿਆ।


ਇਸ ਸਿਧਾਂਤ ਦੀ ਕੱਟੜਵਾਦੀ ਵਿਆਖਿਆ ਜਿਵੇਂ ਸੰਘ ਪਰਿਵਾਰ ਦੇ ਅਨੁਸਾਰ ਮੁਸਲਮਾਨਾਂ ਦੇ ਉਥੇ ਆ ਕੇ ਵੱਸਣ ਦਾ ਮਤਲਬ 'ਵਡੇਰਾ ਬੰਗਲਾਦੇਸ਼' ਬਣਾਉਣ ਜਾਂ 'ਕੱਟੜਵਾਦੀ ਇਸਲਾਮ ਫੈਲਾਉਣ' ਦੀ ਸਾਜ਼ਿਸ਼ ਹੈ। ਭਾਜਪਾ ਦੀ ਇਹ ਗ਼ਲਤੀ ਕਹਿ ਲਉ ਜਾਂ ਉਸ ਦੀ ਇਹ ਸੁਭਾਵਿਕ ਹਾਲਤ ਹੈ ਕਿ ਉਹ ਹਰ ਚੀਜ਼ ਨੂੰ ਸੌੜੀ ਇਸਲਾਮੀ ਪ੍ਰਭਾਵ ਵਾਲੀ ਤਿਕੋਣ ਰਾਹੀਂ ਦੇਖਦੀ ਹੈ। ਉਦਾਰ ਵਿਆਖਿਆਕਾਰ ਵੀ ਹਿੰਸਾ ਲਈ 'ਬੇਹੱਦ' ਗਰੀਬ ਬੰਗਲਾਦੇਸ਼ ਦੇ ਮੁਸਲਮਾਨਾਂ ਦੇ ਪਰਵਾਸ ਨੂੰ ਸਮੱਸਿਆ ਲਈ ਜ਼ਿੰਮੇਵਾਰ ਮੰਨਦੇ ਹਨ ਜਿਸ ਨਾਲ ਬੀ.ਟੀ.ਏ.ਡੀ. ਵਿਚ ਤਣਾਅ ਪੈਦਾ ਹੁੰਦਾ ਹੈ।

ਉਂਜ, ਕਈ ਠੋਸ ਤੱਥ ਇਨ੍ਹਾਂ ਮਨਘੜਤ ਸਿਧਾਂਤਾਂ ਦੇ ਖ਼ਿਲਾਫ਼ ਜਾਂਦੇ ਹਨ। ਪਹਿਲੀ ਗੱਲ ਇਹ ਕਿ ਹਾਲ ਹੀ ਵਿਚ ਬੰਗਲਾਦੇਸ਼ ਦੇ ਮਨੁੱਖੀ ਵਿਕਾਸ ਸੂਚਕ ਅੰਕ ਭਾਰਤ ਨਾਲੋਂ ਬਿਹਤਰ ਦਰਜ ਹੋਏ ਹਨ। ਇਸ ਤਰ੍ਹਾਂ ਭਾਰਤ ਦੇ ਗਰੀਬ ਖੇਤਰਾਂ ਵਿਚ ਬੰਗਲਾਦੇਸ਼ੀ ਪਰਵਾਸ ਦੇ ਦਾਅਵੇ ਕਮਜ਼ੋਰ ਪੈ ਜਾਂਦੇ ਹਨ। ਦੂਜੀ ਗੱਲ ਇਹ ਕਿ ਸੀਮਾ ਦੀ ਬਿਹਤਰ ਘੇਰਾਬੰਦੀ ਕਾਰਨ ਬੰਗਲਾਦੇਸ਼ੀਆਂ ਦਾ ਭਾਰਤ ਵਿਚ ਦਾਖ਼ਲਾ ਬਹੁਤ ਘਟ ਗਿਆ ਹੈ। ਤੀਜੀ ਗੱਲ ਇਹ ਕਿ 1971 ਤੋਂ 2001 ਵਿਚਕਾਰ ਕੋਕਰਾਝਾਰ ਦੀ ਕੁੱਲ ਮੁਸਲਿਮ ਆਬਾਦੀ ਵਿਚ 15 ਤੋਂ 20 ਫ਼ੀਸਦੀ ਦਾ ਵਾਧਾ ਹੋਇਆ ਹੈ। ਇਹ ਕਤਈ ਚਿੰਤਾਜਨਕ ਨਹੀਂ ਹੈ।

ਝਗੜੇ ਦਾ ਇਕ ਹੋਰ ਕਾਰਨ ਵਡੇਰੇ ਪੱਛਮੀ ਆਸਾਮ ਖੇਤਰ ਵਿਚ ਸਿਆਸੀ ਨੁਮਾਇੰਦਗੀ ਨੂੰ ਲੈ ਕੇ ਹੈ ਜਿਥੇ ਲੋਕਤੰਤਰੀ ਉਪਾਵਾਂ ਦਾ ਸਹਾਰਾ ਲੈ ਕੇ ਮੁਸਲਮਾਨਾਂ ਨੇ ਲਾਭ ਉਠਾਏ ਹਨ। ਅੰਤਿਮ ਵਿਸ਼ਲੇਸ਼ਣ ਵਿਚ ਦੋਸ਼ੀ ਕੇਂਦਰ ਸਰਕਾਰ ਦੀ ਗ਼ਲਤ ਨੀਤੀ ਹੈ ਜੋ ਉੱਤਰ-ਪੂਰਬ ਵਿਚ ਜਨਜਾਤੀਆਂ ਲਈ 'ਹੋਮਲੈਂਡ' ਬਣਾਉਣ ਵੱਲ ਸੇਧਤ ਹੈ ਹਾਲਾਂਕਿ ਆਬਾਦੀ ਵਿਚ ਉਨ੍ਹਾਂ ਦਾ ਅਨੁਪਾਤ ਬਹੁਤ ਘੱਟ ਹੈ। ਇਸ ਨੂੰ ਸਹੀ ਕਰਨ ਲਈ ਮੋਕਲੇ ਦ੍ਰਿਸ਼ਟੀਕੋਣ ਦੀ ਲੋੜ ਹੈ ਜੋ ਕਿਤੇ ਵੀ ਨਜ਼ਰ ਨਹੀਂ ਆਉਂਦਾ।

# ਭਾਰਤ ਵਿਚ ਸਿਹਤ ਸੇਵਾਵਾਂ, ਮਨੁੱਖਤਾ ਅਤੇ ਪੈਸਾ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਸਵਾਲ ਕੀਤਾ ਜਾਂਦਾ ਹੈ ਕਿ ਭਾਰਤ ਵਿਚ ਮਨੁੱਖੀ ਜਾਨਾਂ ਪ੍ਰਤੀ ਹਮਦਰਦੀ ਦੀ ਇੰਨੀ ਘਾਟ ਕਿਉਂ ਸਾਹਮਣੇ ਆ ਰਹੀ ਹੈ? ਕਾਰਨ ਸਿਰਫ ਪੈਸਾ ਹੈ, ਜਿਸ ਨੇ ਮਨੁੱਖ ਨੂੰ ਮਨੁੱਖੀ ਭਾਵਨਾਵਾਂ ਤੋਂ ਅਸਲੋਂ ਹੀ ਸੱਖਣਾ ਕਰਨਾ ਸ਼ੁਰੂ ਕਰ ਦਿੱਤਾ ਹੈ। ਕਸੂਰ ਬਹੁਤਾ ਡਾਕਟਰੀ ਭਾਈਚਾਰੇ ਨਾਲ ਜੁੜੇ ਲੋਕਾਂ ਦਾ ਹੈ ਪਰ ਅਸੀਂ ਸਿਰਫ ਉਨ੍ਹਾਂ ਦਾ ਕਸੂਰ ਕੱਢ ਕੇ ਬਾਕੀ ਗੱਲਾਂ ਤੋਂ ਪਾਸਾ ਨਹੀਂ ਵੱਟ ਸਕਦੇ। ਕਾਰਨ ਸਮਾਜੀ ਵੀ ਹਨ ਤੇ ਸਰਕਾਰੀ ਨੀਤੀਆਂ ਦੇ ਵੀ। ਇਸ ਸਬੰਧ ਵਿਚ ਬਹੁਤ ਸਾਰੇ ਪੱਖਾਂ ਨੂੰ ਵਿਚਾਰਨ ਦੀ ਲੋੜ ਹੈ, ਜਿਹੜੇ ਸਰਕਾਰ, ਸਮਾਜ ਅਤੇ ਡਾਕਟਰ ਭਾਈਚਾਰੇ, ਤਿੰਨਾਂ ਨੂੰ ਹੀ ਕਟਹਿਰੇ ਵਿਚ ਖੜੇ ਕਰਨ ਲਈ ਮਜ਼ਬੂਤ ਆਧਾਰ ਬਣਦੇ ਹਨ।***

ਡੇਢ ਕੁ ਦਹਾਕਾ ਪਹਿਲਾਂ ਮਿਲੀ ਇਹ ਖਬਰ ਸਾਡੇ ਲਈ ਖੁਸ਼ੀ ਵਾਲੀ ਸੀ ਕਿ ਪੰਜਾਬ ਹੁਣ ਮੈਡੀਕੋ-ਟੂਰਿਜ਼ਮ ਵੱਲੋਂ ਖਿੱਚ ਪਾਊ ਕੇਂਦਰ ਬਣਦਾ ਜਾ ਰਿਹਾ ਹੈ। ਜਿਹੜੇ ਦੇਸ਼ ਜਾਂ ਰਾਜ ਟੂਰਿਜ਼ਮ ਦੇ ਪੱਖ ਤੋਂ ਕੁਝ ਵਿਕਾਸ ਕਰ ਲੈਣ, ਉਨ੍ਹਾਂ ਦੇ ਬਾਕੀ ਵਿਕਾਸ ਦੀ ਸੰਭਾਵਨਾ ਵਧ ਜਾਂਦੀ ਹੈ। ਪੰਜਾਬ ਵਿਚ ਟੂਰਿਜ਼ਮ ਦੀਆਂ ਅੰਤਾਂ ਦੀਆਂ ਸੰਭਾਵਨਾਵਾਂ ਦੇ ਬਾਵਜੂਦ ਅਸੀਂ ਉਨ੍ਹਾਂ ਦਾ ਲਾਭ ਨਹੀਂ ਲੈ ਸਕੇ। ਜੇ ਹੋਰ ਕੁਝ ਨਹੀਂ ਹੋ ਸਕਿਆ ਤਾਂ ਮੈਡੀਕੋ-ਟੂਰਿਜ਼ਮ ਹੀ ਸਹੀ, ਇਹ ਗੱਲ ਸੋਚ ਕੇ ਅਸੀਂ ਇਸ ਦੇ ਪੱਖ ਵਿਚ ਸਾਂ, ਪਰ ਇਸ ਦਾ ਮਤਲਬ ਇਹ ਬਿਲਕੁਲ ਨਹੀਂ ਕਿ ਇਥੇ ਡਾਕਟਰੀ ਸੇਵਾ ਵਧੀਆ ਸੀ, ਸਗੋਂ ਇਹ ਸੀ ਕਿ ਸੇਵਾ ਦਾ ਖਰਚ ਘੱਟ ਲੱਗਦਾ ਸੀ। ਦਿਲ ਦਾ ਅਪਰੇਸ਼ਨ ਇੰਗਲੈਂਡ ਵਿਚ ਨੈਸ਼ਨਲ ਹੈਲਥ ਸਰਵਿਸ ਲਈ ਚੌਦਾਂ ਹਜ਼ਾਰ ਪੌਂਡ ਦੇ ਕਰੀਬ ਪੈਂਦਾ ਸੀ, ਭਾਰਤ ਵਿਚ ਉਹ ਉਦੋਂ ਮਸਾਂ ਡੇਢ ਲੱਖ ਰੁਪਏ ਵਿਚ ਹੋ ਜਾਂਦਾ ਸੀ। ਨੈਸ਼ਨਲ ਹੈਲਥ ਸਰਵਿਸ ਆਪਣੇ ਮਰੀਜ਼ ਨੂੰ ਭਾਰਤ ਆਉਣ-ਜਾਣ ਦੇ ਉਸ ਦੇ ਆਪਣੇ ਖਰਚੇ ਦੇ ਨਾਲ ਉਸ ਦੇ ਪਰਿਵਾਰ ਦੇ ਇੱਕ ਮੈਂਬਰ ਲਈ ਵੀ ਇਹ ਖਰਚਾ ਅਤੇ ਪੰਜਾਹ ਹਜ਼ਾਰ ਰੁਪਏ ਹੋਰ ਦੇਣਾ ਮੰਨ ਜਾਂਦੀ ਸੀ, ਕਿਉਂਕਿ ਇਹ ਸਿਰਫ ਤਿੰਨ ਲੱਖ ਰੁਪਏ ਬਣਦੇ ਸਨ, ਜਿਹੜੇ ਬ੍ਰਿਟਿਸ਼ ਕਰੰਸੀ ਵਿਚ ਉਦੋਂ ਮਸਾਂ ਚਾਰ ਹਜ਼ਾਰ ਪੌਂਡ ਬਣਦੇ ਸਨ। ਇੰਜ ਉਹ ਅਪਰੇਸ਼ਨ ਵੀ ਕਰਵਾ ਦਿੰਦੀ, ਭਾਰਤ ਦੀ ਸੈਰ ਵੀ ਤੇ ਨਾਲੇ ਆਪਣੇ ਕਰੀਬ ਦਸ ਹਜ਼ਾਰ ਪੌਂਡ ਇੱਕ ਮਰੀਜ਼ ਪਿੱਛੇ ਬਚਾ ਲੈਂਦੀ ਸੀ। ਸਾਡੇ ਭਾਰਤ ਵਿਚ ਡਾਕਟਰਾਂ ਅਤੇ ਹੋਰ ਲੋਕਾਂ ਨੂੰ ਇਸ ਤੋਂ ਕੰਮ ਮਿਲਦਾ ਤੇ ਅਸੀਂ ਖੁਸ਼ ਹੁੰਦੇ ਸਾਂ।

ਇੱਕ ਵਾਰੀ ਫਿਰ ਇਹ ਕਹਿਣ ਦੀ ਆਗਿਆ ਦਿਓ ਕਿ ਇਸ ਵਰਤਾਰੇ ਦਾ ਕਾਰਨ ਸਸਤਾ ਹੋਣਾ ਵੱਧ ਸੀ ਤੇ ਕਿਸੇ ਦੀ ਤਸੱਲੀ ਮੁਤਾਬਕ ਸੇਵਾ ਪੇਸ਼ ਕਰਨ ਵਾਲਾ ਓਨਾ ਨਹੀਂ ਸੀ ਹੁੰਦਾ। ਕਈ ਮਾਮਲਿਆਂ ਵਿਚ ਉਥੋਂ ਆਏ ਲੋਕਾਂ ਨੂੰ ਇਹ ਸ਼ਿਕਵਾ ਰਹਿੰਦਾ ਸੀ ਕਿ ਪੈਸੇ ਲੈਣ ਦੇ ਬਾਵਜੂਦ ਇਥੇ ਚੰਗੇ ਮੰਨੇ ਜਾਂਦੇ ਹਸਪਤਾਲਾਂ ਵਿਚ ਵੀ ਪੂਰੀ ਸੇਵਾ ਨਹੀਂ ਮਿਲਦੀ ਤੇ ਹੋਰ ਤਾਂ ਹੋਰ, ਮਰੀਜ਼ ਦਾ ਮੂੰਹ ਪੂੰਝਣ ਲਈ ਵੀ ਬਾਹਰੋਂ ਉਸ ਦੇ ਪਰਿਵਾਰ ਦੇ ਜੀਆਂ ਨੂੰ ਉਚੇਚਾ ਸੱਦਿਆ ਜਾਂਦਾ ਹੈ। ਨਰਸ ਤੇ ਡਾਕਟਰ ਦਾ ਸੰਕਲਪ ਜਿਹੜੇ ਪੱਛਮੀ ਦੇਸ਼ਾਂ ਤੋਂ ਆਇਆ ਹੈ, ਉਥੇ ਮਰੀਜ਼ ਦੇ ਦਾਖਲ ਹੋ ਜਾਣ ਪਿੱਛੋਂ ਉਸ ਦੀ ਹਰ ਸਰੀਰਕ ਜ਼ਰੂਰਤ ਦਾ ਖਿਆਲ ਰੱਖਣਾ ਹਸਪਤਾਲ ਦੇ ਸਟਾਫ ਦੀ ਜ਼ਿੰਮੇਵਾਰੀ ਹੁੰਦੀ ਹੈ ਤੇ ਬਾਹਰੋਂ ਆਏ ਮਰੀਜ਼ਾਂ, ਮੈਡੀਕੋ-ਟੂਰਿਸਟਾਂ ਨੂੰ ਇਥੋਂ ਦੀ ਇਹ ਗੱਲ ਚੁਭਦੀ ਸੀ। ਅਸੀਂ ਆਸ ਕਰਦੇ ਸਾਂ ਕਿ ਇਦਾਂ ਦੀਆਂ ਸ਼ਿਕਾਇਤਾਂ ਦਾ ਖਿਆਲ ਕਰ ਕੇ ਪ੍ਰਬੰਧ ਸੁਧਾਰਿਆ ਜਾਵੇਗਾ ਪਰ ਹੋਇਆ ਇਹ ਕਿ ਸਿਰਫ ਕਮਾਈ ਦੀ ਝਾਕ ਵਿਚ ਖੁੱਲ੍ਹਦੇ ਜਾਂਦੇ ਹਸਪਤਾਲਾਂ ਦੀ ਬਹੁਤਾਤ ਨੇ ਹੋਰ ਵੀ ਕੰਮ ਵਿਗਾੜ ਦਿੱਤਾ। ਇਥੇ ਹੁਣ ਵੱਡੇ ਹਸਪਤਾਲਾਂ ਦੇ ਡਾਕਟਰਾਂ ਨੂੰ ਵੀ ਇਹ ਕਹਿੰਦੇ ਸੁਣਿਆ ਜਾਂਦਾ ਹੈ ਕਿ ਮੈਨੇਜਮੈਂਟ ਦਿੰਦੀ ਕੁਝ ਨਹੀਂ, ਜੇ ਮਰੀਜ਼ ਮਦਦ ਨਾ ਕਰਨ ਤਾਂ ਗੁਜ਼ਾਰਾ ਕਰਨਾ ਔਖਾ ਹੈ। ਇਹ ਇੱਕ ਇਸ਼ਾਰਾ ਹੁੰਦਾ ਹੈ ਕਿ ਸੇਵਾ ਕਰੋਗੇ ਤਾਂ ਮੋੜਵੀਂ ਸੇਵਾ ਕਰ ਦਿਆਂਗੇ। ਜਦੋਂ ਮਹਿੰਗੇ ਹਸਪਤਾਲਾਂ ਵਿਚ ਵੀ ਇਹ ਗੱਲ ਸੁਣ ਲਈ ਜਾਂਦੀ ਹੈ ਤਾਂ ਬਾਕੀ ਥਾਂਵਾਂ ਦੇ ਮਰੀਜ਼ਾਂ ਦੀ ਹਾਲਤ ਦਾ ਅੰਦਾਜ਼ਾ ਲਾਉਣਾ ਔਖਾ ਨਹੀਂ।

ਸਾਡੇ ਕੋਲ ਪਿਛਲੇ ਇੱਕ ਮਹੀਨੇ ਦੀਆਂ ਦੋ ਖਬਰਾਂ ਹਨ, ਜਿਨ੍ਹਾਂ ਵਿਚੋਂ ਇੱਕ ਵਿਚ ਅਪਰੇਸ਼ਨ ਕਰਦੇ ਡਾਕਟਰ ਨੇ ਮਰੀਜ਼ ਦੇ ਪੇਟ ਵਿਚ ਪੱਟੀ ਛੱਡ ਦਿੱਤੀ ਅਤੇ ਦੂਸਰੀ ਥਾਂ ਇੱਕ ਡਾਕਟਰ ਨੇ ਮਰੀਜ਼ ਦੇ ਪੇਟ ਵਿਚ ਕੈਂਚੀ ਪਈ ਰਹਿਣ ਦਿੱਤੀ। ਇੱਕ ਕੇਸ ਸਾਡੀ ਜਾਣਕਾਰੀ ਵਿਚ ਇਦਾਂ ਦਾ ਆਇਆ, ਜਿੱਥੇ ਇੱਕ ਐਨ ਆਰ ਆਈ ਮਰੀਜ਼ ਦੀਆਂ ਦੋਵਾਂ ਅੱਖਾਂ ਦਾ ਵਾਰੀ-ਵਾਰੀ ਅਪਰੇਸ਼ਨ ਕੀਤਾ ਗਿਆ। ਦੋ ਮਹੀਨੇ ਬਾਅਦ ਚੈਕ ਕਰਵਾਉਣ ਵੇਲੇ ਉਹ ਸਾਨੂੰ ਵੀ ਨਾਲ ਲੈ ਗਿਆ। ਉਸ ਨੇ ਡਾਕਟਰ ਨੂੰ ਦੱਸਿਆ ਕਿ ਉਸ ਦੀ ਇੱਕ ਅੱਖ ਅਪਰੇਸ਼ਨ ਤੋਂ ਬਾਅਦ ਨੇੜੇ ਵੱਧ ਵੇਖਦੀ ਹੈ ਤੇ ਦੂਸਰੀ ਤੋਂ ਦੂਰ ਦੀ ਚੀਜ਼ ਵੱਧ ਠੀਕ ਦਿੱਸਦੀ ਹੈ। ਡਾਕਟਰ ਨੇ ਚੈਕ ਕੀਤਾ ਤਾਂ ਗੱਲ ਸੱਚੀ ਨਿਕਲੀ। ਫਿਰ ਵੀ ਉਸ ਨੇ ਆਪਣੀ ਗਲਤੀ ਮੰਨਣ ਦੀ ਥਾਂ ਹੱਸ ਕੇ ਇਹ ਕਹਿ ਦਿੱਤਾ, "ਇਸ ਦਾ ਤਾਂ ਤੁਹਾਨੂੰ ਫਾਇਦਾ ਹੋ ਗਿਆ, ਬਗੈਰ ਐਨਕ ਤੋਂ ਇੱਕ ਅੱਖ ਨਾਲ ਪੜ੍ਹ ਲਿਆ ਕਰੋ ਤੇ ਦੂਸਰੀ ਕਾਰ ਚਲਾਉਣ ਵੇਲੇ ਕੰਮ ਆ ਜਾਵੇਗੀ।" ਉਸ ਮਿੱਤਰ ਨੇ ਜਦੋਂ ਕੇਸ ਕਰਨ ਦਾ ਦਬਕਾ ਮਾਰ ਦਿੱਤਾ ਤਾਂ ਡਾਕਟਰ ਨੇ ਅਗਲੇ ਹਫਤੇ ਦੋਬਾਰਾ ਮੁਫਤ ਅਪਰੇਸ਼ਨ ਕਰਨਾ ਮੰਨ ਲਿਆ, ਪਰ ਇਸ ਨਾਲ ਉਸ ਪਰਵਾਸੀ ਭਾਰਤੀ ਦੇ ਮਨ ਵਿਚ ਜਿਹੜੀ ਕੌੜ ਪੈਦਾ ਹੋਈ ਸੀ, ਉਸ ਦੀ ਚਰਚਾ ਲੰਡਨ ਤੱਕ ਜਾ ਕੇ ਹੋਈ ਸੀ।

ਇਨ੍ਹਾਂ ਵੱਡੇ ਅਖਵਾਉਂਦੇ ਮਹਿੰਗੇ ਹਸਪਤਾਲਾਂ ਦੀ ਹਾਲਤ ਦੱਸਣ ਤੋਂ ਬਾਅਦ ਅਸੀਂ ਇਹ ਦੱਸਣ ਦੀ ਆਗਿਆ ਮੰਗ ਸਕਦੇ ਹਾਂ ਕਿ ਜਿਨ੍ਹਾਂ ਆਮ ਲੋਕਾਂ ਕੋਲ ਚਾਰ ਪੈਸੇ ਨਹੀਂ ਹੁੰਦੇ, ਉਨ੍ਹਾਂ ਦੀ ਕੀ ਹਾਲਤ ਹੁੰਦੀ ਹੈ?

ਹਾਲੇ ਪਿਛਲੇ ਮਹੀਨੇ ਇੱਕ ਘਟਨਾ ਜਲੰਧਰ ਵਿਚ ਵਾਪਰੀ ਸੀ, ਜਿਸ ਨੇ ਪੰਜਾਬ ਦੇ ਸਾਰੇ ਸਿਹਤ ਵਿਭਾਗ ਨੂੰ ਤੇ ਮਨੁੱਖੀ ਅਧਿਕਾਰਾਂ ਦੇ ਕਮਿਸ਼ਨਾਂ ਤੱਕ ਨੂੰ ਵੀ ਹਿਲਾ ਦਿੱਤਾ ਸੀ। ਇੱਕ ਬੀਬੀ ਦੇ ਬੱਚਾ ਹੋਇਆ, ਜਿਹੜਾ ਜਨਮ ਵੇਲੇ ਦੀ ਕਿਸੇ ਅੜਿਚਣ ਕਾਰਨ ਇੰਕੂਬੇਟਰ ਵਿਚ ਰੱਖਿਆ ਜਾਣਾ ਬਣਦਾ ਸੀ, ਪਰ ਸਰਕਾਰੀ ਹਸਪਤਾਲ ਦੇ ਸਟਾਫ ਵਿਚੋਂ ਕਿਸੇ ਨੇ ਉਸ ਤੋਂ ਇਸ ਕੰਮ ਲਈ ਦੋ ਸੌ ਰੁਪਏ ਮੰਗ ਲਏ। ਉਸ ਵਿਚਾਰੀ ਕੋਲ ਇੰਨੇ ਪੈਸੇ ਨਹੀਂ ਸਨ। ਕਿਉਂਕਿ ਦੋ ਸੌ ਰੁਪਏ ਨਹੀਂ ਸੀ ਦਿੱਤੇ, ਇਸ ਲਈ ਉਸ ਦੇ ਬੱਚੇ ਨੂੰ ਇੰਕੂਬੇਟਰ ਤੋਂ ਬਾਹਰ ਰੱਖ ਦਿੱਤਾ ਗਿਆ ਤੇ ਬੱਚਾ ਮੌਤ ਦੀ ਝੋਲੀ ਪੈ ਗਿਆ। ਪੰਜਾਬ ਸਰਕਾਰ ਦੇ ਸਿਹਤ ਮੰਤਰੀ ਨੇ ਵੱਖਰੀ ਜਾਂਚ ਸ਼ੁਰੂ ਕਰਵਾ ਦਿੱਤੀ, ਉਹ ਵੀ ਭਾਜਪਾ ਦਾ ਆਗੂ ਹੈ ਤੇ ਉਸ ਦੇ ਨਾਲ ਸਬੰਧਤ ਚੀਫ ਪਾਰਲੀਮੈਂਟਰੀ ਸੈਕਟਰੀ ਡਾ. ਨਵਜੋਤ ਕੌਰ ਸਿੱਧੂ, ਜਿਹੜੀ ਭਾਜਪਾ ਐਮ ਪੀ ਨਵਜੋਤ ਸਿੱਧੂ ਦੀ ਪਤਨੀ ਹੈ, ਨੇ ਵੱਖਰੀ ਜਾਂਚ ਦਾ ਹੁਕਮ ਦੇ ਦਿੱਤਾ। ਕਿਸੇ ਮਾਂ ਦਾ ਬੱਚਾ ਮਰ ਗਿਆ, ਭਾਜਪਾ ਦੇ ਆਗੂ ਆਪਣੀ ਪਾਰਟੀ ਦੇ ਅੰਦਰ ਦਾ ਸਿੜ੍ਹੀ-ਸਿਆਪਾ ਛੋਹ ਕੇ ਬੈਠ ਗਏ। ਹੋਇਆ ਸਿਰਫ ਏਨਾ ਕਿ ਡਾਕਟਰ ਦੀ ਬਦਲੀ ਹੋ ਗਈ, ਦੋ-ਚਾਰ ਹੋਰਨਾਂ ਨੂੰ ਝਿੜਕਾਂ ਪੈ ਗਈਆਂ ਪਰ ਪਰਨਾਲਾ ਫਿਰ ਉਥੇ ਦਾ ਉਥੇ ਰਹਿ ਗਿਆ।

ਹੁਣ ਉਸੇ ਹਸਪਤਾਲ ਵਿਚ ਇੱਕ ਹੋਰ ਘਟਨਾ ਵਾਪਰ ਗਈ ਹੈ। ਇੱਕ ਬੀਬੀ ਜਣੇਪੇ ਲਈ ਲਿਆਂਦੀ ਗਈ ਸੀ। ਡਾਕਟਰ ਨੇ ਕਿਹਾ ਕਿ ਜਾ ਕੇ ਪਹਿਲਾਂ ਇਸ ਦੀ ਦਾਖਲਾ ਪਰਚੀ ਬਣਵਾ ਕੇ ਲਿਆਓ, ਫਿਰ ਅਪਰੇਸ਼ਨ ਹੋਵੇਗਾ। ਪਰਚੀ ਬਣਾਉਣ ਵਿਚ ਏਨੀ ਦੇਰ ਹੋ ਗਈ ਕਿ ਉਸ ਬੀਬੀ ਨੇ ਸਰਕਾਰੀ ਹਸਪਤਾਲ ਦੀ ਰਿਸੈਪਸ਼ਨ ਦੇ ਕਾਊਂਟਰ ਮੂਹਰੇ ਖੜੀ ਨੇ ਬੱਚੇ ਨੂੰ ਜਨਮ ਦੇ ਦਿੱਤਾ। ਸਬੰਧਤ ਡਾਕਟਰ ਜਾਂ ਹੋਰ ਸਟਾਫ ਨੂੰ ਉਸ ਦੀ ਹਾਲਤ ਵੇਖ ਕੇ ਇਹ ਨਹੀਂ ਸੀ ਕਰਨਾ ਚਾਹੀਦਾ ਕਿ ਉਸ ਨੂੰ ਪਹਿਲਾਂ ਪਰਚੀ ਬਣਵਾਉਣ ਨੂੰ ਕਹਿੰਦੇ, ਉਸੇ ਵੇਲੇ ਉਸ ਨੂੰ ਅਪਰੇਸ਼ਨ ਥੀਏਟਰ ਵੱਲ ਲਿਜਾਣਾ ਚਾਹੀਦਾ ਸੀ, ਪਰ ਇਥੇ ਇਹੋ ਜਿਹੀਆਂ ਗੱਲਾਂ ਆਮ ਹੋ ਜਾਂਦੀਆਂ ਹਨ।

ਕੁਝ ਲੋਕ ਇਹ ਕਹਿ ਸਕਦੇ ਹਨ ਕਿ ਇਦਾਂ ਪੰਜਾਬ ਵਿਚ ਹੀ ਵਾਪਰਦਾ ਹੈ, ਪਰ ਇਹ ਗੱਲ ਗਲਤ ਹੋਵੇਗੀ। ਜਿਸ ਚੰਡੀਗੜ੍ਹ ਵਿਚ ਦੋ ਰਾਜਾਂ ਦੀਆਂ ਸਰਕਾਰਾਂ ਹੋਣ ਤੋਂ ਇਲਾਵਾ ਸਿੱਧੀ ਕੇਂਦਰ ਸਰਕਾਰ ਦੀ ਕਮਾਨ ਹੈ, ਉਸ ਦੇ ਸਭ ਤੋਂ ਵੱਡੇ ਹਸਪਤਾਲ ਪੀ ਜੀ ਆਈ ਵਿਚ ਪਿਛਲੇਰੇ ਸਾਲ ਇੱਕ ਬੀਬੀ ਜਣੇਪੇ ਲਈ ਲਿਆਂਦੀ ਗਈ। ਵੀ ਆਈ ਪੀ ਮਰੀਜ਼ਾਂ ਲਈ ਹਰ ਵਕਤ ਆਓ-ਭਗਤ ਨੂੰ ਤਿਆਰ ਰਹਿਣ ਵਾਲੇ ਇਸ ਅਦਾਰੇ ਨੇ ਉਸ ਗਰੀਬੜੀ ਨੂੰ ਜਨਰਲ ਹਸਪਤਾਲ ਵੱਲ ਤੋਰ ਦਿੱਤਾ ਤੇ ਉਥੋਂ ਦੇ ਡਾਕਟਰਾਂ ਨੇ ਪਹਿਲਾਂ ਪਰਚੀ ਬਣਵਾਉਣ ਨੂੰ ਕਹਿ ਦਿੱਤਾ। ਬੀਬੀ ਦਾ ਪਤੀ ਪਰਚੀ ਬਣਵਾ ਕੇ ਦੇਣ ਲੱਗਾ ਤਾਂ ਉਸ ਕੋਲ ਟੁੱਟੇ ਪੈਸੇ ਨਹੀਂ ਸੀ। ਰਿਸੈਪਸ਼ਨ ਵਾਲਿਆਂ ਨੇ ਇਹ ਕਹਿ ਦਿੱਤਾ ਕਿ ਪਹਿਲਾਂ ਟੁੱਟੇ ਪੈਸੇ ਲੈ ਕੇ ਆਓ, ਪਰਚੀ ਫੇਰ ਬਣੇਗੀ। ਟੁੱਟੇ ਪੈਸੇ ਲਿਆਉਣ ਵਿਚ ਏਨੀ ਦੇਰ ਹੋ ਗਈ ਕਿ ਤਿੰਨ ਰਾਜਾਂ ਦੀ ਰਾਜਧਾਨੀ ਵਾਲੇ ਸ਼ਹਿਰ ਵਿਚ ਹਸਪਤਾਲ ਦੇ ਕਾਊਂਟਰ ਅੱਗੇ ਖੜੀ ਉਸ ਬੀਬੀ ਦਾ ਬੱਚਾ ਹੇਠਾਂ ਫਰਸ਼ ਉਤੇ ਜਾ ਡਿੱਗਾ ਸੀ।

ਇਥੇ ਆ ਕੇ ਇਹ ਸਵਾਲ ਕੀਤਾ ਜਾਂਦਾ ਹੈ ਕਿ ਭਾਰਤ ਵਿਚ ਮਨੁੱਖੀ ਜਾਨਾਂ ਪ੍ਰਤੀ ਹਮਦਰਦੀ ਦੀ ਇੰਨੀ ਘਾਟ ਕਿਉਂ ਸਾਹਮਣੇ ਆ ਰਹੀ ਹੈ? ਕਾਰਨ ਸਿਰਫ ਪੈਸਾ ਹੈ, ਜਿਸ ਨੇ ਮਨੁੱਖ ਨੂੰ ਮਨੁੱਖੀ ਭਾਵਨਾਵਾਂ ਤੋਂ ਅਸਲੋਂ ਹੀ ਸੱਖਣਾ ਕਰਨਾ ਸ਼ੁਰੂ ਕਰ ਦਿੱਤਾ ਹੈ। ਕਸੂਰ ਬਹੁਤਾ ਡਾਕਟਰੀ ਭਾਈਚਾਰੇ ਨਾਲ ਜੁੜੇ ਲੋਕਾਂ ਦਾ ਹੈ ਪਰ ਅਸੀਂ ਸਿਰਫ ਉਨ੍ਹਾਂ ਦਾ ਕਸੂਰ ਕੱਢ ਕੇ ਬਾਕੀ ਗੱਲਾਂ ਤੋਂ ਪਾਸਾ ਨਹੀਂ ਵੱਟ ਸਕਦੇ। ਕਾਰਨ ਸਮਾਜੀ ਵੀ ਹਨ ਤੇ ਸਰਕਾਰੀ ਨੀਤੀਆਂ ਦੇ ਵੀ। ਇਸ ਸਬੰਧ ਵਿਚ ਬਹੁਤ ਸਾਰੇ ਪੱਖਾਂ ਨੂੰ ਵਿਚਾਰਨ ਦੀ ਲੋੜ ਹੈ, ਜਿਹੜੇ ਸਰਕਾਰ, ਸਮਾਜ ਅਤੇ ਡਾਕਟਰ ਭਾਈਚਾਰੇ, ਤਿੰਨਾਂ ਨੂੰ ਹੀ ਕਟਹਿਰੇ ਵਿਚ ਖੜੇ ਕਰਨ ਲਈ ਮਜ਼ਬੂਤ ਆਧਾਰ ਬਣਦੇ ਹਨ।

ਪਹਿਲੀ ਗੱਲ ਇਹ ਹੈ ਕਿ ਹੁਣ ਡਾਕਟਰੀ ਕਿੱਤੇ ਵੱਲ ਲੋਕ ਕਿਸੇ ਸੇਵਾ ਭਾਵਨਾ ਨਾਲ ਉਕਾ ਨਹੀਂ ਆ ਰਹੇ, ਸਗੋਂ ਇਹ ਸੋਚ ਕੇ ਆਉਂਦੇ ਹਨ ਕਿ ਇਸ ਪਾਸੇ ਪੈਸਾ ਬਹੁਤ ਹੈ। ਅੱਜ-ਕੱਲ੍ਹ ਡਾਕਟਰਾਂ ਬਾਰੇ ਇਹ ਕਿਹਾ ਜਾਣ ਲੱਗਾ ਹੈ ਕਿ ਉਹ ਬੱਚਿਆਂ ਦੇ ਜਨਮ ਵੇਲੇ ਹੀ ਸੋਚਣ ਲੱਗ ਪੈਂਦੇ ਹਨ ਕਿ ਘਰ ਵਿਚ ਕਿਹੜੀ ਲਾਈਨ ਦਾ ਡਾਕਟਰ ਅਜੇ ਤੱਕ ਕੋਈ ਨਹੀਂ ਬਣਿਆ, ਇਸ ਨੂੰ ਉਸੇ ਪਾਸੇ ਪਾਉਣਾ ਹੈ। ਬੱਚਿਆਂ ਦੇ ਵਿਆਹ ਕਰਨ ਵੇਲੇ ਵੀ ਇਹ ਪੱਖ ਸੋਚਿਆ ਜਾਂਦਾ ਹੈ ਕਿ ਜਿਸ ਕਿਸਮ ਦੀ ਪੁੱਤਰ ਜਾਂ ਧੀ ਦੀ ਸਪੈਸ਼ਲਾਇਜ਼ੇਸ਼ਨ ਹੈ, ਉਸੇ ਤਰ੍ਹਾਂ ਦੇ ਸਹਿਯੋਗ ਵਾਲਾ ਜਵਾਈ ਜਾਂ ਨੂੰਹ ਲੈ ਆਂਦਾ ਜਾਵੇ ਤਾਂ ਠੀਕ ਰਹੇਗਾ। ਡਾਕਟਰ ਦਾ ਪੁੱਤਰ ਡਾਕਟਰ ਹੀ ਬਣੇਗਾ, ਉਹ ਟੈਸਟ ਪਾਸ ਵੀ ਜ਼ਰੂਰ ਕਰ ਲਵੇਗਾ, ਇਹ ਪੱਕਾ ਨਹੀਂ ਹੁੰਦਾ ਪਰ ਪੱਕਾ ਕਰ ਲਿਆ ਜਾਂਦਾ ਹੈ। ਦਿਲ ਦੇ ਰੋਗਾਂ ਦੇ ਇੱਕ ਡਾਕਟਰ ਨੇ ਕੁਝ ਸਾਲ ਪਹਿਲਾਂ ਸਾਨੂੰ ਇਹ ਦੱਸ ਕੇ ਹੈਰਾਨ ਕਰ ਦਿੱਤਾ ਕਿ ਉਸ ਦੀ ਧੀ ਦੋ ਵਾਰੀ ਰਹਿ ਗਈ, ਫਿਰ ਤੀਹ ਲੱਖ ਰੁਪਏ ਲਾ ਕੇ ਸੀਟ ਦਿਵਾਈ ਹੈ, ਕਿਉਂਕਿ ਇਕਲੌਤੀ ਧੀ ਹੈ, ਡਾਕਟਰ ਹੋਵੇਗੀ ਤਾਂ ਡਾਕਟਰ ਜਵਾਈ ਮਿਲ ਜਾਵੇਗਾ, ਵਰਨਾ ਸਾਡੇ ਹਸਪਤਾਲ ਨੂੰ ਸੰਭਾਲਣ ਦੀ ਸਮੱਸਿਆ ਖੜੀ ਹੋ ਜਾਣੀ ਸੀ। ਇੰਨੇ ਪੈਸੇ ਦੇ ਕੇ ਡਾਕਟਰ ਬਣਨ ਵਾਲੇ ਫਿਰ ਸੇਵਾ ਤਾਂ ਨਹੀਂ ਕਰਨਗੇ।

ਦੂਸਰੀ ਸਮੱਸਿਆ ਸਰਕਾਰ ਦੇ ਵਿਹਾਰ ਤੋਂ ਉਪਜਦੀ ਹੈ। ਇਹ ਗੱਲ ਆਮ ਕਹੀ ਜਾਂਦੀ ਹੈ ਕਿ ਕਈ ਡਾਕਟਰ ਲੋੜ ਤੋਂ ਬਿਨਾਂ ਵੀ ਦਵਾਈਆਂ ਲਿਖੀ ਜਾਂਦੇ ਹਨ, ਕਿਉਂਕਿ ਉਹ ਇੱਕ ਜਾਂ ਦੂਸਰੀ ਦਵਾਈਆਂ ਦੀ ਕੰਪਨੀ ਤੋਂ ਕਮਿਸ਼ਨ ਲੈਂਦੇ ਹਨ। ਕੋਈ ਵੀ ਇਸ ਦੋਸ਼ ਨੂੰ ਰੱਦ ਨਹੀਂ ਕਰਦਾ ਪਰ ਇੱਕ ਹੋਰ ਗੱਲ ਅੱਖੋਂ ਪਰੋਖੇ ਕੀਤੀ ਜਾਂਦੀ ਹੈ। ਦੇਸ਼ ਵਿਚ ਇੱਕ ਸਰਕਾਰ ਹੈ, ਜਿਸ ਦਾ ਕੰਮ ਇਸ ਭ੍ਰਿਸ਼ਟਾਚਾਰ ਨੂੰ ਨੱਥ ਪਾਉਣਾ ਹੈ, ਪਰ ਉਹ ਇਸ ਵਰਤਾਰੇ ਨੂੰ ਜਾਣਦੇ ਹੋਏ ਵੀ ਰੋਕਦੀ ਨਹੀਂ। ਉਸ ਨੇ ਤਾਂ ਕਦੇ ਇਹ ਕੋਸ਼ਿਸ਼ ਵੀ ਨਹੀਂ ਕੀਤੀ ਕਿ ਡਾਕਟਰੀ ਕਿੱਤੇ ਵਿਚ ਲੱਗੇ ਹੋਏ ਲੋਕਾਂ ਨੂੰ ਨਵੀਆਂ ਇਲਾਜ ਪ੍ਰਣਾਲੀਆਂ ਦੀਆਂ ਖੋਜਾਂ ਬਾਰੇ ਕੋਈ ਜਾਣਕਾਰੀ ਦੇ ਦੇਵੇ। ਦਵਾਈਆਂ ਵਾਲੀਆਂ ਕੰਪਨੀਆਂ ਇਸ ਤਰ੍ਹਾਂ ਦਾ ਕੰਮ ਵੀ ਕਰਦੀਆਂ ਹਨ। ਉਹ ਡਾਕਟਰਾਂ ਲਈ ਖਾਸ ਖਿੱਚ ਦੇ ਟੂਰਿਸਟ ਟਿਕਾਣਿਆਂ ਉਤੇ ਜਾ ਕੇ ਸਿੱਖਣ ਦੇ ਥੋੜ੍ਹੇ-ਬਹੁਤ ਕੈਂਪ ਵਗੈਰਾ ਲਾ ਕੇ ਉਨ੍ਹਾਂ ਦਾ ਮਨੋਰੰਜਨ ਵੀ ਕਰਵਾ ਦਿੰਦੀਆਂ ਹਨ, ਕੁਝ ਨਾ ਕੁਝ ਨਵਾਂ ਸਿਖਾ ਦਿੰਦੀਆਂ ਹਨ ਤੇ ਅੱਗੋਂ ਲਈ ਆਪਣੇ ਕਮਿਸ਼ਨ ਏਜੰਟ ਵੀ ਬਣਾ ਲੈਂਦੀਆਂ ਹਨ। ਸਰਕਾਰ ਕੇਂਦਰ ਦੀ ਹੋਵੇ ਜਾਂ ਰਾਜ ਦੀ, ਕਿਸੇ ਨੇ ਵੀ ਡਾਕਟਰਾਂ ਨੂੰ ਇੰਜ ਪੈਸੇ ਦੇ ਪੁੱਤ ਬਣਾਏ ਜਾਣ ਦੀ ਖੇਡ ਨੂੰ ਕਦੇ ਰੋਕਿਆ ਕਿਉਂ ਨਹੀਂ?

ਤੀਸਰੀ ਧਿਰ ਸਾਡਾ ਸਮਾਜ ਹੈ। ਅਸੀਂ ਇਹ ਸੋਚ ਕੇ ਚੁੱਪ ਰਹਿੰਦੇ ਹਾਂ ਕਿ ਸਾਨੂੰ ਬੋਲਣ ਦੀ ਲੋੜ ਨਹੀਂ। ਕਿਸੇ ਹੋਰ ਦੇ ਨਾਲ ਹੋ ਰਹੀ ਬੇਇਨਸਾਫੀ ਵੇਲੇ ਜੇ ਸਾਨੂੰ ਬੋਲਣ ਦੀ ਲੋੜ ਨਹੀਂ ਤਾਂ ਜਿਸ ਦਿਨ ਸਾਡੇ ਨਾਲ ਹੋਈ, ਉਸ ਦਿਨ ਉਨ੍ਹਾਂ ਨੂੰ ਵੀ ਬੋਲਣ ਦੀ ਲੋੜ ਨਹੀਂ ਹੋਣੀ। ਸਾਨੂੰ ਖੁੱਲ੍ਹ ਕੇ ਬੋਲਣਾ ਚਾਹੀਦਾ ਹੈ। ਜਦੋਂ ਤੇ ਜਿੱਥੇ ਕੋਈ ਮਾੜੀ ਮਿਸਾਲ ਸਾਹਮਣੇ ਆਉਂਦੀ ਹੈ, ਉਸ ਨੂੰ ਲੈ ਕੇ ਚੁੱਪ ਤੋੜਨੀ ਅਤੇ ਸਮਾਜ ਨੂੰ ਸਮਾਜ ਹੋਣ ਦਾ ਫਰਜ਼ ਨਿਭਾਉਣਾ ਚਾਹੀਦਾ ਹੈ। ਅਸੀਂ ਬਾਪੂ ਗਾਂਧੀ ਦੇ ਤਿੰਨ ਬਾਂਦਰਾਂ ਵਿਚੋਂ ਨਹੀਂ, ਜਿਨ੍ਹਾਂ ਨੂੰ ਬੁਰਾ ਨਾ ਬੋਲਣ ਦਾ ਚੰਗਾ ਸਬਕ ਸਿਖਾਉਣ ਵਾਲਾ ਬਾਪੂ ਕਿਸੇ ਥਾਂ ਬੁਰਾ ਹੁੰਦਾ ਵੇਖ ਕੇ ਅੱਖਾਂ ਅਤੇ ਕੰਨ ਬੰਦ ਰੱਖਣ ਦੀ ਆਦਤ ਵੀ ਪਾ ਗਿਆ ਸੀ। ਇਹ ਸਮਾਜ ਸਾਡਾ ਹੈ ਤੇ ਇਸ ਵਿਚ ਚੰਗਾ ਵਾਪਰਦੇ ਦਾ ਲਾਭ ਹੋਵੇ ਜਾਂ ਨਾ ਹੋਵੇ, ਜੋ ਕੁਝ ਮਾੜਾ ਪੈਂਦਾ ਹੋਵੇਗਾ, ਉਹ ਕਦੇ ਨਾ ਕਦੇ ਸਾਨੂੰ ਵੀ ਭੁਗਤਣਾ ਪੈ ਸਕਦਾ ਹੈ। ਉਹ ਘੜੀ ਆਉਣ ਤੋਂ ਪਹਿਲਾਂ ਚੁੱਪ ਤੋੜੀਏ, ਅੱਜ ਨਹੀਂ ਤਾਂ ਕੱਲ੍ਹ, ਇਹ ਚੁੱਪ ਤੋੜਨੀ ਹੀ ਪੈਣੀ ਹੈ।

---

## ਸੰਪਾਦਕ ਦੀ ਡਾਕ

# ਵੀਨਾ ਵਰਮਾ ਦੀ ਕਹਾਣੀ 'ਛੋਟੀ ਸਰਦਾਰਨੀ'

ਸਤਿਕਾਰਯੋਗ ਸੰਪਾਦਕ ਜੀ,

ਬੜੇ ਚਿਰਾਂ ਦਾ ਸੋਚਦਾ ਹੀ ਰਹਿੰਦਾ ਸਾਂ ਪਰ ਅੱਜ ਦਿਲ ਨੇ ਮਜਬੂਰ ਕੀਤੈ ਕਿ ਸਭ ਦੀ ਹਰਮਨ ਪਿਆਰੀ ਅਖਬਾਰ 'ਪੰਜਾਬ ਟਾਈਮਜ਼' ਵਿਚ ਜੋ ਤੁਸੀਂ ਉਚ-ਕੋਟੀ ਦਾ ਸਾਹਿਤ ਛਾਪ ਕੇ ਆਪਣੇ ਪਾਠਕਾਂ ਦੀ ਭੁੱਖ ਪੂਰਦੇ ਹੋ, ਉਸ ਲਈ ਦੋ ਸ਼ਬਦ ਲਿਖ ਹੀ ਦਿਆਂ।

18 ਅਗਸਤ ਦੇ ਅਖਬਾਰ ਵਿਚ ਇੰਗਲੈਂਡ ਦੀ ਕਹਾਣੀਕਾਰਾ ਵੀਨਾ ਵਰਮਾ ਦੀ ਲਿਖੀ ਖ਼ੂਬਸੂਰਤ ਕਹਾਣੀ 'ਛੋਟੀ ਸਰਦਾਰਨੀ' ਪੜ੍ਹਨ ਨੂੰ ਮਿਲੀ। ਵੀਨਾ ਵਰਮਾ ਦੀ ਇਕ ਕਹਾਣੀਆਂ ਦੀ ਕਿਤਾਬ 'ਜੋਗੀਆਂ ਦੀ ਧੀ' ਮੈਂ ਪਹਿਲਾਂ ਵੀ ਪੜ੍ਹ ਚੁੱਕਾ ਹਾਂ ਅਤੇ ਇਹ ਕਿਤਾਬ ਪੜ੍ਹਨ ਦੇ ਦਿਨ ਤੋਂ ਹੀ ਉਨ੍ਹਾਂ ਦੀ ਲੇਖਣੀ ਦਾ ਕਾਇਲ ਹੋ ਗਿਆ ਸਾਂ। ਵੀਨਾ ਵਰਮਾ ਇਕ ਬੇਬਾਕ 'ਤੇ ਦਲੇਰ ਕਹਾਣੀਕਾਰਾ ਤਾਂ ਹੈ ਹੀ ਪਰ ਜਿਸ ਬਾਰੀਕੀ ਨਾਲ ਉਸ ਨੇ ਖਾਸ ਕਰ ਪ੍ਰਦੇਸਾਂ ਵਿਚ ਰਹਿੰਦੀਆਂ ਔਰਤਾਂ ਦੀਆਂ ਦੁਸ਼ਵਾਰੀਆਂ ਅਤੇ ਉਨ੍ਹਾਂ ਦੀ ਮਾਨਸਿਕ ਅਵਸਥਾ ਦਾ ਵਰਣਨ ਆਪਣੀਆਂ ਕਹਾਣੀਆਂ ਵਿਚ ਕੀਤਾ ਹੈ, ਉਹ ਔਰਤਾਂ ਦੀ ਮਸੀਹਾ ਬਣ ਕੇ ਉਨ੍ਹਾਂ ਦੇ ਅੰਗ-ਸੰਗ ਖੜ੍ਹੀ ਜਾਪਦੀ ਹੈ। ਉਸ ਨੇ ਆਪਣੀਆਂ ਕਹਾਣੀਆਂ ਲਈ ਵਿਸ਼ੇ ਵਜੋਂ ਆਪਣੇ ਚੁਗਿਰਦੇ ਦੇ ਸਮਾਜਕ ਵਰਤਾਰਿਆਂ, ਖਾਸ ਕਰ ਔਰਤਾਂ ਨਾਲ ਹੁੰਦੇ ਅਨਿਆਂ, ਉਨ੍ਹਾਂ ਦੀ ਆਜ਼ਾਦੀ ਨਾਲ ਜੀਊਣ ਦੀ ਤੜਪ ਅਤੇ ਆਪਣੇ ਹੱਕਾਂ ਨੂੰ ਪਾਣ ਦੀ ਚਾਹਤ ਨੂੰ ਹੀ ਵਿਸ਼ੇਸ਼ ਤੌਰ 'ਤੇ ਚੁਣਿਆ ਹੈ। ਉਸ ਦੀ ਹਰ ਕਹਾਣੀ ਵਿਚ ਪਾਤਰ ਉਸਾਰੀ ਕਮਾਲ ਦੀ ਹੈ ਜਿਨ੍ਹਾਂ ਵਿਚ ਵਿਅੰਗ ਵੀ ਹੈ, ਸੰਦੇਸ਼ ਵੀ ਹੈ ਅਤੇ ਨਾਲ ਹੀ ਸਮਾਜ ਦੇ ਸਾਹਮਣੇ ਉਹ ਕੁੱਝ ਸਵਾਲ ਵੀ ਰਖ ਜਾਂਦੀ ਹੈ। ਔਰਤਾਂ ਦੇ ਮਨੋਵੇਗ ਤੇ ਜਜ਼ਬਾਤ ਦਾ ਜਿਸ ਤਰ੍ਹਾਂ ਹੂ-ਬ-ਹੂ ਚਿਤਰਣ ਵੀਨਾ ਵਰਮਾ ਨੇ ਕੀਤਾ ਹੈ, ਪਹਿਲਾਂ ਕਦੇ ਵੀ ਪੜ੍ਹਨ ਨੂੰ ਨਹੀਂ ਮਿਲਿਆ। ਜਟਿਲ ਤੋਂ ਜਟਿਲ ਪ੍ਰਸਥਿਤੀ ਨੂੰ ਵੀ ਆਪਣੇ ਜਾਦੂਮਈ ਸ਼ਬਦਾਂ ਦੀ ਬੁਣਤਰ ਨਾਲ ਸਹਿਜ-ਸੁਭਾ ਹੀ ਕਹਿ ਜਾਣਾ, ਬੱਸ ਉਸੇ ਦੀ ਕਲਮ ਦਾ ਹੀ ਕਮਾਲ ਹੈ।

'ਛੋਟੀ ਸਰਦਾਰਨੀ' ਵੀ ਉਸ ਦੀ ਇਕ ਸ਼ਾਹਕਾਰ ਰਚਨਾ ਹੈ ਜਿਸ ਵਿਚ ਮਾਪਿਆਂ ਦੇ ਆਪਸੀ ਦੁਫੇੜ ਕਾਰਨ ਮਮਤਾ ਵਿਹੂਣੀ 'ਰੁਪਿੰਦਰ' ਦੇ ਦਿਲ ਦੀ ਵੇਦਨਾ ਕਹੀ ਗਈ ਹੈ ਜੋ ਪਿਆਰ ਦੇ ਦੋ ਮਿੱਠੇ ਬੋਲ ਸੁਣ ਕੇ ਤੇ ਆਪਣੇ ਪ੍ਰਤੀ ਪ੍ਰਗਟਾਏ ਸਨੇਹ ਦੇ ਪ੍ਰੇਮ ਜਾਲ ਵਿਚ ਫਸ ਕੇ ਇਕ ਸੁਨੱਖੇ, ਪਹਿਲਾਂ ਹੀ ਵਿਆਹੇ ਗਭਰੂ 'ਨਰਿੰਦਰ' ਨੂੰ ਦਿਲ ਦੇ ਬੈਠਦੀ ਹੈ। ਬਾਅਦ ਵਿਚ ਜੋ ਉਸ ਨਾਲ ਵਾਪਰਦਾ ਹੈ ਤੇ ਜਿਸ ਤਰ੍ਹਾਂ ਨਰਿੰਦਰ ਦੀ ਪਹਿਲੀ ਪਤਨੀ ਉਸ ਨੂੰ ਘਰ ਆਣ ਕੇ ਕੋਸਦੀ ਹੈ ਅਤੇ ਆਖਰ ਉਹ 'ਛੋਟੀ ਸਰਦਾਰਨੀ' ਬਣ ਕੇ ਰਹਿ ਜਾਂਦੀ ਹੈ, ਇਸ ਸਭ ਦਾ ਵਰਣਨ ਜਿਸ ਤਰ੍ਹਾਂ ਵੀਨਾ ਵਰਮਾ ਨੇ ਬੇਬਾਕੀ ਨਾਲ ਕੀਤਾ ਹੈ, ਉਹ ਆਪਣੇ ਆਪ ਵਿਚ ਕਮਾਲ ਹੈ। ਇਹ ਦਿਲ ਟੁੰਬਵੀਂ ਕਹਾਣੀ ਜਿਨ੍ਹਾਂ ਪਾਠਕਾਂ ਨੇ ਪੜ੍ਹੀ ਹੈ ਬੱਸ, ਉਹ ਹੀ ਜਾਣ ਸਕਦੇ ਹਨ ਕਿ ਕਿਸੇ ਔਰਤ ਦੇ ਦਿਲ ਦੀ ਵੇਦਨਾ ਕੀ ਹੁੰਦੀ ਹੈ। ਵੀਨਾ ਵਰਮਾ ਦੀ ਕਲਮ ਨੂੰ ਲੱਖ ਲੱਖ ਸਲਾਮ। ਪਰਮਾਤਮਾ ਉਸ ਨੂੰ ਹੋਰ ਤੌਫੀਕ ਬਖ਼ਸ਼ੇ, ਉਹ ਹੋਰ ਇਕ ਤੋਂ ਇਕ ਬਿਹਤਰ ਕਹਾਣੀ ਲਿਖੇ, ਇਹੋ ਮੇਰੀ ਦਿਲੀ ਦੁਆ ਹੈ।

ਹੁਣ ਮੈਂ ਜ਼ਰਾ ਕੁ ਗੱਲ ਕਰਾਂ ਪੰਜਾਬ ਟਾਈਮਜ਼ ਦੇ ਦੂਜੇ ਪੱਖਾਂ ਦੀ। ਸਥਾਈ ਕਾਲਮਨਵੀਸਾਂ-ਜਤਿੰਦਰ ਪੰਨੂ, ਤਰਲੋਚਨ ਸਿੰਘ ਦੁਪਾਲਪੁਰ, ਐਸ ਅਸ਼ੋਕ ਭੌਰਾ, ਮੇਜਰ ਕੁਲਾਰ, ਸ਼ਬਦ ਕੋਸ਼ ਵਿਗਿਆਨੀ ਬਲਜੀਤ ਬਾਸੀ, ਸਵਰਨ ਸਿੰਘ ਟਹਿਣਾ, ਡਾ. ਗੁਰਨਾਮ ਕੌਰ ਕੈਨੇਡਾ ਵੀ ਆਪੋ ਆਪਣੇ ਖੇਤਰ ਵਿਚ ਬਸ ਕਮਾਲ ਹੀ ਹਨ। ਇਸ ਤੋਂ ਇਲਾਵਾ ਹੋਰ ਬੜਾ ਕੁੱਝ ਇਸ ਅਖਬਾਰ ਵਿਚ ਹੁੰਦਾ ਹੈ ਜੋ ਪਾਠਕਾਂ ਲਈ ਨਿਆਮਤ ਸਾਬਤ ਹੁੰਦਾ ਹੈ। ਤੁਹਾਡੀ ਪਾਰਖੂ ਅੱਖ ਵਿਚੋਂ ਗੁਜ਼ਰ ਕੇ ਮੇਰੇ ਵਰਗੇ ਨਵੇਂ ਲਿਖਾਰੀਆਂ ਨੂੰ ਵੀ ਅਖਬਾਰ ਵਿਚ ਥਾਂ ਦੇ ਕੇ ਤੁਸੀਂ ਸ਼ਲਾਘਾਯੋਗ ਕਾਰਜ ਕਰਦੇ ਹੋ। ਪੰਜਾਬ ਟਾਈਮਜ਼ ਵਿਚ ਛਪ ਰਹੇ ਸਾਰੇ ਨਵੇਂ-ਪੁਰਾਣੇ ਲੇਖਕਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਹਾਜ਼ਰੀ ਲੁਆਉਣ, ਆਪਣੇ ਜਜ਼ਬਾਤ ਅਤੇ ਅਨਮੋਲੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਦੇ ਰਹਿਣ ਲਈ ਉਨ੍ਹਾਂ ਦੀ ਲੰਮੀ ਉਮਰ ਲਈ ਵੀ ਪਰਵਰਦਗਾਰ ਅੱਗੇ ਮੇਰੀ ਅਰਦਾਸ ਹੈ।

***-ਰਾਜੇਸ਼ਵਰ ਸਿੰਘ 'ਸੁਰਾਪੁਰੀ'***
***ਫੋਨ: 916-969-9337***

---

**'ਛੋਟੀ ਸਰਦਾਰਨੀ'**


18 ਅਗਸਤ ਦੇ ਪੰਜਾਬ ਟਾਈਮਜ਼ ਵਿਚ ਛਪੀ ਵੀਨਾ ਵਰਮਾ ਦੀ ਕਹਾਣੀ 'ਛੋਟੀ ਸਰਦਾਰਨੀ' ਸੱਚਮੁੱਚ ਹੀ ਕਮਾਲ ਦੀ ਕਹਾਣੀ ਹੈ। ਸਵਰਗੀ ਬਲਵੰਤ ਗਾਰਗੀ ਦੀ ਵੀਨਾ ਬਾਰੇ ਟਿੱਪਣੀ ਪੜ੍ਹ ਕੇ ਮੈਨੂੰ ਸ਼ੁਰੂ 'ਚ ਲੱਗਾ ਕਿ ਸ਼ਾਇਦ ਇਸ ਕਹਾਣੀ ਵਿਚ ਅਸ਼ਲੀਲਤਾ ਦੀ ਨੁਮਾਇਸ਼ ਹੋਵੇ ਪ੍ਰੰਤੂ ਜਿਉਂ ਜਿਉਂ ਕਹਾਣੀ ਪੜ੍ਹਦਾ ਗਿਆ, ਮੈਂ ਇਸ ਕਹਾਣੀ ਦਾ ਕਾਇਲ ਹੁੰਦਾ ਗਿਆ। ਭਾਵੇਂ ਵੀਨਾ ਵਰਮਾ ਦਾ ਨਾਂ ਮੇਰੇ ਜਿਹੇ ਪਾਠਕਾਂ ਲਈ ਜਾਣਿਆ-ਪਛਾਣਿਆ ਨਾਂ ਨਹੀਂ ਹੈ ਪਰ ਉਸ ਦੀ ਲਿਖਣ-ਸ਼ੈਲੀ ਤੇ ਪਾਤਰ ਉਸਾਰੀ ਵਿਚ ਰਿਦਮ ਐਸਾ ਕਮਾਲ ਦਾ ਹੈ ਜੋ ਉਸ ਨੂੰ ਬਿਹਤਰੀਨ ਅਫਸਾਨਾਨਿਗਾਰ ਸਿੱਧ ਕਰਨ ਲਈ ਕਾਫੀ ਹਨ।

ਪਰਦੇਸੀਂ ਵੱਸੇ ਇਕ ਪੰਜਾਬੀ ਪਰਿਵਾਰ ਦੇ ਘਰੇਲੂ ਕਲੇਸ਼ ਦੀ ਪੈਦਾਇਸ਼ ਇਕ ਕੁੜੀ ਕਿਥੇ ਤੋਂ ਕਿਥੇ ਜਾ ਪਹੁੰਚਦੀ ਹੈ? ਲੇਖਿਕਾ ਨੇ ਕਹਾਣੀ ਦੀ ਨਾਇਕਾ ਰੁਪਿੰਦਰ ਦੇ ਉਹ ਸਾਰੇ ਰੂਪ ਚਿਤਰੇ ਹਨ ਜੋ ਇਕ ਪੰਜਾਬਣ ਦੀ ਫਿਤਰਤ ਵਿਚ ਸਮਾਏ ਹੁੰਦੇ ਹਨ। ਕੁਆਰ-ਪਾਤਰੀ ਉਮਰ ਵਿਚ ਘਰੋਂ ਪਿਆਰ ਨਾ ਮਿਲਣ ਕਰਕੇ ਅਣਜਾਣ ਮੁੰਡੇ ਬਲਜੀਤ ਵੱਲ ਖਿੱਚੇ ਜਾਣ ਵੇਲੇ ਉਹ ਇਕ ਬ੍ਰਿਹੋਂ ਕੁੱਠੀ ਪ੍ਰੇਮਿਕਾ ਬਣ ਜਾਂਦੀ ਹੈ। ਉਸ ਦੀ ਵੇਦਨਾ ਨੂੰ ਜਿਸ ਤਰ੍ਹਾਂ ਵੀਨਾ ਵਰਮਾ ਨੇ ਚਿਤਰਿਆ ਹੈ, ਉਸ 'ਤੇ ਦਿਲ ਅਸ਼ ਅਸ਼ ਕਰ ਉਠਦਾ ਹੈ।

***-ਫਕੀਰ ਚੰਦ ਸੈਂਪਲਾ, ਐਲ ਏ***

# ਬੱਬਰ ਲਹਿਰ ਦਾ ਥੰਮ੍ਹ ਭਾਈ ਕਰਮ ਸਿੰਘ ਦੌਲਤਪੁਰ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਫੋਨ: 408-915-1268

ਪਿੰਡੋਂ ਫਗਵਾੜੇ ਪਹੁੰਚ ਕੇ ਬੰਬੇਲੀ ਜਾਣ ਲਈ ਮੈਂ ਅੱਡੇ ਤੋਂ ਬੱਸ ਫੜ ਲਈ। ਇਸ ਤੋਂ ਪਹਿਲਾਂ ਮੈਂ ਫਗਵਾੜੇ ਦੇ ਇਸ ਪਾਸੇ ਵੱਲ ਕਦੀ ਨਹੀਂ ਸਾਂ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਨਵਾਂ-ਨਵਾਂ ਮੈਂਬਰ ਬਣਿਆ ਸਾਂ। ਦਫਤਰ ਵਾਲਿਆਂ ਨੇ ਮੈਨੂੰ ਬੰਬੇਲੀ ਪਿੰਡ ਦੇ ਇਤਿਹਾਸਕ ਗੁਰਦੁਆਰਾ ਚੌਂਤਾ ਸਾਹਿਬ ਦੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਭੇਜਿਆ ਸੀ। ਸਤਿਕਾਰ ਵਜੋਂ ਕਹਿ ਲਓ ਜਾਂ ਸ਼ਾਇਦ ਪਹਿਲੀ ਵਾਰ ਗਿਆ ਹੋਣ ਕਰਕੇ ਉਕਤ ਗੁਰਦੁਆਰੇ ਦਾ ਮੈਨੇਜਰ ਮੈਨੂੰ ਬੰਬੇਲੀ ਪਿੰਡ ਦੇ ਬੱਸ ਅੱਡੇ ਤੋਂ ਖੁਦ ਲੈਣ ਆਇਆ ਹੋਇਆ ਸੀ। ਅਸੀਂ ਦੋਵੇਂ ਜਣੇ ਰਵਾਂ-ਰਵੀਂ ਗੁਰਦੁਆਰੇ ਵੱਲ ਤੁਰੇ ਜਾ ਰਹੇ ਸਾਂ। ਰਾਹ ਵਿਚ ਪੈਂਦੇ ਚੋਅ ਦੇ ਪੁਲ ਉਤੋਂ ਲੰਘਦਿਆਂ ਮੈਂ ਦੇਖਿਆ ਕਿ ਖੱਬੇ ਹੱਥ ਚੋਅ ਦੇ ਕੰਢੇ ਉਤੇ ਝਾੜ ਝੂੰਡਿਆਂ ਵਿਚ ਚਾਰ-ਪੰਜ ਕੁ ਫੁੱਟ ਲੰਮਾ ਝੰਡਾ ਗੱਡਿਆ ਹੋਇਆ ਹੈ। ਥੱਲੇ ਬਣੀ ਹੋਈ ਛੋਟੀ ਜਿਹੀ ਮੜ੍ਹੀ ਵੱਲ ਇਸ਼ਾਰਾ ਕਰ ਕੇ ਮੈਂ ਮੈਨੇਜਰ ਨੂੰ ਮਖੌਲ ਨਾਲ ਪੁੱਛਿਆ ਕਿ ਐਥੇ ਕਿਹੜਾ 'ਬਾਬਾ' ਸੁੱਤਾ ਹੋਇਐ?

ਮੇਰੇ ਸਵਾਲ ਦਾ ਮਖੌਲੀਆ ਅੰਦਾਜ਼ ਵਿਚ ਹੀ ਕੋਈ ਜਵਾਬ ਦੇਣ ਦੀ ਥਾਂ ਮੈਨੇਜਰ ਗੰਭੀਰ ਅਤੇ ਕੁਛ-ਕੁਛ ਹੈਰਾਨ ਹੋ ਕੇ ਮੇਰੇ ਚਿਹਰੇ ਵੱਲ ਦੇਖਣ ਲੱਗਾ। ਜਿਵੇਂ ਮੈਂ ਸਾਹਮਣੇ ਦਿਖਾਈ ਦਿੰਦੀ ਮੜ੍ਹੀ ਨੂੰ ਮਖੌਲ ਕਰ ਕੇ, ਉਹਦਾ ਦਿਲ ਹੀ ਤੋੜ ਦਿੱਤਾ ਹੋਵੇ। ਬੜੇ ਹਿਰਖ ਨਾਲ ਉਹ ਬੋਲਿਆ, "ਤੁਹਾਨੂੰ ਪਤਾ ਨਹੀਂ ਜਥੇਦਾਰ ਜੀ? ਇਹ ਤਾਂ ਤੁਹਾਡੇ ਇਲਾਕੇ ਦਾ...।"

ਉਸ ਸਥਾਨ 'ਤੇ ਬਣਾਈ ਮੜ੍ਹੀ 'ਤੇ ਗੱਡੇ ਹੋਏ ਝੰਡੇ ਦਾ 'ਕਾਰਨ' ਜਾਣ ਕੇ ਮੈਂ ਅਵਾਕ ਹੀ ਰਹਿ ਗਿਆ। ਇੱਥੇ ਆਪਣੇ ਪ੍ਰਾਣਾਂ ਦੀ ਆਹੂਤੀ ਦੇ ਗਏ ਸ਼ਹੀਦ ਦਾ ਨਾਂ ਸੁਣਦਿਆਂ ਹੀ ਮੈਨੂੰ ਉਸ ਦਾ ਪਿਛੋਕੜ ਯਾਦ ਆਉਣ 'ਤੇ ਡਾਢੀ ਸ਼ਰਮਿੰਦਗੀ ਦਾ ਅਹਿਸਾਸ ਹੋਇਆ। ਇਕ ਦਮ ਰਾਹ ਛੱਡ ਕੇ ਮੈਂ ਚੋਅ ਦੇ ਕੰਢੇ ਵੱਲ ਹੋ ਪਿਆ। ਪਛਤਾਵੇ ਵਜੋਂ ਆਪਣੇ ਦੋਹਾਂ ਕੰਨਾਂ ਨੂੰ ਹੱਥ ਲਾਉਂਦਿਆਂ ਮੈਂ ਬੜੇ ਅਦਬ ਨਾਲ ਝੰਡੇ ਨੂੰ ਛੂਹ ਕੇ ਫਤਿਹ ਬੁਲਾਈ।

ਉਥੇ ਖੜ੍ਹਿਆਂ, ਇਕ ਪਾਸੇ ਘੁੱਗ ਵਸਦਾ ਪਿੰਡ ਬੰਬੇਲੀ ਅਤੇ ਦੂਜੇ ਪਾਸੇ ਸੱਤਵੇਂ ਪਾਤਸ਼ਾਹ ਦੀ ਪਾਵਨ ਯਾਦ 'ਚ ਉਸਾਰੇ ਗਏ ਗੁਰਦੁਆਰਾ ਚੌਂਤਾ ਸਾਹਿਬ ਵੱਲ ਤੱਕ ਕੇ ਮੈਨੂੰ ਉਹ ਸਮਾਂ ਯਾਦ ਆਇਆ, ਜਦ ਮੈਂ ਛੋਟੇ ਹੁੰਦਿਆਂ ਇਕ ਵਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਜੋੜ ਮੇਲੇ 'ਤੇ ਫਤਿਹਗੜ੍ਹ ਸਾਹਿਬ ਦੇ ਦੀਵਾਨ ਵਿਚ ਕਵੀਸ਼ਰ ਜੋਗਾ ਸਿੰਘ ਜੋਗੀ ਮੂੰਹੋਂ ਸਾਕਾ ਬੰਬੇਲੀ ਦਾ ਖੂਨੀ ਪ੍ਰਸੰਗ ਸੁਣਿਆ ਸੀ। ਉਦੋਂ ਉਛਲ ਵਗਦੀ, ਪਰ ਹੁਣ ਸੁੱਕੀ ਚੋਅ ਮੇਰੇ ਸਾਹਮਣੇ ਸੀ।

ਚੋਅ ਦੇ ਕੰਢੇ ਖੜ੍ਹੇ ਨੂੰ ਮੈਨੂੰ ਯਾਦ ਆਏ ਉਹ ਪਲ ਜਦ ਸਰਹਿੰਦ ਦੇ ਸ਼ਹੀਦੀ ਜੋੜ ਮੇਲੇ ਤੋਂ ਥੋੜ੍ਹੇ ਦਿਨਾਂ ਬਾਅਦ ਹੀ ਭਾਈਆ ਜੀ ਮੈਨੂੰ ਆਪਣੇ ਸਾਈਕਲ 'ਤੇ ਬਿਠਾ ਕੇ ਨਾਨਕੇ ਪਿੰਡ ਧਮਾਈ ਛੱਡਣ ਗਏ ਸਨ। ਜਾਡਲੇ ਅੱਡੇ 'ਚ ਪਹੁੰਚ ਉਨ੍ਹਾਂ ਸਾਹਮਣੇ ਬਣੇ ਹੋਏ ਵੱਡੇ ਗੇਟ ਉਤੇ ਲਿਖੀ ਹੋਈ ਇਬਾਰਤ ਪੜ੍ਹ ਕੇ ਸੁਣਾਈ ਸੀ, 'ਅਮਰ ਸ਼ਹੀਦ ਬਬਰ ਕਰਮ ਸਿੰਘ ਗੇਟ ਦੌਲਤਪੁਰ!' ਜੋਗਾ ਸਿੰਘ ਜੋਗੀ ਦੇ ਗਾਏ ਜੋਸ਼ੀਲੇ ਪ੍ਰਸੰਗ ਦੀ ਯਾਦ ਦਿਵਾਉਂਦਿਆਂ ਭਾਈ ਜੀ ਨੇ ਦੱਸਿਆ ਸੀ ਕਿ ਹੁਣ ਅਸੀਂ ਉਸੇ ਬਲੀ ਸੂਰਮੇ ਬੱਬਰ ਦੇ ਪਿੰਡ ਵਿਚੋਂ ਲੰਘਣਾ ਹੈ। ਮੇਰੇ ਬਾਲ ਮਨ 'ਚ ਫਖ਼ਰ ਭਰਿਆ ਅਹਿਸਾਸ ਜਾਗ ਰਿਹਾ ਸੀ ਕਿ ਅਸੀਂ ਕਿੰਨੇ ਭਾਗਾਂ ਵਾਲੇ ਹਾਂ। ਜਿਸ ਸੂਰਮੇ ਦੇ ਦੂਰ-ਦੂਰ ਤੱਕ ਪ੍ਰਸੰਗ ਗਾਏ ਜਾ ਰਹੇ ਹਨ, ਅਸੀਂ ਉਸ ਦੇ ਪਿੰਡ ਦੇ ਕਿਤਨੇ ਨਜ਼ਦੀਕ ਵਸਦੇ ਹਾਂ।

ਮੈਨੂੰ ਯਾਦ ਆਉਣ ਲੱਗੇ ਪਿੰਡ ਦੌਲਤਪੁਰ ਵਿਚੋਂ ਲੰਘਣ ਵੇਲੇ ਦੇ ਉਹ ਦ੍ਰਿਸ਼ ਜੋ ਅਸੀਂ ਆਪਣੇ ਨਾਨਕੇ ਪਿੰਡ ਜਾਂਦਿਆਂ ਅਕਸਰ ਦੇਖਦੇ ਹੁੰਦੇ ਸਾਂ। ਹੱਥਾਂ 'ਚ ਢਾਂਗੂ-ਡੰਗੋਰੀਆਂ ਲਈ ਨੀਲੀਆਂ ਕਾਲੀਆਂ ਪੱਗਾਂ ਵਾਲੇ ਬਜ਼ੁਰਗ ਪਿੰਡ ਦੇ ਵਿਚਕਾਰ ਜਿਹੇ ਢਾਣੀ ਬਣਾ ਕੇ ਬੈਠੇ ਹੁੰਦੇ ਸਨ। ਪੰਚਾਇਤ ਲਾਈ ਬੈਠੇ ਉਨ੍ਹਾਂ ਬਜ਼ੁਰਗਾਂ ਕੋਲੋਂ ਲੰਘਦਿਆਂ ਸਾਨੂੰ ਉਹ ਸਾਰੇ ਬੱਬਰ ਕਰਮ ਸਿੰਘ ਦੇ ਪੁੱਤ-ਭਤੀਜੇ ਜਾਂ ਭਰਾਵਾਂ ਜਿਹੇ ਹੀ ਜਾਪਦੇ ਹੁੰਦੇ ਸਨ। ਇਸ ਪਿੰਡ ਦੇ ਜੁਝਾਰੂ ਖਾਸੇ ਦਾ ਨਿੱਘ ਮਹਿਸੂਸ ਕਰਦਿਆਂ ਜਦੋਂ ਅਸੀਂ ਅੱਗੇ ਜਾ ਕੇ ਗੜ੍ਹਸ਼ੰਕਰ-ਬਲਾਚੌਰ ਰੋਡ 'ਤੇ ਚੜ੍ਹਨਾ, ਤਦ ਸਾਹਮਣੇ ਦਿਖਾਈ ਦਿੰਦਾ ਹੁੰਦਾ ਸੀ ਪਿੰਡ ਹਿਆਤਪੁਰ ਦਾ ਨੀਲੇ ਅੱਖਰਾਂ ਵਾਲਾ ਬੋਰਡ 'ਸ਼ਹੀਦ ਬੱਬਰ ਧਰਮ ਸਿੰਘ ਹਿਆਤਪੁਰ ਮਾਰਗ'। ਅਜਿਹੇ ਇਤਿਹਾਸਮੁਖੀ ਮਾਹੌਲ ਵਿਚੋਂ ਗੁਜ਼ਰਿਆ ਹੋਣ ਕਰਕੇ ਮੈਨੂੰ ਬੱਬਰਾਂ ਦੇ ਪ੍ਰਸੰਗ ਪੜ੍ਹਨ-ਸੁਣਨ ਲਈ ਹਮੇਸ਼ਾ ਲਾਲਸਾ ਬਣੀ ਰਹਿੰਦੀ।

ਬੰਬੇਲੀ ਸ਼ਹੀਦੀ ਕਾਂਡ ਦਾ ਮਹਾਂ-ਨਾਇਕ ਬੱਬਰ ਕਰਮ ਸਿੰਘ ਜਿਸ ਦਾ ਕਾਹੀ, ਦੱਭ ਅਤੇ ਸਰਕੜੇ ਵਿਚ ਅਣਗੌਲਿਆ ਪਿਆ ਸ਼ਹੀਦੀ ਸਥਾਨ ਦੇਖ ਕੇ ਮੈਂ ਭੁਲੇਖਾ ਖਾ ਗਿਆ ਸਾਂ, ਇਸੇ ਦੌਲਤਪੁਰ ਪਿੰਡ ਵਿਚ ਸੰਨ 1880 ਵਿਚ ਜਨਮਿਆ। ਦੁਆਬਾ ਪਿਛੋਕੜ ਵਾਲੇ ਕੈਨੇਡਾ ਰਹਿੰਦੇ ਸ੍ਰੀ ਸੋਹਣ ਸਿੰਘ ਪੂੰਨੀ ਦੀ ਵੱਡ-ਆਕਾਰੀ ਪੁਸਤਕ 'ਕੈਨੇਡਾ ਦੇ ਗਦਰੀ ਯੋਧੇ' ਵਿਚਲੇ ਵੇਰਵਿਆਂ ਮੁਤਾਬਕ ਉਨ੍ਹਾਂ ਦੇ ਪਿਤਾ ਦਾ ਨਾਂ ਨੱਥਾ ਸਿੰਘ ਥਾਂਦੀ ਅਤੇ ਮਾਤਾ ਦਾ ਨਾਮ ਮਾਈ ਦੁੱਲੀ ਸੀ। ਪਿੰਡ ਦੇ ਸਕੂਲ ਵਿਚ ਹੀ ਕੁਝ ਸਾਲ ਪੜ੍ਹਾਈ ਕਰ ਕੇ ਭਾਈ ਕਰਮ ਸਿੰਘ ਫੌਜ ਵਿਚ ਭਰਤੀ ਹੋ ਗਏ।



ਬੱਬਰ ਕਰਮ ਸਿੰਘ

ਉਨ੍ਹਾਂ ਦਿਨਾਂ ਵਿਚ ਬਹੁਤ ਸਾਰੇ ਪੰਜਾਬੀ ਰੁਜ਼ਗਾਰ ਦੇ ਵਧੀਆ ਮੌਕਿਆਂ ਦੀ ਭਾਲ ਵਿਚ ਵਿਦੇਸ਼ਾਂ ਵੱਲ ਜਾ ਰਹੇ ਸਨ। ਸੋ, ਭਾਈ ਕਰਮ ਸਿੰਘ ਨੇ ਵੀ ਅੱਠ ਕੁ ਸਾਲ ਫੌਜ ਵਿਚ ਗੁਜ਼ਾਰ ਕੇ 27 ਸਾਲ ਦੀ ਉਮਰ ਵਿਚ ਕੈਨੇਡਾ ਨੂੰ ਚਾਲੇ ਪਾ ਦਿੱਤੇ। ਸੰਨ 1907 ਵਿਚ ਕੈਨੇਡਾ ਦੀ ਧਰਤੀ 'ਤੇ ਪੈਰ ਪਾਉਣ ਦੇ ਨਾਲ ਹੀ ਉਨ੍ਹਾਂ ਦੀ ਜ਼ਿੰਦਗੀ ਦਾ ਜੁਝਾਰੂ ਪੱਖ ਸ਼ੁਰੂ ਹੋ ਗਿਆ। ਉਨ੍ਹਾਂ ਦਾ ਕੰਮ-ਕਾਰ ਬੜੀ ਸਫਲਤਾ ਸਹਿਤ ਚੱਲ ਪਿਆ, ਪਰ ਛੇ ਕੁ ਸਾਲ ਬਾਅਦ ਹੀ ਜਦ ਅਪ੍ਰੈਲ 1913 ਵਿਚ 'ਗਦਰ ਪਾਰਟੀ' ਬਣੀ ਤਾਂ ਆਪ ਉਸ ਦੇ ਸਰਗਰਮ ਮੈਂਬਰ ਬਣ ਗਏ। ਕੈਨੇਡਾ 'ਚ ਵਿਚਰਦਿਆਂ ਦੂਸਰੇ ਚੇਤਨ ਦੇਸ਼ ਵਾਸੀ ਭਰਾਵਾਂ ਵਾਂਗ ਭਾਈ ਸਾਹਿਬ ਨੇ ਵੀ ਮਹਿਸੂਸ ਕੀਤਾ ਕਿ ਹਿੰਦੁਸਤਾਨ ਨੂੰ ਆਜ਼ਾਦ ਕਰਾਏ ਬਗੈਰ ਵਿਦੇਸ਼ਾਂ ਵਿਚ ਭਾਰਤੀਆਂ ਦੀ ਇੱਜ਼ਤ ਨਹੀਂ ਹੋ ਸਕਦੀ। ਇਨਕਲਾਬੀ ਵਿਚਾਰਾਂ ਵਾਲੇ ਭਾਈ ਕਰਮ ਸਿੰਘ ਜੰਗਜੂ ਸੋਚ ਨਾਲ ਪੂਰੀ ਤਰ੍ਹਾਂ ਸਹਿਮਤ ਸਨ ਕਿ ਦੇਸ਼ ਨੂੰ ਸਿਰਫ ਹਥਿਆਰਬੰਦ ਘੋਲ ਨਾਲ ਹੀ ਆਜ਼ਾਦ ਕਰਵਾਇਆ ਜਾ ਸਕਦਾ ਹੈ। ਸੋ, ਗਦਰ ਪਾਰਟੀ ਦਾ ਆਦੇਸ਼ ਆਉਣ 'ਤੇ ਉਹ ਸੰਨ 1914 ਵਿਚ ਹਿੰਦੁਸਤਾਨ ਆਜ਼ਾਦ ਕਰਾਉਣ ਲਈ ਕੈਨੇਡਿਉਂ ਚੱਲ ਪਏ।

'ਪਹਿਲਾਂ ਮਰਣੁ ਕਬੂਲ ਜੀਵਣ ਕੀ ਛੱਡ ਆਸ॥' ਵਾਲੀ ਗੁਰਬਾਣੀ ਦੀ ਤੁਕ ਉਨ੍ਹਾਂ ਦੇ ਹਿਰਦੇ 'ਚ ਵਸੀ ਹੋਣ ਦਾ ਸਬੂਤ ਇਸ ਗੱਲ ਤੋਂ ਮਿਲਦਾ ਹੈ ਕਿ ਉਨ੍ਹਾਂ ਕੈਨੇਡਾ ਤੋਂ ਕੂਚ ਕਰਨ ਸਮੇਂ ਐਬਟਸਫੋਰਡ ਵਿਚਲੀ ਆਪਣੀ ਚਾਰ ਏਕੜ ਜ਼ਮੀਨ ਸਥਾਨਕ ਸਿੱਖਾਂ ਨੂੰ ਸੌਂਪ ਕੇ ਆਖਿਆ, "ਜੇ ਮੈਂ ਵਾਪਸ ਨਾ ਆਇਆ ਤਾਂ ਇੱਥੇ ਗੁਰਦੁਆਰਾ ਸਾਹਿਬ ਉਸਾਰ ਦੇਣ।" (ਸ੍ਰੀ ਪੂੰਨੀ ਅਨੁਸਾਰ ਐਬਟਸਫੋਰਡ ਵਾਲਾ ਅਜੋਕਾ ਗੁਰਦੁਆਰਾ ਭਾਈ ਕਰਮ ਸਿੰਘ ਅਤੇ ਉਨ੍ਹਾਂ ਦੇ ਸਾਂਝੀਦਾਰਾਂ ਦੀ ਮਾਲਕੀ ਵਾਲੀ ਜ਼ਮੀਨ ਵਿਚ ਸੁਭਾਇਮਾਨ ਹੈ)

ਦੇਸ਼ ਪਹੁੰਚਦਿਆਂ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਪਿੰਡ ਵਿਚ 'ਜੂਹ ਬੰਦ' ਕਰ ਦਿੱਤਾ ਗਿਆ। ਚਾਰ ਸਾਲ ਦੀ ਜੂਹ ਬੰਦੀ ਤੋਂ ਬਾਅਦ ਭਾਈ ਸਾਹਿਬ ਪੂਰੀ ਤਰ੍ਹਾਂ ਸਰਗਰਮ ਹੋ ਗਏ। ਸੰਨ 1921 ਦੇ ਚੜ੍ਹਾਅ ਵਿਚ ਉਨ੍ਹਾਂ ਨੇ ਆਪਣੇ ਇਲਾਕੇ ਵਿਚ ਕਾਂਗਰਸ ਦੀ ਕਾਨਫਰੰਸ ਕਰਵਾਈ ਜੋ ਉਸ ਸਮੇਂ ਅੰਗਰੇਜ਼ ਹਕੂਮਤ ਵਿਰੋਧੀ ਕਾਰਵਾਈ ਮੰਨੀ ਜਾਂਦੀ ਸੀ। ਇੱਕੀ ਫਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਹੋ ਗਿਆ। ਪੰਥ ਵਿਚ ਗੁੱਸੇ ਦੀ ਅੱਗ ਭੜਕ ਉਠੀ। ਭਾਈ ਕਰਮ ਸਿੰਘ ਆਪਣੇ ਨਾਲ ਕੈਨੇਡਾ ਤੋਂ ਪਰਤੇ ਭਾਈ ਆਸਾ ਸਿੰਘ ਭਕੜੁੱਦੀ (ਹੁਣ ਕਿਸ਼ਨਪੁਰ) ਨਾਲ ਨਨਕਾਣਾ ਸਾਹਿਬ ਪਹੁੰਚੇ ਤੇ ਅੰਮ੍ਰਿਤਪਾਨ ਕੀਤਾ। ਦਰਅਸਲ, ਉਥੇ ਹੀ ਅੰਮ੍ਰਿਤਪਾਨ ਮੌਕੇ ਉਨ੍ਹਾਂ ਦਾ ਨਾਮ 'ਕਰਮ ਸਿੰਘ' ਰੱਖਿਆ ਗਿਆ ਸੀ। ਹੁਣ ਤੱਕ ਉਨ੍ਹਾਂ ਦਾ ਨਾਂ ਨਰੈਣ ਸਿੰਘ ਚੱਲ ਰਿਹਾ ਸੀ। ਉਥੋਂ ਆ ਕੇ ਉਹ ਗੁਰਦੁਆਰਾ ਸੁਧਾਰ ਲਹਿਰ 'ਚ ਕੁੱਦ ਪਏ।




*ਬੱਬਰ ਕਰਮ ਸਿੰਘ ਦੇ ਪਿੰਡ ਦੌਲਤ ਪੁਰ ਵਿਚ ਉਨ੍ਹਾਂ ਦੀ ਯਾਦ ਵਿਚ ਬਣਾਈ ਯਾਦਗਾਰ। ਇਸ ਦੇ ਐਨ ਨਾਲ ਬੱਬਰ ਕਰਮ ਸਿੰਘ ਮੈਮੋਰੀਅਲ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਚੱਲ ਰਿਹਾ ਹੈ।*

ਅਕਾਲੀਆਂ ਵੱਲੋਂ ਸਤੰਬਰ 1921 ਦੇ ਅਖੀਰ 'ਚ ਪਿੰਡ ਕੁੱਕੜ ਮਜਾਰੇ ਵਿਖੇ ਵੱਡਾ ਦੀਵਾਨ ਸਜਾਇਆ ਗਿਆ। ਕੈਨੇਡਿਉਂ ਗਏ ਭਾਈ ਕਰਮ ਸਿੰਘ ਝਿੰਗੜ ਅਤੇ ਆਸਾ ਸਿੰਘ ਭਕੜੁੱਦੀ ਨਾਲ ਉਨ੍ਹਾਂ ਨੇ ਉਸ ਦੀਵਾਨ ਵਿਚ ਗੱਜ-ਵੱਜ ਕੇ ਹਾਜ਼ਰੀਆਂ ਭਰੀਆਂ। ਚਾਬੀਆਂ ਦੇ ਮੋਰਚੇ ਵਿਚ ਗ੍ਰਿਫਤਾਰੀ ਦੇਣ ਲਈ ਉਹ ਦੌਲਤਪੁਰੋਂ ਪੰਜਾਹ ਸਿੰਘਾਂ ਦਾ ਜਥਾ ਲੈ ਕੇ ਗਏ। ਅੰਗਰੇਜ਼ ਹਕੂਮਤ, ਸ਼ਾਂਤਮਈ ਅੰਦੋਲਨ ਕਰ ਰਹੇ ਅਕਾਲੀਆਂ ਉਪਰ ਬੇਤਹਾਸ਼ਾ ਤਸ਼ੱਦਦ ਕਰ ਰਹੀ ਸੀ। ਅਕਾਲੀ ਚੁੱਪ-ਚਾਪ ਸਰਕਾਰੀ ਜ਼ੁਲਮ ਸਹਿ ਰਹੇ ਸਨ। ਕਾਂਗਰਸ ਵੀ ਆਜ਼ਾਦੀ ਸੰਗਰਾਮ ਨੂੰ ਸ਼ਾਂਤਮਈ ਤੌਰ-ਤਰੀਕਿਆਂ ਅਨੁਸਾਰ ਚਲਾ ਰਹੀ ਸੀ। ਕਈ ਅਣਖੀਲੇ ਸਿੱਖਾਂ ਨੇ ਅਕਾਲੀਆਂ ਦੇ ਇਸ ਆਤਮਘਾਤੀ ਰਾਹ 'ਤੇ ਚੱਲਣੋਂ ਇਨਕਾਰ ਕਰ ਦਿੱਤਾ। ਉਨ੍ਹਾਂ ਦਾ ਵਿਚਾਰ ਸੀ ਕਿ ਨਾ ਤਾਂ ਅੰਗਰੇਜ਼ਾਂ ਨੇ ਹਿੰਦੁਸਤਾਨ ਨੂੰ 'ਸ਼ਾਂਤੀ ਨਾਲ' ਜਿੱਤਿਆ ਸੀ ਅਤੇ ਨਾ ਹੀ ਉਹ ਸ਼ਾਂਤੀ ਨਾਲ ਇੱਥੋਂ ਜਾਣਗੇ। ਖਾਸ ਕਰ ਕੇ ਕੈਨੇਡਿਉਂ ਆਏ ਸਿੰਘਾਂ ਦੇ ਸਾਹਮਣੇ ਦੋ ਪ੍ਰਤੱਖ ਮਿਸਾਲਾਂ ਸਨ। ਪਹਿਲੀ, ਅਮਰੀਕਾ ਦਾ ਹਥਿਆਰਬੰਦ ਇਨਕਲਾਬ ਅਤੇ ਦੂਜੀ ਰੂਸ ਵਿਚ ਜ਼ਾਰ ਦਾ ਹਸ਼ਰ। ਇਹ ਕਹਿੰਦੇ ਸਨ ਕਿ ਦੁਨੀਆਂ ਦੇ ਇਤਿਹਾਸ ਵਿਚ ਕੋਈ ਇਕ ਮਿਸਾਲ ਵੀ ਐਸੀ ਨਹੀਂ ਮਿਲਦੀ ਜਿੱਥੇ ਸ਼ਾਂਤਮਈ ਢੰਗ ਨਾਲ ਆਜ਼ਾਦੀ ਆਈ ਹੋਵੇ। ਅਕਾਲੀਆਂ ਦੀ ਸ਼ਾਂਤਮਈ ਅਤੇ ਗਾਂਧੀ ਦੀ ਨਾ ਮਿਲਵਰਤਣ ਲਹਿਰ ਨੂੰ ਬੋਗਸ ਕਰਾਰ ਦਿੰਦਿਆਂ ਭਾਈ ਕਰਮ ਸਿੰਘ ਦੇ ਸਾਥੀਆਂ ਇਹ ਨਾਹਰਾ ਘੜਿਆ,

ਲੋਲੋ ਪੋਪੋ ਗਾਂਧੀ ਵਾਲੀ ਨਹੀਂ ਕਰਨੀ,
ਸੋਟਿਆਂ ਪੁਲਿਸ ਮਾਰ ਨਹੀਂ ਜਰਨੀ।
ਨੁਸਖਾ ਮਾਮੂਲੀ ਜਾਣੋਂ ਬਾਈਕਾਟ ਦਾ,
ਵੱਡਾ ਨੁਸਖਾ ਏ ਸਾਡਾ 'ਸੀਸਕਾਟ' ਦਾ।

19-20 ਮਾਰਚ 1921 ਦੀ ਵਿਚਕਾਰਲੀ ਰਾਤ ਨੂੰ ਭਾਈ ਕਿਸ਼ਨ ਸਿੰਘ ਗੜਗੱਜ ਅਤੇ ਮਾਸਟਰ ਮੋਤਾ ਸਿੰਘ ਪਤਾਰਾ ਜਿਹੇ ਜੋਸ਼ੀਲੇ ਅਣਖੀਲੇ ਸਿੱਖਾਂ ਨੇ ਹੁਸ਼ਿਆਰਪੁਰ ਮੀਟਿੰਗ ਕਰ ਕੇ ਅੰਗਰੇਜ਼ ਹਕੂਮਤ ਦੀ ਇੱਟ ਦਾ ਜਵਾਬ ਪੱਥਰ ਨਾਲ ਦੇਣ ਦਾ ਫੈਸਲਾ ਕੀਤਾ। ਇਨ੍ਹਾਂ ਸਿੰਘਾਂ ਨੇ ਹਥਿਆਰਬੰਦ ਬਗਾਵਤ ਰਾਹੀਂ ਆਜ਼ਾਦੀ ਪ੍ਰਾਪਤ ਕਰਨ ਲਈ ਨਵੰਬਰ 1921 ਵਿਚ 'ਚੱਕਰਵਰਤੀ ਜਥਾ' ਬਣਾ ਲਿਆ ਜੋ ਜਲੰਧਰ ਦੇ ਨੇੜੇ-ਤੇੜੇ ਕਾਰਵਾਈਆਂ ਕਰਨ ਲੱਗਾ। ਭਾਈ ਕਰਮ ਸਿੰਘ ਦੌਲਤਪੁਰ ਨੇ ਵੀ ਦੁਆਬਾ ਖੇਤਰ ਦੇ ਚੜ੍ਹਦੇ ਪਾਸੇ ਬੰਗਾ, ਨਵਾਂ ਸ਼ਹਿਰ, ਬਲਾਚੌਰ ਤੇ ਗੜ੍ਹਸ਼ੰਕਰ ਦੇ ਇਲਾਕੇ ਵਿਚ ਗਰਮ ਖਿਆਲੀ ਸਿੱਖਾਂ ਦਾ ਵੱਖਰਾ ਜਥਾ ਬਣਾ ਲਿਆ। ਭਾਈ ਕਰਮ ਸਿੰਘ ਦੇ ਧੂੰਆਂਧਾਰ ਪ੍ਰਚਾਰ ਨਾਲ ਇਸ ਇਲਾਕੇ ਦੇ ਬਹੁਤ ਸਾਰੇ ਸਿੰਘ ਜਥੇ ਵਿਚ ਖੁਸ਼ੀ-ਖੁਸ਼ੀ ਸ਼ਾਮਲ ਹੋਣ ਲੱਗੇ। ਗੋਸਲਾਂ, ਬੀਕਾ, ਝਿੰਗੜਾਂ, ਜਗਤਪੁਰ, ਹੇੜੀਆਂ, ਅੱਪਰਾ, ਜੀਂਦੋਵਾਲ, ਨੌਰਾ, ਮੋਰਾਂ ਵਾਲੀ, ਮਾਹਲ ਗਹਿਲਾਂ, ਬੱਬਰ ਮਜਾਰਾ ਆਦਿਕ ਪਿੰਡਾਂ ਵਿਚ ਦੀਵਾਨ ਲਗਾਏ ਗਏ ਜਿੱਥੇ ਅੰਗਰੇਜ਼ਾਂ ਨੂੰ ਦੇਸ਼ 'ਚੋਂ ਬੰਦੂਕ ਨਾਲ ਕੱਢਣ ਦਾ ਪ੍ਰਚਾਰ ਕੀਤਾ ਗਿਆ। ਜਥੇ ਦੇ ਮੁਖੀ ਸਿੰਘਾਂ ਦੇ ਵਰੰਟ ਨਿਕਲ ਗਏ। ਭਾਈ ਕਰਮ ਸਿੰਘ ਅੰਡਰਗਰਾਊਂਡ ਹੋ ਗਏ।

ਆਪਣੇ ਨਾਨਕੇ ਪਿੰਡ ਕੌਲਗੜ੍ਹ ਮੀਟਿੰਗ ਕਰ ਕੇ ਭਾਈ ਕਰਮ ਸਿੰਘ ਤੇ ਸਾਥੀਆਂ ਨੇ 'ਬੱਬਰ ਅਕਾਲੀ ਜਥਾ ਦੁਆਬਾ' ਦੇ ਪ੍ਰਚਾਰ ਲਈ ਪਰਚਾ ਕੱਢਣ ਅਤੇ ਹਥਿਆਰ ਖਰੀਦਣ ਲਈ ਸਰਕਾਰੀ ਖ਼ਜ਼ਾਨੇ ਜਾਂ ਟੋਡੀਆਂ ਨੂੰ ਲੁੱਟਣ ਦੇ ਮਤੇ ਪਾਸ ਕੀਤੇ। ਇਸ 'ਤੇ ਅਮਲ ਕਰਦਿਆਂ ਸਭ ਤੋਂ ਪਹਿਲਾਂ ਭਾਈ ਕਰਮ ਸਿੰਘ ਨੇ ਆਪਣੇ ਸਾਥੀਆਂ ਸਮੇਤ ਬਿਛੌੜੀ ਪਿੰਡ ਦੇ ਲੰਬੜਦਾਰ ਰਾਮ ਦਿੱਤੇ ਪਾਸੋਂ ਮਾਮਲੇ ਦੇ 575 ਰੁਪਏ ਖੋਹ ਲਏ। ਇਨ੍ਹਾਂ ਪੈਸਿਆਂ 'ਚੋਂ ਲਾਹੌਰੋਂ ਸੌ ਰੁਪਏ ਦੀ ਛਪਾਈ ਮਸ਼ੀਨ ਖਰੀਦੀ ਗਈ ਅਤੇ 22 ਅਗਸਤ 1922 ਨੂੰ 'ਬੱਬਰ ਅਕਾਲੀ ਦੁਆਬਾ' ਨਾਂ ਦਾ ਪਰਚਾ ਕੱਢਿਆ। ਇਸ 'ਤੇ ਐਡੀਟਰ ਵਜੋਂ ਨਾਮ ਭਾਈ ਕਰਮ ਸਿੰਘ ਦਾ ਲਿਖਿਆ ਗਿਆ। ਉਹ ਖੁਦ ਇਨਕਲਾਬੀ ਨਜ਼ਮਾਂ ਲਿਖਦੇ,

'ਕਰਮ ਸਿੰਘ' ਹੁਣ ਬੱਬਰ ਦਾ ਰੂਪ ਧਾਰੋ,
ਵੇਲਾ ਆ ਗਿਆ ਧੂਮ ਮਚਾਵਣੇ ਦਾ।
'ਕਰਮ ਸਿੰਘ' ਕਰਤਾਰ ਦੀ ਓਟ ਲੈ ਕੇ,
ਹੁਣ ਜ਼ਾਲਮਾਂ ਵੰਡੀਆਂ ਪਾ ਭਾਈ।

ਬਾਅਦ ਦੀਆਂ ਸਰਗਰਮੀਆਂ ਜਲੰਧਰ ਇਲਾਕੇ ਦੇ ਜਥੇ ਅਤੇ ਭਾਈ ਕਰਮ ਸਿੰਘ ਦੇ ਦੁਆਬੀਏ ਜਥੇ ਨੇ ਇਕ ਹੋ ਕੇ ਕਰਨੀਆਂ ਸ਼ੁਰੂ ਕਰ ਦਿੱਤੀਆਂ। ਫੈਸਲਾ ਹੋਇਆ ਕਿ ਥਾਣੇਦਾਰ, ਜ਼ੈਲਦਾਰ, ਲੰਬੜਦਾਰ, ਗਿਰਦਾਵਰ ਤੇ ਪਟਵਾਰੀ ਆਦਿ ਸਰਕਾਰੀ ਮਸ਼ੀਨ ਦੇ ਪੁਰਜ਼ੇ ਹੁੰਦੇ ਹਨ। ਪਹਿਲਾਂ ਇਨ੍ਹਾਂ ਨੂੰ ਦੇਸ਼ ਦੇ ਹਿੱਤਾਂ ਦਾ ਵਾਸਤਾ ਪਾ ਕੇ ਸੁਧਰਨ ਦੀਆਂ ਬੇਨਤੀਆਂ ਕੀਤੀਆਂ ਜਾਣ। ਜੇ ਨਾ ਸੁਧਰਨ ਤਾਂ ਨੱਕ-ਕੰਨ ਵੱਢੇ ਜਾਣ। ਜੇ ਫਿਰ ਵੀ ਇਹ ਬਾਜ਼ ਨਾ ਆਉਣ ਤਾਂ 'ਸੋਧਾ' ਲਾਇਆ ਜਾਵੇ। 'ਬੱਬਰ ਅਕਾਲੀ ਜਥਾ' ਦੇ ਨਵੇਂ ਨਾਂ ਹੇਠ ਸਰਗਰਮੀਆਂ ਤੇਜ਼ ਕਰ ਦਿੱਤੀਆਂ ਗਈਆਂ। ਕਹਿੰਦੇ ਨੇ, ਦੋਹਾਂ ਜਥਿਆਂ ਦੀ ਏਕਤਾ ਅਤੇ ਸਾਰੇ ਇੰਤਜ਼ਾਮੀਆ ਪੱਖਾਂ ਦਾ ਸਿਹਰਾ ਭਾਈ ਕਰਮ ਸਿੰਘ ਦੇ ਸਿਰ ਹੀ ਬੱਝਿਆ ਸੀ।

ਇੱਧਰ ਬੱਬਰਾਂ ਨੇ ਪਾਸ ਕੀਤੇ ਮਤੇ ਅਮਲ 'ਚ ਲਿਆਉਣੇ ਸ਼ੁਰੂ ਕਰ ਦਿੱਤੇ, ਉਧਰ ਝੋਲੀਚੁੱਕਾਂ ਗੱਦਾਰਾਂ ਨੇ ਅਤਿ ਚੁੱਕ ਲਈ। ਮਜਬੂਰੀਵੱਸ ਬੱਬਰਾਂ ਨੇ ਟੋਡੀਆਂ ਦੀ ਅਲਖ ਮੁਕਾਉਣੀ ਸ਼ੁਰੂ ਕਰ ਦਿੱਤੀ। ਪੁਲਿਸ ਆਮ ਲੋਕਾਂ ਨੂੰ ਪ੍ਰੇਸ਼ਾਨ ਨਾ ਕਰੇ, ਇਸ ਲਈ ਹਰ ਕਤਲ ਦੀ ਜ਼ਿੰਮੇਵਾਰੀ ਭਾਈ ਕਰਮ ਸਿੰਘ ਨੇ ਆਪਣੇ ਸਿਰ ਲੈਣੀ ਅਰੰਭ ਦਿੱਤੀ। ਇਨ੍ਹਾਂ ਦੇ ਨਾਨਕੇ ਪਿੰਡ ਕੌਲਗੜ੍ਹ ਦੇ ਦੋ ਸਫੈਦਪੋਸ਼ਾਂ-ਰਲਾ ਅਤੇ ਦਿੱਤੂ ਨੇ ਬੱਬਰਾਂ ਦੇ ਹਮਦਰਦਾਂ ਦਾ ਜਿਉਣਾ ਹਰਾਮ ਕੀਤਾ ਹੋਇਆ ਸੀ। ਭਾਈ ਸਾਹਿਬ ਦੇ ਸਮਝਾਉਣ 'ਤੇ ਵੀ ਇਹ ਨਾ ਸਮਝੇ, ਲੇਕਿਨ ਜਦ ਭਾਈ ਸਾਹਿਬ ਆਪਣੇ ਕੁਝ ਸਾਥੀਆਂ ਸਮੇਤ ਇਨ੍ਹਾਂ ਦੋਹਾਂ ਨੂੰ 20 ਮਈ 1923 ਦੀ ਸ਼ਾਮ ਨੂੰ 'ਦੂਜੇ ਲੋਟ' ਮਿਲਣ ਗਏ, ਫਿਰ ਇਨ੍ਹਾਂ ਨੇ 'ਭਾਣਜਾ' 'ਭਾਣਜਾ' ਕਹਿ ਕੇ ਬੜੇ ਵਾਸਤੇ ਪਾਏ, ਪਰ ਭਾਣਜੇ ਦੇ ਇਕੋ ਫਾਇਰ ਨਾਲ ਦੋਵੇਂ 'ਮਾਮੇ' ਸਦਾ ਲਈ ਸੌਂ ਗਏ। ਹੁਣ ਸਰਕਾਰ ਵੱਲੋਂ ਭਾਈ ਸਾਹਿਬ ਦੇ ਸਿਰ ਦਾ ਇਨਾਮ ਰੱਖ ਦਿੱਤਾ ਗਿਆ।

ਦੇਸ਼ ਦੀ ਆਜ਼ਾਦੀ ਦੇ ਦੁਸ਼ਮਣ ਬਣ ਕੇ ਦੇਸ਼ ਭਗਤ ਬੱਬਰਾਂ ਦੀਆਂ ਸੂਹਾਂ ਦੇਣ ਵਾਲੇ ਪਿੱਠੂਆਂ ਨੂੰ ਸੋਧਦੇ ਹੋਏ, ਅੰਗਰੇਜ਼ ਹਕੂਮਤ ਦਾ ਬੋਰੀ-ਬਿਸਤਰਾ ਲਪੇਟਣ ਲਈ ਦਿਨ-ਰਾਤ ਇਕ ਕਰ ਦੇਣ ਵਾਲੇ ਭਾਈ ਕਰਮ ਸਿੰਘ ਆਖਰ ਨੂੰ 31 ਅਗਸਤ ਅਤੇ ਇਕ ਸਤੰਬਰ 1923 ਦੀ ਰਾਤ ਨੂੰ ਪਿੰਡ ਬੰਬੇਲੀ ਵਿਖੇ ਵਿਸਾਹਘਾਤੀ ਅਨੂਪ ਸਿੰਘ ਦੀ ਸਾਜ਼ਿਸ਼ ਸਦਾਕਾ ਪੁਲਿਸ ਦੇ ਘੇਰੇ ਵਿਚ ਆ ਗਏ। ਗੱਦਾਰ ਅਨੂਪ ਸਿੰਘ ਭਾਈ ਸਾਹਿਬ ਦੇ ਝੋਲੇ 'ਚੋਂ ਬੰਬ ਖਿਸਕਾ ਲੈ ਆਇਆ। ਇਕ ਬੱਬਰ ਦੀ ਸ਼ੌਟਗੰਨ ਖਰਾਬ ਕਰ ਗਿਆ; ਲੇਕਿਨ ਭਾਈ ਸਾਹਿਬ ਦੀ ਉਹ ਬੰਦੂਕ ਬਚ ਗਈ ਜਿਹੜੀ ਉਹ ਹਿੱਕ ਨਾਲ ਲਾ ਕੇ ਸੁੱਤੇ ਹੋਏ ਸਨ। ਇਕ ਸਤੰਬਰ ਦੇ ਤੜਕੇ ਬੰਬੇਲੀ ਨੂੰ ਪੁਲਿਸ ਦਸਤਿਆਂ ਨੇ ਘੇਰਾ ਪਾ ਲਿਆ। ਪਿੰਡ ਵਾਸੀਆਂ ਨੂੰ ਤਬਾਹੀ ਤੋਂ ਬਚਾਉਣ ਲਈ ਚੌਹਾਂ ਬੱਬਰਾਂ-ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਬਿਸ਼ਨ ਸਿੰਘ ਮਾਂਗਟਾਂ, ਮਹਿੰਦਰ ਸਿੰਘ ਪੰਡੋਰੀ, ਗੰਗਾ ਸਿੰਘ ਅਤੇ ਭਾਈ ਸਾਹਿਬ ਨੇ ਜੈਕਾਰੇ ਛੱਡ ਕੇ ਚੌਂਤਾ ਸਾਹਿਬ ਵੱਲ ਚਾਲੇ ਪਾ ਦਿੱਤੇ। ਭਾਰੀ ਵਰਖਾ ਕਾਰਨ ਚੋਅ ਭਰੀ ਹੋਈ ਸੀ। ਦੋ ਸਿੰਘ ਚੋਅ ਦੇ ਵਿਚਕਾਰ ਹੀ ਗੋਲੀਆਂ ਨਾਲ ਸ਼ਹੀਦ ਹੋ ਗਏ। ਬਿਸ਼ਨ ਸਿੰਘ ਪਾਰਲੇ ਕੰਢੇ ਪਹੁੰਚ ਸ਼ਹੀਦ ਹੋ ਗਿਆ। ਇਸੇ ਤਰ੍ਹਾਂ ਭਾਈ ਕਰਮ ਸਿੰਘ ਦੌਲਤਪੁਰ ਇਕ ਹੱਥ ਤਿੰਨ ਫੁਟੀ ਸ੍ਰੀ ਸਾਹਿਬ ਅਤੇ ਦੂਜੇ ਹੱਥ ਬੰਦੂਕ ਫੜੀ ਦੁਸ਼ਮਣ ਨੂੰ ਲਲਕਾਰਦਾ ਹੋਇਆ ਸ਼ਹਾਦਤ ਦਾ ਜਾਮ ਪੀ ਗਿਆ। ਕੈਨੇਡਾ ਵਿਚ ਆਪਣਾ ਕਾਰੋਬਾਰ ਅਤੇ ਉਥੋਂ ਦੀ ਸੁੱਖਮਈ ਜ਼ਿੰਦਗੀ ਨੂੰ ਲੱਤ ਮਾਰ ਕੇ ਦੇਸ਼ ਦੀ ਗੁਲਾਮੀ ਦੇ ਸੰਗਲ ਕੱਟਣ ਲਈ ਆਪਾ ਨਿਛਾਵਰ ਕਰਨ ਵਾਲੇ ਬੱਬਰ ਕਰਮ ਸਿੰਘ ਜਿਹੇ ਯੋਧਿਆਂ ਨੂੰ ਲੱਖ-ਲੱਖ ਪ੍ਰਣਾਮ।

**ਅੰਤਿਕਾ:** ਮੈਂ ਸ਼ੁਕਰਗੁਜ਼ਾਰ ਹਾਂ ਸੈਕਰਾਮੈਂਟੋ ਰਹਿੰਦੇ ਪਿੰਡ ਦੌਲਤਪੁਰ ਦੇ ਵਾਸੀ ਸ. ਨਰਿੰਦਰ ਸਿੰਘ ਥਾਂਦੀ ਅਤੇ ਉਨ੍ਹਾਂ ਦੇ ਅਸਟਰੇਲੀਆ ਨਿਵਾਸੀ ਭਰਾ ਸ. ਜਸਵੀਰ ਸਿੰਘ ਦਾ ਜਿਨ੍ਹਾਂ ਮੈਨੂੰ ਬੱਬਰ ਕਰਮ ਸਿੰਘ ਦੀ ਬਰਸੀ ਦਾ ਅਗਾਊਂ ਚੇਤਾ ਕਰਵਾ ਕੇ ਸ਼ਰਧਾਂਜਲੀ ਵਜੋਂ ਇਹ ਲੇਖ ਲਿਖਣ ਲਈ ਪ੍ਰੇਰਨਾ ਦਿੱਤੀ। ਇਨ੍ਹਾਂ ਥਾਂਦੀ ਭਰਾਵਾਂ ਨੂੰ ਇਹ ਮਾਣ ਜਾਂਦਾ ਹੈ ਕਿ ਉਨ੍ਹਾਂ ਪਹਿਲੋਂ ਪਹਿਲ ਭਾਈ ਸਾਹਿਬ ਦੀ ਸਾਲਾਨਾ ਯਾਦ ਮਨਾਉਣੀ ਅਰੰਭ ਕੀਤੀ। ਇਨ੍ਹਾਂ ਦੇ ਮਨ ਵਿਚ ਉਨ੍ਹਾਂ ਪਿੰਡ ਵਾਸੀਆਂ ਪ੍ਰਤੀ ਹਿਰਖ ਵੀ ਨੇ ਜੋ ਸਥਾਨਕ ਪੱਧਰ ਦੀਆਂ ਸੌੜੀਆਂ ਸੋਚਾਂ ਅਧੀਨ ਉਸ ਮਹਾਨ ਸ਼ਹੀਦ ਦੀ ਬਰਸੀ ਮੌਕੇ ਸਹਿਯੋਗ ਦੇਣਾ ਤਾਂ ਇਕ ਪਾਸੇ, ਸਗੋਂ ਅੜਿੱਕੇ ਖੜ੍ਹੇ ਕਰਦੇ ਹਨ। ਫਿਰ ਵੀ ਦੌਲਤਪੁਰ ਵਿਚ ਬੱਬਰ ਦੇ ਨਾਂ 'ਤੇ ਸ਼ਾਨਦਾਰ ਸਕੂਲ ਚਲਾਉਣ ਵਾਲੇ ਥਾਂਦੀ ਭਰਾ ਧੰਨਤਾ ਦੇ ਪਾਤਰ ਹਨ।

# ਪੰਜਾਬ 'ਚ ਸਿਹਤ ਸੇਵਾਵਾਂ ਵਿਚ ਬੜੀ ਤੇਜ਼ੀ ਨਾਲ ਸੁਧਾਰ: ਥਿਆੜਾ

**ਸ਼ਿਕਾਗੋ (ਬਿਊਰੋ):** ਪੰਜਾਬ ਵਿਚ ਸਿਹਤ ਸੇਵਾਵਾਂ ਵਿਚ ਬੜੀ ਤੇਜ਼ੀ ਨਾਲ ਸੁਧਾਰ ਕੀਤਾ ਜਾ ਰਿਹਾ ਹੈ ਅਤੇ ਜਲਦ ਹੀ ਇਹ ਸੇਵਾਵਾਂ ਕੌਮਾਂਤਰੀ ਪੱਧਰ ਦੀਆਂ ਹੋ ਜਾਣਗੀਆਂ। ਪੰਜਾਬ ਟਾਈਮਜ਼ ਨਾਲ ਇਕ ਮੁਲਾਕਾਤ ਦੌਰਾਨ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਜਸਜੀਤ ਸਿੰਘ ਥਿਆੜਾ ਨੇ ਦੱਸਿਆ ਕਿ ਹੁਣ ਪੰਜਾਬ ਵਿਚ ਕਿਧਰੇ ਵੀ ਐਮਰਜੈਂਸੀ ਹੋਣ 'ਤੇ ਐਂਬੂਲੈਂਸ ਬੜੀ ਤੇਜ਼ੀ ਨਾਲ ਪਹੁੰਚਦੀ ਹੈ ਅਤੇ ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ ਵਿਚ ਬਿਨਾਂ ਦੇਰੀ ਪਹੁੰਚਦੇ ਕੀਤਾ ਜਾਂਦਾ ਹੈ। ਅਮਰੀਕਾ ਵਾਂਗ ਹੀ ਐਮਰਜੈਂਸੀ ਨੰਬਰ 108 ਘੁਮਾਉਣ 'ਤੇ ਐਂਬੂਲੈਂਸ 10 ਮਿੰਟ ਦੇ ਅੰਦਰ ਪਹੁੰਚਦੀ ਹੋ ਜਾਂਦੀ ਹੈ। ਇਹ ਸੇਵਾ ਬਿਲਕੁਲ ਮੁਫਤ ਹੈ ਅਤੇ ਪੂਰੇ ਪੰਜਾਬ ਵਿਚ ਉਪਲਬਧ ਹੈ।

ਜੱਚਾ ਤੇ ਬੱਚਾ ਸੰਭਾਲ ਸੇਵਾਵਾਂ ਦਾ ਜ਼ਿਕਰ ਕਰਦਿਆਂ ਸ. ਥਿਆੜਾ ਨੇ ਦੱਸਿਆ ਕਿ ਹੁਣ ਹਸਪਤਾਲ ਵਿਚ ਬੱਚੇ ਦੀ ਡਿਲਿਵਰੀ ਬਿਲਕੁਲ ਮੁਫਤ ਹੁੰਦੀ ਹੈ ਅਤੇ ਇੰਨਾ ਹੀ ਨਹੀਂ ਜੱਚਾ ਨੂੰ ਮਾਤਾ ਕੌਸ਼ੱਲਿਆ ਗ੍ਰਾਂਟ ਦੇ ਰੂਪ ਵਿਚ ਇਕ ਹਜ਼ਾਰ ਰੁਪਏ ਦਾਬੜੇ ਦੇ ਤੌਰ 'ਤੇ ਵੀ ਦਿੱਤੇ ਜਾਂਦੇ ਹਨ। ਸਿਹਤ ਸੇਵਾਵਾਂ ਦਾ ਮਿਆਰ ਉਚਾ ਕਰਨ ਲਈ ਪੰਜਾਬ ਸਰਕਾਰ ਵਲੋਂ ਸਿਹਤ ਮਿਹਕਮੇ ਵਿਚ ਯੋਗ ਡਾਕਟਰਾਂ ਅਤੇ ਹੋਰ ਅਮਲੇ ਦੀ ਵੱਡੇ ਪੱਧਰ ਉਤੇ ਭਰਤੀ ਕੀਤੀ ਗਈ ਹੈ ਅਤੇ ਇਹ ਭਰਤੀ ਨਿਰੋਲ ਯੋਗਤਾ ਦੇ ਆਧਾਰ ਉਤੇ ਕੀਤੀ ਗਈ ਹੈ।

ਸਿਹਤ ਸੇਵਾਵਾਂ ਦੇ ਪਸਾਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਖਿਆ ਕਿ ਨਵਾਂ ਸ਼ਹਿਰ ਵਿਚ ਡੇਢ ਸੌ ਬੈਡ ਦਾ ਇਕ ਅਤਿ ਆਧੁਨਿਕ ਹਸਪਤਾਲ ਬਣਾਇਆ ਜਾ ਰਿਹਾ ਹੈ ਜੋ ਪੂਰੀ ਤਰ੍ਹਾਂ ਏਅਰਕੰਡੀਸ਼ਨਡ ਹੋਵੇਗਾ। ਇਸ ਹਸਪਤਾਲ ਵਿਚ ਅਤਿ ਆਧੁਨਿਕ ਸਾਜ਼ੋ-ਸਾਮਾਨ ਲਾਇਆ ਜਾਵੇਗਾ। ਹਸਪਤਾਲ ਵਿਚ ਸਟਾਫ ਦੀ ਭਰਤੀ ਲਈ



*ਜਸਜੀਤ ਸਿੰਘ ਥਿਆੜਾ (ਖੱਬਿਓਂ ਤੀਜੇ), ਨਾਲ ਹਨ-ਕੰਵਰ ਘੁੰਮਣ, ਲਵਦੀਪ ਦੁੱਲਤ ਅਤੇ ਮਲਕੀਅਤ ਸਿੰਘ ਧਾਮੀ (ਐਨ ਸੱਜੇ)*

ਪੀ ਜੀ ਆਈ, ਚੰਡੀਗੜ੍ਹ ਦੇ ਡਾਕਟਰਾਂ ਦੀ ਇਕ ਕਮੇਟੀ ਬਣਾਈ ਗਈ ਹੈ ਜੋ ਸਟਾਫ ਦੀ ਭਰਤੀ ਦੀ ਨਿਗਰਾਨੀ ਕਰੇਗੀ। ਉਨ੍ਹਾਂ ਆਖਿਆ ਕਿ ਕਾਰਪੋਰੇਸ਼ਨ ਵਲੋਂ ਗਰੀਬ ਮਰੀਜ਼ਾਂ ਨੂੰ ਲੋੜੀਂਦੀਆਂ ਦਵਾਈਆਂ ਬਿਲਕੁਲ ਮੁਫਤ ਦਿੱਤੀਆਂ ਜਾਂਦੀਆਂ ਹਨ। ਲੋੜਵੰਦਾਂ ਨੂੰ ਦਵਾਈਆਂ ਨਾ ਮਿਲਣ ਬਾਰੇ ਸ਼ਿਕਾਇਤਾਂ ਦਾ ਜ਼ਿਕਰ ਕੀਤੇ ਜਾਣ 'ਤੇ ਉਨ੍ਹਾਂ ਮੰਨਿਆ ਕਿ ਕੁਝ ਸ਼ਿਕਾਇਤਾਂ ਆਈਆਂ ਸਨ ਪਰ ਸਬੰਧਤ ਸਟਾਫ ਦੀ ਪੂਰੀ ਖਿਚਾਈ ਕੀਤੀ ਗਈ ਜਿਸ ਪਿਛੋਂ ਹਾਲਾਤ ਕਾਫੀ ਸੁਧਰੇ ਹਨ।

ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੀਆਂ ਜ਼ਿੰਮੇਵਾਰੀਆਂ ਅਤੇ ਇਸ ਦੇ ਕਾਰ-ਵਿਹਾਰ ਦੀ ਗੱਲ ਕਰਦਿਆਂ ਸ. ਥਿਆੜਾ ਨੇ ਆਖਿਆ ਕਿ ਪੰਜਾਬ ਦੇ ਸਾਰੇ ਹਸਪਤਾਲ ਇਸ ਕਾਰਪੋਰੇਸ਼ਨ ਦੇ ਅਧੀਨ ਹਨ ਅਤੇ ਉਨ੍ਹਾਂ ਦੀ ਨਿਗਰਾਨੀ ਕਰਨਾ ਇਸ ਦੀ ਜ਼ਿੰਮੇਵਾਰੀ ਹੈ ਪਰ ਡਾਕਟਰਾਂ ਦੀਆਂ ਬਦਲੀਆਂ ਅਤੇ ਨਿਯੁਕਤੀਆਂ ਦਾ ਹੱਕ ਸਿਹਤ ਮਹਿਕਮੇ ਦੇ ਮੰਤਰਾਲੇ ਨੂੰ ਹੈ। ਹਸਪਤਾਲਾਂ ਦੀ ਨਿਗਰਾਨੀ ਤੇ ਪੜਤਾਲ ਕਾਰਪੋਰੇਸ਼ਨ ਦੇ ਅਧੀਨ ਆਉਂਦੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਕਰੀਬ 350 ਕਰੋੜ ਰੁਪਏ ਦੀ ਲਾਗਤ ਨਾਲ ਹਸਪਤਾਲ ਅਪਗ੍ਰੇਡ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਵਿਚ ਸਿਹਤ ਸਹੂਲਤਾਂ ਸੁਧਾਰੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਗੁਰਦੇ ਦੇ ਮਰੀਜਾਂ ਲਈ ਡਾਇਲਿਸਿਸ ਸਰਕਾਰੀ ਹਸਪਤਾਲ ਵਿਚ ਹੁਣ ਸਿਰਫ 750 ਰੁਪਏ ਲੈ ਕੇ ਕੀਤਾ ਜਾਂਦਾ ਹੈ ਜਦੋਂਕਿ ਪ੍ਰਾਈਵੇਟ ਹਸਪਤਾਲ ਇਸੇ ਸੇਵਾ ਦਾ 6-7 ਹਜ਼ਾਰ ਰੁਪਏ ਚਾਰਜ ਕਰਦੇ ਹਨ।

ਪੰਜਾਬ ਵਿਚ ਖਾਸ ਕਰਕੇ ਬਠਿੰਡਾ, ਮੋਗਾ, ਮੁਕਤਸਰ ਅਤੇ ਲੁਧਿਆਣਾ ਜ਼ਿਲੇ ਵਿਚ ਕੈਂਸਰ ਦਾ ਰੋਗ ਬਹੁਤ ਵਧ ਜਾਣ ਦੀਆਂ ਰਿਪੋਰਟਾਂ ਦਾ ਜ਼ਿਕਰ ਕਰਦਿਆਂ ਕਾਰਪੋਰੇਸ਼ਨ ਚੇਅਰਮੈਨ ਨੇ ਆਖਿਆ ਕਿ ਸੱਚ ਮੁੱਚ ਹੀ ਸਰਕਾਰ ਲਈ ਇਹ ਚਿੰਤਾ ਦਾ ਵਿਸ਼ਾ ਹੈ। ਪ੍ਰਦੂਸ਼ਿਤ ਪਾਣੀ ਤੋਂ ਬਚਾ ਲਈ ਸਰਕਾਰ ਵਲੋਂ ਹਰ ਪਿੰਡ ਵਿਚ ਸਾਫ ਪਾਣੀ ਮੁਹੱਈਆ ਕਰਨ ਵਾਲੀਆਂ ਮਸ਼ੀਨਾਂ ਲਾਈਆਂ ਗਈਆਂ ਹਨ ਜਿਨ੍ਹਾਂ ਦਾ ਨਿਸ਼ਚਿਤ ਤੌਰ 'ਤੇ ਲਾਭ ਹੋਇਆ ਹੈ। ਉਨ੍ਹਾਂ ਕਿਹਾ ਕਿ ਬਠਿੰਡਾ ਦੇ ਹਸਪਤਾਲ ਨੂੰ ਆਧੁਨਿਕ ਬਣਾਉਣ ਲਈ ਅਤੇ ਕੈਂਸਰ ਦੇ ਮਰੀਜ਼ਾਂ ਦੀ ਸਾਂਭ ਸੰਭਾਲ ਲਈ ਉਚੇਚੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਮੰਨਿਆ ਕਿ ਪਿਛਲੇ ਲੰਮੇ ਅਰਸੇ ਤੋਂ ਵੱਖ ਵੱਖ ਸਰਕਾਰਾਂ ਵੇਲੇ ਪੂਰਾ ਧਿਆਨ ਨਾ ਦਿੱਤੇ ਜਾਣ ਕਰਕੇ ਸਨਅਤੀ ਪ੍ਰਦੂਸ਼ਣ ਵਧਿਆ ਹੈ ਜਿਸ ਕਰਕੇ ਕੈਂਸਰ ਦੇ ਰੋਗ ਵਿਚ ਵਾਧਾ ਹੋਇਆ ਹੈ।

ਸ਼ ਥਿਆੜਾ ਨੇ ਪਰਵਾਸੀ ਪੰਜਾਬੀਆਂ ਨੂੰ ਵੀ ਸੱਦਾ ਦਿੱਤਾ ਕਿ ਉਹ ਪੰਜਾਬ ਵਿਚ ਸਿਹਤ ਸਹੂਲਤਾਂ ਹੋਰ ਬਿਹਤਰ ਬਣਾਉਣ ਲਈ ਆਪਣਾ ਯੋਗਦਾਨ ਪਾਉਣ। ਪਰਵਾਸੀ ਪੰਜਾਬੀ ਆਪਣੇ ਪਿੰਡਾਂ ਜਾਂ ਸ਼ਹਿਰਾਂ ਜਾਂ ਆਪਣੇ ਮਨ ਪਸੰਦ ਥਾਂ ਉਤੇ ਡਿਸਪੈਂਸਰੀਆਂ ਵਗੈਰਾ ਖੋਲ੍ਹ ਸਕਦੇ ਹਨ। ਸਰਕਾਰ ਵਲੋਂ ਇਸ ਮਾਮਲੇ 'ਚ ਉਨ੍ਹਾਂ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ। ਮੌਜੂਦਾ ਅਕਾਲੀ-ਭਾਜਪਾ ਸਰਕਾਰ ਵਲੋਂ ਪੰਜਾਬ ਨੂੰ ਵਿਕਾਸ ਦੇ ਰਾਹ ਪਾਏ ਜਾਣ ਲਈ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਉਚੇਚੀ ਸਿਫਤ ਕਰਦਿਆਂ ਉਨ੍ਹਾਂ ਆਖਿਆ ਕਿ ਪੰਜਾਬ ਵਿਚ ਚੱਲ ਰਹੇ ਬਿਜਲੀ ਪ੍ਰਾਜੈਕਟਾਂ ਦੇ ਮੁਕੰਮਲ ਹੋਣ ਨਾਲ ਬਿਜਲੀ ਦੀ ਕੋਈ ਕਮੀ ਨਹੀਂ ਰਹੇਗੀ। ਸੜਕਾਂ ਦਾ ਸੁਧਾਰ ਪਹਿਲਾਂ ਹੀ ਬਹੁਤ ਹੋ ਚੁਕਾ ਹੈ।

ਜ਼ਿਕਰਯੋਗ ਹੈ ਕਿ ਸ. ਜਸਜੀਤ ਸਿੰਘ ਥਿਆੜਾ ਪੰਜਾਬ ਦੇ ਟਕਸਾਲੀ ਆਗੂਆਂ ਵਿਚੋਂ ਹਨ। ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਆਰਾਂ ਦੇ ਵਾਸੀ ਸ. ਥਿਆੜਾ ਪੰਜਾਬੀ ਸੂਬਾ ਮੋਰਚੇ ਸਮੇਤ ਅਕਾਲੀ ਦਲ ਦੇ ਵੱਖ ਵੱਖ ਮੋਰਚਿਆਂ ਵਿਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ ਹਨ। ਉਹ ਪੰਜਾਬ ਟਿਊਬਵੈਲ ਕਾਰਪੋਰੇਸ਼ਨ ਦੇ ਚੇਅਰਮੈਨ ਵੀ ਰਹਿ ਚੁਕੇ ਹਨ। ਬੀ ਏ ਤੱਕ ਪੜ੍ਹੇ ਸ. ਥਿਆੜਾ ਅਕਾਲੀ ਦਲ ਦੀ ਸਿਆਸੀ ਮਾਮਲਿਆਂ ਬਾਰੇ ਕੇਂਦਰੀ ਕਮੇਟੀ ਦੇ ਮੈਂਬਰ ਹਨ। ਉਨ੍ਹਾਂ ਦੇ 3 ਲੜਕੇ ਤੇ ਇਕ ਲੜਕੀ ਹਨ। ਉਨ੍ਹਾਂ ਦਾ ਇਕ ਬੇਟਾ ਬੇਏਰੀਏ 'ਚ ਇੰਜੀਨੀਅਰ ਹੈ। ਪਿਛਲੇ ਦਿਨੀਂ ਜਦੋਂ ਉਹ ਕਿਸੇ ਸਮਾਗਮ ਵਿਚ ਹਿੱਸਾ ਲੈਣ ਲਈ ਮਿਲਵਾਕੀ ਆਏ ਤਾਂ ਇਥੇ ਆਪਣੇ ਕੁੜਮ ਸ. ਮਲਕੀਅਤ ਸਿੰਘ ਧਾਮੀ ਨਾਲ ਪੰਜਾਬ ਟਾਈਮਜ਼ ਦੇ ਦਫਤਰ ਵੀ ਪਹੁੰਚੇ। ਸ. ਧਾਮੀ ਕਾਰਸਨ ਸਿਟੀ (ਰੀਨੋ), ਨੇਵਾਡਾ ਰਹਿੰਦੇ ਹਨ। ਉਹ ਗੁਰਦੁਆਰਾ ਰੀਨੋ ਦੇ ਬਾਨੀ ਪ੍ਰਧਾਨ ਰਹਿ ਚੁਕੇ ਹਨ ਅਤੇ ਹੋਟਲ ਕਾਰੋਬਾਰ (ਹਾਲੀਡੇ ਇੰਨ ਐਕਸਪ੍ਰੈਸ) ਵਿਚ ਹਨ।

## ਰਿੱਕੀ ਗਿੱਲ ਦੇ ਮਾਣ ਵਿਚ ਫੰਡਰੇਜ਼ਰ

**ਸੀਰੀਜ਼ (ਬਿਊਰੋ):** ਆਉਂਦੇ ਨਵੰਬਰ ਮਹੀਨੇ ਹੋ ਰਹੀਆਂ ਚੋਣਾਂ ਵਿਚ ਯੂ ਐਸ ਕਾਂਗਰਸ ਲਈ ਡਿਸਟ੍ਰਿਕਟ 9 ਤੋਂ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਰਿੱਕੀ ਗਿੱਲ ਲਈ ਇਕ ਫੰਡਰੇਜ਼ਰ ਇਥੇ ਕੀਤਾ ਗਿਆ ਜਿਸ ਵਿਚ ਇਲਾਕੇ ਦੇ ਉਘੇ ਡਾਕਟਰ, ਇੰਜੀਨੀਅਰ, ਬਿਜਨਸਮੈਨ ਅਤੇ ਹੋਰ ਪਤਵੰਤੇ ਸ਼ਾਮਲ ਹੋਏ। ਜ਼ਿਕਰਯੋਗ ਹੈ ਕਿ ਰਿੱਕੀ ਗਿੱਲ ਕਾਂਗਰਸ ਲਈ ਰਿਪਬਲਿਕਨ ਪਾਰਟੀ ਦੇ ਸਭ ਤੋਂ ਛੋਟੀ ਉਮਰ ਦੇ ਉਮੀਦਵਾਰ ਹਨ।

ਸ੍ਰੀ ਰਿੱਕੀ ਗਿੱਲ ਨੇ ਆਏ ਸਾਰੇ ਮਹਿਮਾਨਾਂ ਅਤੇ ਦੋਸਤਾਂ-ਮਿੱਤਰਾਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਕਿ ਉਹ ਆ ਰਹੀਆਂ ਚੋਣਾਂ ਵਿਚ ਉਨ੍ਹਾਂ ਨੂੰ ਜਿਤਾਉਣ ਲਈ ਆਪੋ ਆਪਣੇ ਪੱਧਰ ਉਤੇ ਦਿਨ ਰਾਤ ਇਕ ਕਰ ਦੇਣ। ਉਨ੍ਹਾਂ ਵਾਅਦਾ ਕੀਤਾ ਕਿ ਕਾਂਗਰਸਮੈਨ ਬਣ ਕੇ ਉਹ ਉਨ੍ਹਾਂ ਦੇ ਮਸਲਿਆਂ ਦਾ ਪਹਿਲ ਦੇ ਆਧਾਰ ਉਤੇ ਹੱਲ ਕਰਵਾਉਣਗੇ। ਡਾ. ਧੁੱਗਾ ਨੇ ਸਭ ਨੂੰ ਅਪੀਲ ਕੀਤੀ ਕਿ ਰਿੱਕੀ ਗਿੱਲ ਇਕ ਚੰਗੇ ਪਰਿਵਾਰ ਵਿਚੋਂ ਅਤੇ ਮਿਹਨਤ ਕਰਨ ਵਾਲੇ ਇਨਸਾਨ ਹਨ। ਉਨ੍ਹਾਂ ਨੂੰ ਜਿਤਾਉਣਾ ਸਾਡਾ ਸਭ ਦਾ ਫਰਜ਼ ਹੈ।



*ਫੰਡਰੇਜ਼ਰ ਮੌਕੇ ਇਕੱਤਰ ਹੋਏ ਪੰਜਾਬੀ ਪਤਵੰਤੇ ਰਿੱਕੀ ਗਿੱਲ (ਖੱਬਿਓਂ ਚੌਥੇ) ਨਾਲ*

## ਭਾਰਤ ਦੇ ਜੂਨੀਅਰ ਚੈਂਪੀਅਨਾਂ ਨੇ ਜਿੱਤਿਆ ਵਿਸ਼ਵ ਕੱਪ

**ਟਾਊਂਸਵਿਲੇ:** ਭਾਰਤੀ ਅੰਡਰ-19 ਟੀਮ ਨੇ ਪਿਛਲੇ ਚੈਂਪੀਅਨ ਆਸਟਰੇਲੀਆ ਨੂੰ ਛੇ ਵਿਕਟਾਂ ਨਾਲ ਹਰਾ ਕੇ ਤੀਜੀ ਵਿਸ਼ਵ ਕੱਪ ਟਰਾਫੀ ਆਪਣੇ ਨਾਂ ਕਰ ਲਈ। ਭਾਰਤ ਨੇ ਇਸ ਤੋਂ ਪਹਿਲਾਂ ਮੁਹੰਮਦ ਕੈਫ ਤੇ ਵਿਰਾਟ ਕੋਹਲੀ ਦੀ ਅਗਵਾਈ ਵਿਚ ਕ੍ਰਮਵਾਰ 2000 ਤੇ 2008 ਵਿਚ ਅੰਡਰ-19 ਵਿਸ਼ਵ ਕੱਪ ਖਿਤਾਬ ਆਪਣੀ ਝੋਲੀ ਪੁਆਇਆ ਸੀ। ਕਪਤਾਨ ਉਨਮੁਕਤ ਨੂੰ 'ਮੈਨ ਆਫ ਦਿ ਮੈਚ' ਐਲਾਨਿਆ ਗਿਆ। ਭਾਰਤੀ ਟੀਮ ਦੇ ਸਲਾਮੀ ਬੱਲੇਬਾਜ਼ ਪ੍ਰਸ਼ਾਤ ਚੋਪੜਾ ਫਰੀਦਕੋਟ, ਸੰਦੀਪ ਸ਼ਰਮਾ ਪਟਿਆਲਾ ਤੇ ਕਮਲ ਪਾਸੀ ਅੰਮ੍ਰਿਤਸਰ ਦੇ ਵਸਨੀਕ ਹਨ।

ਉਨਮੁਕਤ ਦੀ 111 ਦੌੜਾਂ ਦੀ ਨਾਬਾਦ ਪਾਰੀ ਤੇ ਵਿਕਟਕੀਪਰ ਸਮਿਤ ਪਟੇਲ (ਨਾਬਾਦ 62) ਨਾਲ ਉਸ ਦੀਆਂ 130 ਦੌੜਾਂ ਦੀ ਨਾਬਾਦ ਭਾਈਵਾਲੀ ਨਾਲ ਭਾਰਤ ਨੇ ਉਛਾਲ ਵਾਲੀ ਪਿੱਚ ਉਪਰ 226 ਦੌੜਾਂ ਦਾ ਟੀਚਾ 14 ਗੇਂਦਾਂ ਬਾਕੀ ਰਹਿੰਦਿਆਂ ਹਾਸਲ ਕਰ ਲਿਆ। ਜੂਨੀਅਰ ਪੱਧਰ 'ਤੇ ਉਨਮੁਕਤ ਦੀ ਇਹ ਪਾਰੀ ਸਰਵੋਤਮ ਸੈਂਕੜਿਆਂ ਵਿਚੋਂ ਇਕ ਸੀ ਜਿਸ ਵਿਚ ਉਸ ਨੇ 130 ਗੇਂਦਾਂ ਵਿਚ ਸੱਤ ਚੌਕੇ ਤੇ ਛੇ ਛੱਕੇ ਲਾਏ।

ਭਾਰਤੀ ਟੀਮ ਨੇ 226 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਚਾਰ ਵਿਕਟਾਂ ਗਵਾ ਦਿੱਤੀਆਂ ਸਨ ਪਰ ਪੂਰੇ ਮੈਚ ਵਿਚ ਇਹ ਟੀਚਾ ਹਾਸਲ ਕਰਨ ਵਿਚ ਭਾਰਤੀ ਟੀਮ ਨੂੰ ਮੁਸ਼ਕਲ ਪੇਸ਼ ਆਉਂਦੀ ਨਜ਼ਰ ਨਾ ਆਈ। ਟੀਮ ਵਿਚਕਾਰਲੇ ਓਵਰਾਂ ਵਿਚ ਥੋੜ੍ਹੀ ਸੁਸਤ ਜ਼ਰੂਰ ਹੋਈ ਪਰ ਅੰਤ ਵਿਚ ਆਸਾਨੀ ਨਾਲ ਜਿੱਤ ਹਾਸਲ ਕਰ ਲਈ।

ਪਿਛਲੇ ਚੈਂਪੀਅਨ ਆਸਟਰੇਲੀਆ ਨੇ ਖਰਾਬ ਸ਼ੁਰੂਆਤ ਦੇ ਬਾਵਜੂਦ 8 ਵਿਕਟਾਂ 'ਤੇ 225 ਦਾ ਤਕੜਾ ਸਕੋਰ ਖੜ੍ਹਾ ਕੀਤਾ ਪਰ ਉਸ ਦਾ ਚੌਥਾ ਖਿਤਾਬ ਜਿੱਤਣ ਦਾ ਸੁਫਨਾ ਟੁੱਟ ਗਿਆ। ਭਾਰਤ ਨੇ ਖਰਾਬ ਮੌਸਮ ਵਿਚ ਟਾਸ ਜਿੱਤ ਕੇ ਗੇਂਦਬਾਜ਼ੀ ਕਰਨ ਦਾ ਫੈਸਲਾ ਕੀਤਾ ਤੇ ਆਪਣੇ ਗੇਂਦਬਾਜ਼ਾਂ ਦੀ ਬਦੌਲਤ ਆਸਟਰੇਲੀਆ ਦੀਆਂ 38 ਦੌੜਾਂ ਉਪਰ ਚਾਰ ਵਿਕਟਾਂ ਝਟਕਾ ਦਿੱਤੀਆਂ। ਮੇਜ਼ਬਾਨ ਟੀਮ ਦੇ ਕਪਤਾਨ ਵਿਲੀਅਮ ਬੋਸਿਸਤੋ ਨੇ ਨਾਬਾਦ 87 ਦੌੜਾਂ ਦੀ ਪਾਰੀ ਖੇਡੀ ਤੇ ਟੀਮ ਨੂੰ ਸੰਭਾਲਿਆ। ਭਾਰਤ ਵੱਲੋਂ ਸੰਦੀਪ ਸ਼ਰਮਾ ਨੇ 10 ਓਵਰਾਂ ਵਿਚ 54 ਦੌੜਾਂ ਦੇ ਕੇ ਚਾਰ ਵਿਕਟਾਂ ਲਈਆਂ ਤੇ ਦੋ ਓਵਰ ਮੇਡਿਨ ਸੁੱਟੇ।

## ਜਥੇਦਾਰ ਸੇਖਵਾਂ ਦਾ ਐਨ ਆਰ ਆਈ ਸਭਾ ਵਲੋਂ ਭਰਵਾਂ ਸਵਾਗਤ

**ਬੇਕਰਜ਼ਫੀਲਡ (ਬਿਊਰੋ):** ਪੰਜਾਬ ਦੇ ਸਾਬਕਾ ਸਿੱਖਿਆ ਮੰਤਰੀ ਅਤੇ ਉਘੇ ਅਕਾਲੀ ਆਗੂ ਜਥੇਦਾਰ ਸੇਵਾ ਸਿੰਘ ਸੇਖਵਾਂ ਦਾ ਇਥੇ ਪਹੁੰਚਣ 'ਤੇ ਨਿੱਘਾ ਸਵਾਗਤ ਕੀਤਾ ਗਿਆ। ਉਨ੍ਹਾਂ ਦੇ ਮਾਣ ਵਿਚ ਐਨ ਆਰ ਆਈ ਸਭਾ ਵਲੋਂ ਕੀਤੇ ਗਏ ਇਕ ਸਮਾਗਮ ਵਿਚ ਸਥਾਨਕ ਪੰਜਾਬੀ ਤੇ ਸਿੱਖ ਪਤਵੰਤਿਆਂ ਤੋਂ ਇਲਾਵਾ ਬੇਕਰਜ਼ਫੀਲਡ ਤੇ ਅੰਮ੍ਰਿਤਸਰ ਸਿਸਟਰ ਸਿਟੀ ਪ੍ਰਾਜੈਕਟ ਦੇ ਪ੍ਰਧਾਨ ਜਾਨ ਹੈਫਨਰ ਵੀ ਹਾਜ਼ਰ ਸਨ।

ਸਮਾਗਮ ਨੂੰ ਸੰਬੋਧਨ ਕਰਦਿਆਂ ਜਥੇਦਾਰ ਸੇਖਵਾਂ ਨੇ ਆਖਿਆ ਕਿ ਪੰਜਾਬ ਵਿਚ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਅਕਾਲੀ-ਭਾਜਪਾ ਸਰਕਾਰ ਦੇ ਪਿਛਲੇ ਸਾਢੇ ਪੰਜ ਸਾਲਾਂ ਦੇ ਸ਼ਾਸਨ ਦੌਰਾਨ ਬਹੁਤ ਭਾਰੀ ਵਿਕਾਸ ਹੋਇਆ ਹੈ, ਚੌਮਾਰਗੀ ਸੜਕਾਂ ਦਾ ਜਾਲ ਵਿਛਾਇਆ ਗਿਆ ਹੈ, ਸਿੱਖਿਆ ਅਤੇ ਸਿਹਤ ਸਹੂਲਤਾਂ ਵਿਚ ਕਾਫੀ ਸੁਧਾਰ ਹੋਇਆ ਹੈ ਅਤੇ ਬਿਜਲੀ ਦੇ ਚੱਲ ਰਹੇ ਮੌਜੂਦਾ ਪ੍ਰਾਜੈਕਟਾਂ ਦੇ ਮੁਕੰਮਲ ਹੋਣ 'ਤੇ ਨਾ ਸਿਰਫ ਬਿਜਲੀ ਪੰਜਾਬ ਦੀਆਂ ਲੋੜਾਂ ਹੀ ਪੂਰੀਆਂ ਕਰੇਗੀ ਸਗੋਂ ਪੰਜਾਬ ਪਾਸ ਵਾਧੂ ਵੀ ਹੋਵੇਗੀ। ਬਿਜਲੀ ਕੱਟ ਬੀਤੇ ਦੀ ਗੱਲ ਹੋ ਜਾਣਗੇ। ਇਸ ਵਰ੍ਹੇ ਦੇ ਸ਼ੁਰੂ ਵਿਚ ਹੋਈਆਂ ਚੋਣਾਂ ਵਿਚ ਪੰਜਾਬ ਦੇ ਲੋਕਾਂ ਨੇ ਇਸੇ ਵਿਕਾਸ ਕਰਕੇ ਹੀ ਅਕਾਲੀ-ਭਾਜਪਾ ਸਰਕਾਰ ਦੇ ਹੱਕ ਵਿਚ ਫਤਵਾ ਦਿੱਤਾ ਹੈ।

ਪਰਵਾਸੀ ਪੰਜਾਬੀਆਂ ਦੇ ਪੰਜਾਬ ਦੇ ਵਿਕਾਸ ਵਿਚ ਅਹਿਮ ਰੋਲ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਪਰਵਾਸੀਆਂ ਦੀਆਂ ਹਰ ਤਰ੍ਹਾਂ ਦੀਆਂ ਸਮੱਸਿਆਵਾਂ ਹੱਲ ਕਰਨ ਵੱਲ ਪੂਰੀ ਤਵੱਜੋ ਦੇ ਰਹੀ ਹੈ। ਭਾਵੇਂ ਉਹ ਖੁਦ ਸਰਕਾਰ ਵਿਚ ਨਹੀਂ ਹਨ ਪਰ ਕਿਸੇ ਵੀ ਪਰਵਾਸੀ ਪੰਜਾਬੀ ਨੂੰ ਕਿਸੇ ਤਰ੍ਹਾਂ ਦੀ ਕੋਈ ਮੁਸ਼ਕਲ ਹੋਵੇ ਤਾਂ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਇਕ ਵੱਖਰਾ ਫੋਨ ਸਿਰਫ ਪਰਵਾਸੀ ਪੰਜਾਬੀਆਂ ਲਈ ਹੀ ਰੱਖਿਆ ਹੋਇਆ ਹੈ।

ਇਸ ਤੋਂ ਪਹਿਲਾਂ ਐਨ ਆਰ ਆਈ ਸਭਾ ਦੇ ਪ੍ਰਧਾਨ ਜਸਪ੍ਰੀਤ ਸਿੰਘ ਅਟਾਰਨੀ ਨੇ ਜਥੇਦਾਰ ਸੇਖਵਾਂ ਦਾ ਸਵਾਗਤ ਕਰਦਿਆਂ ਆਖਿਆ ਕਿ ਜਥੇਦਾਰ ਸੇਖਵਾਂ ਪੰਜਾਬ ਦੀ ਜਨਤਾ ਦੇ ਸੱਚੇ ਸੇਵਕ ਹਨ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਸਾਨੂੰ ਸਮੂਹ ਗੁਰੂ ਘਰਾਂ ਦੇ ਮੈਂਬਰਾਂ ਦੇ ਸਹਿਯੋਗ ਨਾਲ ਇਕ ਅਮਰੀਕਨ ਸਿੱਖ ਸੰਸਥਾ ਬਣਾਉਣੀ ਚਾਹੀਦੀ ਹੈ। ਸਿਸਟਰ ਸਿਟੀ ਪ੍ਰਾਜੈਕਟ ਦੇ ਫਾਊਂਡਰ ਅਤੇ ਇਕ ਸਥਾਨਕ ਰੇਡੀਓ ਦੇ ਹੋਸਟ ਸ. ਨਾਜਰ ਸਿੰਘ ਕੂਨਰ ਨੇ ਸਥਾਨਕ ਭਾਈਚਾਰੇ ਵਿਚ ਖਿੱਚੋਤਾਣ ਦੀ ਗੱਲ ਕਰਦਿਆਂ ਜਥੇਦਾਰ ਸੇਖਵਾਂ ਨੂੰ ਬੇਨਤੀ ਕੀਤੀ ਕਿ ਉਹ ਆਪਣਾ ਅਸਰ-ਰਸੂਖ ਵਰਤ ਕੇ ਇਹ ਸਥਾਨਕ ਧੜੇਬੰਦੀਆਂ ਖਤਮ ਕਰਵਾਉਣ। ਅਜਿਹਾ ਕਦਮ ਸਿੱਖ ਅਤੇ ਪੰਜਾਬੀ ਭਾਈਚਾਰੇ ਦੇ ਹਿੱਤ ਲਈ ਬਹੁਤ ਜ਼ਰੂਰੀ ਹੈ।

ਪੰਜਾਬੀ ਅਮੈਰਿਕਨ ਸਿਟੀਜ਼ਨ ਸੁਸਾਇਟੀ ਦੇ ਜਨਰਲ ਸਕੱਤਰ ਗਿਆਨੀ ਗੁਰਚਰਨ ਸਿੰਘ ਨੇ ਜਥੇਦਾਰ ਸੇਖਵਾਂ ਵਲੋਂ ਐਨ ਆਰ ਆਈ ਮਾਮਲਿਆਂ ਦੇ ਮਾਮਲੇ ਵਿਚ ਨਿਭਾਈ ਗਈ ਉਸਾਰੂ ਭੂਮਿਕਾ ਦੀ ਸ਼ਲਾਘਾ ਕੀਤੀ। ਗਦਰ ਪਾਰਟੀ ਦੇ ਮੈਂਬਰ ਅਤੇ ਸੁਲਝੇ ਹੋਏ ਬੁਲਾਰੇ ਸ. ਗਿਆਨ ਸਿੰਘ ਬਿਲਗਾ ਨੇ ਬਹੁਤ ਹੀ ਭਾਵਪੂਰਨ ਸ਼ਬਦਾਂ ਵਿਚ ਜਥੇਦਾਰ ਸੇਖਵਾਂ ਨੂੰ ਪੰਜਾਬ ਵਿਚ ਨੌਜਵਾਨਾਂ ਵਿਚ ਵਧ ਰਹੇ ਨਸ਼ਿਆਂ ਦੇ ਰੁਝਾਨ ਨੂੰ ਰੋਕਣ ਲਈ ਸਰਗਰਮ ਭੂਮਿਕਾ ਨਿਭਾਉਣ ਦੀ ਬੇਨਤੀ ਕੀਤੀ।

ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਮੀਤ ਪ੍ਰਧਾਨ ਸ. ਰੌਣਕ ਸਿੰਘ ਨੇ ਜਥੇਦਾਰ ਸੇਖਵਾਂ ਨੂੰ ਜੀ ਆਇਆਂ ਆਖਦਿਆਂ ਉਨ੍ਹਾਂ ਲੋਕਾਂ ਨੂੰ ਆੜੇ ਹੱਥੀਂ ਲਿਆ ਜੋ ਬਿਨਾਂ ਵਜ੍ਹਾ ਸ਼੍ਰੋਮਣੀ ਅਕਾਲੀ ਦਲ ਦੀ ਆਲੋਚਨਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਉਹ ਲੋਕ ਹਨ ਜੋ ਖੁਦ ਤਾਂ ਕੁਝ ਕਰਨ ਜੋਗੇ ਨਹੀਂ ਪਰ ਸ਼੍ਰੋਮਣੀ ਅਕਾਲੀ ਦਲ ਵਲੋਂ ਕੀਤੇ ਗਏ ਵਿਕਾਸ ਕਾਰਜਾਂ ਨੂੰ ਜਰ ਵੀ ਨਹੀਂ ਸਕਦੇ। ਜਿੰਨੀ ਤਬਦੀਲੀ ਅਕਾਲੀ ਸਰਕਾਰ ਨੇ ਲਿਆਂਦੀ ਹੈ, ਉਨੀ ਅਜੇ ਤੱਕ ਪੰਜਾਬ ਵਿਚ ਕੋਈ ਕਾਂਗਰਸ ਸਰਕਾਰ ਨਹੀਂ ਲਿਆ ਸਕੀ। ਸਥਾਨਕ ਬਿਜਨਸਮੈਨ ਅਤੇ ਜਥੇਦਾਰ ਸੇਖਵਾਂ ਨਾਲ ਪ੍ਰਧਾਨਗੀ ਮੰਡਲ ਵਿਚ ਬੈਠੇ ਸ. ਜਗਦੀਸ਼ ਸਿੰਘ ਢਿੱਲੋਂ ਨੇ ਸਭ ਨੂੰ ਰਲ ਮਿਲ ਕੇ ਰਹਿਣ ਦਾ ਸੱਦਾ ਦਿੱਤਾ।



ਇਸ ਸਮਾਗਮ ਵਿਚ ਫਰਿਜ਼ਨੋ ਤੋਂ ਅਰਵਿੰਦਰ ਸਿੰਘ ਲੱਖਣ ਆਪਣੇ ਸਾਥੀਆਂ ਸਮੇਤ ਪਹੁੰਚੇ। ਹੋਰਨਾਂ ਤੋਂ ਇਲਾਵਾ ਸਮਾਗਮ ਵਿਚ ਅਕਾਲ ਤਖਤ ਦੇ ਸਾਬਕਾ ਜਥੇਦਾਰ ਵਿਸਾਖਾ ਸਿੰਘ ਦੇ ਪਰਿਵਾਰ ਵਿਚੋਂ ਡਾ. ਸਰਬਜੀਤ ਸਿੰਘ ਤੇ ਉਨ੍ਹਾਂ ਦੇ ਪਿਤਾ ਜੀ, ਗੁਰਦੁਆਰਾ ਵਿਲਸਨ ਰੋਡ ਤੇ ਗੁਰਦੁਆਰਾ ਸਟਾਈਨ ਰੋਡ ਦੇ ਪ੍ਰਬੰਧਕ ਵੀ ਹੁੰਮਹੁਮਾ ਕੇ ਪਹੁੰਚੇ ਹੋਏ ਸਨ।

ਇਸ ਮੌਕੇ ਸਿਸਟਰ ਸਿਟੀ ਪ੍ਰਾਜੈਕਟ ਦੇ ਪ੍ਰਧਾਨ ਜਾਨ ਹੈਫਨਰ ਵਲੋਂ ਜਥੇਦਾਰ ਸੇਖਵਾਂ ਦਾ ਇਕ ਪਲੇਕ ਦੇ ਕੇ ਮਾਣ-ਸਨਮਾਨ ਕੀਤਾ ਗਿਆ। ਸਥਾਨਕ ਤਾਜ ਮਹਿਲ ਰੈਸਟੋਰੈਂਟ ਵਿਚ ਹੋਏ ਇਸ ਸਮਾਗਮ ਦਾ ਪ੍ਰਬੰਧ ਐਨ ਆਰ ਆਈ ਸਭਾ ਦੇ ਚੇਅਰਮੈਨ ਜੋਬਨਜੀਤ ਸਿੰਘ ਬੌਬੀ ਅਤੇ ਜਨਰਨ ਸਕੱਤਰ ਤੇਜਪਾਲ ਸਿੰਘ ਨਿਕਸਨ ਦੇ ਉਦਮ ਨਾਲ ਕੀਤਾ ਗਿਆ। ਐਨ ਆਰ ਆਈ ਸਭਾ ਦੇ ਬਾਕੀ ਅਹੁਦੇਦਾਰਾਂ ਨੇ ਵੀ ਸਰਗਰਮ ਭੂਮਿਕਾ ਨਿਭਾਈ।

# ਸ਼ਾਇਰ ਈਸ਼ਰ ਸਿੰਘ ਮੋਮਨ ਨਾਲ ਇਕ 'ਸੰਵਾਦ'

**ਸੈਨ ਹੋਜ਼ੇ (ਬਿਊਰੋ):** ਜਦੋਂ ਮੈਂ ਕੁਝ ਲਿਖਦਾ ਹਾਂ ਤਾਂ ਮੈਨੂੰ ਉਰਦੂ ਆਲਮੀ ਸਭਾ ਦੇ ਪ੍ਰਧਾਨ ਸਮਰ ਦੇ ਇਹ ਬੋਲ ਹਮੇਸ਼ਾ ਪ੍ਰੇਰਨਾ ਦਿੰਦੇ ਹਨ ਕਿ 'ਹਰ ਸ਼ੇਅਰ ਨਾਲ ਆਹ ਨਿਕਲੇ ਜਾਂ ਵਾਹ ਨਿਕਲੇ।' ਮੇਰੀਆਂ ਲਿਖਤਾਂ ਮੇਰੇ ਮਨ ਦੀ



*ਸ਼ਾਇਰ ਮੋਮਨ ਕੇਕ ਕੱਟਦੇ ਹੋਏ*

ਹੀ ਵੇਦਨਾ ਹਨ। ਇਹ ਸ਼ਬਦ ਉਘੇ ਸ਼ਾਇਰ ਈਸ਼ਰ ਸਿੰਘ ਮੋਮਨ ਨੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਬੇਏਰੀਆ ਇਕਾਈ ਵਲੋਂ ਉਨ੍ਹਾਂ ਦੇ ਮਾਣ ਵਿਚ ਕਰਵਾਏ ਗਏ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਆਖੇ।

ਆਪਣੀ ਨਿਜੀ ਜ਼ਿੰਦਗੀ ਨਾਲ ਸਾਂਝ ਪੁਆਉਂਦਿਆਂ ਸ਼ਾਇਰ ਮੋਮਨ ਨੇ ਭਾਵੁਕ ਹੋ ਕੇ ਕਿਹਾ ਕਿ ਮੇਰੇ ਪਰਿਵਾਰ ਨੇ ਅਤੇ ਮੈਂ 28 ਸਾਲ ਮੰਜੇ 'ਤੇ ਬਿਮਾਰ ਪਈ ਮਾਂ ਦੀ ਸੇਵਾ ਕੀਤੀ ਹੈ ਅਤੇ 10 ਸਾਲ ਮੈਂ ਆਪਣੀ ਪਤਨੀ ਦੀ ਸੇਵਾ ਕੀਤੀ ਹੈ। ਮੈਂ ਜ਼ਿੰਦਗੀ ਵਿਚ ਜੋ ਦੁੱਖ ਹੰਢਾਏ ਹਨ, ਮੇਰੀ ਕਲਮ ਉਨ੍ਹਾਂ ਦੀ ਹੀ ਹਾਮੀ ਭਰਦੀ ਹੈ। ਅੱਜ ਮੈਂ ਇਹ ਵੀ ਮਹਿਸੂਸ ਕਰ ਰਿਹਾ ਹਾਂ ਕਿ ਇਨਸਾਨ ਦਾ ਮੁੱਲ ਉਸ ਦੇ ਜੀਊਂਦੇ ਜੀਅ ਹੀ ਪੈ ਜਾਣਾ ਚਾਹੀਦਾ ਹੈ ਅਤੇ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਨੇ ਜਿਸ ਢੰਗ ਨਾਲ ਮੇਰਾ ਮਾਣ-ਸਨਮਾਨ ਕੀਤਾ ਹੈ, ਮੈਂ ਸਭਾ ਦਾ ਮਸ਼ਕੂਰ ਹਾਂ।

ਸਾਹਿਤ ਸਭਾ ਨਾਲ ਆਪਣੇ ਸਬੰਧਾਂ ਦੀ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਮੈਂ 1984 ਵਿਚ ਅਮਰੀਕਾ ਆਇਆ ਅਤੇ 1985 ਵਿਚ ਜਦੋਂ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਬਣੀ ਤਾਂ ਇਸ ਦੇ ਮੁੱਢਲੇ ਮੈਂਬਰਾਂ- ਜਸਪਾਲ ਸਿੰਘ ਸੂਸ, ਮਹਿੰਦਰ ਸਿੰਘ ਘੱਗ ਅਤੇ ਰਾਬਿੰਦਰ ਸਿੰਘ ਅਟਵਾਲ ਦੇ ਨਾਲ ਮੈਂ ਵੀ ਸ਼ਾਮਿਲ ਸੀ। ਪੰਜਾਬ ਵਿਚ ਮੈਂ ਕਵੀ ਮੰਡਲ ਦਾ ਪ੍ਰਧਾਨ, ਦਿੱਲੀ ਪੰਜਾਬੀ ਪ੍ਰਤੀਨਿਧੀ ਬੋਰਡ ਦਾ ਚੇਅਰਮੈਨ, ਉਰਦੂ ਆਲਮੀ ਸਭਾ ਦਾ ਸਕੱਤਰ ਰਹਿ ਕੇ ਉਰਦੂ ਤੇ ਪੰਜਾਬੀ ਜ਼ੁਬਾਨ ਦੀ ਸੇਵਾ ਕੀਤੀ ਹੈ।

ਸਾਹਿਤ ਸਭਾ ਵਲੋਂ ਪ੍ਰਧਾਨ ਕੁਲਦੀਪ ਸਿੰਘ ਢੀਂਡਸਾ ਦੀ ਪ੍ਰਧਾਨਗੀ ਹੇਠ ਹੋਈ ਇਸ ਮਿਲਣੀ ਦੇ ਪ੍ਰਧਾਨਗੀ ਮੰਡਲ ਵਿਚ ਈਸ਼ਰ ਸਿੰਘ ਮੋਮਨ, ਚਰਨ ਸਿੰਘ ਜੱਜ ਅਤੇ ਅਮਰੀਕ ਸਿੰਘ ਜੌਹਲ ਸੁਸ਼ੋਭਿਤ ਸਨ। ਪਰਮਿੰਦਰ ਸਿੰਘ ਪਰਵਾਨਾ ਨੇ 'ਈਸ਼ਰ ਸਿੰਘ ਮੋਮਨ ਦੇ ਕਾਵਿ-ਤਜ਼ਰਬੇ' ਪਰਚਾ ਪੜ੍ਹਦਿਆਂ ਕਿਹਾ ਕਿ ਮੋਮਨ ਜੀ ਦੀਆਂ ਰਚਨਾਵਾਂ ਵਿਚ ਸਮਾਜਿਕ ਵਿਹਾਰ, ਆਧੁਨਿਕ ਆਲੇ-ਦੁਆਲੇ, ਵਾਤਾਵਰਨ, ਉਦਾਸੀਆਂ, ਉਦਰੇਵੇਂ, ਦੁੱਖ਼-ਦਰਦ, ਤਲਖ਼ੀਆਂ, ਮਜਬੂਰੀਆਂ-ਲਚਾਰੀਆਂ, ਸੰਸੇ ਅਤੇ ਅਧਿਆਤਮਕ ਪੱਖ ਛੋਹੇ ਗਏ ਹਨ। ਉਨ੍ਹਾਂ ਦਾ ਜੀਵਨ ਇਕ ਅਜਿਹੀ ਪ੍ਰਯੋਗਸ਼ਾਲਾ ਹੈ, ਜਿਸ ਨੂੰ ਨੇੜਿਓਂ ਦੇਖਿਆਂ ਜੀਵਨ ਸੇਧ ਮਿਲਦੀ ਹੈ, ਜੋ ਉਨ੍ਹਾਂ ਦੀ ਇਕ ਵੱਡੀ ਪ੍ਰਾਪਤੀ ਹੈ।

ਕੁਲਦੀਪ ਸਿੰਘ ਢੀਂਡਸਾ ਨੇ ਕਾਵਿ ਰੂਪ 'ਮੋਮਨ ਇਕ ਦਰਵੇਸ਼ ਕਵੀ ਹੈ' ਨਾਲ ਸ਼ਾਇਰ ਮੋਮਨ ਦੇ ਜੀਵਨ 'ਤੇ ਝਾਤ ਪੁਆਈ। ਡਾ. ਗੁਰਦੇਵ ਸਿੰਘ ਘਣਗਸ ਨੇ ਕਿਹਾ ਕਿ ਅਮਰੀਕਨ ਪੰਜਾਬੀ ਕਵਿਤਾ ਪੜ੍ਹਦਿਆਂ ਹੀ ਮੈਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਮੋਮਨ ਸਾਹਿਬ ਇਕ ਵਧੀਆ ਗ਼ਜ਼ਲਗੋ ਹਨ। ਤਾਰਾ ਸਿੰਘ ਸਾਗਰ ਨੇ ਕਿਹਾ ਕਿ ਮੋਮਨ ਸਾਹਿਬ ਨੇ ਪੰਜਾਬੀ ਸਾਹਿਤ ਅਤੇ ਪੰਜਾਬੀ ਸਾਹਿਤ ਸਭਾ ਨੂੰ ਮਾਣ ਬਖਸ਼ਿਆ ਹੈ। ਨੀਲਮ ਸੈਣੀ ਨੇ ਕਿਹਾ ਕਿ 'ਗ਼ਜ਼ਲ ਗੁਲਜ਼ਾਰ' ਅਤੇ 'ਕਲਮਾਂ ਦੀ ਕਸਤੂਰੀ' ਸਮੇਤ ਅੱਧੀ ਦਰਜਨ ਅਣਮੁੱਲੇ ਗ਼ਜ਼ਲ-ਸੰਗ੍ਰਿਹ ਉਰਦੂ ਅਤੇ ਪੰਜਾਬੀ ਸਾਹਿਤ ਦੀ ਝੋਲੀ ਪਾਉਣ ਵਾਲੇ ਗਜ਼ਲਗੋ ਸ. ਈਸ਼ਰ ਸਿੰਘ ਮੋਮਨ ਇਕ ਬੇਹਤਰੀਨ ਸ਼ਾਇਰ ਹੋਣ ਦੇ ਨਾਲ-ਨਾਲ ਇਕ ਸੁਹਿਰਦ ਇਨਸਾਨ ਵੀ ਹਨ। ਉਨ੍ਹਾਂ ਦੀ ਸ਼ਾਇਰੀ ਵਿਚ ਜ਼ਿੰਦਗੀ ਦਾ ਹਰ ਰੰਗ ਡੁੱਲ੍ਹ-ਡੁੱਲ ਪੈਂਦਾ ਹੈ ਅਤੇ ਉਨ੍ਹਾਂ ਦੀ ਸ਼ਖਸੀਅਤ ਵਿਚ ਇਨਸਾਨੀਅਤ ਦੀ ਕਿਰਨ ਆਪਣੇਪਨ ਦਾ ਸੁਨੇਹਾ ਦਿੰਦੀ ਹੈ।




ਡਾ. ਗੁਰਮੀਤ ਸਿੰਘ ਬਰਸਾਲ ਨੇ ਕਿਹਾ ਕਿ ਈਸ਼ਰ ਸਿੰਘ ਮੋਮਨ ਦਾ ਸਤਿਕਾਰ ਕਰਨਾ ਪੰਜਾਬੀ ਸਾਹਿਤ ਸਭਾ ਦਾ ਸ਼ਲਾਘਾਯੋਗ ਕਦਮ ਹੈ। ਪ੍ਰੋ. ਸੁਰਜੀਤ ਸਿੰਘ ਨਨੂਆ ਨੇ ਕਿਹਾ ਕਿ ਮੋਮਨ ਦੀ ਜੀਵਨੀ ਉਹ ਆਪਣੀ ਇਕ ਪੁਸਤਕ ਵਿਚ ਲਿਖ ਚੁੱਕੇ ਹਨ ਅਤੇ ਉਨ੍ਹਾਂ ਦੀ ਹੁਣ ਤੱਕ ਕੀਤੀ ਕਿਰਤ ਨੂੰ ਸਲਾਮ ਹੈ। ਸੈਕਰਾਮੈਂਟੋ ਤੋਂ ਆਏ ਗਦਰ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਚਰਨ ਸਿੰਘ ਜੱਜ ਨੇ ਕਿਹਾ ਕਿ ਸਮਾਜ ਦੀਆਂ ਦੁੱਖ-ਤਕਲੀਫ਼ਾਂ ਨੂੰ ਮਹਿਸੂਸ ਕਰਕੇ ਲਿਖਣ ਵਿਚ ਸਾਹਿਤਕਾਰ ਦਾ ਬਹੁਤ ਹੱਥ ਹੁੰਦਾ ਹੈ ਅਤੇ ਮੋਮਨ ਨੇ ਆਪਣੀਆਂ ਲਿਖਤਾਂ ਵਿਚ ਇਹ ਕੰਮ ਬਾਖ਼ੂਬੀ ਕੀਤਾ ਹੈ। ਸ਼ਾਇਰਾ ਗੁਲਸ਼ਨ ਦਿਆਲ, ਡਾ. ਕਪਿਲਾ ਅਤੇ ਅਮਰਜੀਤ ਸਿੰਘ ਜੌਹਲ ਨੇ ਕਿਹਾ ਕਿ ਸ. ਮੋਮਨ ਦੇ ਸਾਹਿਤਕ ਸਫ਼ਰ ਅਤੇ ਨਿਜੀ ਜ਼ਿੰਦਗੀ ਬਾਰੇ ਜਾਣ ਕੇ ਉਨ੍ਹਾਂ ਨੂੰ ਬਹੁਤ ਚੰਗਾ ਲੱਗਾ ਹੈ। ਮੰਚ ਸੰਚਾਲਨ ਕਰਦਿਆਂ ਨੀਲਮ ਸੈਣੀ ਨੇ ਹਰਬੰਸ ਸਿੰਘ ਜਗਿਆਸੂ, ਡਾ. ਹਰਭਜਨ ਸਿੰਘ ਫੁੱਲ, ਡਾ. ਵੇਦ ਵਟੁਕ ਅਤੇ ਰਾਠੇਸ਼ਵਰ ਸਿੰਘ ਸੂਰਾਪੁਰੀ ਵਲੋਂ ਭੇਜੇ ਸੰਦੇਸ਼ ਵੀ ਸਾਂਝੇ ਕੀਤੇ।

ਉਪਰੰਤ ਸਭਾ ਵਲੋਂ ਸ. ਮੋਮਨ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਦੇ 86ਵੇਂ ਜਨਮ ਦਿਨ ਦੀ ਖ਼ੁਸ਼ੀ ਵਿਚ ਕੇਕ ਵੀ ਕੱਟਿਆ ਗਿਆ। ਕਵੀ ਦਰਬਾਰ ਵੀ ਹੋਇਆ। ਗੁਰਦੇਵ ਸਿੰਘ ਘਣਗਸ ਅਤੇ ਡਾ. ਕਪਿਲਾ ਨੇ ਗਾ ਕੇ ਕ੍ਰਮਵਾਰ ਢੱਡ ਅਤੇ ਢੋਲ ਵਜਾ ਕੇ ਕਵੀ ਦਰਬਾਰ ਵਿਚ ਨਿਵੇਕਲਾ ਰੰਗ ਭਰ ਦਿੱਤਾ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਲਾਜ ਸੈਣੀ, ਅਭੀਤਾਬ ਸੈਣੀ, ਅਵਤਾਰ ਸਿੰਘ ਤਾਰੀ, ਜਸਦੀਪ ਸਿੰਘ, ਰਾਜਵਿੰਦਰ ਕੌਰ ਢਿੱਲੋਂ, ਤ੍ਰਿਪਤ ਕੌਰ, ਸੁਦੇਸ਼ ਸਿੰਘ ਅਟਵਾਲ, ਜਗਦੇਵ ਸਿੰਘ ਧਾਲੀਵਾਲ, ਅਮਰਜੀਤ ਕੌਰ ਜੌਹਲ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ।

## ਰਾਡੀਆ ਟੇਪਾਂ ਬਾਰੇ ਸਰਕਾਰ ਦੇ ਹੱਥ ਖੜ੍ਹੇ

**ਨਵੀਂ ਦਿੱਲੀ:** ਸਰਕਾਰ ਨੇ ਸੁਪਰੀਮ ਕੋਰਟ 'ਚ ਪੇਸ਼ ਕੀਤੀ ਰਿਪੋਰਟ ਵਿਚ ਦੱਸਿਆ ਹੈ ਕਿ ਲਾਬੀਕਾਰ ਨੀਰਾ ਰਾਡੀਆ ਦੀ ਟਾਟਾ ਗਰੁਪ ਦੇ ਚੇਅਰਮੈਨ ਰਤਨ ਟਾਟਾ ਤੇ ਹੋਰ ਸਨਅਤਕਾਰਾਂ ਨਾਲ ਫੋਨ 'ਤੇ ਹੋਈ ਗੱਲਬਾਤ ਕਿਸ ਨੇ ਲੀਕ ਕੀਤੀ ਹੈ, ਉਹ ਇਸ ਦਾ ਪਤਾ ਨਹੀਂ ਲਾ ਸਕੀ।

ਜਸਟਿਸ ਜੀ. ਐਸ. ਸਿੰਘਵੀ ਤੇ ਐਸ. ਜੇ. ਮੁਖੋਪਧਿਆਇ ਦੇ ਬੈਂਚ ਨੇ ਕੇਂਦਰ ਸਰਕਾਰ ਵੱਲੋਂ ਦਰਜ ਰਿਪੋਰਟ ਦੇ ਸਿੱਟੇ 'ਤੇ ਪੁੱਜਦਿਆਂ ਕਿਹਾ ਹੈ ਕਿ ਰਾਡੀਆ ਟੇਪਾਂ ਕਿਸ ਨੇ ਲੀਕ ਕੀਤੀਆਂ, ਬਾਰੇ ਪਤਾ ਲਾਉਣਾ ਅਸੰਭਵ ਹੈ।










# ਪੰਜਾਬੀ ਸੱਥ ਵਲੋਂ 4 ਪੰਜਾਬੀ ਸ਼ਖਸੀਅਤਾਂ ਦਾ ਸਨਮਾਨ

ਇਕ ਰਿਪੋਰਟ

**ਸੈਕਰਾਮੈਂਟੋ (ਬਿਊਰੋ):** ਇਥੇ ਗੁਰਦੁਆਰਾ ਰੋਜ਼ਵਿਲ ਵਿਚ ਲੰਘੇ ਐਤਵਾਰ ਹੋਏ ਸਾਲਾਨਾ ਸਨਮਾਨ ਸਮਾਗਮ ਵਿਚ ਪੰਜਾਬੀ ਸੱਥ ਕੈਲੀਫੋਰਨੀਆ ਵਲੋਂ ਪੰਜਾਬੀ ਭਾਈਚਾਰੇ ਦੀ ਮਾਂ ਬੋਲੀ, ਵਿਰਾਸਤ, ਸਾਹਿਤ ਅਤੇ ਪੱਤਰਕਾਰੀ ਦੇ ਖੇਤਰਾਂ ਵਿਚ ਮੁੱਲਵਾਨ ਯੋਗਦਾਨ ਪਾਉਣ ਵਾਲੀਆਂ ਚਾਰ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ। ਜਗਜੀਤ ਸਿੰਘ ਬਿੰਦ ਨੂੰ ਡਾ. ਗੰਡਾ ਸਿੰਘ ਪੁਰਸਕਾਰ (ਖੋਜ ਦੇ ਖੇਤਰ ਵਿਚ), ਅਮੋਲਕ ਸਿੰਘ ਜੰਮੂ ਸੰਪਾਦਕ ਪੰਜਾਬ ਟਾਈਮਜ਼ ਨੂੰ ਗਿਆਨੀ ਹੀਰਾ ਸਿੰਘ ਦਰਦ ਪੁਰਸਕਾਰ (ਪੱਤਰਕਾਰੀ) ਅਤੇ ਬੀਬੀ ਮਨਜੀਤ ਕੌਰ ਸੇਖੋਂ ਨੂੰ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਪੁਰਸਕਾਰ (ਸਾਹਿਤ) ਦਿੱਤੇ ਗਏ। ਗੁਰਦੁਆਰਾ ਰੋਜ਼ਵਿਲ ਦੀ ਲਾਇਬ੍ਰੇਰੀ ਨੂੰ ਮਾਂ ਬੋਲੀ ਦੀ ਸੇਵਾ ਸੰਭਾਲ ਲਈ ਭਾਈ ਗੁਰਦਾਸ ਪੁਰਸਕਾਰ ਅਤੇ ਕਿਤਾਬਾਂ ਭੇਟ ਕਰ ਕੇ ਸਨਮਾਨਤ ਕੀਤਾ ਗਿਆ।







ਇਸ ਮੌਕੇ ਪੰਜਾਬੀ ਸੱਥ ਵੱਲੋਂ ਛਪੀਆਂ ਪੰਜ ਕਿਤਾਬਾਂ ਦੀ ਮੁੱਖ ਵਿਖਾਈ ਵੀ ਕੀਤੀ ਗਈ। ਇਨ੍ਹਾਂ ਵਿਚ ਡੋਗਰੀ ਲੋਕ ਗੀਤਾਂ ਦਾ ਸੰਗ੍ਰਿਹ 'ਭੁਗਰ ਝਨਕਾਰ' (ਬਬਲੀ ਅਰੋੜਾ), ਪੰਜਾਬ ਦੀ ਕਿਰਸਾਨੀ ਅਤੇ ਆਮ ਲੋਕਾਂ ਦੇ ਜੀਵਨ ਸਬੰਧੀ ਖੋਜ ਪੁਸਤਕ 'ਸਾਨੂੰ ਕਿਹਤੀ ਜੂਨੇ ਪਾਇਆ' (ਡਾ. ਕੇਸਰ ਸਿੰਘ ਬਰਵਾਲੀ), ਡਾ. ਕੇਸਰ ਸਿੰਘ ਬਰਵਾਲੀ ਸਬੰਧੀ ਲੇਖ ਸੰਗ੍ਰਿਹ 'ਕੇਸਰ ਦੀ ਮਹਿਕ', ਬਾਬਾ ਬੰਦਾ ਸਿੰਘ ਬਹਾਦਰ ਸਬੰਧੀ ਮਹਾਂਕਾਵਿ 'ਮਰਦ ਗੁਰੂ ਕਾ ਚੇਲਾ' (ਬਲਹਾਰ ਸਿੰਘ ਰੰਧਾਵਾ) ਅਤੇ ਪੁਸਤਕ 'ਹੀਰ ਵਿਚ ਮਿਲਾਵਟੀ ਸ਼ੇਅਰਾਂ ਦਾ ਵੇਰਵਾ' (ਜ਼ਾਹਿਦ ਇਕਬਾਲ ਗੁਜਰਾਂਵਾਲਾ) ਸ਼ਾਮਿਲ ਸਨ।


ਪੰਜਾਬੀ ਸੱਥ ਦੀ ਮੁੱਖ ਇਕਾਈ ਦੇ ਸੇਵਾਦਾਰ ਡਾ. ਨਿਰਮਲ ਸਿੰਘ ਲਾਂਬੜਾ, ਜੋ ਇਨ੍ਹੀਂ ਦਿਨੀਂ ਉਤਰੀ ਅਮਰੀਕਾ ਦੇ ਦੌਰੇ 'ਤੇ ਹਨ, ਨੇ ਕਿਤਾਬਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਸੱਥ ਦੇ ਵਿਸ਼ੇਸ਼ ਉਪਰਾਲਿਆਂ ਨਾਲ ਡੋਗਰੀ ਲੋਕ ਗੀਤਾਂ ਨੂੰ ਗੁਰਮੁਖੀ ਲਿਪੀ ਅਤੇ ਦੇਵਨਾਗਰੀ ਲਿਪੀ ਵਿਚ ਛਾਪ ਕੇ ਪੰਜਾਬੀ ਦੇ ਗਵਾਚ ਰਹੇ ਲਹਿਜ਼ੇ ਮੁੜ ਜੀਵਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਡਾ. ਨਿਰਮਲ ਸਿੰਘ ਨੇ ਵਿਸ਼ੇਸ਼ ਤੌਰ 'ਤੇ ਜ਼ਾਹਿਦ ਇਕਬਾਲ ਦੀ ਖੋਜ ਪੁਸਤਕ, ਜੋ ਦੋ ਸਾਲ ਪਹਿਲਾਂ ਸ਼ਾਹਮੁਖੀ ਅੱਖਰਾਂ ਵਿਚ ਯੂਰਪੀ ਪੰਜਾਬੀ ਸੱਥ ਵੱਲੋਂ ਛੱਪ ਚੁੱਕੀ ਹੈ ਅਤੇ ਗੁਰਮੁਖੀ ਲਿਪੀ ਵਿਚ ਪਿੱਛੇ ਜਿਹੇ ਹੀ ਛਪੀ ਹੈ, ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਇਸ ਪੁਸਤਕ ਰਾਹੀਂ ਹੀਰ ਵਾਰਿਸ ਵਿਚੋਂ ਲੱਚਰਪੁਣੇ ਅਤੇ ਅਸ਼ਲੀਲਤਾ ਵਾਲੇ ਮਿਲਾਵਟੀ ਸ਼ੇਅਰ ਕੱਢ ਕੇ ਵਾਰਿਸ ਸ਼ਾਹ ਦੀ ਰੂਹ ਨਾਲ ਇਨਸਾਫ ਕਰਨ ਦਾ ਯਤਨ ਕੀਤਾ ਗਿਆ ਹੈ। ਡਾ. ਨਿਰਮਲ ਸਿੰਘ ਨੇ ਦੇਸ-ਵਿਦੇਸ਼ ਵਿਚ ਸੱਥ ਦੀਆਂ ਤੀਹ ਇਕਾਈਆਂ, ਵਿਰਾਸਤੀ ਕੈਲੰਡਰਾਂ, ਸਵਾ ਸੌ ਤੋਂ ਵੱਧ ਛਾਪੀਆਂ ਕਿਤਾਬਾਂ, ਚਾਰ ਸੌ ਦੇ ਲਗਭਗ ਸਨਮਾਨਤ ਹਸਤੀਆਂ ਅਤੇ ਸੰਸਥਾਵਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਅਮਰੀਕੀ ਪੰਜਾਬੀ ਭਾਈਚਾਰੇ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਅੰਗਰੇਜ਼ੀ ਨੂੰ ਆਪਣੀ ਕਾਰੋਬਾਰੀ ਅਤੇ ਸਰਕਾਰੀ ਜ਼ੁਬਾਨ ਦੇ ਤੌਰ 'ਤੇ ਸਿਖਣ ਦੇ ਨਾਲ ਨਾਲ ਪੰਜਾਬੀ ਨੂੰ ਘਰਾਂ ਤੋਂ ਸ਼ੁਰੂ ਕਰਕੇ ਧਾਰਮਿਕ ਸੰਗਠਨਾਂ ਅਤੇ ਸਮਾਜਿਕ ਸੰਸਥਾਵਾਂ ਰਾਹੀਂ ਪ੍ਰਚਾਰਨ ਲਈ ਦੋਹਰੇ ਉਪਰਾਲੇ ਕਰਨੇ ਚਾਹੀਦੇ ਹਨ।

ਸਮਾਗਮ ਦੀ ਪ੍ਰਧਾਨਗੀ ਕਰਦਿਆਂ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਸਵੈਚ ਨੇ ਸਮਾਗਮ ਦੀ ਸ਼ਲਾਘਾ ਕਰਦਿਆਂ ਭਵਿੱਖ ਵਿਚ ਵੀ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ। ਉਨ੍ਹਾਂ ਲਾਇਬ੍ਰੇਰੀ ਦੇ ਨਾਲ ਹੀ ਵਿਰਾਸਤੀ ਅਜਾਇਬ ਘਰ ਬਣਾਉਣ ਬਾਰੇ ਕਮੇਟੀ ਵਿਚ ਵਿਚਾਰ ਕਰਨ ਦਾ ਵਾਅਦਾ ਵੀ ਕੀਤਾ। ਹਰਬਿੰਦਰ ਸਿੰਘ ਬੈਂਸ ਦੀ ਬਿਮਾਰੀ ਕਾਰਨ ਗੈਰਹਾਜ਼ਰੀ ਵਿਚ ਮਨਜੀਤ ਸਿੰਘ ਨੇ ਲਾਇਬ੍ਰੇਰੀ ਵਿਚ ਇੱਕਤਰ ਬਾਰਾਂ ਸੌ ਤੋਂ ਵੀ ਵੱਧ ਕਿਤਾਬਾਂ ਅਤੇ ਲਾਇਬ੍ਰੇਰੀ ਖੁੱਲ੍ਹਣ ਦੇ ਸਮੇਂ ਬਾਰੇ ਜਾਣਕਾਰੀ ਦਿੱਤੀ। ਬਲਦੇਵ ਸਿੰਘ ਘਣਗਸ ਨੇ ਆਪਣੀ ਕਾਵਿ ਰਚਨਾ ਨਾਲ ਸਰੋਤਿਆਂ ਨਾਲ ਸਾਂਝ ਪਾਈ। ਭਾਈ ਘਨਈਆ ਇੰਟਰਨੈਸ਼ਨਲ ਸਭਾ ਵਲੋਂ ਸੰਤੋਖ ਸਿੰਘ ਨੇ ਇਸ ਸਮਾਗਮ ਵਿਚ ਸਨਮਾਨਤ ਸ਼ਖਸੀਅਤਾਂ ਨੂੰ ਵਧਾਈ ਦਿੰਦਿਆਂ ਸੱਥ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

ਬੀਬੀ ਮਨਜੀਤ ਕੌਰ ਸੇਖੋਂ ਨੇ ਆਪਣੇ ਸਾਹਿਤਕ ਸਫ਼ਰ, ਛਪੀਆਂ ਕਿਤਾਬਾਂ ਅਤੇ ਭਵਿੱਖੀ ਯੋਜਨਾਵਾਂ ਦਾ ਜ਼ਿਕਰ ਕਰਦਿਆਂ ਸੱਥ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਵਾਸਤੇ ਇਹ ਸਨਮਾਨ ਸੱਚੀ-ਮੁਚੀਂ ਹੀ ਇਕ ਥਾਪੜਾ ਹੈ। ਉਨ੍ਹਾਂ ਨੇ ਬੀਬੀ ਰਾਜਬੀਰ ਕੌਰ ਸੇਖੋਂ ਦੇ ਉਦਮਾਂ ਦੀ ਪ੍ਰਸ਼ੰਸਾ ਕਰਦਿਆਂ ਆਪਣੇ ਵੱਲੋਂ ਹਰ ਇਮਦਾਦ ਦਾ ਭਰੋਸਾ ਦਿਤਾ।

ਇਸੇ ਦੌਰਾਨ ਬੀਬੀ ਰਾਜਬੀਰ ਕੌਰ ਸੇਖੋਂ ਨੇ ਕੈਲੀਫੋਰਨੀਆ ਪੰਜਾਬੀ ਸੱਥ ਦੇ ਪਿਛਲੇ ਸਮਾਗਮਾਂ, ਹੁਣ ਤੱਕ ਅਮਰੀਕਾ ਵਿਚ ਸਨਮਾਨਤ ਹਸਤੀਆਂ, ਵਿਰਾਸਤੀ ਅਜਾਇਬ ਘਰ ਉਸਾਰਨ ਸਬੰਧੀ ਤਜਵੀਜ਼ਾਂ ਤੇ ਛਾਪੀਆਂ ਪੁਸਤਕਾਂ ਬਾਰੇ ਦੱਸਦਿਆਂ ਕੈਲੀਫੋਰਨੀਆ ਵਿਚ ਸਥਾਪਤ ਆਪਣੇ ਭਾਈਚਾਰੇ ਦੇ ਮੁੱਢ ਤੋਂ ਲੈ ਕੇ ਅੱਜ ਤੀਕ ਦੇ ਪੈਂਡੇ ਨੂੰ ਦਰਸਾਉਂਦੀ ਪੁਸਤਕ ਛਾਪਣ ਦਾ ਐਲਾਨ ਕੀਤਾ। ਉਨ੍ਹਾਂ ਅਮੋਲਕ ਸਿੰਘ ਅਤੇ ਜਗਜੀਤ ਸਿੰਘ ਬਿੰਦ ਦੀ ਸਿਹਤ ਢਿਲ੍ਹੀ ਹੋਣ ਕਾਰਨ ਨਾ ਪਹੁੰਚ ਸਕਣ 'ਤੇ ਉਨ੍ਹਾਂ ਦੇ ਸਨਮਾਨ ਉਨ੍ਹਾਂ ਤੱਕ ਛੇਤੀ ਹੀ ਪੁੱਜਦੇ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਨੇ ਵੈਸਟ ਸੈਕਰਾਮੈਂਟੋ ਤੋਂ ਦਲਜੀਤ ਸਿੰਘ ਨਾਲ ਆਏ ਸ਼ਬਦ ਗਾਇਨ ਵਾਲੇ ਬੱਚਿਆਂ, ਮੰਚ ਸੰਚਾਲਨ ਕਰਨ ਵਾਲੀ ਬੱਚੀ ਪ੍ਰੀਤਵੀਰ ਕੌਰ, ਕਿਤਾਬਾਂ ਅਤੇ ਵਿਰਾਸਤੀ ਵਸਤਾਂ ਦੀ ਨੁਮਾਇਸ਼ ਲਾਉਣ ਵਾਲੀਆਂ ਬੱਚੀਆਂ-ਜਸਦੀਪ ਕੌਰ, ਨਵਨੀਤ ਕੌਰ ਅਤੇ ਮੁਸਕਾਨ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਨ੍ਹਾਂ ਗੁਰਦੁਆਰਾ ਰੋਜ਼ਵਿਲ ਦੇ ਪ੍ਰਬੰਧਕਾਂ, ਲੰਗਰ ਦੇ ਸੇਵਾਦਾਰਾਂ ਅਤੇ ਦੂਰੋਂ-ਨੇੜਿਓਂ ਆਏ ਮਹਿਮਾਨਾਂ ਦਾ ਸ਼ੁਕਰਾਨਾ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਫਰੀਮਾਂਟ ਤੋਂ ਗੁਰਮੀਤ ਸਿੰਘ, ਬੀਬੀ ਰੁਪਿੰਦਰ ਕੌਰ, ਅਨੰਤ ਸਿੰਘ, ਯੂਬਾ ਸਿਟੀ ਤੋਂ ਕਮਲਜੀਤ ਕੌਰ, ਵੁੱਡਲੈਂਡ ਤੋਂ ਸੁਖਵਿੰਦਰ ਸਿੰਘ, ਬੀਬੀ ਪ੍ਰਭਜੋਤ ਕੌਰ, ਦਲਜੀਤ ਕੌਰ, ਰੋਜ਼ਵਿਲ ਤੋਂ ਗੁਰਮੇਲ ਸਿੰਘ ਸੰਧੂ ਅਤੇ ਬਲਜਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।





# ਪੰਜਾਬ ਵਿਚ ਹਰ ਦੋ ਦਿਨਾਂ ਅੰਦਰ ਹੁੰਦੇ ਨੇ ਪੰਜ ਕਤਲ

**ਚੰਡੀਗੜ੍ਹ:** ਪੰਜਾਬ ਵਿਚ ਅਪਰਾਧਾਂ ਦੀ ਗਿਣਤੀ ਦਿਨੋ-ਦਿਨ ਵਧ ਰਹੀ ਹੈ। ਪੰਜਾਬ ਵਿਚ ਡੇਢ ਸਾਲ ਦੌਰਾਨ ਕੁੱਲ 1261 ਕਤਲ ਹੋਏ ਹਨ। ਇਸ ਤਰ੍ਹਾਂ ਰਾਜ ਵਿਚ ਦੋ ਦਿਨਾਂ ਦੌਰਾਨ ਪੰਜ ਕਤਲ ਹੋ ਰਹੇ ਹਨ। ਇਰਾਦਾ ਕਤਲ ਦੀਆਂ 1523 ਤੇ ਹਮਲੇ ਕਰਕੇ ਜ਼ਖ਼ਮੀ ਕਰਨ ਦੀਆਂ 6914 ਵਾਰਦਾਤਾਂ ਵਾਪਰੀਆਂ ਹਨ। ਪੰਜਾਬ ਪੁਲਿਸ ਦੇ ਅੰਕੜਿਆਂ ਮੁਤਾਬਕ ਰਾਜ ਵਿਚ ਰੋਜ਼ਾਨਾ ਸੰਨ੍ਹ ਲੱਗਣ ਦੀਆਂ ਸੱਤ, ਅਗਵਾ ਦੀਆਂ ਦੋ, ਚੋਰੀਆਂ ਦੀਆਂ 14, ਕਤਲਾਂ ਦੀਆਂ ਦੋ ਦਿਨਾਂ ਵਿਚ ਪੰਜ ਤੇ ਬਲਾਤਕਾਰ ਦੀਆਂ ਦੋ ਦਿਨਾਂ ਵਿਚ ਤਿੰਨ ਘਟਨਾਵਾਂ ਵਾਪਰਦੀਆਂ ਹਨ ਜਦੋਂਕਿ ਸੂਬੇ ਦੇ ਥਾਣਿਆਂ ਵਿਚ ਖਾਸ ਕਰਕੇ ਖੋਹਾਂ, ਚੋਰੀਆਂ, ਲੁੱਟਾਂ, ਠੱਗੀਆਂ ਤੇ ਸੰਨ੍ਹਾਂ ਦੀਆਂ ਘਟਨਾਵਾਂ ਦੇ ਕਈ ਕੇਸ ਦਰਜ ਹੀ ਨਹੀਂ ਹੁੰਦੇ।

ਡੀ.ਜੀ.ਪੀ. ਪੰਜਾਬ ਦੇ ਦਫ਼ਤਰ ਤੋਂ ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਤਹਿਤ ਹਾਸਲ ਜਾਣਕਾਰੀ ਅਨੁਸਾਰ ਪਿਛਲੇ ਡੇਢ ਸਾਲ (1 ਜਨਵਰੀ 2011 ਤੋਂ 30 ਜੂਨ 2012) ਦੌਰਾਨ ਸੂਬੇ ਭਰ ਵਿਚ ਸੰਨ੍ਹ ਲੱਗਣ ਦੀਆਂ 3901 ਘਟਨਾਵਾਂ ਹੀ ਵਾਪਰੀਆਂ ਹਨ। ਇਸ ਤਰ੍ਹਾਂ ਪੁਲਿਸ ਦੀਆਂ ਫਾਈਲਾਂ ਵਿਚ ਪ੍ਰਤੀ ਦਿਨ ਸੰਨ੍ਹ ਲੱਗਣ ਦੀਆਂ ਸੱਤ ਸ਼ਿਕਾਇਤਾਂ ਹੀ ਥਾਣਿਆਂ ਵਿਚ ਪੁੱਜੀਆਂ ਹਨ। ਪਿਛਲੇ ਡੇਢ ਸਾਲ ਦੌਰਾਨ ਰਾਜ ਦੇ ਸਮੂਹ ਥਾਣਿਆਂ ਵਿਚ ਚੋਰੀਆਂ ਦੀਆਂ ਸਿਰਫ 5556 ਐਫ.ਆਈ.ਆਰ. ਦਰਜ ਹੋਈਆਂ ਹਨ।

ਆਮ ਤੌਰ 'ਤੇ ਪੁਲਿਸ ਦੀ ਕੋਸ਼ਿਸ਼ ਹੁੰਦੀ ਹੈ ਕਿ ਛੋਟੇ ਮੋਟੇ ਅਪਰਾਧਾਂ ਦੇ ਕੇਸ ਦਰਜ ਕਰਨ ਤੋਂ ਟਾਲਾ ਵੱਟ ਕੇ ਆਪਣੇ ਥਾਣਾ ਖੇਤਰ ਨੂੰ ਅੰਕੜਿਆਂ ਦੇ ਹੇਰਫੇਰ ਰਾਹੀਂ ਉੱਚ ਅਧਿਕਾਰੀਆਂ ਅੱਗੇ ਅਪਰਾਧ ਮੁਕਤ ਦਰਸਾਇਆ ਜਾਵੇ। ਪੁਲਿਸ ਪਹਿਲਾਂ ਤਾਂ ਖੋਹਾਂ ਤੇ ਲੁੱਟਾਂ ਦੇ ਕੇਸ ਦਰਜ ਕਰਨ ਤੋਂ ਹੀ ਟਾਲਾ ਵਟਦੀ ਹੈ ਤੇ ਜੇ ਪਾਣੀ ਸਿਰ ਤੋਂ ਲੰਘ ਜਾਵੇ ਤਾਂ ਫਿਰ ਖੋਹ ਦੇ ਮਾਮਲੇ ਨੂੰ ਚੋਰੀ ਦੇ ਰੂਪ ਵਿਚ ਦਰਜ ਕਰਨ ਤੇ ਚੋਰੀ ਦੇ ਮਾਮਲੇ ਵਿਚ ਗੁੰਮਸ਼ੁਦਗੀ ਦੀ ਡੀ.ਡੀ.ਆਰ. ਕੱਟਣ ਦੇ ਯਤਨ ਕੀਤੇ ਜਾਂਦੇ ਹਨ। ਪੁਲਿਸ ਦੇ ਅਜਿਹੇ ਰੁਝਾਨ ਦਾ ਸਿੱਧੇ ਤੌਰ 'ਤੇ ਅਪਰਾਧੀਆਂ ਨੂੰ ਲਾਭ ਪੁੱਜ ਰਿਹਾ ਹੈ ਕਿਉਂਕਿ ਕੇਸ ਦਰਜ ਨਾ ਹੋਣ ਦੀ ਸੂਰਤ ਵਿਚ ਅਜਿਹੇ ਛੋਟੇ-ਮੋਟੇ ਅਪਰਾਧੀ ਪੁਲਿਸ ਦੀ ਗ੍ਰਿਫਤ ਵਿਚ ਆਉਣ ਤੋਂ ਬਚ ਜਾਂਦੇ ਹਨ।

ਪੰਜਾਬ ਪੁਲਿਸ ਪਿਛਲੇ ਡੇਢ ਸਾਲ ਦੌਰਾਨ ਸੰਨ੍ਹਾਂ ਲੱਗਣ ਦੀਆਂ ਕੁੱਲ ਵਾਪਰੀਆਂ 3901 ਘਟਨਾਵਾਂ ਵਿਚੋਂ ਕੇਵਲ 1704 ਭਾਵ 44 ਫੀਸਦੀ ਮਾਮਲੇ ਹੀ ਹੱਲ ਕਰਨ ਵਿਚ ਕਾਮਯਾਬ ਹੋਈ ਹੈ। ਚੋਰੀ ਦੀਆਂ ਵਾਪਰੀਆਂ ਕੁੱਲ 5556 ਘਟਨਾਵਾਂ ਵਿਚੋਂ ਸਿਰਫ 49 ਫੀਸਦੀ (2723), ਹਥਿਆਰਾਂ ਦੀ ਨੋਕ 'ਤੇ ਲੁੱਟ ਦੀਆਂ ਵਾਪਰੀਆਂ ਕੁੱਲ 1942 ਘਟਨਾਵਾਂ ਵਿਚੋਂ ਕੇਵਲ 62 ਫੀਸਦੀ, 1201 ਮਾਮਲੇ ਹੀ ਹੱਲ ਹੋਏ ਹਨ।

ਇਸ ਸਮੇਂ ਦੌਰਾਨ ਅਗਵਾ ਦੇ 587, ਠੱਗੀ ਦੇ 5176 ਕੇਸ ਦਰਜ ਕੀਤੇ ਹਨ। ਰਾਜ ਦੇ ਥਾਣਿਆਂ ਵਿਚ ਹਰੇਕ ਘੰਟੇ ਵਿੱਚ ਵੱਖ-ਵੱਖ ਅਪਰਾਧਾਂ ਤਹਿਤ ਛੇ ਕੇਸ ਦਰਜ ਕੀਤੇ ਜਾਂਦੇ ਹਨ ਤੇ ਰੋਜ਼ਾਨਾ 145 ਐਫ.ਆਈ.ਆਰ. ਦਰਜ ਹੁੰਦੀਆਂ ਹਨ। ਡੇਢ ਸਾਲ ਦੌਰਾਨ ਰਾਜ ਦੇ ਸਮੂਹ ਥਾਣਿਆਂ ਵਿਚ 79,175 ਕੇਸ ਦਰਜ ਕੀਤੇ ਗਏ ਹਨ ਤੇ ਪੁਲਿਸ ਅਨੁਸਾਰ ਇਨ੍ਹਾਂ ਵਿਚੋਂ 89 ਫੀਸਦੀ (70,330) ਮਾਮਲੇ ਹੱਲ ਕਰ ਲਏ ਗਏ ਹਨ।

# ਹਾਰੇ ਉਮੀਦਵਾਰਾਂ ਵੱਲੋਂ ਗਰਾਂਟਾਂ ਵੰਡਣ 'ਤੇ ਸਰਕਾਰ ਤਲਬ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤਾਂ ਤੇ ਨਗਰ ਕੌਂਸਲਾਂ ਨੂੰ ਸਾਬਕਾ ਵਿਧਾਇਕਾਂ ਤੇ ਸੰਸਦ ਮੈਂਬਰਾਂ ਸਣੇ ਹੋਰ ਅਣਅਧਿਕਾਰਤ ਵਿਅਕਤੀਆਂ ਵੱਲੋਂ ਗਰਾਂਟਾਂ ਵੰਡੇ ਜਾਣ ਉਪਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਰਾਜ ਸਰਕਾਰ ਤੇ ਸਬੰਧਤ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਹੈ। ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਜਸਬੀਰ ਸਿੰਘ ਦੀ ਅਗਵਾਈ ਹੇਠਲੇ ਡਿਵੀਜ਼ਨ ਬੈਂਚ ਨੇ ਇਹ ਨੋਟਿਸ ਫਿਰੋਜ਼ਪੁਰ ਦੇ ਨਗਰ ਕੌਂਸਲਰ ਬੋਹੜ ਸਿੰਘ ਦੀ ਪਟੀਸ਼ਨ 'ਤੇ ਜਾਰੀ ਕੀਤਾ ਹੈ।

ਪਟੀਸ਼ਨਰ ਨੇ ਕਿਹਾ ਹੈ ਕਿ ਸਾਬਕਾ ਪਾਰਲੀਮਾਨੀ ਸਕੱਤਰ ਸੁਖਪਾਲ ਸਿੰਘ ਨੰਨੂ ਤੇ ਹਲਕਾ ਇੰਚਾਰਜ ਜਥੇਦਾਰ ਰਣਜੀਤ ਸਿੰਘ ਤਲਵੰਡੀ ਨੂੰ ਗਰਾਂਟਾਂ ਵੰਡਣ ਤੋਂ ਰੋਕਿਆ ਜਾਵੇ। ਇਹ ਮੰਗ ਵੀ ਕੀਤੀ ਗਈ ਕਿ ਅਦਾਲਤ ਗਰਾਂਟਾਂ ਦੀ ਵੰਡ ਬਾਰੇ ਹਦਾਇਤਾਂ ਜਾਰੀ ਕਰੇ ਕਿ ਸਿਰਫ ਚੁਣੇ ਨੁਮਾਇੰਦੇ ਜਾਂ ਡਿਪਟੀ ਕਮਿਸ਼ਨਰ ਹੀ ਗਰਾਂਟਾਂ ਵੰਡ ਸਕਦੇ ਹਨ। ਪਟੀਸ਼ਨਰ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਨੇ ਗਰਾਂਟਾਂ ਦੀ ਵੰਡ ਲਈ ਬੜਾ ਅਜੀਬੋ-ਗਰੀਬ ਤਰੀਕਾ ਅਪਣਾਇਆ ਹੋਇਆ ਹੈ। ਉਹ ਆਪਣੇ ਹਾਰੇ ਹੋਏ ਨੁਮਾਇੰਦਿਆਂ ਤੋਂ ਪਿੰਡਾਂ ਤੇ ਸ਼ਹਿਰਾਂ ਵਿਚ ਗਰਾਂਟਾਂ ਦੀ ਵੰਡ ਕਰਵਾ ਰਹੀ ਹੈ। ਇਸ ਨਾਲ ਜਿੱਤੇ ਹੋਏ ਲੋਕ ਨੁਮਾਇੰਦੇ ਦੇ ਸਨਮਾਨ ਤੇ ਲੋਕ ਭਾਵਨਾਵਾਂ ਨੂੰ ਸੱਟ ਵੱਜ ਰਹੀ ਹੈ। ਜ਼ਿਕਰਯੋਗ ਹੈ ਕਿ ਕਾਂਗਰਸ ਪਾਰਟੀ ਵੱਲੋਂ ਬਾਦਲ ਸਰਕਾਰ ਦੇ ਪਿਛਲੇ ਕਾਰਜਕਾਲ ਦੌਰਾਨ ਵੀ ਇਹ ਮੁੱਦਾ ਜ਼ੋਰ-ਸ਼ੋਰ ਨਾਲ ਉਠਾਇਆ ਗਿਆ ਸੀ ਕਿ ਪੰਚਾਇਤਾਂ ਨੂੰ ਗਰਾਂਟਾਂ ਦੇ ਚੈਕ ਹਾਰੇ ਹੋਏ ਵਿਧਾਇਕਾਂ ਨੂੰ ਨਹੀਂ ਦਿੱਤੇ ਜਾਣੇ ਚਾਹੀਦੇ।

## ਕੁਰਾਨ ਸਾੜਨ ਵਾਲੇ ਅਮਰੀਕੀ ਸੈਨਿਕਾਂ ਨੂੰ ਸਜ਼ਾ



**ਵਾਸ਼ਿੰਗਟਨ:** ਅਮਰੀਕੀ ਫ਼ੌਜ ਦੀ ਕੀਤੀ ਗਈ ਜਾਂਚ ਦੌਰਾਨ ਇਹ ਪਤਾ ਲੱਗਾ ਹੈ ਕਿ ਅਮਰੀਕੀ ਸੁਰੱਖਿਆ ਦਸਤਿਆਂ ਨੇ ਫਰਵਰੀ ਮਹੀਨੇ 100 ਕੁਰਾਨ ਤੇ ਹੋਰ ਧਾਰਮਿਕ ਸਮਗਰੀ ਸਾੜ ਦਿੱਤੀ ਸੀ ਜਿਸ ਕਾਰਨ ਭਿਆਨਕ ਹਿੰਸਾ ਭੜਕ ਗਈ ਸੀ ਤੇ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਪੈਦਾ ਹੋ ਗਿਆ ਸੀ। ਇਸ ਘਟਨਾ ਲਈ ਜ਼ਿੰਮੇਵਾਰ 6 ਸਿਪਾਹੀਆਂ ਨੂੰ ਪ੍ਰਸ਼ਾਸਕੀ ਸਜ਼ਾਵਾਂ ਦਿੱਤੀਆਂ ਗਈਆਂ ਹਨ ਪਰ ਇਨ੍ਹਾਂ ਦੀ ਇਸਲਾਮ ਧਰਮ ਪ੍ਰਤੀ ਕੋਈ ਮੰਦਭਾਵਨਾ ਸਾਹਮਣੇ ਨਹੀਂ ਆਈ।

# ਫਰਿਜ਼ਨੋ 'ਚ ਭਾਰਤੀ ਆਜ਼ਾਦੀ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ







**ਫਰਿਜ਼ਨੋ (ਨੀਟਾ ਮਾਛੀਕੇ/ਕੁਲਵੰਤ ਧਾਲੀਆਂ):** ਭਾਰਤ ਦਾ 66ਵਾਂ ਆਜ਼ਾਦੀ ਦਿਵਸ ਇਥੇ ਕੈਲੀਫੋਰਨੀਆ ਸਟੇਟ ਯੂਨੀਵਰਸਟੀ ਦੇ ਸੈਟੇਲਾਈਟ ਹਾਲ ਵਿਚ ਭਾਰਤੀ ਭਾਈਚਾਰੇ ਦੀ ਮੰਨੀ-ਪ੍ਰਮੰਨੀ ਹਸਤੀ ਡਾ. ਸੁਦਰਸਨ ਕਪੂਰ ਦੀ ਰਹਿਨੁਮਾਈ ਹੇਠ ਸਥਾਨਕ ਜਥੇਬੰਦੀਆਂ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਸਮਾਗਮ ਵਿਚ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਸ੍ਰੀ ਐਨ ਪਾਰਥਾਸਾਰਥੀ ਆਪਣੀ ਪੂਰੀ ਟੀਮ ਨਾਲ ਪਹੁੰਚੇ ਜਿਨ੍ਹਾਂ ਵਿਚ ਕੌਂਸਲ ਐਨ ਪੀ ਸਿੰਘ ਤੇ ਕੌਂਸਲ ਅਨੰਦ ਕੁਮਾਰ ਝਾਅ ਵੀ ਸ਼ਾਮਲ ਸਨ।

ਸਮਾਗਮ ਦੀ ਸ਼ੁਰੂਆਤ ਅਮਰੀਕੀ ਅਤੇ ਭਾਰਤੀ ਝੰਡੇ ਲਹਿਰਾ ਕੇ ਅਤੇ ਸਮੂਹ ਸ਼ਹੀਦਾਂ ਨੂੰ ਸਜ਼ਦਾ ਕਰਕੇ ਕੀਤੀ ਗਈ। ਉਪਰੰਤ ਭਾਰਤੀ ਅਤੇ ਅਮਰੀਕੀ ਰਾਸ਼ਟਰੀ ਗੀਤ ਗਾਇਆ ਗਿਆ। ਫਰਿਜ਼ਨੋ ਸਟੇਟ ਯੂਨੀਵਰਸਟੀ ਦੇ ਬੁਲਾਰੇ ਡਾ. ਵਿਲੀਅਮ ਕਾਬਿਨੋ ਨੇ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ। ਅਕਾਲੀ ਦਲ (ਬਾਦਲ), ਅਮਰੀਕਾ ਦੇ ਚੈਅਰਮੈਨ ਅਤੇ ਫਰਿਜ਼ਨੋ 'ਚ ਪੰਜਾਬੀ ਭਾਈਚਾਰੇ ਦੇ ਆਗੂ ਹੈਰੀ ਗਿੱਲ ਨੇ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ। ਉਨ੍ਹਾਂ ਓਕ ਕਰੀਕ ਗੋਲੀ ਕਾਂਡ ਵਿਚ ਮਾਰੇ ਗਏ ਸਿੱਖਾਂ ਨੂੰ ਯਾਦ ਕਰਦਿਆਂ ਇੱਕ ਮਿੰਟ ਦਾ ਮੌਨ ਧਾਰਨ ਦੀ ਅਪੀਲ ਕੀਤੀ। ਇੰਡੀਅਨ ਓਵਰਸੀਜ਼ ਕਾਂਗਰਸ ਦੇ ਪ੍ਰਧਾਨ ਅਤੇ ਉਘੇ ਟਰਾਂਸਪੋਰਟਰ ਪਾਲ ਸਿੰਘ ਸਹੋਤਾ ਨੇ ਆਜ਼ਾਦੀ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ।

ਭਾਰਤੀ ਕੌਂਸਲ ਜਨਰਲ ਐਨ ਪਾਰਥਾਸਾਰਥੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸਭ ਭਾਰਤੀਆਂ ਨੂੰ ਆਜ਼ਾਦੀ ਦਿਨ ਦੀ ਵਧਾਦੀ ਦਿੱਤੀ ਅਤੇ ਕਿਹਾ ਕਿ ਅਸੀਂ ਭਾਰਤੀ ਕੌਂਸਲਖਾਨੇ ਵਿਚ ਤੁਹਾਡੀ ਸਹੂਲਤ ਲਈ ਮੌਜੂਦ ਹਾਂ। ਵੀਜ਼ੇ, ਪਾਸਪੋਰਟ ਜਾਂ ਕਿਸੇ ਵੀ ਹੋਰ ਕੰਮ ਸਬੰਧੀ ਬਿਨਾਂ ਝਿਜਕ ਤੁਸੀਂ ਸਾਡੇ ਨਾਲ ਰਾਬਤਾ ਕਾਇਮ ਕਰ ਸਕਦੇ ਹੋ। ਉਨ੍ਹਾਂ ਸਮੂਹ ਦੇਸ ਭਗਤਾਂ, ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕਰਦਿਆਂ ਕਿਹਾ ਕਿ ਆਪਾਂ ਕਿਸੇ ਵੀ ਧਰਮ ਨਾਲ ਕਿਉਂ ਨਾ ਸਬੰਧਤ ਹੋਈਏ, ਸਭ ਤੋਂ ਪਹਿਲਾਂ ਹਿੰਦੋਸਤਾਨੀ ਹਾਂ। ਉਨ੍ਹਾਂ ਓਕ ਕਰੀਕ ਵਿਚ ਮਾਰੇ ਗਏ ਸਿੱਖਾਂ ਦੀ ਮੌਤ 'ਤੇ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ।




ਕਾਂਗਰਸਮੈਨ ਜਿਮ ਕੌਸਟਾ ਨੇ ਭਾਰਤ ਅਤੇ ਅਮਰੀਕੀ ਦੋਸਤੀ ਦੀ ਗੱਲ ਕਰਦਿਆਂ ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰ ਦੱਸਿਆ। ਡਾ. ਕਪੂਰ ਨੇ ਸਭਨਾਂ ਵਰਗਾਂ ਦੇ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਆਜ਼ਾਦੀ ਦਿਵਸ ਦੀ ਵਧਾਈ ਦਿੱਤੀ। ਪ੍ਰੋਗਰਾਮ ਨੂੰ ਸੰਗੀਤਕ ਰੁਖ ਦਿੰਦਿਆਂ ਸਥਾਨਕ ਕਲਾਸੀਕਲ ਗਾਇਕਾ ਸ੍ਰੀਮਤੀ ਚੌਧਰੀ ਨੇ 'ਵੰਦੇ ਮਾਤਰਮ' ਗੀਤ ਗਾ ਕੇ ਲੋਕਾਂ ਨੂੰ ਦੇਸ ਭਗਤੀ ਦੇ ਰੰਗ ਵਿਚ ਰੰਗਿਆ। ਗਦਰੀ ਬਾਬਿਆਂ ਨਾਲ ਸਬੰਧਤ ਇਕ ਡਾਕੂਮੈਂਟਰੀ ਵੀ ਇਸ ਮੌਕੇ ਦਿਖਾਈ ਗਈ। ਸਮਾਗਮ ਦੌਰਾਨ ਮਹਾਤਮਾ ਗਾਂਧੀ ਅਤੇ ਪੰਡਿਤ ਨਹਿਰੂ ਦਾ ਪੱਲੜਾ ਭਾਰੀ ਰਿਹਾ। ਭਾਰਤੀ ਆਜ਼ਾਦੀ ਲਈ ਸ਼ਹੀਦ ਹੋਏ ਪੰਜਾਬੀਆਂ ਦਾ ਜ਼ਿਕਰ ਬਹੁਤ ਘੱਟ ਹੋਇਆ।

ਵੱਖ-ਵੱਖ ਧਰਮਾਂ ਦੇ ਬੱਚਿਆਂ ਨੇ ਆਪੋ ਆਪਣੇ ਸੱਭਿਆਚਾਰ ਨਾਲ ਸਬੰਧਤ ਨ੍ਰਿਤ ਆਈਟਮਾਂ ਪੇਸ਼ ਕਰਕੇ ਪ੍ਰੋਗਰਾਮ ਨੂੰ ਰੰਗੀਨ ਬਣਾਇਆ। ਦੇਸ਼ ਰੰਗੀਲਾ ਦੇ ਬੱਚਿਆਂ ਨੇ ਬਹੁਤ ਹੀ ਖੂਬਸੂਰਤ ਨ੍ਰਿਤ ਪੇਸ਼ ਕੀਤਾ। ਪੰਜਾਬੀ ਕਲਚਰਲ ਐਸੋਸੀਏਸ਼ਨ ਦੀਆਂ ਬੱਚੀਆਂ ਨੇ ਪੰਜਾਬੀ ਲੋਕ ਨਾਚ ਗਿੱਧੇ ਦੀ ਕਮਾਲ ਦੀ ਪੇਸ਼ਕਾਰੀ ਕਰਕੇ ਦਰਸ਼ਕਾਂ ਨੂੰ ਪੰਜਾਬੀਅਤ ਦੇ ਰੰਗ ਵਿਚ ਰੰਗਿਆ। ਜੀ ਐਚ ਜੀ ਡਾਂਸ ਅਤੇ ਸੰਗੀਤ ਅਕੈਡਮੀ ਦੇ ਬੱਚਿਆਂ ਨੇ ਭੰਗੜੇ ਦੇ ਜੌਹਰ ਵਿਖਾਏ।

ਇੰਡੋ-ਅਮੈਰਿਕਨ ਹੈਰੀਟੇਜ ਫੋਰਮ ਅਤੇ ਇੰਡੋ-ਅਮੈਰਿਕਨ ਐਸੋਸੀਏਸ਼ਨ ਦੇ ਮੈਂਬਰਾਂ-ਗੁਰਦੀਪ ਸਿੰਘ ਅਣਖੀ, ਜਸਵੰਤ ਸਿੰਘ ਮਾਨ, ਸੰਤੋਖ ਸਿੰਘ ਮਿਨਹਾਸ, ਸਾਧੂ ਸਿੰਘ ਸੰਘਾ ਅਤੇ ਸ਼ਾਇਰ ਲਛਮਣ ਸਿੰਘ ਰਾਠੌਰ ਦਾ ਭਾਰਤੀ ਕੌਂਸਲੇਟ ਵੱਲੋਂ ਸਨਮਾਨ ਕੀਤਾ ਗਿਆ। ਛੋਟੀਆਂ ਬੱਚੀਆਂ ਨੇ ਕੌਂਸਲ ਐਨ ਪੀ ਸਿੰਘ ਅਤੇ ਅਨੰਦ ਕੁਮਾਰ ਝਾਅ ਦਾ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਹੋਰਨਾਂ ਤੋਂ ਇਲਾਵਾ ਸਮਾਗਮ ਵਿਚ ਪੱਤਰਕਾਰ ਸਿੱਧੂ ਦਮਦਮੀ, ਕਬੱਡੀ ਪ੍ਰਮੋਟਰ ਨਾਜਰ ਸਿੰਘ ਸਹੋਤਾ, ਚਰਨਜੀਤ ਸਿੰਘ ਬਾਠ, ਸਨਵਾਕੀਨ ਸਿਟੀ ਦੇ ਮੇਅਰ ਰੂਬੀ ਧਾਲੀਵਾਲ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸਰਪੰਚ ਜੁਗਰਾਜ ਸਿੰਘ ਦੌਧਰ, ਪੰਜਾਬੀ ਰੇਡੀਓ ਹੋਸਟ ਗੁਰਦੀਪ ਸ਼ੇਰਗਿੱਲ, ਜਸਵੰਤ ਮਹਿਮੀ, ਕੁਲਵੀਰ ਹੇਅਰ, ਅਵਤਾਰ ਗੋਧਾਰਾ, ਬੋਸਾ ਢੇਸੀ, ਸਤਵੀਰ ਹੀਰ, ਸੁਰਿੰਦਰ ਮੰਢਾਲੀ, ਪਰਮਜੀਤ ਧਾਲੀਵਾਲ, ਊਦੈਦੀਪ ਸਿੱਧੂ ਹਾਜ਼ਰ ਸਨ।




ਪ੍ਰਬੰਧਕਾਂ ਵੱਲੋਂ ਕੌਂਸਲ ਜਨਰਲ ਨੂੰ ਸਨਮਾਨ ਚਿੰਨ ਅਤੇ ਫੁੱਲਾਂ ਦੇ ਗੁਲਦਸਤੇ ਭੇਟ ਕੀਤੇ ਗਏ। ਸਮੁੱਚੇ ਪ੍ਰੋਗਰਾਮ ਦਾ ਮੰਚ ਸੰਚਾਲਨ ਡਾ. ਗੁਦਾਵਰ ਸਿੰਘ ਧਾਲੀਵਾਲ ਅਤੇ ਡਾ. ਨੰਦਨੀ ਨੇ ਕੀਤਾ।


ਜੇ ਜੀਵੈ ਪਤ ਲੱਥੀ ਜਾਇ॥ ਸਭ ਹਰਾਮ ਜੇਤਾ ਕਿਛ ਖਾਇ॥




ਮਹਾਨ ਸ਼ਹੀਦੀ ਸਮਾਗਮ
2 ਸਤੰਬਰ 2012

300 ਗੁਰਦੁਆਰਾ ਰੋਡ, ਫਰੀਮਾਂਟ, ਕੈਲੀਫੋਰਨੀਆ




ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪੰਥ ਦੀ ਸ਼ਾਨ ਬਰਕਰਾਰ ਰੱਖਣ ਵਾਲੇ ਪੰਜਾਬ ਵਿਚ ਚੱਲੀ ਜ਼ੁਲਮੀ ਹਨੇਰੀ ਨੂੰ ਠੱਲ੍ਹ ਪਾਉਣ ਵਾਲੇ ਮਹਾਨ ਸ਼ਹੀਦ ਭਾਈ ਦਿਲਾਵਰ ਸਿੰਘ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਮਹਾਨ ਸ਼ਹੀਦੀ ਸਮਾਗਮ 2 ਸਤੰਬਰ ਐਤਵਾਰ ਨੂੰ ਗੁਰਦੁਆਰਾ ਫਰੀਮਾਂਟ ਵਿਚ ਹੋ ਰਿਹਾ ਹੈ। ਸਮੂਹ ਸੰਗਤਾਂ ਅਤੇ ਪੰਥਕ ਜਥੇਬੰਦੀਆਂ ਨੂੰ ਬੇਨਤੀ ਹੈ ਕਿ ਸਮਾਗਮ ਵਿਚ ਹਾਜ਼ਰੀਆਂ ਭਰਨ।
ਵਲੋਂ: ਗੁਰਦੁਆਰਾ ਸਾਹਿਬ ਫਰੀਮਾਂਟ ਅਤੇ ਸਮੂਹ ਪੰਥਕ ਜਥੇਬੰਦੀਆਂ











# ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਗੁਰਭਜਨ ਗਿੱਲ ਤੇ ਹੋਰਨਾਂ ਦਾ ਸਨਮਾਨ

**ਸਿਆਟਲ (ਬਿਊਰੋ):** ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਕਰਵਾਏ ਗਏ ਸਾਹਿਤਕ ਸਮਾਗਮ ਵਿਚ ਜਿੱਥੇ ਕਾਵਿ-ਰਚਨਾਵਾਂ ਦਾ ਦੌਰ ਚੱਲਿਆ ਉਥੇ ਕੁਝ ਸ਼ਖਸੀਅਤਾਂ ਦਾ ਸਨਮਾਨ ਕੀਤਾ ਗਿਆ ਤੇ ਕੁਝ ਪੁਸਤਕਾਂ ਵੀ ਰਿਲੀਜ਼ ਕੀਤੀਆਂ ਗਈਆਂ। ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਤੇ ਨਾਮੀ ਗਜ਼ਲਗੋ ਹਰਭਜਨ ਸਿੰਘ ਬੈਂਸ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ ਦੇ ਪ੍ਰਧਾਨ ਡਾ. ਗੁਰਭਜਨ ਗਿੱਲ, ਪੰਜਾਬੀ ਰਾਈਟਰਜ਼ ਐਸੋਸੀਏਸ਼ਨ ਯੂ ਕੇ ਦੇ ਪ੍ਰਧਾਨ ਅਤੇ ਰੇਡੀਓ ਕਿਸਮਤ ਯੂ ਕੇ ਦੇ ਹੋਸਟ ਡਾ. ਸਾਥੀ ਲੁਧਿਆਣਵੀ, ਪੰਜਾਬੀ ਪ੍ਰੈਸ ਕਲੱਬ ਬ੍ਰਿਟਿਸ਼ ਕੋਲੰਬੀਆ ਦੇ ਪ੍ਰਧਾਨ ਗਿਆਨ ਸਿੰਘ ਕੋਟਲੀ ਅਤੇ ਲੇਖਕ ਬਿੱਕਰ ਸਿੰਘ ਖੋਸਾ ਬਿਰਾਜਮਾਨ ਸਨ।

ਮਹਿਫਲ ਦੀ ਸ਼ੁਰੂਆਤ ਸੈਨ ਹੋਜ਼ੇ ਦੇ ਲੋਕਲ ਸ਼ਾਇਰਾਂ ਨੇ ਆਪਣਾ ਕਲਾਮ ਪੇਸ਼ ਕਰਕੇ ਕੀਤੀ। ਸ਼ਿੰਗਾਰਾ ਸਿੰਘ ਸਿੱਧੂ, ਗੁਰਬਿੰਦਰ ਸਿੰਘ ਬਾਜਵਾ, ਦੀਪਕ ਘੁੰਮਣ, ਵਾਸਦੇਵ ਸਿੰਘ ਪਰਹਾਰ, ਮਹਿੰਦਰ ਸਿੰਘ ਚੀਮਾ, ਗੁਰਪ੍ਰੀਤ ਸਿੰਘ ਸੋਹਲ, ਅਮਨ ਇਬਾਦਤ, ਦਲਜੀਤ ਕੌਰ ਚੀਮਾ, ਇੰਦਰਜੀਤ ਸਿੰਘ ਬੱਲੋਵਾਲੀਆ, ਹਰਰਤਨ ਸਿੰਘ, ਮਨਜੀਤ ਕੌਰ ਗਿੱਲ, ਹਰਪਾਲ ਸਿੱਧੂ, ਸਕੱਤਰ ਸਿੰਘ ਸੰਧੂ, ਜਸਵੀਰ ਸਹੋਤਾ ਤਲਵਣੀਆ, ਨੇਤਰ ਪਾਲ ਕੌਰ, ਰਣਜੀਤ ਤੇਜੀ, ਅਵਤਾਰ ਸਿੰਘ ਆਦਮਪੁਰੀ ਅਤੇ ਹਰਦਿਆਲ ਸਿੰਘ ਚੀਮਾ ਨੇ ਆਪੋ ਆਪਣੇ ਕਲਾਮ ਕਹੇ।

ਬੜੇ ਹੀ ਖੁਸ਼ਗਵਾਰ ਮਾਹੌਲ ਵਿਚ ਹਰਦਿਆਲ ਸਿੰਘ ਚੀਮਾ ਦੀਆਂ ਦੋ ਕਿਤਾਬਾਂ 'ਖੱਫਣ ਵੇਚ ਕੇ ਖਾ ਗਏ' ਅਤੇ 'ਭੈਣਾਂ ਦੇ ਵਣਜਾਰੇ' ਸਭਾ ਵਲੋਂ ਰਿਲੀਜ਼ ਕੀਤੀਆਂ ਗਈਆਂ। ਹਰਦਿਆਲ ਸਿੰਘ ਚੀਮਾ ਸਭਾ ਦੇ ਮੀਤ ਪ੍ਰਧਾਨ ਵੀ ਹਨ। ਲੰਘੀ ਵਿਸਾਖੀ ਮੌਕੇ ਉਨ੍ਹਾਂ ਦੇ ਗੀਤਾਂ ਦੀ ਇਕ ਸੀ ਡੀ 'ਲਹੂ ਦਾ ਰੰਗ ਲਾਲ ਕਿਉਂ' ਰਣਜੀਤ ਤੇਜੀ ਅਤੇ ਇੰਦਰਜੀਤ ਸਿੰਘ ਬੱਲੋਵਾਲੀਆ ਦੀ ਆਵਾਜ਼ ਵਿਚ ਰਿਲੀਜ਼ ਹੋ ਚੁਕੀ ਹੈ। ਇਸ ਸੀ ਡੀ ਦਾ ਦੂਜਾ ਅਡੀਸ਼ਨ ਵੀ ਮਾਰਕੀਟ ਵਿਚ ਆ ਚੁਕਾ ਹੈ। ਇਸ ਮੌਕੇ ਵਰਿੰਦਰ ਸਿੰਘ ਪਰਹਾਰ ਦੀ ਅੰਗਰੇਜ਼ੀ ਸ਼ਾਇਰੀ ਦੀ ਪੁਸਤਕ 'ਆਈ ਬਿਲੌਂਗ ਟੂ ਸਮਵਨ ਐਲਸ' ਨੇਤਰਪਾਲ ਕੌਰ, ਵਾਸਦੇਵ ਸਿੰਘ ਪਰਹਾਰ ਅਤੇ ਡਾ. ਗੁਰਭਜਨ ਗਿੱਲ ਦੇ ਹੱਥੀਂ ਰਿਲੀਜ਼ ਕੀਤੀ ਗਈ।

ਅਵਤਾਰ ਸਿੰਘ ਆਦਮਪੁਰੀ ਨੇ ਸਭਾ ਦੀਆਂ ਹੁਣ ਤੱਕ ਦੀਆਂ ਪ੍ਰਾਪਤੀਆਂ ਤੇ ਸਰਗਰਮੀਆਂ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਸਭਾ ਵਲੋਂ ਛੇਤੀ ਹੀ ਇਕ ਪੰਜਾਬੀ ਰਸਾਲਾ ਕੱਢਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਲਿੰਡਨ ਤੋਂ ਪਹੁੰਚੀ ਸੁਖਵਿੰਦਰ ਕੌਰ ਨੇ ਆਪਣੀ ਸੁਰੀਲੀ ਆਵਾਜ਼ ਵਿਚ ਸਵਰਗੀ ਸੁਰਿੰਦਰ ਕੌਰ ਦਾ ਗਾਇਆ ਇਕ ਗੀਤ ਪੇਸ਼ ਕੀਤਾ।

ਸਭਾ ਦੇ ਪ੍ਰਧਾਨ ਹਰਭਜਨ ਸਿੰਘ ਬੈਂਸ ਨੇ ਬਾਹਰੋਂ ਆਏ ਮਹਿਮਾਨਾਂ ਬਾਰੇ ਜਾਣਕਾਰੀ ਦਿੱਤੀ ਅਤੇ ਡਾ. ਗੁਰਭਜਨ ਗਿੱਲ, ਡਾ. ਸਾਥੀ ਲੁਧਿਆਣਵੀ ਤੇ ਹੋਰਨਾਂ ਨੂੰ ਜੀਵਨ ਭਰ ਦੀਆਂ ਪ੍ਰਾਪਤੀਆਂ ਬਦਲੇ ਪੁਰਸਕਾਰ ਅਤੇ ਇਕ ਇਕ ਲੋਈ ਭੇਟ ਕੀਤੀ। ਸਮਾਜ ਸੇਵੀ ਦਵਿੰਦਰ (ਡੇਵਿਡ) ਸਿੰਘ ਮਲਿਕ ਦਾ ਵੀ ਸਭਾ ਦੀ ਤਰਫੋਂ ਸਨਮਾਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਸ੍ਰੀ ਡੇਵਿਡ ਪੰਜਾਬੀ ਲਿਖਾਰੀ ਸਭਾ ਦੀਆਂ ਮੀਟਿੰਗਾਂ ਲਈ ਹਮੇਸ਼ਾ ਆਪਣਾ ਹਾਲ ਕਮਰਾ ਖੁੱਲ੍ਹਾ ਰੱਖਦੇ ਹਨ। ਇੰਡੀਆ ਬੀਸਟਰੋ ਰੈਸਟੋਰੈਂਟ ਦੇ ਮਾਲਕ ਗੁਰਮੋਹਨ ਸਿੰਘ ਦਾ ਸਭਾ ਦੀ ਇਸ ਮੀਟਿੰਗ ਵਿਚ ਆਏ ਮਹਿਮਾਨਾਂ ਲਈ ਭੋਜਨ ਮੁਹੱਈਆ ਕਰਨ ਵਾਸਤੇ ਧੰਨਵਾਦ ਕੀਤਾ ਗਿਆ। ਮੰਚ ਸੰਚਾਲਨ ਹਰਪਾਲ ਸਿੱਧੂ ਅਤੇ ਗੁਰਪ੍ਰੀਤ ਸਿੰਘ ਸੋਹਲ ਨੇ ਕੀਤਾ। ਹਰਦਿਆਲ ਸਿੰਘ ਚੀਮਾ ਨੇ ਆਏ ਮਹਿਮਾਨਾਂ ਅਤੇ ਜਾਰੀ ਕੀਤੀਆਂ ਗਈਆਂ ਕਿਤਾਬਾਂ ਦੇ ਪ੍ਰਕਾਸ਼ਤ ਚੇਤਨਾ ਪ੍ਰਕਾਸ਼ਕ ਦਾ ਧੰਨਵਾਦ ਕੀਤਾ।



*ਡਾ. ਗੁਰਭਜਨ ਗਿੱਲ ਦਾ ਸਨਮਾਨ ਕਰਦੇ ਹੋਏ ਸਭਾ ਦੇ ਅਹੁਦੇਦਾਰ*



*ਸਭਾ ਦੀ ਮੀਟਿੰਗ ਵਿਚ ਹਾਜ਼ਰ ਸਥਾਨਕ ਲੇਖਕ ਤੇ ਬਾਹਰੋਂ ਆਏ ਮਹਿਮਾਨ*

# ਅਦਾਕਾਰ ਏ.ਕੇ. ਹੰਗਲ ਨਹੀਂ ਰਹੇ

**ਮੁੰਬਈ:** ਬਾਲੀਵੁੱਡ ਦੇ ਚਰਿੱਤਰ ਅਭਿਨੇਤਾ ਤੇ ਸੁਤੰਤਰਤਾ ਸੈਨਾਨੀ ਏ.ਕੇ. ਹੰਗਲ ਦਾ ਸੰਖੇਪ ਜਿਹੀ ਬੀਮਾਰੀ ਮਗਰੋਂ ਦੇਹਾਂਤ ਹੋ ਗਿਆ। 98 ਸਾਲਾ ਬਜ਼ੁਰਗ ਅਦਾਕਾਰ ਦੇ ਅੰਤਮ ਸੰਸਕਾਰ ਮੌਕੇ ਫਿਲਮ ਨਗਰੀ ਦੀ ਕੋਈ ਉੱਘੀ ਸ਼ਖ਼ਸੀਅਤ ਨਾ ਪੁੱਜੀ। 16 ਅਗਸਤ ਨੂੰ ਗੁਸਲਖਾਨੇ ਵਿਚ ਡਿੱਗਣ ਕਾਰਨ ਉਨ੍ਹਾਂ ਦੇ ਪੱਟ ਦੀ ਹੱਡੀ ਟੁੱਟ ਗਈ ਸੀ ਤੇ ਉਸ ਮਗਰੋਂ ਅਪਰੇਸ਼ਨ ਕੀਤਾ ਜਾਣਾ ਸੀ ਪਰ ਬਜ਼ੁਰਗ ਅਦਾਕਾਰ ਨੂੰ ਛਾਤੀ, ਸਾਹ ਤੇ ਫੇਫੜਿਆਂ ਸਣੇ ਹੋਰ ਅਲਾਮਤਾਂ ਹੋਣ ਕਾਰਨ ਡਾਕਟਰਾਂ ਨੇ ਅਪਰੇਸ਼ਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

50 ਸਾਲ ਦੀ ਉਮਰ ਦੇ ਕਰੀਬ ਫਿਲਮ ਨਗਰੀ ਵਿਚ ਆਉਣ ਵਾਲੇ ਹੰਗਲ ਨੇ 'ਸ਼ੋਅਲੇ', ਸ਼ੌਕੀਨ, ਨਮਕ ਹਰਾਮ, ਆਇਨਾ, ਬਾਵਰਚੀ, ਗੁੱਡੀ ਤੇ ਲਗਾਨ ਸਣੇ 200 ਤੋਂ ਵੱਧ ਫਿਲਮਾਂ ਵਿਚ ਕੰਮ ਕੀਤਾ। ਉਨ੍ਹਾਂ ਦਾ ਫਿਲਮ 'ਸ਼ੋਅਲੇ' ਵਿਚਲਾ ਸੰਵਾਦ 'ਇਤਨਾ ਸੰਨਾਟਾ ਕਿਉਂ ਹੈ ਭਾਈ' ਅੱਜ ਤਕ ਯਾਦ ਕੀਤਾ ਜਾਂਦਾ ਹੈ। ਅਵਤਾਰ ਵਿਨੀਤ ਕਿਸ਼ਨ ਹੰਗਲ ਦਾ ਜਨਮ ਸਿਆਲਕੋਟ ਵਿਖੇ ਕਸ਼ਮੀਰੀ ਪੰਡਤ ਦੇ ਘਰ ਹੋਇਆ। ਜਦੋਂ 21 ਸਾਲ ਦੀ ਉਮਰੇ ਉਹ ਮੁੰਬਈ ਆਏ ਤਾਂ ਉਨ੍ਹਾਂ ਦੀ ਜੇਬ ਵਿਚ ਵੀਹ ਰੁਪਏ ਸਨ। ਉਹ ਇਪਟਾ ਨਾਲ ਵੀ ਜੁੜੇ ਰਹੇ।

# ਸਿਆਟਲ ਵਿਚ ਬੱਚਿਆਂ ਦੀਆਂ ਖੇਡਾਂ

**ਸਿਆਟਲ (ਬਿਊਰੋ):** ਪੰਜਾਬ ਸਪੋਰਟਸ ਕਲੱਬ, ਸਿਆਟਲ ਵਲੋਂ ਨਵੀਂ ਪਨੀਰੀ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਨ ਲਈ ਵੱਖ ਵੱਖ ਉਮਰ ਗਰੁਪ ਬਣਾ ਕੇ ਬੱਚਿਆਂ ਦੀਆਂ ਖੇਡਾਂ ਕਰਵਾਈਆਂ ਗਈਆਂ ਜਿਸ ਵਿਚ ਸਿਆਟਲ ਦੀ ਸਾਕਰ ਟੀਮ ਜੇਤੂ ਰਹੀ। ਬਾਰਾਂ ਸਾਲ ਤੋਂ ਘੱਟ ਉਮਰ ਅਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਦੇ ਵੱਖ ਵੱਖ ਮੁਕਾਬਲੇ ਹੋਏ।

ਬੱਚਿਆਂ ਦੀਆਂ ਸੌ ਮੀਟਰ ਦੌੜਾਂ ਅਤੇ ਅਥਲੈਟਿਕਸ ਦੀਆਂ ਹੋਰ ਖੇਡਾਂ ਵੀ ਕਰਵਾਈਆਂ ਗਈਆਂ। ਜ਼ਿਕਰਯੋਗ ਹੈ ਕਿ ਕਲੱਬ ਵਲੋਂ ਬੱਚਿਆਂ ਲਈ ਸਮਰ ਸਪੋਰਟਸ ਕੈਂਪ ਪਿਛਲੇ ਤਿੰਨ ਮਹੀਨੇ ਤੋਂ ਹਰ ਸਨਿਚਰ ਤੇ ਐਤਵਾਰ ਲਾਇਆ ਜਾਂਦਾ ਰਿਹਾ ਹੈ ਜਿਸ ਵਿਚ ਵੱਡੀ ਗਿਣਤੀ ਵਿਚ ਬੱਚੇ ਸ਼ਾਮਲ ਹੁੰਦੇ ਰਹੇ। ਕੈਂਪ ਦੇ ਪ੍ਰਬੰਧਕਾਂ ਵਿਚ ਗੁਰਚਰਨ ਸਿੰਘ ਢਿੱਲੋਂ, ਜਸਵਿੰਦਰ ਸਿੰਘ ਕਲੇਰ, ਜਗਦੇਵ ਸਿੰਘ ਸੰਧੂ, ਸੁੱਚਾ ਸਿੰਘ ਧਾਲੀਵਾਲ, ਕੁਲਵੰਤ ਸਿੰਘ ਢੇਸੀ ਅਤੇ ਹਰਦੀਪ ਸਿੰਘ ਚੌਹਾਨ ਸ਼ਾਮਲ ਸਨ ਜਿਨ੍ਹਾਂ ਦਾ ਕਲੱਬ ਵਲੋਂ ਮਾਣ ਸਨਮਾਨ ਕੀਤਾ ਗਿਆ।



*ਖੇਡਾਂ ਵਿਚ ਸ਼ਾਮਲ ਹੋਏ ਬੱਚੇ ਅਤੇ ਪ੍ਰਬੰਧਕ*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 8 ਸਤੰਬਰ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-28



*ਖਾਲਸਾਈ ਬਾਣਾ ਦੋਹਾਂ ਨੂੰ ਹੀ ਫੱਬਦਾ, ਮੋਢੇ 'ਤੇ ਭੁਜੰਗੀ ਨਿਰਾ ਰੂਪ ਰੱਬ ਦਾ!*
*ਚਿਹਰੇ 'ਤੇ ਜਲਾਲ ਪੂਰੇ ਛਾਏ ਹੋਏ ਐ, ਪਿਉ-ਪੁੱਤ ਅੱਜ ਮੇਲੇ ਆਏ ਹੋਏ ਐ!*

## ਕੈਪਸ਼ਨ ਮੁਕਾਬਲਾ-26



ਜਿਉਂਦਿਆਂ ਦੀ ਕੋਈ ਬਾਤ ਨਾ ਪੁੱਛੇ,
ਮਰਨ ਤੋਂ ਪਿੱਛੋਂ ਸਮਾਧ ਬਣਾਵਣ।
ਉਨ੍ਹਾਂ ਨੂੰ ਖ਼ੁਸ਼ ਰੱਖਣ ਖਾਤਰ,
ਤਰ੍ਹਾਂ ਤਰ੍ਹਾਂ ਦੇ ਭੋਗ ਲਵਾਵਣ।
ਅਵਾਰਾ ਕੁੱਤੇ ਮੌਜਾਂ ਮਾਨਣ,
ਵਡੇਰਿਆਂ ਦਾ ਉਹ ਸ਼ੁਕਰ ਮਨਾਵਣ।
*-ਜਗਮੀਤ ਸਿੰਘ ਪੰਧੇਰ*
*ਫੋਨ:91-98783-37222*


---

ਇਸ ਖੇਤ ਦਾ ਮਾਲਕ ਸੀ ਉਹ,
ਪੰਜ ਧੀਆਂ ਦਾ ਬਾਬਲ ਸੀ ਉਹ।
ਧੀਆਂ ਤਾਈਂ ਵਿਆਹੁੰਦਾ ਹੋਇਆ
ਕਰਜ਼ੇ ਥੱਲੇ ਦਬਿਆ ਸੀ ਉਹ।
ਲੋਕਾਂ ਦਾ ਢਿੱਡ ਭਰਦਾ ਹੋਇਆ
ਫਾਹਾ ਲੈ ਕੇ ਮਰ ਗਿਆ ਸੀ ਉਹ।
ਇਹ ਹੈ ਉਸ ਦੇ ਦਰ ਦਾ ਕੂਕਰ
ਮਾਲਕ ਆਪਣੇ ਨੂੰ ਸੁੰਘ ਰਿਹਾ ਹੈ।
ਮਰਿਆ ਨਹੀਂ ਉਹ ਇਸ ਭਾਣੇ
ਅੰਨ ਦਾ ਦਾਤਾ ਊਂਘ ਰਿਹਾ ਹੈ।
*-ਕੁਲਦੀਪ ਸਿੰਘ ਢੀਂਡਸਾ*
*ਫ਼ਰੀਮਾਂਟ, ਕੈਲੀਫ਼ੋਰਨੀਆ*

---

ਖੀਰ ਤਾਂ ਮੈਂ ਜਜ਼ਮਾਨਾ ਤੇਰੇ
ਪੁਰਖਿਆਂ ਨੂੰ ਪਹੁੰਚਾਈ।
ਖਾਣ ਦੀ ਮਿਹਨਤ ਮੈਨੂੰ ਦੇਵੋ
ਚੋਖੀ ਦੰਦ ਘਸਾਈ।
ਮੜ੍ਹੀ 'ਚ ਬੀਬੀ ਧਰ ਗਈ ਭੋਜਨ
ਬਾਬੇ ਖਾਤਰ ਉਤੇ।
ਉਪਰ ਭੇਜਣ ਲਈ ਵਸੀਲਾ
ਮਹਿੰਗੇ ਬਾਹਮਣ, ਸਸਤੇ ਕੁੱਤੇ।
*-ਮਹਾਂ ਸਿੰਘ ਹਾਂਸ*
*ਫੋਨ: 408-956-1696*

# ਅੱਖ ਵਿਚ ਆਠਰੇ ਹੰਝੂਆਂ ਨੇ ਸੁਣਾਈ ਦਾਸਤਾਨ




*ਆਪਣੀ ਡਾਇਰੀ ਦੇ ਇਸ ਹਿੱਸੇ ਵਿਚ ਨੌਜਵਾਨ ਫੋਟੋਗ੍ਰਾਫਰ ਰਣਦੀਪ ਮੱਦੋਕੇ ਨੇ ਦਲਿਤ ਸਰਪੰਚ ਕ੍ਰਿਸ਼ਨਾਵੇਣੀ ਨਾਲ ਹੋਈਆਂ ਵਧੀਕੀਆਂ ਦੀ ਕਥਾ ਛੋਹੀ ਹੈ। ਕ੍ਰਿਸ਼ਨਾਵੇਣੀ ਦਾ ਮਨੋਬਲ ਤੋੜਨ ਲਈ ਪੈਰ-ਪੈਰ 'ਤੇ ਯਤਨ ਕੀਤਾ ਗਿਆ, ਪਰ ਉਹ ਅਡੋਲ ਤੁਰਦੀ ਗਈ। ਆਖਰਕਾਰ ਉਸ ਦਾ ਅੰਗ-ਅੰਗ ਭੰਨ੍ਹ ਸੁੱਟਿਆ ਗਿਆ...ਰਣਦੀਪ ਨੇ ਦਲਿਤਾਂ ਦੀ ਜਿਹੜੀ ਦਾਸਤਾਂ ਛੋਹੀ ਹੈ, ਉਹ ਪੀੜ ਨਾਲ ਉੱਛਲੀ ਪਈ ਹੈ। ਮੌਕੇ ਦੇ ਹਾਲਾਤ ਨੂੰ ਉਹ ਆਪਣੇ ਕੈਮਰੇ ਅਤੇ ਸ਼ਬਦਾਂ ਨਾਲ ਬਹੁਤ ਬਾਰੀਕੀ ਨਾਲ ਫੜਦਾ ਹੈ। ਤਾਮਿਲਨਾਡੂ ਉਹ ਪਿਛਲੇ ਸਾਲ ਗਿਆ ਸੀ; ਘੁੰਮਣ-ਫਿਰਨ ਨਹੀਂ, ਸਗੋਂ ਉਥੇ ਵਸਦੇ ਲੋਕਾਂ ਦੇ ਦੁੱਖ-ਦਰਦ ਸਮਝਣ। ਉਹ ਚਾਹੁੰਦਾ ਹੈ ਕਿ ਲੋਕਾਂ ਦੇ ਮਨਾਂ ਵਿਚ ਹੌਲੀ-ਹੌਲੀ ਪਿਘਲ ਰਿਹਾ ਲਾਵਾ ਕੋਈ ਰਾਹ ਫੜੇ ਅਤੇ ਆਪਣੀ ਅੰਤਾਂ ਦੀ ਤਪਸ਼ ਵਾਲੀ ਦਾਸਤਾਂ ਬਿਆਨ ਕਰੇ। ਉਹਦੀ ਰਚਨਾ ਦੀ ਖੂਬਸੂਰਤੀ ਇਹੀ ਹੈ ਕਿ ਉਹ ਤੁਹਾਨੂੰ ਦਿਸਦੇ ਦੇ ਨਾਲ-ਨਾਲ ਬਹੁਤ ਕੁਝ ਅਜਿਹਾ ਵੀ ਦਿਖਾ ਦਿੰਦਾ ਜਿਸ ਵੱਲ ਆਮ ਕਰਕੇ ਧਿਆਨ ਨਹੀਂ ਜਾਂਦਾ। ਉਹਦੇ ਕੈਮਰੇ ਵਾਂਗ ਉਹਦੇ ਜੜੇ ਸ਼ਬਦ ਵੀ ਸੋਚਾਂ ਦੀ ਲੜੀਆਂ ਜੋੜਦੇ ਹਨ। -ਸੰਪਾਦਕ*

ਕ੍ਰਿਸ਼ਨਾਵੇਣੀ ਹੌਲੀ-ਹੌਲੀ ਦੱਸਣ ਲੱਗੀ, ਜਿਵੇਂ ਪੱਤਿਆਂ 'ਚੋਂ ਸਰ-ਸਰਾ ਕੇ ਪੌਣ ਲੰਘਦੀ ਹੈ, ਜਿਵੇਂ ਕੰਨ ਕੋਲ ਆ ਕੇ ਕੋਈ ਬੱਚਾ ਗੱਲਾਂ ਕਰਦਾ ਹੈ...'ਜਦੋਂ ਮੈਂ ਪੰਚਾਇਤ ਪ੍ਰਧਾਨ ਦੀ ਚੋਣ ਲੜੀ, ਬਹੁਤ ਔਖਾ ਮੁਕਾਬਲਾ ਸੀ। ਵਿਰੋਧੀ ਕਾਫੀ ਤਕੜੇ ਸਨ, ਪਰ ਸਭ ਮੁਸ਼ਕਿਲਾਂ ਦੇ ਬਾਵਜੂਦ ਮੈਂ ਚੋਣ ਜਿੱਤ ਗਈ। ਉਨ੍ਹਾਂ ਭਾਵੇਂ ਮੈਨੂੰ ਹਰਾਉਣ ਲਈ ਹਰ ਹਰਬਾ ਵਰਤਿਆ, ਫਿਰ ਵੀ ਮੈਂ ਜਿੱਤ ਗਈ ਸਾਂ।'...ਉਹਨੇ ਹੌਕਾ ਭਰਿਆ ਤੇ ਫਿਰ ਬੋਲੀ...'ਜੋ ਉਪ ਪ੍ਰਧਾਨ ਬਣਿਆ ਸੀ, ਉਹ ਵਿਰੋਧੀਆਂ ਵਿਚੋਂ ਸੀ। ਮੁਸਲਿਮ ਭਾਈਚਾਰੇ ਨਾਲ ਸਬੰਧ ਰੱਖਦਾ ਸੀ। ਮੈਂ ਪੰਚਾਇਤ ਦਫਤਰ ਗਈ ਤਾਂ ਉਨ੍ਹਾਂ ਮੈਨੂੰ ਪ੍ਰਧਾਨ ਦੀ ਕੁਰਸੀ 'ਤੇ ਬੈਠਣ ਤੋਂ ਹੀ ਰੋਕ ਦਿੱਤਾ ਤੇ ਕਿਹਾ ਕਿ ਦਫਤਰ ਆਉਣ ਦੀ ਕੋਈ ਜ਼ਰੂਰਤ ਨਹੀਂ ਹੈ, ਜਦ ਕਿਤੇ ਦਸਤਖ਼ਤ ਕਰਨ ਦੀ ਜ਼ਰੂਰਤ ਹੋਵੇ ਤਾਂ ਉਹ ਉਪ ਪ੍ਰਧਾਨ ਦੇ ਘਰ ਆ ਕੇ ਆਪਣਾ ਕੰਮ ਕਰ ਜਾਇਆ ਕਰੇ...ਮੈਨੂੰ ਇਹ ਬਹੁਤ ਬੁਰਾ ਲੱਗਾ। ਮੈਂ ਉਨ੍ਹਾਂ ਦੀ ਗੱਲ ਨਾ ਮੰਨੀ ਅਤੇ ਪੰਚਾਇਤ ਦਫਤਰ ਜਾਣਾ ਜਾਰੀ ਰੱਖਿਆ। ਫਿਰ ਤਾਂ ਉਨ੍ਹਾਂ ਧਮਕੀਆਂ ਦੇਣੀਆ ਸ਼ੁਰੂ ਕਰ ਦਿੱਤੀਆਂ। ਇਕ ਦਿਨ ਮੈਨੂੰ ਚਿੱਠੀ ਮਿਲੀ ਜਿਸ ਵਿਚ ਲਿਖਿਆ ਹੋਇਆ ਸੀ ਕਿ ਜੇ ਮੈਂ ਇਸੇ ਤਰ੍ਹਾਂ ਕਰਦੀ ਰਹੀ ਤਾਂ ਮੇਰੀਆਂ ਅਤੇ ਪਤੀ ਦੀਆਂ ਲੱਤਾਂ-ਬਾਹਾਂ ਵੱਢ ਦੇਣਗੇ; ਪਤੀ ਨੂੰ ਕੰਮ ਜਾਂਦਿਆਂ ਸੜਕ ਹਾਦਸੇ ਵਿਚ ਹੀ ਮਾਰ ਦੇਣਗੇ। ਜੇ ਮੈਂ ਦਫਤਰ ਪੁੱਜੀ ਤਾਂ ਅਗਵਾ ਕਰਵਾ ਦਿਆਂਗੇ। ਮੈਂ ਇਹ ਚਿੱਠੀਆਂ ਸੋਨੀਆ ਗਾਂਧੀ ਨੂੰ ਭੇਜੀਆਂ, ਪਰ ਕੁਝ ਨਹੀਂ ਹੋਇਆ। ਉਂਜ, ਮੈਂ ਧਮਕੀਆਂ ਦੇ ਬਾਵਜੂਦ ਪੰਚਾਇਤ ਦਫਤਰ ਜਾਂਦੀ ਰਹੀ। ਉਨ੍ਹਾਂ ਮੈਨੂੰ ਦਫਤਰ ਵਿਚ ਬਲਾਤਕਾਰ ਕਰਨ ਦੀ ਧਮਕੀ ਤੱਕ ਦਿੱਤੀ। ਉਹ ਅਜਿਹਾ ਕਰ ਵੀ ਸਕਦੇ ਸਨ, ਪਰ ਮੈਂ ਰੁਕੀ ਨਾ।'


*ਕ੍ਰਿਸ਼ਨਾਵੇਣੀ ਆਪਣੇ ਪਤੀ ਅਤੇ ਬੱਚਿਆਂ ਨਾਲ।*

ਉਹ ਕਾਫੀ ਭਾਵੁਕ ਹੋਈ ਬੋਲ ਰਹੀ ਸੀ। ਫਿਰ ਲੰਮਾ ਸਾਹ ਲੈ ਕੇ ਉਸ ਨੇ ਦੱਸਿਆ-'ਮੇਰੇ ਛੇ ਬੱਚੇ ਹਨ, ਛੇਵੇਂ ਬੱਚੇ ਦਾ ਜਨਮ ਓਪਰੇਸ਼ਨ ਨਾਲ ਹੋਣ ਕਰ ਕੇ ਕਮਰ ਦਰਦ ਕਰਦੀ ਹੈ। ਮੈਂ ਬਹੁਤ ਚਿਰ ਇਕੋ ਮੁਦਰਾ ਵਿਚ ਕੁਰਸੀ 'ਤੇ ਨਹੀਂ ਬੈਠ ਸਕਦੀ, ਇਸ ਕਾਰਨ ਮੈਂ ਕੁਰਸੀ ਉਤੇ ਆਪਣੀਆਂ ਲੱਤਾਂ ਇਕੱਠੀਆਂ ਕਰ ਕੇ ਬੈਠਦੀ ਸਾਂ। ਉਨ੍ਹਾਂ ਇਸ ਨੂੰ ਹੀ ਮੁੱਦਾ ਬਣਾ ਲਿਆ। ਮੇਰਾ ਮਖੌਲ ਉਡਾਉਂਦੇ, ਤੇ ਕਹਿੰਦੇ ਮੋਟਾ ਮਾਸ ਖਾਣ ਵਾਲੀ ਜਾਤ ਵੀ ਤਾਕਤਵਰ ਹੋ ਗਈ ਹੈ, ਸਾਡੀ ਅਗਵਾਈ ਕਰਨ ਲੱਗੀ ਹੈ। ਮੈਨੂੰ ਪੈਰ-ਪੈਰ 'ਤੇ ਜਲਾਲਤ ਝੱਲਣੀ ਪੈਂਦੀ। ਮੈਨੂੰ ਪੰਚਾਇਤ ਦੇ ਹਰ ਕੰਮ ਚੋਂ ਨੁੱਕਰੇ ਲਾ ਕੇ ਰੱਖਿਆ ਜਾਂਦਾ। ਉਚ ਜਾਤੀ ਤਸ਼ੱਦਦ ਲਗਾਤਾਰ ਹੁੰਦਾ ਰਿਹਾ।'

'ਉਹ ਪਾਣੀ ਦੀਆਂ ਟੁੱਟੀਆਂ ਪਾਈਪਾਂ ਦੀ ਮੁਰੰਮਤ ਦੇ ਪੈਸਿਆਂ ਦੇ ਚੈੱਕ 'ਤੇ ਉਹ ਦਸਤਖ਼ਤ ਨਾ ਕਰਦੇ। ਗਲੀਆਂ ਦੀਆਂ ਟੁੱਟੀਆਂ ਲਾਈਟਾਂ ਮੈਂ ਚਾਹੁੰਦਿਆਂ ਵੀ ਮੁਰੰਮਤ ਨਾ ਕਰਵਾ ਸਕਦੀ...ਹਮੇਸ਼ਾ...।' ਉਸ ਨੇ ਜ਼ੋਰ ਨਾਲ ਅੱਖਾਂ ਮੀਚੀਆਂ, ਉਸ ਦਾ ਗਚ ਭਰ ਆਇਆ ਸੀ। ਫਿਰ ਬੋਲੀ, 'ਮੈਂ ਪੰਚਾਇਤ ਦਫਤਰ ਜਾਣਾ ਬੰਦ ਕਰ ਦਿੱਤਾ। ਉਨ੍ਹਾਂ ਦੀਆਂ ਸ਼ਰਤਾਂ ਮੰਨਣਾ ਮੁਸ਼ਕਿਲ ਸੀ। ਤੇ ਮਸਲਾ ਪੰਚਾਇਤ ਅਧਿਕਾਰੀ ਕੋਲ ਲਿਜਾਣ 'ਤੇ ਉਸ ਨੇ ਪੰਚਾਇਤ ਸੱਦੀ। ਡੇਢ-ਦੋ ਮਹੀਨੇ ਕੁਝ ਰਾਹਤ ਰਹੀ ਪਰ ਉਨ੍ਹਾਂ ਫਿਰ ਤੋਂ ਪਹਿਲਾਂ ਵਾਲਾ ਹੀ ਸਲੂਕ ਸ਼ੁਰੂ ਕਰ ਦਿੱਤਾ। ਮੇਰੇ ਪਤੀ ਦੀ ਬਦਲੀ ਦੂਰ ਕਰਵਾ ਦਿੱਤੀ ਕਿਉਂਕਿ ਉਹ ਮੈਨੂੰ ਪੰਚਾਇਤ ਦਫਤਰ ਛੱਡ ਕੇ ਆਉਂਦਾ ਸੀ ਤੇ ਸ਼ਾਮੀ ਲੈ ਕੇ ਆਉਂਦਾ ਸੀ। ਉਹ ਮੇਰੀ ਅੱਧੀ ਤਾਕਤ ਸੀ। ਉਸ ਕਰਕੇ ਮੈਨੂੰ ਹੌਸਲਾ ਸੀ ਤੇ ਮੈਂ ਡਰਦੀ ਨਹੀ ਸਾਂ। ਪਤੀ ਦੀ ਬਦਲੀ ਦੇ ਬਾਅਦ ਵੀ ਮੈਂ ਕੰਮ ਕਰਦੀ ਰਹੀ। ਸੁਬ੍ਹਾ ਅੱਠ ਵਜੇ ਘਰੋਂ ਨਿਕਲ ਕੇ ਰਾਤੀਂ ਅੱਠ ਵਜੇ ਘਰ ਵੜਦੀ। ਪੰਚਾਇਤ ਦੇ ਕੰਮਾਂ ਦੀ ਨਿਗਰਾਨੀ ਰੱਖਦੀ ਤੇ ਕਲਰਕ ਨੂੰ ਸਭ ਕੁਝ ਲਿਖਣ ਲਈ ਕਹਿੰਦੀ।'

'ਫਿਰ ਜ਼ਿਲ੍ਹਾ ਅਧਿਕਾਰੀ ਪਲਾਨੀ ਆਂਦੀ ਨੇ ਦਾਖਲ ਦਿੱਤਾ। ਮੈਂ ਉਸ ਨੂੰ ਸਾਰੀ ਕਹਾਣੀ ਦੱਸੀ ਸੀ। ਉਸ ਨੇ ਉਪ ਪ੍ਰਧਾਨ ਅਤੇ ਬਾਰਾਂ ਵਾਰਡਾਂ ਦੇ ਮੈਂਬਰਾਂ ਨੂੰ ਛੇ ਮਹੀਨਿਆਂ ਲਈ ਬਰਖਾਸਤ ਕਰ ਦਿੱਤਾ ਤੇ ਮੈਨੂੰ ਸਾਰੇ ਕੰਮ ਕਰਨ ਦੀ ਸੁਪਰਵਾਈਜ਼ਰੀ ਦੇ ਅਧਿਕਾਰ ਦੇ ਦਿੱਤੇ। ਛੇ ਮਹੀਨੇ ਮੈਂ ਦੱਬ ਕੇ ਪਿੰਡ ਦੇ ਸਾਂਝੇ ਕੰਮ ਕੀਤੇ। ਫਿਰ ਮੈਨੂੰ ਅਦਾਲਤ ਜਾਣਾ ਪਿਆ। ਉਨ੍ਹਾਂ ਨੇ ਉਸਾਰੀ ਕਰਦੇ ਮਜ਼ਦੂਰਾਂ ਸਾਹਮਣੇ ਮੈਨੂੰ ਜਲੀਲ ਕੀਤਾ, ਮੇਰਾ ਮਜ਼ਾਕ ਉਡਾਇਆ। ਮੈਂ ਉਦੋਂ ਤੱਕ ਪੁਲਿਸ ਕੋਲ ਵੀਹ ਦਰਖਾਸਤਾਂ ਦੇ ਚੁੱਕੀ ਸਾਂ, ਪਰ ਕਿਸੇ 'ਤੇ ਵੀ ਕੋਈ ਕਾਰਵਾਈ ਨਾ ਹੋਈ। ਉਲਟਾ ਪੁਲਿਸ ਅਧਿਕਾਰੀ ਮੇਰੇ 'ਤੇ ਝੂਠੀਆਂ ਰਿਪੋਰਟਾਂ ਦਰਜ ਕਰਾਉਣ ਦੇ ਦੋਸ਼ ਲਾਉਂਦੇ ਰਹੇ।'

'ਚੰਗਾ ਕੰਮ ਕਰਨ ਬਦਲੇ 2002 ਵਿਚ ਮੈਨੂੰ ਦਿੱਲੀ ਬੁਲਾ ਕੇ ਸਰੋਜਨੀ ਨਾਇਡੂ ਪੁਰਸਕਾਰ ਦਿੱਤਾ ਗਿਆ। ਪਿੰਡ ਦੇ ਚੌਧਰੀ ਇਸ ਗੱਲੋਂ ਖਫਾ ਸਨ। ਮੇਰੇ ਵਾਪਿਸ ਆਉਂਦਿਆਂ ਹੀ ਮੇਰੇ ਵੱਲੋਂ ਦਰਜ ਕੇਸ ਝੂਠਾ ਕਹਿ ਕੇ ਖਾਰਜ ਕਰ ਦਿੱਤਾ ਗਿਆ, ਉਲਟਾ ਮੇਰੀ ਸ਼ਿਕਾਇਤ ਕਰ ਦਿੱਤੀ ਕਿ ਮੈਂ ਪੰਚਾਇਤ ਫੰਡਾਂ ਵਿਚ ਘਪਲਾ ਕੀਤਾ ਹੈ। ਅਧਿਕਾਰੀ ਮੈਥੋਂ ਸਵਾਲ ਪੁੱਛਦੇ, ਮੈਨੂੰ ਮਾਨਸਿਕ ਤਸੀਹੇ ਦਿੰਦੇ, ਪਰ ਸਾਰੀ ਜਾਂਚ ਦੌਰਾਨ ਮੇਰੇ 'ਤੇ ਕੋਈ ਦੋਸ਼ ਸਾਬਿਤ ਨਾ ਹੋਇਆ।'

'ਪਿੰਡ ਵਿਚ ਨਾ ਘਰਾਂ ਵਿਚ ਪਖਾਨੇ ਸਨ ਤੇ ਨਾ ਹੀ ਕੋਈ ਜਨਤਕ ਪਖਾਨਾ ਸੀ। ਪੰਚਾਇਤ ਦਾ ਕੋਈ ਫੰਡ ਇਸ ਕੰਮ ਲਈ ਨਹੀਂ ਸੀ। ਜੋ ਫੰਡ ਇਸ ਲਈ ਵਰਤੇ ਜਾ ਸਕਦੇ ਸਨ, ਉਹ ਬਾਕੀ ਮੈਂਬਰ ਸਹਿਮਤ ਨਾ ਹੋਣ ਕਰ ਕੇ ਵਰਤੇ ਨਹੀਂ ਸਨ ਜਾ ਸਕਦੇ। ਦਲਿਤ ਔਰਤਾਂ ਨੂੰ ਜੰਗਲ-ਪਾਣੀ ਖੁੱਲ੍ਹੇ ਵਿਚ ਹੀ ਜਾਣਾ ਪੈਂਦਾ ਸੀ। ਰਾਤ ਵੇਲੇ ਉਹ ਪਿੰਡ ਨਾਲ ਲਗਦੇ ਜੰਗਲ ਵਿਚ ਜਾਂਦੀਆਂ, ਉਥੇ ਮੁਸ਼ਟੰਡੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ। ਮੈਂ ਇਹ ਕੰਮ ਕਰਨ ਦਾ ਇਰਾਦਾ ਕੀਤਾ ਅਤੇ ਜਨਤਕ ਉਗਰਾਹੀ ਕਰਕੇ ਸ਼ਾਮਲਾਟ ਜ਼ਮੀਨ ਵਿਚ ਜਨਤਕ ਪਖਾਨੇ ਬਣਾਉਣੇ ਸ਼ੁਰੂ ਕਰ ਦਿੱਤੇ। ਉਚ ਜਾਤੀ ਵਾਲਿਆਂ ਰੱਫੜ ਪਾ ਲਿਆ, ਕਿਉਂਕਿ ਇਸ ਜ਼ਮੀਨ ਉਤੇ ਉਨ੍ਹਾਂ ਦਾ ਕਬਜ਼ਾ ਸੀ। ਉਨ੍ਹਾਂ ਜ਼ਿਲ੍ਹਾ ਅਧਿਕਾਰੀਆਂ ਨੂੰ ਬੁਲਾ ਲਿਆ ਤੇ ਉਨ੍ਹਾਂ ਸਾਨੂੰ ਜੇਲ੍ਹ ਵਿਚ ਸੁੱਟਣ ਦੀਆਂ ਧਮਕੀਆਂ ਦਿੱਤੀਆਂ। ਅਸੀਂ ਉਨ੍ਹਾਂ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਕਿ ਇਹ ਜਨਤਕ ਕੰਮ ਹੈ, ਪਰ ਉਹ ਨਾ ਮੰਨੇ ਅਤੇ ਕੰਮ ਵਿਚਾਲੇ ਹੀ ਬੰਦ ਕਰਵਾ ਦਿੱਤਾ। ਮੈਂ ਇਲਾਕੇ ਦੇ ਦਲਿਤ ਪੰਚਾਇਤ ਮੈਂਬਰਾਂ ਨੂੰ ਨਾਲ ਲੈ ਕੇ ਜ਼ਿਲ੍ਹਾ ਅਧਿਕਾਰੀਆਂ ਨੂੰ ਮਿਲੀ, ਪਰ ਉਨ੍ਹਾਂ ਵੀ ਸਾਡੀ ਇਕ ਨਾ ਮੰਨੀ।'

'ਇਕ ਦਿਨ ਪਿੰਡ ਦੇ ਲੋਕਾਂ ਦੇ ਬਹੁਤ ਸਾਰੇ ਕੰਮ ਸਨ-ਬੁਢਾਪਾ ਪੈਨਸ਼ਨ, ਵਿਧਵਾ ਪੈਂਸ਼ਨ ਤੇ ਹੋਰ। ਜ਼ਿਲ੍ਹਾ ਦਫਤਰ ਵਿਚ ਮੈਨੂੰ ਪੌਣੇ ਗਿਆਰਾਂ ਵੱਜ ਗਏ। ਕਿਸੇ ਨੇ ਮੈਨੂੰ ਕਿਹਾ ਕਿ ਮੈਂ ਆਟੋ ਲੈ ਕੇ ਘਰ ਚਲੀ ਜਾਵਾਂ। ਮੈਂ ਆਟੋ 'ਤੇ ਘਰ ਵੱਲ ਤੁਰ ਪਈ। ਸ਼ਹਿਰੋਂ ਨਿਕਲਦਿਆਂ ਹੀ ਮੇਰੇ ਪਿੱਛੇ ਉਪ ਪ੍ਰਧਾਨ ਸੁਲਤਾਨ ਅਤੇ ਇਕ ਹੋਰ ਬੰਦੇ ਸੁਬਰਾਮਨੀਅਮ ਨੇ ਮੋਟਰ ਸਾਇਕਲ ਲਾ ਲਿਆ। ਪਿੰਡ ਪਹੁੰਚਦਿਆਂ ਮੰਦਿਰ ਕੋਲੋਂ ਆਟੋ ਮੇਰੇ ਘਰ ਵਾਲੀ ਗਲੀ ਮੁੜ ਪਿਆ ਤੇ ਉਹ ਵੀ ਪਿੱਛੇ ਹੀ ਮੁੜ ਪਏ। ਮੈਨੂੰ ਸ਼ੱਕ ਹੋਇਆ ਕਿ ਇਹ ਇਧਰ ਕਿਉਂ ਮੁੜੇ ਨੇ! ਘਰ ਪਹੁੰਚਣ ਤੋਂ ਪਹਿਲਾਂ ਹੀ ਗਲੀ ਵਿਚ ਪੰਦਰਾਂ ਦੇ ਕਰੀਬ ਹੋਰ ਲੋਕ ਅੱਗੇ ਖੜ੍ਹੇ ਸਨ, ਉਨ੍ਹਾਂ ਆਟੋ ਰੋਕ ਲਿਆ। ਉਨ੍ਹਾਂ ਗਲੀ ਦੀਆਂ ਬੱਤੀਆਂ ਬੰਦ ਕਰ ਦਿੱਤੀਆਂ। ਪਿੱਛੋਂ ਸੁਲਤਾਨ ਤੇ ਹੋਰ ਵੀ ਆ ਗਏ...ਉਨ੍ਹਾਂ ਮੈਨੂੰ ਵਾਲਾਂ ਤੋਂ ਫੜ ਕੇ ਆਟੋ ਵਿਚੋਂ ਧੂਹ ਲਿਆ। ਇੰਨੇ ਭੇੜੀਆਂ ਵਿਚ ਇਕੱਲੀ ਘਿਰੀ ਨੂੰ ਮੈਨੂੰ ਚੀਕਣ ਦਾ ਮੌਕਾ ਵੀ ਨਾ ਮਿਲਿਆ। ਉਨ੍ਹਾਂ ਦੇ ਹੱਥਾਂ ਵਿਚ ਜੋ ਵੀ ਸੀ, ਉਨ੍ਹਾਂ ਅੰਨ੍ਹੇਵਾਹ ਚਲਾਇਆ। ਬੱਸ, ਉਸ ਤੋਂ ਬਾਅਦ ਕਈ ਦਿਨਾਂ ਪਿੱਛੋਂ ਮੈਂ ਆਪਣੇ ਆਪ ਨੂੰ ਹਸਪਤਾਲ ਵਿਚ ਇਸ ਹਾਲਤ 'ਚ ਪਾਇਆ।'

ਉਸ ਦੀਆਂ ਅੱਖਾਂ ਵਿਚ ਪਾਣੀ ਖੜ੍ਹਾ ਸੀ, ਜੋ ਹੰਝੂ ਬਣ ਕੇ ਨਹੀਂ ਸੀ ਵਗਿਆ, ਤੇ ਚਿਹਰਾ ਦ੍ਰਿੜ ਸੀ। ਇੰਨੇ ਨੂੰ ਹਸਪਤਾਲ ਦਾ ਅਮਲਾ ਆਇਆ ਤੇ ਉਸ ਨੂੰ ਅੰਦਰ ਲੈ ਗਿਆ। ਨਾਲ ਹੀ ਸਾਡੇ ਨਾਲ ਰੱਫੜ ਪਾ ਲਿਆ ਅਤੇ ਸਾਨੂੰ ਡਾਇਰੈਕਟਰ ਕੋਲ ਜਾਣ ਲਈ ਕਿਹਾ। ਉਹ ਸਾਨੂੰ ਮੂਹਰੇ ਲਾਈ ਤੁਰੇ ਜਾ ਰਹੇ ਸਨ। ਮੈਂ ਤੁਰੰਤ ਇਕ ਕੈਮਰਾ ਰਵੀ ਚੰਦਰਨ ਨੂੰ ਦੇ ਕੇ ਰਿਕਾਰਡਿੰਗ ਵਾਲਾ ਕੈਮਰਾ ਲੈ ਕੇ ਛੂ-ਮੰਤਰ ਹੋ ਗਿਆ ਅਤੇ ਬਾਹਰ ਨਿਕਲ ਕੇ ਉਨ੍ਹਾਂ ਦੀ ਉਡੀਕ ਕਰਨ ਲੱਗਾ। ਉਨ੍ਹਾਂ ਕੈਮਰਾ ਚਲਾ ਕੇ ਦੇਖਿਆ ਅਤੇ ਕੁਝ ਵੀ ਨਾ ਮਿਲਣ ਮਗਰੋਂ ਜਲਦੀ ਹੀ ਬਾਹਰ ਭੇਜ ਦਿੱਤਾ। ਸਭ ਨੇ ਸੁੱਖ ਦਾ ਸਾਹ ਲਿਆ ਤੇ ਅਸੀਂ ਕ੍ਰਿਸ਼ਨਾਵੇਣੀ ਦੇ ਪਿੰਡ ਵੱਲ ਨਿਕਲ ਤੁਰੇ ਜੋ ਸ਼ਹਿਰ ਤੋਂ ਥੋੜ੍ਹੀ ਦੂਰ ਹੀ ਹੈ। (ਚਲਦਾ)

# ਪੁਰਾਣੀਆਂ ਸਾਂਝਾਂ ਚੇਤੇ ਕਰਵਾ ਗਈ ਨੂਰਪੁਰ ਵਾਸੀਆਂ ਦੀ ਮਿਲਣੀ

ਟਰੇਸੀ (ਬਿਊਰੋ): ਨੂਰਪੁਰ ਸਰਹਾਲ ਕਾਜ਼ੀਆਂ ਦੇ ਨਿਵਾਸੀਆਂ ਦੀ ਇੱਕ ਪਰਿਵਾਰਕ ਇਕੱਤਰਤਾ ਇਥੇ ਸੰਸਾਰ ਰੈਸਟੋਰੈਂਟ ਵਿਚ ਹੋਈ ਜਿਸ ਵਿਚ ਯੂਬਾ ਸਿਟੀ, ਸੈਕਰਾਮੈਂਟੋ, ਬੇਏਰੀਆ, ਟਰਲਕ, ਫਰਿਜ਼ਨੋ, ਬੇਕਰਜ਼ਫੀਲਡ ਵਿਚ ਰਹਿੰਦੇ ਇਸ ਪਿੰਡ ਦੇ ਨਿਵਾਸੀਆਂ ਨੇ ਸ਼ਿਰਕਤ ਕੀਤੀ। ਇਸ ਮਿਲਣੀ ਦੌਰਾਨ ਪਿੰਡ ਵਾਸੀਆਂ ਨੇ ਬਚਪਨ ਦੇ ਦਿਨ ਚੇਤੇ ਕੀਤੇ ਅਤੇ ਪੁਰਾਣੀਆਂ ਸਾਂਝਾਂ ਹੋਰ ਪਕੇਰੀਆਂ ਕਰਨ ਦਾ ਅਹਿਦ ਲਿਆ।

ਸਿੱਖ ਆਗੂ ਸ. ਰਾਮ ਸਿੰਘ ਨੇ ਆਪਣੇ ਬਾਰੇ ਦੱਸਿਆ ਕਿ ਕਿਵੇਂ ਅਮਰੀਕਾ ਆ ਕੇ ਅੱਗੋਂ ਪੜ੍ਹਾਈ ਕੀਤੀ ਅਤੇ ਜ਼ਿੰਦਗੀ ਵਿਚ ਕਈ ਤਰ੍ਹਾਂ ਦੇ ਸੰਘਰਸ਼ ਕੀਤੇ। ਉਨ੍ਹਾਂ ਸਿੱਖੀ ਸੰਭਾਲ ਲਈ ਬੇਨਤੀ ਕਰਦਿਆਂ ਬੱਚਿਆਂ ਨੂੰ ਪੜ੍ਹਾਈ ਵੱਲ ਧਿਆਨ ਦੇਣ 'ਤੇ ਜੋਰ ਦਿੱਤਾ। ਬਲਵਿੰਦਰ ਭਾਜੀ, ਹਰਭਜਨ ਲਾਲ ਭੱਜੀ, ਰਾਜਾ ਕਲੇਰ, ਪ੍ਰਿਥੀਪਾਲ ਸਿੰਘ ਬਾਂਸਲ ਹੁਰਾਂ ਨੇ ਆਪਣੇ ਪੁਰਾਣੇ ਦਿਨਾਂ ਦੀਆਂ ਯਾਦਾਂ ਤਾਜੀਆਂ ਕੀਤੀਆਂ। ਨਵੀ ਪੀੜ੍ਹੀ ਦੇ ਬੱਚਿਆਂ ਵਿਚ ਆਪਣੇ ਪੇਂਡੂਆਂ ਨੂੰ ਮਿਲਣ ਦੀ ਬਹੁਤ ਤਾਂਘ ਸੀ ਤੇ ਉਨ੍ਹਾਂ ਦੇ ਚਿਹਰਿਆਂ 'ਤੇ ਰੌਣਕਾਂ ਝਲਕਾਂ ਮਾਰ ਰਹੀਆਂ ਸਨ। ਆਪਣੇ ਪਿੱਛੇ ਵੱਲ ਤੜਪਣਾ ਹਰ ਇੱਕ ਦਾ ਫਿਕਰ ਬਣੀ ਰਹੀ ਤੇ ਕੁੱਝ ਕਰਨ ਲਈ ਵੀ ਸਵਾਲ ਚਲਦੇ ਰਹੇ। ਪਿੰਡ ਵਾਸੀ ਰਾਜਾ ਕਲੇਰ ਅਤੇ ਰਾਣਾ ਕਲੇਰ ਨੂੰ ਇਸ ਉਪਰਾਲੇ ਲਈ ਵਧਾਈ ਦੇ ਰਹੇ ਸਨ। ਅਗਲੇ ਸਾਲ ਅਕਤੂਬਰ ਦੇ ਪਹਿਲੇ ਹਫਤੇ ਫਿਰ ਮਿਲਣ ਦੀ ਚਾਹ ਲੈ ਕੇ ਇੱਕ ਹੀ ਪਿੰਡ ਦੀਆਂ ਗਲੀਆਂ ਵਿਚ ਪਲੇ, ਖੇਡੇ ਲੋਕ ਫਿਰ ਆਪੋ ਆਪਣੇ ਰਾਹਾਂ ਵੱਲ ਤੁਰ ਗਏ।



*ਪਿੰਡ ਨੂਰਪੁਰ ਸਰਹਾਲ ਕਾਜ਼ੀਆਂ ਦੇ ਵਾਸੀ ਯਾਦਗਾਰੀ ਤਸਵੀਰਾਂ ਖਿਚਾਉਂਦੇ ਹੋਏ*

# ਕੰਨੜ ਭਾਸ਼ਾ ਵਿਚ ਵੀ ਚੱਲਿਆ ਗੁਰਬਾਨੀ ਦਾ ਪ੍ਰਵਾਹ

## ਕਰਨਾਟਕ ਦੇ ਪ੍ਰੋਫੈਸਰ ਵੱਲੋਂ ਲਾਸਾਨੀ ਮਿਸਾਲ ਪੇਸ਼



**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਧੁਰ ਕੀ ਬਾਣੀ ਸਿਰਫ ਇਕ ਧਰਮ ਜਾਂ ਸੂਬੇ ਦੇ ਲੋਕਾਂ ਹੀ ਨਹੀਂ ਬਲਕਿ ਸਮੁੱਚੀ ਲੋਕਾਈ ਲਈ ਹੈ। ਭਾਰਤ ਦਾ ਕਰਨਾਟਕ ਸੂਬਾ ਜਿੱਥੇ ਕੰਨੜ ਭਾਸ਼ਾ ਬੋਲੀ ਜਾਂਦੀ ਹੈ, ਦੇ ਬੀਜਾਪੁਰ ਜ਼ਿਲ੍ਹੇ ਵਿਚ ਰਹਿੰਦੇ ਲੋਕ ਗੁਰਬਾਣੀ ਤੋਂ ਐਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਆਪਣੇ ਬੱਚਿਆਂ ਨੂੰ ਸਕੂਲੀ ਸਿੱਖਿਆ ਦੇ ਨਾਲ-ਨਾਲ ਕੰਨੜ ਭਾਸ਼ਾ ਵਿਚ ਹੀ ਗੁਰਬਾਣੀ ਦੀ ਪੜ੍ਹਾਈ ਕਰਾਉਣੀ ਸ਼ੁਰੂ ਕਰ ਦਿੱਤੀ।

ਬੀਜਾਪੁਰ ਜ਼ਿਲ੍ਹੇ ਦੀ ਤਹਿਸੀਲ ਇੰਡੀ ਦੇ ਪਿੰਡ ਸਲੋਤਗੀ ਵਿਚ ਕੰਨੜ ਭਾਸ਼ਾ ਬੋਲਣ ਵਾਲੇ ਤਕਰੀਬਨ 300 ਸਕੂਲੀ ਬੱਚੇ ਇਨ੍ਹੀਂ ਦਿਨੀਂ ਅੰਮ੍ਰਿਤ ਵੇਲੇ ਪਿੰਡ ਵਿਚ ਸਥਾਪਤ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਵਿਚ ਆਉਂਦੇ ਹਨ ਜਿੱਥੇ ਇਕ ਗੈਰ-ਸਿੱਖ ਕੰਨੜ ਅਧਿਆਪਕ ਵੱਲੋਂ ਬੱਚਿਆਂ ਨੂੰ ਜਪੁਜੀ ਸਾਹਿਬ ਦੀ ਬਾਣੀ ਪੜ੍ਹਾ ਕੇ ਉਸ ਦੇ ਅਰਥ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਦਰਅਸਲ, ਚੰਡੀਗੜ੍ਹ ਦੇ ਸਰਕਾਰੀ ਕਾਲਜ ਸੈਕਟਰ 46 ਵਿਚ ਸਹਾਇਕ ਪ੍ਰੋ. ਪੰਡਿਤ ਰਾਓ ਧਰੇਨਵਰ ਜੋ ਕਰਨਾਟਕ ਦੇ ਹਨ, ਜਦੋਂ ਚੰਡੀਗੜ੍ਹ ਆਏ ਤਾਂ ਇਸ ਖੇਤਰ ਵਿਚ ਗੁਰਧਾਮਾਂ ਵਿਚ ਪੜ੍ਹੀ ਤੇ ਗਾਈ ਜਾਂਦੀ ਇਲਾਹੀ ਬਾਣੀ ਤੋਂ ਬਹੁਤ ਪ੍ਰਭਾਵਿਤ ਹੋਏ ਤੇ ਉਨ੍ਹਾਂ ਦੇ ਮਨ ਵਿਚ ਆਇਆ ਕਿ ਕਿਧਰੇ ਕਰਨਾਟਕ ਰਾਜ ਦੇ ਲੋਕ ਇਸ ਇਲਾਹੀ ਬਾਣੀ ਨੂੰ ਪੜ੍ਹਨ ਤੋਂ ਵਾਂਝੇ ਨਾ ਰਹਿ ਜਾਣ। ਪ੍ਰੋ. ਧਰੇਨਵਰ ਦਾ ਕਹਿਣਾ ਹੈ ਕਿ ਇਸੇ ਗੱਲ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਪਹਿਲਾਂ ਗੁਰਮੁਖੀ ਸਿੱਖੀ ਤੇ ਉਸ ਤੋਂ ਬਾਅਦ ਕਾਫੀ ਅਭਿਆਸ ਮਗਰੋਂ ਜਪੁਜੀ ਸਾਹਿਬ ਤੇ ਸੁਖਮਨੀ ਸਾਹਿਬ ਦਾ ਕੰਨੜ ਭਾਸ਼ਾ ਵਿਚ ਅਨੁਵਾਦ ਕਰਕੇ ਉਸ ਨੂੰ ਉਪਰੋਕਤ ਪਿੰਡ ਵਿਚ ਰਹਿੰਦੇ ਆਪਣੇ ਭਰਾ ਨੂੰ ਭੇਜਿਆ ਤੇ ਉਹ ਅਨੁਵਾਦ ਕਾਫੀ ਸੰਖਿਆ ਵਿਚ ਛਪਵਾ ਕੇ ਕੰਨੜ ਸਾਹਿਤ ਦੇ ਵਿਦਵਾਨਾਂ ਤੇ ਉੱਥੋਂ ਦੇ ਅਧਿਕਾਰੀਆਂ ਨੂੰ ਭੇਜਿਆ।

ਉਨ੍ਹਾਂ ਦੱਸਿਆ ਕਿ ਉਹ ਤੇ ਉਨ੍ਹਾਂ ਦੇ ਭਰਾ ਨੇ ਜਦੋਂ ਗੁਰਬਾਣੀ ਪਿੰਡ ਦੇ ਲੋਕਾਂ ਨੂੰ ਅਰਥਾਂ ਸਹਿਤ ਸੁਣਾਈ ਤਾਂ ਉਹ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ ਤੇ ਪਿੰਡ ਦੇ ਬੱਚਿਆਂ ਨੇ ਬਾਣੀ ਪੜ੍ਹਨ ਦੀ ਇੱਛਾ ਜ਼ਾਹਿਰ ਕੀਤੀ। ਪ੍ਰੋ. ਧਰਨੇਵਰ ਅਨੁਸਾਰ ਉਨ੍ਹਾਂ ਨੇ ਪਿੰਡ ਵਿਚ ਇਕ ਛੋਟਾ ਜਿਹਾ ਕੇਂਦਰ ਬਣਾਇਆ ਜਿੱਥੇ ਅੰਮ੍ਰਿਤ ਵੇਲੇ ਉਨ੍ਹਾਂ ਦੇ ਭਰਾ ਵੱਲੋਂ ਸਕੂਲੀ ਬੱਚਿਆਂ ਨੂੰ ਜਪੁਜੀ ਸਾਹਿਬ ਤੇ ਸ਼ਾਮ ਵੇਲੇ ਸੁਖਮਨੀ ਸਾਹਿਬ ਦੀ ਬਾਣੀ ਦੇ ਅਰਥ ਕੰਨੜ ਭਾਸ਼ਾ ਵਿਚ ਦੱਸਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਪਿੰਡ ਵਿਚ ਉਨ੍ਹਾਂ ਦੀ ਇਕ ਏਕੜ ਜ਼ਮੀਨ ਹੈ ਜਿੱਥੇ ਉਹ ਤੇ ਪਿੰਡ ਦੇ ਲੋਕ ਵੱਡੇ ਪੱਧਰ 'ਤੇ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ ਤੇ ਗੁਰੂ ਨਾਨਕ ਦੇਵ ਜੀ ਦੇ ਨਾਂ 'ਤੇ ਗੁਰਦੁਆਰਾ ਸਾਹਿਬ ਉਸਾਰਨਾ ਚਾਹੁੰਦੇ ਹਨ ਤੇ ਅਧਿਐਨ ਕੇਂਦਰ ਦੀ ਉਸਾਰੀ ਦਾ ਨੀਂਹ ਪੱਥਰ ਵੀ ਰੱਖਿਆ ਜਾ ਚੁੱਕਾ ਹੈ।

ਗੁਰੂ ਨਾਨਕ ਦੇਵ ਜੀ ਆਪਣੀਆਂ ਚਾਰ ਉਦਾਸੀਆਂ ਦੌਰਾਨ ਕਰਨਾਟਕ ਵਿਚ ਬਿਦਰ ਗਏ ਸਨ ਜਿੱਥੇ ਇਸ ਵੇਲੇ ਗੁਰਦੁਆਰਾ ਨਾਨਕ ਝੀਰਾ ਸੁਸ਼ੋਭਿਤ ਹੈ ਤੇ ਇਸੇ ਗੱਲ ਕਾਰਨ ਕਰਨਾਟਕ ਦੇ ਕਈ ਕੰਨੜ ਲੋਕ ਗੁਰੂ ਸਾਹਿਬ ਨੂੰ ਮੰਨਦੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਉਨ੍ਹਾਂ ਉਪਰੋਕਤ ਬਾਣੀ ਦਾ ਕੰਨੜ ਅਨੁਵਾਦ ਕਰਨਾਟਕ ਦੇ ਗਿਆਨ ਪੀਠ ਐਵਾਰਡ ਨਾਲ ਸਨਮਾਤਿ ਸਾਹਿਤਕਾਰ ਚੰਦਰ ਸ਼ੇਖਰ ਕੰਬਾਰ ਨੂੰ ਭੇਜਿਆ ਤਾਂ ਉਸ ਸਾਹਿਤਕਾਰ ਦਾ ਕਹਿਣਾ ਸੀ ਕਿ ਇਹ ਅਨੁਵਾਦ ਪ੍ਰਾਪਤ ਕਰਕੇ ਮੇਰੀ ਜ਼ਿੰਦਗੀ ਸਾਰਥਕ ਹੋ ਗਈ ਹੈ।

# ਅਮਰੀਕੀ ਸਿੱਖਾਂ ਨੂੰ ਸਮਾਜ ਭਲਾਈ ਦੇ ਕੰਮ ਲਈ ਅੱਗੇ ਆਉਣ ਦਾ ਸੱਦਾ

**ਅੰਮ੍ਰਿਤਸਰ:** ਅਮਰੀਕਾ ਵਿਚ ਸਿੱਖ ਭਾਈਚਾਰੇ 'ਤੇ ਗੋਲੀ ਚਲਾਉਣ ਦੀਆਂ ਵਾਪਰੀਆਂ ਦੋ ਘਟਨਾਵਾਂ ਕਾਰਨ ਫਿਕਰਮੰਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਹੈ ਕਿ ਉੱਥੇ ਸਿੱਖ ਧਰਮ ਤੇ ਭਾਈਚਾਰੇ ਪ੍ਰਤੀ ਭਰਮ ਭੁਲੇਖਿਆਂ ਨੂੰ ਦੂਰ ਕਰਨ ਲਈ ਠੋਸ ਯਤਨ ਕਰਨ ਦੀ ਲੋੜ ਹੈ। ਸ੍ਰੀ ਅਕਾਲ ਤਖਤ ਦੇ ਸਕੱਤਰੇਤ ਵਿਖੇ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਵਿਦੇਸ਼ਾਂ ਵਿਚ ਖ਼ਾਸ ਕਰਕੇ ਅਮਰੀਕਾ ਵਿਚ ਸਿੱਖ ਭਾਈਚਾਰੇ ਪ੍ਰਤੀ ਨਫ਼ਰਤ ਵਾਲੇ ਅਪਰਾਧ ਦੀ ਦਰ ਵਿਚ ਵਾਧਾ ਹੋਣਾ ਫਿਕਰ ਦਾ ਵਿਸ਼ਾ ਹੈ।

## ਅਮਰੀਕਾ 'ਚ ਸਰਬ ਧਰਮ ਸੰਮੇਲਨ ਕਰਾਉਣ ਦੀ ਯੋਜਨਾ: ਗਿਆਨੀ ਗੁਰਬਚਨ ਸਿੰਘ



ਉਨ੍ਹਾਂ ਆਖਿਆ ਕਿ ਅਮਰੀਕਾ ਜਿਹੇ ਮੁਲਕ ਵਿਚ ਵੱਖ-ਵੱਖ ਧਰਮਾਂ ਤੇ ਵਰਗਾਂ ਦੇ ਲੋਕ ਵਸੇ ਹੋਏ ਹਨ। ਇਸ ਲਈ ਇਥੇ ਸਿੱਖ ਭਾਈਚਾਰੇ ਪ੍ਰਤੀ ਭਰਮ-ਭੁਲੇਖੇ ਹੋਣਾ ਠੀਕ ਨਹੀਂ ਹੈ। ਇਹ ਭਰਮ-ਭੁਲੇਖੇ ਦੂਰ ਕਰਨ ਲਈ ਉਥੇ ਵਸਦਾ ਸਿੱਖ ਭਾਈਚਾਰਾ ਮਨੁੱਖਤਾ ਦੀ ਭਲਾਈ ਦੇ ਕੰਮਾਂ ਵਿਚ ਵਿਸ਼ੇਸ਼ ਯੋਗਦਾਨ ਪਾਵੇ। ਉਨ੍ਹਾਂ ਆਖਿਆ ਕਿ ਇਸ ਵੇਲੇ ਭਾਵੇਂ ਸਿੱਖ ਸੰਗਤ ਗੁਰਦੁਆਰਿਆਂ ਵਿਚ ਲੰਗਰ ਦਾ ਪ੍ਰਬੰਧ ਕਰਦੀ ਹੈ ਪਰ ਇਹ ਸੇਵਾ ਸਿਰਫ ਆਪਣਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਇਸ ਸੇਵਾ ਭਾਵ ਨੂੰ ਦੂਜਿਆਂ ਤੱਕ ਪਹੁੰਚਾਉਣਾ ਜ਼ਰੂਰੀ ਹੈ।

ਉਨ੍ਹਾਂ ਸੁਝਾਅ ਦਿੱਤਾ ਕਿ ਗੁਰਦੁਆਰਿਆਂ ਵਿਚ ਤਿਆਰ ਕੀਤਾ ਲੰਗਰ ਸਿੱਖ ਸੰਗਤ ਵੱਲੋਂ ਹਸਪਤਾਲਾਂ ਵਿਚ ਲੋੜਵੰਦ ਲੋਕਾਂ ਨੂੰ ਵੰਡਣਾ ਚਾਹੀਦਾ ਹੈ। ਉਨ੍ਹਾਂ ਵਿਦੇਸ਼ ਵਸਦੇ ਸਿੱਖ ਭਾਈਚਾਰੇ ਨੂੰ ਆਖਿਆ ਕਿ ਉਹ ਸਮਾਜ ਭਲਾਈ ਦੇ ਕੰਮਾਂ ਲਈ ਆਪਣੀ ਦਸਵੰਧ ਵਿਚੋਂ ਹਿੱਸਾ ਕੱਢਣ ਤੇ ਸਿੱਖ ਧਰਮ ਦੇ ਪ੍ਰਚਾਰ ਲਈ ਵੀ ਯਤਨ ਕਰਨ। ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਉਹ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨਾਲ ਵਿਚਾਰ ਕਰਕੇ ਅਮਰੀਕਾ ਵਿਚ ਸਰਵ ਧਰਮ ਸੰਮੇਲਨ ਕਰਾਉਣ ਦੀ ਯੋਜਨਾ ਉਲੀਕ ਰਹੇ ਹਨ ਤਾਂ ਜੋ ਉੱਥੇ ਵੱਖ-ਵੱਖ ਧਰਮਾਂ ਦੇ ਮਹਾਂਪੁਰਸ਼ਾਂ ਰਾਹੀਂ ਸਰਬੱਤ ਦੇ ਭਲੇ ਦੇ ਸੁਨੇਹੇ ਨੂੰ ਉਜਾਗਰ ਕਰ ਸਕਣ। ਉਨ੍ਹਾਂ ਦੱਸਿਆ ਕਿ ਇਸ ਵਰ੍ਹੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਗਵਾਲੀਅਰ ਦੇ ਕਿਲ੍ਹੇ ਨੂੰ ਛੱਡਣ ਦਾ 500 ਸਾਲਾ ਬੰਦੀ ਛੋੜ ਦਿਵਸ ਆ ਰਿਹਾ ਹੈ, ਇਸ ਬਾਰੇ ਪ੍ਰੋਗਰਾਮਾਂ ਦੀ ਰੂਪ-ਰੇਖਾ ਉਲੀਕੀ ਜਾ ਰਹੀ ਹੈ।

ਇਸ ਦੌਰਾਨ ਹਰਿਆਣਾ ਦੀ ਜਥੇਬੰਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਸਭਾ ਨੇ ਜਥੇਦਾਰ ਨੂੰ ਮੰਗ ਪੱਤਰ ਦੇ ਕੇ ਕੁਰੂਕਸ਼ੇਤਰ ਦੇ ਪਿਹੋਵਾ ਸ਼ਹਿਰ ਸਥਿਤ ਗੁਰਦੁਆਰਾ ਬਾਊਲੀ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਬੇਅਦਬੀ ਹੋਣ ਦੇ ਮਾਮਲੇ ਵਿਚ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਮੁਤਾਬਕ ਗੁਰਦੁਆਰਾ ਬਾਉਲੀ ਸਾਹਿਬ ਵਿਚ ਰੱਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਦੇ ਕੁਝ ਅੰਗ ਕਥਿਤ ਪਾੜੇ ਗਏ ਹਨ। ਉਨ੍ਹਾਂ ਇਸ ਮਾਮਲੇ ਵਿਚ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਸ ਵਫ਼ਦ ਨੂੰ ਕਾਰਵਾਈ ਦਾ ਭਰੋਸਾ ਦਿੱਤਾ।

# ਹਿੰਦੂ ਪਰਿਵਾਰ ਨੇ ਛੇ ਪੀੜੀਆਂ ਤੱਕ ਸੰਭਾਲਿਆ ਪੁਰਾਤਨ ਹੱਥ ਲਿਖਤ ਸਰੂਪ

**ਜੰਮੂ:** ਸਾਂਬਾ ਦੇ ਇਕ ਹਿੰਦੂ ਪਰਿਵਾਰ ਨੇ ਪੁਰਾਤਨ ਹੱਥ ਲਿਖਤ ਸ੍ਰੀ ਗੁਰੂ ਗ੍ਰੰਥ ਸਾਹਿਬ ਸ਼੍ਰੋਮਣੀ ਕਮੇਟੀ ਦੇ ਹਵਾਲੇ ਕੀਤਾ ਹੈ। ਇਹ ਪਾਵਨ ਸਰੂਪ ਸਾਂਬਾ ਦੇ ਵਾਰਡ ਨੰਬਰ ਛੇ ਵਿਚ ਸਾਬਕਾ ਕੌਂਸਲਰ ਨੀਲਮ ਚੌਹਾਨ ਦੇ ਘਰ 200 ਸਾਲ ਸੁਰੱਖਿਅਤ ਸੀ ਤੇ ਉਨ੍ਹਾਂ ਦਾ ਪਰਿਵਾਰ ਛੇ ਪੀੜੀਆਂ ਤੋਂ ਸੇਵਾ ਸੰਭਾਲ ਕਰਦਾ ਆ ਰਿਹਾ ਸੀ।

ਇਸ ਹਿੰਦੂ ਪਰਿਵਾਰ ਦੇ ਮੈਂਬਰਾਂ ਵਿਚ ਸਭ ਤੋਂ ਵੱਡੀ ਉਮਰ ਦੀ ਮਾਤਾ ਸ਼ਾਂਤੀ ਦੇਵੀ (96) ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸ਼ਰਧਾ ਨਾਲ ਕਰਦੀ ਸਨ। ਸ਼ਾਂਤੀ ਦੇਵੀ ਅਨੁਸਾਰ ਉਨ੍ਹਾਂ ਦੇ ਖਾਨਦਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੂਰਾ ਅਦਬ ਸਤਿਕਾਰ ਹੁੰਦਾ ਰਿਹਾ ਹੈ। ਛੇਵੀਂ ਪੀੜ੍ਹੀ ਦੇ ਬਜ਼ੁਰਗ ਕ੍ਰਿਪਾ ਰਾਮ ਚੌਹਾਨ ਜਦੋਂ ਦਿੱਲੀ ਤੋਂ ਇਥੇ ਆਏ ਤਾਂ ਉਹ ਆਪਣੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵੀ ਲਿਆਏ ਸਨ।

ਚੌਹਾਨ ਪਰਿਵਾਰ ਦੇ ਮੈਂਬਰ ਭੂਸ਼ਨ ਚੌਹਾਨ, ਸਤੀਸ਼ ਚੌਹਾਨ ਤੇ ਹਿੰਮਤ ਚੌਹਾਨ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੇ ਦਾਦਾ ਤੋਂ ਸੁਣਿਆ ਸੀ ਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਤਕਰੀਬਨ 200 ਸਾਲ ਪੁਰਾਣਾ ਹੈ।

# ਪੰਜਾਬ ਸਰਕਾਰ ਵਿਰਾਸਤ ਸੰਭਾਲਣ 'ਚ ਨਾਕਾਮ

**ਅੰਮ੍ਰਿਤਸਰ:** ਪੰਜਾਬ ਸਰਕਾਰ ਵਿਰਸਤ ਸੰਭਾਲਣ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ ਪਰ ਅਸਲ 'ਚ ਸੂਬੇ 'ਚ ਸ਼ਰੇਆਮ ਨਾਜਾਇਜ਼ ਕਬਜ਼ਿਆਂ ਕਾਰਨ ਵਿਰਾਸਤਾਂ ਅਲੋਪ ਹੋ ਰਹੀਆਂ ਹਨ। ਜੇਕਰ ਪੰਜਾਬ ਟੂਰਿਜ਼ਮ ਵਿਭਾਗ ਤੇ ਪੁਰਾਤੱਤਵ ਵਿਭਾਗ ਇਨ੍ਹਾਂ ਯਾਦਗਾਰਾਂ ਨੂੰ ਕਬਜ਼ਾ ਮੁਕਤ ਕਰਵਾ ਕੇ ਇਨ੍ਹਾਂ ਨੂੰ ਸੁਰੱਖਿਅਤ ਵਿਰਾਸਤੀ ਸਮਾਰਕ ਐਲੈਨ ਦਿੰਦਾ ਹੈ ਤਾਂ ਇਹ ਸਮਾਰਕ ਯਾਤਰੂਆਂ ਦੀ ਖਿੱਚ ਦਾ ਕੇਂਦਰ ਬਣ ਸਕਦੇ ਹਨ।



ਮੁਗ਼ਲ ਬਾਦਸ਼ਾਹ ਅਕਬਰ ਦੇ ਨੌਂ ਰਤਨਾਂ ਵਿਚ ਸ਼ਾਮਲ ਰਾਜਾ ਟੋਡਰ ਮੱਲ ਵੱਲੋਂ ਬਣਵਾਏ ਗਏ ਇਤਿਹਾਸਕ ਤਲਾਬ ਵਿਚ ਨਾਜਾਇਜ਼ ਤੌਰ 'ਤੇ ਖੇਤੀਬਾੜੀ ਕੀਤੀ ਜਾ ਰਹੀ ਹੈ ਤੇ ਭਾਰਤੀ ਪੁਰਾਤੱਤਵ ਵਿਭਾਗ ਇਸ ਇਤਿਹਾਸਕ ਵਿਰਾਸਤ ਨੂੰ ਲੁਪਤ ਕੀਤੇ ਜਾਣ ਦੀਆਂ ਕਰੂਰ ਕਾਰਵਾਈਆਂ ਦਾ ਮੂਕ-ਦਰਸ਼ਕ ਬਣ ਕੇ ਤਮਾਸ਼ਾ ਵੇਖ ਰਿਹਾ ਪ੍ਰਤੀਤ ਹੋ ਰਿਹਾ ਹੈ।

ਰਾਜਾ ਟੋਡਰ ਮੱਲ ਦਾ ਅਸਲ ਨਾਮ ਅੱਲ ਟੰਡਨ (ਖਤਰੀ) ਸੀ। ਉਨ੍ਹਾਂ ਨੇ ਬਾਦਸ਼ਾਹ ਅਕਬਰ ਦੇ ਸ਼ਾਸਨ ਸਮੇਂ ਪਹਿਲੀ ਵਾਰ ਵਿੱਤ ਵਿਭਾਗ ਹੋਂਦ ਵਿਚ ਲਿਆਂਦਾ ਤੇ ਭੂਮੀ ਦੀ ਜਰੀਬ ਦੁਆਰਾ ਪੈਮਾਇਸ਼ (ਨਾਪ) ਕਰਨ ਦੀ ਸ਼ੁਰੂਆਤ ਕੀਤੀ। ਭਾਰਤ-ਪਾਕਿਸਤਾਨ ਸਰਹੱਦ ਦੇ ਬਿਲਕੁਲ ਨਾਲ ਲਗਦੇ ਅੰਮ੍ਰਿਤਸਰ ਦੇ ਸਰਹਦੀ ਪਿੰਡ ਰਾਜਾਤਾਲ ਦਾ ਨਾਂ ਰਾਜਾ ਟੋਡਰ ਮੱਲ ਵੱਲੋਂ ਕਰੀਬ 18 ਏਕੜ ਜ਼ਮੀਨ 'ਤੇ ਬਣਵਾਏ ਗਏ ਵਿਸ਼ਾਲ ਤਲਾਬ ਦੇ ਨਾਂ 'ਤੇ ਰੱਖਿਆ ਗਿਆ ਹੈ।


ਇਹ ਤਲਾਬ ਉਸ ਸਮੇਂ ਮੁਲਤਾਨ ਤੋਂ ਕਲਕੱਤਾ ਜਾਣ ਵਾਲੀ ਪੁਰਾਣੀ ਜਰਨੈਲੀ (ਮੁਗ਼ਲਸ਼ਾਹੀ) ਸੜਕ 'ਤੇ ਬਣਾਇਆ ਗਿਆ ਸੀ। ਮੁਗ਼ਲਸ਼ਾਹੀ ਇੱਟਾਂ ਨਾਲ ਬਣਾਏ ਗਏ ਉਪਰੋਕਤ ਤਲਾਬ ਵਿਚ ਪਿੰਡ ਦੇ ਲੋਕਾਂ ਵਲੋਂ ਪਿਛਲੇ ਕਈ ਵਰ੍ਹਿਆਂ ਤੋਂ ਖੇਤੀਬਾੜੀ ਕੀਤੀ ਜਾ ਰਹੀ ਹੈ ਤੇ ਖੇਤੀ ਕਰਨ ਤੋਂ ਬਾਅਦ ਕੌਲ-ਡੋਡੇ ਤੇ ਭੇਂਅ ਉਗਾਉਣ ਲਈ ਇਸ ਵਿਚ ਗੰਦਾ ਪਾਣੀ ਛੱਡ ਕੇ ਇਸ ਇਤਿਹਾਸਕ ਤਲਾਬ ਨੂੰ ਛੱਪੜ ਦਾ ਰੂਪ ਦੇ ਦਿੱਤਾ ਜਾਂਦਾ ਹੈ।

ਤਲਾਬ ਦੇ ਕੋਲ ਹੀ ਉਸੇ ਕਾਲ ਵਿਚ ਬਣਾਈ ਗਈ ਮਸਜਿਦ ਤੇ ਮੁਗ਼ਲ ਫੌਜ ਦੇ ਘੋੜੇ ਖੜੇ ਕਰਨ ਲਈ ਬਣਾਇਆ ਗਿਆ ਅਸਤਬਲ ਤੂੜੀ ਰੱਖਣ ਤੇ ਪਸ਼ੂ ਬੰਨ੍ਹਣ ਲਈ ਇਸਤੇਮਾਲ ਕੀਤੇ ਜਾ ਰਹੇ ਹਨ।

ਰਾਜਾ ਟੋਡਰ ਮਲ ਦੇ ਤਲਾਬ ਦੀ ਤਰ੍ਹਾਂ ਹੀ ਉਸ ਵੱਲੋਂ ਪਾਕਿਸਤਾਨ ਦੇ ਜ਼ਿਲ੍ਹਾ ਕੁਸੂਰ ਦੀ ਤਹਿਸੀਲ ਚੂਨੀਆਂ ਦੇ ਪਿੰਡ ਮੋਹਮਤੀਪੁਰ ਵਿਚ ਬਣਵਾਈ ਗਈ ਬਾਰਾਂਦਰੀ ਵੀ ਪਾਕਿਸਤਾਨੀ ਪੁਰਾਤੱਤਵ ਵਿਭਾਗ ਦੀ ਲਾਪਰਵਾਹੀ ਕਾਰਨ ਖੰਡਰਾਂ ਵਿਚ ਤਬਦੀਲ ਹੁੰਦੀ ਜਾ ਰਹੀ ਹੈ। ਉਪਰੋਕਤ ਯਾਦਗਾਰ ਨੂੰ ਡੇਰਾ ਚੌਬਾਰਾ ਤੇ ਟੋਡਰ ਮੱਲ ਦੀ ਬਾਰਾਂਦਰੀ ਦੇ ਨਾਂਅ ਨਾਲ ਸੱਦਿਆ ਜਾਂਦਾ ਹੈ। ਬਾਰਾਂਦਰੀ ਦੇ ਨਾਲ ਹੀ ਇਕ ਛੋਟੀ ਬਾਰਾਂਦਰੀ ਵੀ ਮੌਜੂਦ ਹੈ ਜਿਸ ਦਾ ਨਿਰਮਾਣ ਸਿੱਖ ਰਾਜ ਦੌਰਾਨ ਕੀਤਾ ਗਿਆ ਪ੍ਰਤੀਤ ਹੁੰਦਾ ਹੈ।

# ਢਾਈ ਸਾਲਾਂ 'ਚ ਵੀ ਤਿਆਰ ਨਹੀਂ ਹੋਏ ਦਰਸ਼ਨੀ ਡਿਉਢੀ ਦੇ ਦਰਵਾਜ਼ੇ

**ਅੰਮ੍ਰਿਤਸਰ:** ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਲਈ ਬਣਾਏ ਜਾ ਰਹੇ ਨਵੇਂ ਦਰਵਾਜ਼ਿਆਂ ਦਾ ਕੰਮ ਢਾਈ ਸਾਲਾਂ 'ਚ ਵੀ ਪੂਰਾ ਨਹੀਂ ਹੋ ਸਕਿਆ ਜਦੋਂ ਇਹ ਟੀਚਾ ਸਿਰਫ ਇਕ ਸਾਲ ਦਾ ਸੀ। ਤਕਰੀਬਨ ਦੋ ਸਾਲ ਪਹਿਲਾਂ ਦਰਸ਼ਨੀ ਡਿਉਢੀ ਦੇ ਪੁਰਾਤਨ ਦਰਵਾਜ਼ੇ ਖਸਤਾ ਹੋਣ ਕਾਰਨ ਉਤਾਰ ਦਿੱਤੇ ਗਏ ਸਨ। ਇਹ ਵਿਸ਼ੇਸ਼ ਦਰਵਾਜ਼ੇ ਤਿਆਰ ਕਰਨ ਦੀ ਸੇਵਾ ਸ਼੍ਰੋਮਣੀ ਕਮੇਟੀ ਨੇ ਕਾਰ ਸੇਵਾ ਵਾਲੇ ਸੰਤ ਕਸ਼ਮੀਰ ਸਿੰਘ ਭੂਰੀ ਵਾਲਿਆਂ ਨੂੰ ਸੌਂਪੀ ਹੋਈ ਹੈ ਤੇ ਉਹ ਇਹ ਕਾਰਜ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਨਿਗਰਾਨੀ ਹੇਠ ਕਰ ਰਹੇ ਹਨ। ਇਹ ਕਾਰ ਸੇਵਾ ਜੁਲਾਈ 2010 ਵਿਚ ਸ਼ੁਰੂ ਹੋਈ ਸੀ ਤੇ ਇਹ ਕਾਰਜ ਇਕ ਸਾਲ ਵਿਚ ਮੁਕੰਮਲ ਕਰਨ ਦਾ ਟੀਚਾ ਰੱਖਿਆ ਗਿਆ ਸੀ ਪਰ ਹੁਣ ਇਸ ਕਾਰਜ ਨੂੰ ਦੋ ਸਾਲ ਤੋਂ ਵੀ ਵਧੇਰੇ ਸਮਾਂ ਹੋ ਚੁੱਕਾ ਹੈ ਤੇ ਅਜੇ ਵੀ ਕੰਮ ਵਿਚਾਲੇ ਲਟਕਿਆ ਹੋਇਆ ਹੈ। ਇਸ ਦਾ ਮੁੱਖ ਕਾਰਨ ਹਾਥੀ ਦੰਦ ਦਾ ਨਾਂ ਮਿਲਣਾ ਦੱਸਿਆ ਗਿਆ ਹੈ। ਦਰਸ਼ਨੀ ਡਿਉਢੀ ਦੇ ਪੁਰਾਤਨ ਦਰਵਾਜ਼ੇ ਜੋ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੇ ਬਣੇ ਹੋਏ ਸਨ, ਦੀ ਹਾਲਤ ਖਸਤਾ ਹੋ ਚੁੱਕੀ ਸੀ ਤੇ ਉਨ੍ਹਾਂ ਦੀ ਮੁਰੰਮਤ ਨਹੀਂ ਹੋ ਸਕਦੀ ਸੀ। ਇਸ ਕਰਕੇ ਸ਼੍ਰੋਮਣੀ ਕਮੇਟੀ ਨੇ ਨਵੇਂ ਦਰਵਾਜ਼ੇ ਬਣਵਾਉਣ ਦਾ ਫ਼ੈਸਲਾ ਕੀਤਾ ਤੇ ਪੁਰਾਤਨ ਦਰਵਾਜ਼ੇ ਸ਼ਰਧਾਲੂਆਂ ਦੇ ਦਰਸ਼ਨਾਂ ਲਈ ਵਿਰਾਸਤੀ ਦਰਵਾਜ਼ਿਆਂ ਵਜੋਂ ਸੰਭਾਲ ਕੇ ਰੱਖਣ ਦਾ ਫ਼ੈਸਲਾ ਵੀ ਕੀਤਾ ਗਿਆ ਹੈ। ਨਵਾਂ ਤਿਆਰ ਕੀਤਾ ਜਾ ਰਿਹਾ ਦਰਵਾਜ਼ਾ ਵੀ ਪੁਰਾਤਨ ਦਰਵਾਜ਼ੇ ਵਰਗਾ ਹੀ ਹੋਵੇਗਾ ਜਿਸ ਉਪਰ ਚਾਂਦੀ ਤੇ ਹਾਥੀ ਦੰਦ ਦਾ ਕੰਮ ਹੋਵੇਗਾ। ਇਸ ਬਾਰੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਦੱਸਿਆ ਕਿ ਦਰਸ਼ਨੀ ਡਿਉਢੀ ਦੇ ਦਰਵਾਜ਼ਿਆਂ 'ਤੇ ਲੱਕੜ ਤੇ ਚਾਂਦੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਤੇ ਹਾਥੀ ਦੰਦ ਦਾ ਕੰਮ 45 ਫੀਸਦੀ ਮੁਕੰਮਲ ਹੋਇਆ ਹੈ। ਉਨ੍ਹਾਂ ਦੱਸਿਆ ਕਿ ਹਾਥੀ ਦੰਦ ਦੇ ਨਾ ਮਿਲਣ ਕਾਰਨ ਇਹ ਕੰਮ ਪਛੜ ਗਿਆ ਹੈ। ਉਨ੍ਹਾਂ ਦੱਸਿਆ ਕਿ ਅਗਲੇ ਛੇ ਮਹੀਨਿਆਂ ਤੱਕ ਦਰਵਾਜ਼ੇ ਬਣਾਉਣ ਦਾ ਸਮੁੱਚਾ ਕੰਮ ਮੁਕੰਮਲ ਹੋ ਜਾਵੇਗਾ ਤੇ ਇਹ ਨਵੇਂ ਦਰਵਾਜ਼ੇ ਸਿੱਖ ਰਹੁ-ਰੀਤਾਂ ਅਨੁਸਾਰ ਦਰਸ਼ਨੀ ਡਿਉਢੀ ਵਿਖੇ ਮੁੜ ਸਥਾਪਤ ਕਰ ਦਿੱਤੇ ਜਾਣਗੇ।



# ਜੰਮੂ-ਕਸ਼ਮੀਰ 'ਚੋਂ ਸਿੱਖਾਂ ਵੱਲੋਂ ਹਿਜਰਤ



**ਅੰਮ੍ਰਿਤਸਰ:** ਜੰਮੂ-ਕਸ਼ਮੀਰ ਵਿੱਚ ਸਿੱਖਾਂ ਦੀ ਹਾਲਤ ਦਿਨੋ-ਦਿਨ ਨਿੱਘਰ ਰਹੀ ਹੈ ਤੇ ਉਹ ਹਿਜਰਤ ਕਰਨ ਲਈ ਮਜਬੂਰ ਹਨ। ਖੇਤੀ, ਨੌਕਰੀ, ਟਰਾਂਸਪੋਰਟ ਤੋਂ ਵਿਹੂਣੇ ਹੋਣ ਕਾਰਨ ਸਿੱਖਾਂ ਦੀ ਆਰਥਿਕ ਹਾਲਤ ਬੇਹੱਦ ਮਾੜੀ ਹੋ ਰਹੀ ਹੈ। ਸਿੱਖਾਂ ਵਿਚ ਬੇਗਾਨਗੀ ਦਾ ਅਹਿਸਾਸ ਹੈ ਤੇ ਉਹ ਕਸ਼ਮੀਰ ਛੱਡ ਰਹੇ ਹਨ। ਜੰਮੂ ਕਸ਼ਮੀਰ ਵਿਚ ਰਹਿੰਦੇ ਸਿੱਖਾਂ ਲਈ ਸਿੱਖਾਂ ਨੂੰ ਦਰਪੇਸ਼ ਮੁਸ਼ਕਲਾਂ ਬਾਰੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਰਿਪੋਰਟ ਸੌਂਪੀ ਹੈ।

ਜਥੇਦਾਰ ਅਵਤਾਰ ਸਿੰਘ ਨੇ ਜੰਮੂ ਕਸ਼ਮੀਰ ਦੇ ਸਿੱਖਾਂ ਬਾਰੇ ਪ੍ਰਾਪਤ ਹੋਈ ਰਿਪੋਰਟ ਦੇ ਤੱਥਾਂ 'ਤੇ ਫਿਕਰ ਜ਼ਾਹਰ ਕੀਤਾ ਹੈ। ਉਹ ਇਸ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਜਲਦੀ ਹੀ ਮਿਲਣਗੇ। ਉਨ੍ਹਾਂ ਨੇ ਜੰਮੂ ਕਸ਼ਮੀਰ ਸਰਕਾਰ ਤੇ ਕੇਂਦਰ ਨੂੰ ਇਸ ਦੁਖਾਂਤ ਭਰੇ ਪਹਿਲੂ ਵੱਲ ਵਿਸ਼ੇਸ਼ ਧਿਆਨ ਦੇਣ, ਸਿੱਖਾਂ ਦੀ ਜਾਨ-ਮਾਲ ਦੀ ਸੁਰੱਖਿਆ ਯਕੀਨੀ ਬਣਾਉਣ ਤੇ ਸਿੱਖਾਂ ਦੀ ਹਿਜਰਤ ਨੂੰ ਰੋਕਣ ਲਈ ਵਿਸ਼ੇਸ਼ ਉਪਰਾਲੇ ਕਰਨ ਦੀ ਮੰਗ ਕੀਤੀ ਹੈ।

ਉਹ ਜੰਮੂ ਕਸ਼ਮੀਰ ਅੰਦਰ ਵਸਦੇ ਸਿੱਖਾਂ ਦੇ ਮਸਲਿਆਂ ਬਾਰੇ ਹੋਈ ਮੀਟਿੰਗ ਵਿਚ ਹਿੱਸਾ ਲੈ ਕੇ ਆਏ ਹਨ। ਉਨ੍ਹਾਂ ਨੇ ਆਪਣੀ ਵਿਸ਼ੇਸ਼ ਰਿਪੋਰਟ ਵਿਚ ਕਿਹਾ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਜੰਮੂ ਕਸ਼ਮੀਰ ਵਿਚ ਵਸਦੇ ਸਿੱਖਾਂ ਨੇ ਸਿੱਖੀ ਸਰੂਪ ਨੂੰ ਸੰਭਾਲ ਕੇ ਰੱਖਿਆ ਹੋਇਆ ਹੈ ਪਰ ਸਥਾਨਕ ਸਿੱਖ ਉਥੋਂ ਦੇ ਹਾਲਾਤ ਕਾਰਨ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ।

ਰਿਪੋਰਟ ਵਿਚ ਉਨ੍ਹਾਂ ਦੱਸਿਆ ਕਿ ਪਹਿਲਾਂ ਸਰਕਾਰੀ ਅਦਾਰਿਆਂ ਵਿਚ ਸਿੱਖਾਂ ਨੂੰ ਪੰਜਾਬੀ ਅਧਿਆਪਕਾਂ ਵਜੋਂ ਨੌਕਰੀ ਮਿਲ ਜਾਂਦੀ ਸੀ ਪਰ ਹੁਣ ਹਾਲਤ ਇਹ ਹੈ ਕਿ 1988 ਵਿਚ ਸੱਤ ਕਾਲਜਾਂ ਅੰਦਰ ਸੱਤ ਅਸਾਮੀਆਂ ਸਨ, 2011 ਵਿਚ ਇਹ 25 ਕਾਲਜ ਹੋਣ ਦੇ ਬਾਵਜੂਦ ਸਿਰਫ ਦੋ ਅਸਾਮੀਆਂ ਹੀ ਰਹਿ ਗਈਆਂ ਹਨ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਘੱਟ ਗਿਣਤੀ ਦਾ ਰੁਤਬਾ ਮਿਲਣਾ ਜ਼ਰੂਰੀ ਹੈ ਤੇ ਉਥੋਂ ਦੀ ਸਰਕਾਰ ਨੂੰ ਜੰਮੂ ਕਸ਼ਮੀਰ ਵਿਧਾਨ ਸਭਾ ਵਿਚ ਨੋਟੀਫਿਕੇਸ਼ਨ ਪਾਸ ਕਰਵਾਉਣਾ ਚਹੀਦਾ ਹੈ।

# ਅਮਰੀਕਾ 'ਚ ਇਕ ਮਹੀਨੇ ਦੌਰਾਨ ਤੀਜਾ ਹਮਲਾ

**ਨਿਊ ਯਾਰਕ:** ਐਂਪਾਇਰ ਸਟੇਟ ਵਿਚ ਇਕ ਅਣਪਛਾਤੇ ਬੰਦੂਕਧਾਰੀ ਨੇ ਅੰਨ੍ਹੇਵਾਹ ਗੋਲੀ ਚਲਾ ਦਿੱਤੀ ਜਿਸ ਕਾਰਨ ਇਕ ਜਣਾ ਮਾਰਿਆ ਗਿਆ ਤੇ 10 ਫੱਟੜ ਹੋ ਗਏ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਹਮਲਾਵਰ ਨੂੰ ਮਾਰ ਮੁਕਾਇਆ। ਯਾਦ ਰਹੇ ਕਿ ਪਿਛਲੇ ਇਕ ਮਹੀਨੇ ਦੌਰਾਨ ਗੋਲੀਬਾਰੀ ਦੀ ਇਹ ਤੀਜੀ ਘਟਨਾ ਹੈ। ਨਿਊ ਯਾਰਕ ਪੁਲਿਸ ਦੇ ਤਰਜਮਾਨ ਮੁਤਾਬਕ ਇਸ ਘਟਨਾ ਦੀ ਪੁਣਛਾਣ ਐਫ.ਬੀ.ਆਈ. ਕਰ ਰਹੀ ਹੈ। ਐਂਪਾਇਰ ਸਟੇਟ ਬਿਲਡਿੰਗ ਵਿਚ ਵਰਕਰਾਂ ਦਾ ਆਪਸੀ ਤਕਰਾਰ ਹੋ ਗਿਆ ਸੀ ਤੇ ਬਾਅਦ ਵਿੱਚ ਮਾਮਲਾ ਵਧ ਗਿਆ। ਇਸ ਲਈ ਇਸ ਘਟਨਾ ਦਾ ਅਤਿਵਾਦ ਨਾਲ ਕੋਈ ਸਬੰਧ ਨਹੀਂ ਹੈ।

ਘਟਨਾ ਵਾਲੀ ਥਾਂ 'ਤੇ ਕੰਮ ਕਰਦੇ 23 ਸਾਲਾ ਕ੍ਰਿਸ ਔਡਨ ਨੇ ਦੱਸਿਆ ਕਿ ਬਿਲਡਿੰਗ ਦੀ 33ਵੀਂ ਸਟਰੀਟ 'ਤੇ ਇਕ ਬੰਦੂਕਧਾਰੀ ਆਇਆ ਤੇ ਉਸ ਨੇ ਗੋਲੀ ਚਲਾ ਦਿੱਤੀ। ਫਿਰ ਉਹ ਹੇਠਾਂ ਉਤਰਿਆ ਤੇ ਉਥੇ ਵੀ ਗੋਲੀ ਚਲਾਈ। ਯਾਦ ਰਹੇ ਕਿ 5 ਅਗਸਤ ਨੂੰ ਵਿਸਕਾਨਸਿਨ ਦੇ ਗੁਰਦੁਆਰੇ ਵਿਚ ਗੋਲੀ ਚਲਾ ਕੇ ਛੇ ਸਿੱਖ ਸ਼ਰਧਾਲੂਆਂ ਨੂੰ ਮਾਰ ਦਿੱਤਾ ਸੀ। ਇਸੇ ਤਰ੍ਹਾਂ 20 ਜੁਲਾਈ ਨੂੰ ਕੋਲੋਰੈਡੋ ਵਿਖੇ ਇਕ ਬੰਦੂਕਧਾਰੀ ਨੇ 12 ਜਣਿਆਂ ਨੂੰ ਮਾਰ ਸੁੱਟਿਆ ਸੀ। ਸਾਬਕਾ ਸਾਥੀ ਵਰਕਰ ਨੂੰ ਗੋਲੀਆਂ ਮਾਰ ਕੇ ਮਾਰਨ ਵਾਲੇ ਗਹਿਣਿਆਂ ਦੇ ਡਿਜ਼ਾਈਨਰ ਦੇ ਮਨ ਵਿਚ ਕਈ ਸਾਲਾਂ ਤੋਂ ਉਸ ਵਿਰੁੱਧ ਰੰਜਿਸ਼ ਸੀ। ਸਾਲ ਪਹਿਲਾਂ ਆਪਸ ਵਿਚ ਝਗੜੇ ਮਗਰੋਂ ਦੋਵਾਂ ਨੇ ਇਕ ਦੂਜੇ ਵਿਰੁੱਧ ਪੁਲਿਸ ਕੋਲ ਸ਼ਿਕਾਇਤਾਂ ਵੀ ਕੀਤੀਆਂ ਸਨ। 58 ਸਾਲਾ ਜੈਫਰੀ ਜੌਹਨਸਨ ਨੂੰ ਨਿਊ ਯਾਰਕ ਪੁਲਿਸ ਦੇ ਅਫਸਰਾਂ ਨੇ ਉਦੋਂ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ ਜਦੋਂ ਉਹ ਆਪਣੇ ਪੁਰਾਣੇ ਸਾਥੀ ਕਾਮੇ ਸਟੀਵਨ ਐਰਕੋਲਿਨੋ (41) ਨੂੰ ਪਿਸਤੌਲ ਨਾਲ ਮਾਰ ਕੇ ਭੱਜ ਰਿਹਾ ਸੀ।

# ਪਰਵਾਸੀ ਭਾਰਤੀ ਫਿਰੌਤੀ ਮੰਗਣ ਦਾ ਦੋਸ਼ੀ ਕਰਾਰ

**ਨਿਊ ਯਾਰਕ:** ਕੁਝ ਸਮਾਂ ਕੈਲੇਫੋਰਨੀਆ ਵਿਚ ਫਿਲਮੀ ਅਭਿਨੇਤਾ ਵਜੋਂ ਕਿਸਮਤ ਅਜ਼ਮਾਉਣ ਵਾਲੇ ਭਾਰਤੀ ਮੂਲ ਦੇ ਅਮਰੀਕਨ ਵਿਵੇਕ ਸ਼ਾਹ ਨੂੰ ਵੱਡੇ ਉਦਯੋਗਪਤੀਆਂ ਨੂੰ ਧਮਕਾਉਣ 'ਤੇ ਇਕ ਕਰੋੜ 30 ਲੱਖ ਡਾਲਰ ਦੀ ਫਿਰੌਤੀ ਮੰਗਣ ਲਈ ਦੋਸ਼ੀ ਪਾਇਆ ਗਿਆ ਹੈ। ਵੈਸਟ ਵਰਜੀਨੀਆ ਵਿਚ ਫੈਡਰਲ ਗਰੈਂਡ ਜਿਊਰੀ ਨੇ ਵੈਸਟ ਹਾਲੀਵੁੱਡ ਕੈਲੇਫਰੋਨੀਆ ਦੇ ਵਿਵੇਕ ਸ਼ਾਹ ਨੂੰ ਵੱਡੇ-ਵੱਡੇ ਕਾਰੋਬਾਰੀਆਂ ਨੂੰ ਧਮਕਾਉਣ ਤੇ ਫਿਰੌਤੀ ਮੰਗਣ ਲਈ ਦੋਸ਼ੀ ਠਹਿਰਾਇਆ ਹੈ। ਅਦਾਲਤ ਵੱਲੋਂ ਲਾਏ ਦੋਸ਼ ਅਨੁਸਾਰ ਸ਼ਾਹ ਨੇ ਪੱਛਮੀ ਵਰਜੀਨੀਆ ਦੇ ਉੱਘੇ ਉਦਯੋਗਪਤੀ ਨੂੰ ਪੱਤਰ ਭੇਜ ਕੇ ਧਮਕੀ ਦਿੱਤੀ ਕਿ ਜੇ ਉਹ ਦੱਸੇ ਗਏ ਬੈਂਕ ਖਾਤੇ ਵਿਚ ਇਕ ਕਰੋੜ 30 ਲੱਖ ਡਾਲਰ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਦੇ ਰਿਸ਼ਤੇਦਾਰਾਂ ਨੂੰ ਮਾਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਦੂਜੇ ਧਮਕੀ ਪੱਤਰ ਵਿਚ ਸ਼ਾਹ ਨੇ ਸਾਈਪਰਸ ਦੇ ਬੈਂਕ ਦਾ ਖਾਤਾ ਨੰਬਰ ਦੱਸ ਕੇ ਧਮਕੀਆਂ ਦਿੱਤੀਆਂ। ਇਸ ਤੋਂ ਬਾਅਦ ਸ਼ਾਹ ਨੂੰ ਪੁਲਿਸ ਨੇ 10 ਅਗਸਤ ਨੂੰ ਗ੍ਰਿਫਤਾਰ ਕਰ ਲਿਆ ਸੀ। ਜੇ ਸ਼ਾਹ 'ਤੇ ਲਾਏ ਦੋਸ਼ ਸਿੱਧ ਹੋ ਜਾਂਦੇ ਹਨ ਤਾਂ ਉਸ ਨੂੰ ਚਾਲੀ ਸਾਲ ਤਕ ਸਜ਼ਾ ਹੋ ਸਕਦੀ ਹੈ। ਸ਼ਾਹ ਨੂੰ ਸ਼ਿਕਾਗੋ ਵਿਚ ਉਸ ਦੇ ਪਿਤਾ ਦੇ ਘਰ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਵੱਲੋਂ ਅਦਾਲਤ ਵਿਚ ਦਾਖਲ ਕੀਤੇ ਹਲਫ਼ੀਆ ਬਿਆਨ ਅਨੁਸਾਰ ਸ਼ਾਹ ਨੇ ਕੁੱਲ ਪੰਜ ਧਨਾਢ ਲੋਕਾਂ ਨੂੰ ਧਮਕੀਆਂ ਦਿੱਤੀਆਂ।

# ਸਰੀ ਵਿਚ ਪੰਜਾਬਣ ਵੱਲੋਂ ਖੁਦਕੁਸ਼ੀ

**ਸਰੀ:** ਇਕ 25 ਸਾਲਾ ਪੰਜਾਬਣ ਵੱਲੋਂ ਫਰੇਜ਼ਰ ਦਰਿਆ 'ਤੇ ਬਣੇ ਐਲੇਕਸ ਪੁਲ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ ਗਈ। ਸੂਚਨਾ ਅਨੁਸਾਰ ਰਮਨਦੀਪ ਕੌਰ ਬੈਂਸ ਆਪਣੀ ਗੱਡੀ ਵਿਚ ਸਵਾਰ ਹੋ ਕੇ ਉਕਤ ਪੁਲ 'ਤੇ ਪੁੱਜੀ ਤੇ ਕਾਰ ਖੜ੍ਹੀ ਕਰਕੇ ਉਸ ਨੇ ਪੁਲ ਦੇ ਜੰਗਲੇ ਤੋਂ ਦਰਿਆ ਵਿਚ ਛਾਲ ਮਾਰ ਦਿੱਤੀ। ਦਿਨ-ਦਿਹਾੜੇ ਇਹ ਘਟਨਾ ਵਾਪਰਨ ਸਮੇਂ ਬਹੁਤ ਸਾਰੇ ਵਾਹਨ ਚਾਲਕਾਂ ਤੇ ਇਸ ਔਰਤ ਨੂੰ ਪੁਲ 'ਤੇ ਚੜ੍ਹਦਿਆਂ ਵੇਖਿਆ ਪਰ ਇਸ ਤੋਂ ਪਹਿਲਾਂ ਕਿ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਜਾਂਦੀ, ਉਦੋਂ ਤੱਕ ਘਟਨਾ ਵਾਪਰ ਚੁੱਕੀ ਸੀ। ਕੈਨੇਡੀਅਨ ਪੁਲਿਸ ਦੇ ਗੋਤੇਖੋਰਾਂ ਨੇ ਤੁਰੰਤ ਆਵਾਜਾਈ ਬੰਦ ਕਰ ਦਿੱਤੀ ਤੇ ਕੁਝ ਘੰਟਿਆਂ ਅੰਦਰ ਲਾਸ਼ ਬਰਾਮਦ ਕਰ ਲਈ ਗਈ। ਸੂਤਰਾਂ ਅਨੁਸਾਰ ਮਰਨ ਵਾਲੀ ਪੰਜਾਬਣ ਰਮਨਦੀਪ ਕੌਰ ਸੀ ਜਿਸ ਦਾ ਪਿਛਲਾ ਪਿੰਡ ਕੰਗਰੌੜ ਨੇੜੇ ਮਾਹਲਪੁਰ ਸੀ ਤੇ ਉਹ 2007 ਵਿਚ ਸਰੀ ਦੇ ਗੁਰਨਾਮ ਸਿੰਘ ਬੈਂਸ ਨਾਲ ਸ਼ਾਦੀ ਕਰਵਾ ਕੇ ਕੈਨੇਡਾ ਆਈ ਸੀ। ਮ੍ਰਿਤਕਾ ਤਿੰਨ ਸਾਲਾ ਲੜਕੇ ਦੀ ਮਾਂ ਸੀ। ਉਸ ਦੇ ਮਾਪੇ ਮੁਖਤਿਆਰ ਸਿੰਘ ਜੋਧਾ, ਸਵਰਨਜੀਤ ਕੌਰ ਪੰਜਾਬ ਹੀ ਰਹਿ ਰਹੇ ਸਨ। ਕੈਨੇਡੀਅਨ ਪੁਲਿਸ ਘਟਨਾ ਦੀ ਜਾਂਚ ਕਰ ਰਹੀ ਹੈ।

# ਇੰਗਲੈਂਡ 'ਚੋਂ 700 ਗੈਰ ਕਾਨੂੰਨੀ ਭਾਰਤੀ ਕੱਢੇ


**ਲੰਡਨ:** ਵੀਜ਼ਾ ਨਿਯਮਾਂ ਦੇ ਉਲੰਘਣ ਨੂੰ ਰੋਕਣ ਲਈ ਚਲਾਈ ਮੁਹਿੰਮ ਤਹਿਤ ਇੰਗਲੈਂਡ ਸਰਕਾਰ ਨੇ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ 700 ਭਾਰਤੀਆਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਹੈ। ਇਨ੍ਹਾਂ ਲੋਕਾਂ ਵਿਚ ਅਜਿਹੇ ਵੀ ਸ਼ਾਮਲ ਹਨ ਜੋ ਵਿਦਿਆਰਥੀ ਵੀਜ਼ੇ 'ਤੇ ਇੰਗਲੈਂਡ ਆਏ ਸਨ ਤੇ ਵੀਜ਼ੇ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਇਥੇ ਹੀ ਰਹਿ ਰਹੇ ਸਨ। ਇਨ੍ਹਾਂ ਲੋਕਾਂ ਨੂੰ 'ਅਪ੍ਰੇਸ਼ਨ ਮੇਐਪਲ' ਤਹਿਤ ਇੰਗਲੈਂਡ ਵਿਚੋਂ ਕੱਢਿਆ ਗਿਆ ਹੈ। ਇਸ ਤੋਂ ਇਲਾਵਾ ਪਾਕਿਸਤਾਨ, ਬਰਾਜ਼ੀਲ, ਬੰਗਲਾਦੇਸ਼ ਤੇ ਚੀਨ ਦੇ ਲੋਕਾਂ ਨੂੰ ਵੀ ਵਾਪਸ ਆਪਣੇ ਦੇਸ਼ ਭੇਜ ਦਿੱਤਾ ਗਿਆ ਹੈ। ਅਧਿਕਾਰੀਆਂ ਨੇ ਦੱਸਿਆ ਕਿ ਯੂ. ਕੇ. ਬਾਰਡਰ ਏਜੰਸੀ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਇੰਗਲੈਂਡ ਵਿਚ ਰੁਕੇ ਵਿਦਿਆਰਥੀਆਂ ਤੇ ਹੋਰਾਂ ਪਰਵਾਸੀ ਵਿਅਕਤੀਆਂ ਖਿਲਾਫ ਕਾਰਵਾਈ ਲਈ ਇਸ ਸਾਲ ਮਈ ਦੇ ਮਹੀਨੇ ਵਿਚ ਮੁਹਿੰਮ ਸ਼ੁਰੂ ਕੀਤੀ ਸੀ।

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay



Gurbans Singh Gill
Realtor

15 Years Experiance in Real Estate
e-mail: gurbans@gotracy.com

Fax: 209-836-0706

www.gotracy.com

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD
Millennium

Gurbans Gill 209-815-1869

Global Multi Services

ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

ਉਪਲਬਧ ਸੇਵਾਵਾਂ

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant



ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997

DMV Lic No. 62822

# ਡਰੋਨ ਹਮਲੇ 'ਚ ਤਾਲਿਬਾਨ ਕਮਾਂਡਰ ਹਲਾਕ

**ਇਸਲਾਮਾਬਾਦ:** ਅਮਰੀਕੀ ਡਰੋਨ ਹਮਲੇ ਵਿਚ ਅਤਿਵਾਦੀ ਜਥੇਬੰਦੀ ਅਲ-ਕਾਇਦਾ ਨਾਲ ਜੁੜੇ ਹਕਾਨੀ ਨੈੱਟਵਰਕ ਦੇ ਪ੍ਰਮੁੱਖ ਕਮਾਂਡਰ ਬਦਰੁਦੀਨ ਹਕਾਨੀ ਤੇ ਪਾਕਿਸਤਾਨ ਤਾਲਿਬਾਨ ਕਮਾਂਡਰ ਮੁੱਲਾ ਦਾਦੁੱਲਾ ਦੀ ਅਫ਼ਗਾਨਿਸਤਾਨ ਤੇ ਪਾਕਿਸਤਾਨ ਦੇ ਇਕ ਕਬਾਇਲੀ ਇਲਾਕੇ 'ਚ ਮੌਤ ਹੋ ਗਈ। ਅਫ਼ਗਾਨ ਕਬਾਇਲੀ ਨੇਤਾ ਜਲਾਲੂਦੀਨ ਹਕਾਨੀ ਦਾ ਬੇਟਾ ਬਦਰੁਦੀਨ ਹਕਾਨੀ ਨੈੱਟਵਰਕ ਦਾ ਪ੍ਰਮੁੱਖ ਤੇ ਆਪਣੇ ਭਰਾ ਸਿਰਾਜੁਦੀਨ ਤੋਂ ਬਾਅਦ ਦੂਜੇ ਨੰਬਰ 'ਤੇ ਮੰਨਿਆ ਜਾਂਦਾ ਹੈ।




ਉਹ ਪਾਕਿਸਤਾਨ ਦੇ ਤਾਲਿਬਾਨ ਕੰਟਰੋਲ ਵਾਲੀ ਕਬਾਇਲੀ ਏਜੰਸੀ ਵਿਚ 18 ਅਗਸਤ ਤੋਂ ਕੀਤੇ ਗਏ ਪੰਜ ਡਰੋਨ ਹਮਲਿਆਂ ਵਿਚੋਂ ਕਿਸੇ ਇਕ ਵਿਚ ਮਾਰਿਆ ਗਿਆ। ਉੱਤਰੀ ਵਜ਼ੀਰਿਸਤਾਨ ਵਿਚ ਹਕਾਨੀ ਨੈੱਟਵਰਕ ਦੀ ਗੜ੍ਹ ਮੰਨੇ ਜਾਂਦੀ ਸ਼ਾਵਲ ਘਾਟੀ 'ਚ ਚਾਰ ਮਿਜ਼ਾਈਲੀ ਹਮਲੇ ਕੀਤੇ ਗਏ। ਅਮਰੀਕੀ ਰਿਪੋਰਟ 'ਚ ਆਖਿਆ ਗਿਆ ਹੈ ਕਿ ਬਦਰੁਦੀਨ 21 ਅਗਸਤ ਨੂੰ ਮਿਰਾਨਸ਼ਾਹ ਨੇੜੇ ਕੀਤੇ ਹਮਲੇ ਵਿਚ ਮਾਰਿਆ ਗਿਆ। ਇਨ੍ਹਾਂ ਲਗਾਤਾਰ ਕੀਤੇ ਗਏ ਹਮਲਿਆਂ ਤੋਂ ਬਾਅਦ ਇਸਲਾਮਾਬਾਦ 'ਚ ਹਾਲ ਹੀ ਦੇ ਦਿਨਾਂ ਵਿਚ ਤਿੱਖਾ ਵਿਰੋਧ ਕੀਤਾ ਗਿਆ। ਵਿਦੇਸ਼ ਮੰਤਰਾਲੇ ਨੇ ਅਮਰੀਕੀ ਰਾਜਦੂਤ ਅਧਿਕਾਰੀ ਕੋਲ ਇਨ੍ਹਾਂ ਹਮਲਿਆਂ ਖ਼ਿਲਾਫ਼ ਰੋਸ ਦਰਜ ਕੀਤਾ ਗਿਆ।

ਇਸ ਦੌਰਾਨ ਅਫ਼ਗਾਨਿਸਤਾਨ ਗਠਜੋੜ ਫ਼ੌਜ ਨੇ ਕਿਹਾ ਕਿ ਕੁਨਾਰ ਸੂਬੇ ਵਿਚ ਸ਼ਿਗਰ ਤੇ ਸ਼ੇਲਤਾਨ ਜ਼ਿਲ੍ਹਿਆਂ ਵਿਚ 25 ਅਗਸਤ ਨੂੰ ਕੀਤੇ ਹਵਾਈ ਹਮਲੇ ਵਿਚ ਮਾਰੇ ਗਏ 20 ਲੋਕਾਂ ਵਿਚ ਤਹਿਰੀਕ-ਏ-ਤਾਲਿਬਾਨ ਦਾ ਨੇਤਾ ਮੁੱਲਾ ਦਾਦੁੱਲਾ ਵੀ ਸ਼ਾਮਲ ਸੀ। ਦਾਦੁੱਲਾ ਦਾ ਅਸਲੀ ਨਾਂ ਮੌਲਾਨਾ ਮੁਹੰਮਦ ਜਮਾਲੁਦੀਨ ਹੈ ਤੇ ਉਹ ਸਾਲ 2010 ਵਿਚ ਪਾਕਿਸਤਾਨ ਦੇ ਬਾਜੂਰ ਏਜੰਸੀ ਵਿਚ ਤਾਲਿਬਾਨ ਦਾ ਕਮਾਂਡਰ ਬਣਿਆ ਸੀ। ਪਾਕਿਸਤਾਨ ਫ਼ੌਜ ਵੱਲੋਂ ਸ਼ੁਰੂ ਕੀਤੀ ਮੁਹਿੰਮ ਤੋਂ ਬਚਣ ਲਈ ਉਹ ਅਫ਼ਗਾਨਿਸਤਾਨ ਭੱਜ ਗਿਆ ਸੀ। ਉਸ ਦਾ ਸਹਿਯੋਗੀ ਸ਼ਾਕਰ ਵੀ ਹਵਾਈ ਹਮਲੇ ਵਿਚ ਮਾਰਿਆ ਗਿਆ ਹੈ।

ਬਦਰੁਦੀਨ 30 ਸਾਲ ਦਾ ਸੀ ਤੇ ਮਿਰਾਨਸ਼ਾਹ ਸ਼ੂਰਾ ਪਰਿਸ਼ਦ ਦਾ ਮੈਂਬਰ ਸੀ। ਮਿਰਾਨਸ਼ਾਹ ਸ਼ੂਰਾ ਪਰਿਸ਼ਦ ਅਫ਼ਗਾਨਿਸਤਾਨ ਤਾਲਿਬਾਨ ਦੇ ਚਾਰ ਖੇਤਰੀ ਕਮਾਂਡ ਵਿਚੋਂ ਇਕ ਹੈ ਜੋ ਅਫ਼ਗਾਨਿਸਤਾਨ ਤੇ ਪਾਕਿਸਤਾਨ ਵਿਚ ਅਤਿਵਾਦੀਆਂ ਦੀਆਂ ਸਾਰੀਆਂ ਸਰਗਰਮੀਆਂ ਨੂੰ ਆਪਣੇ ਕੰਟਰੋਲ ਵਿਚ ਰੱਖਦਾ ਹੈ। ਬਦਰੁਦੀਨ ਹਕਾਨੀ ਪਰਿਵਾਰ ਦੇ ਨੌਂ ਮੈਂਬਰਾਂ ਵਿਚ ਸ਼ਾਮਲ ਸੀ ਜਿਸ ਨੂੰ ਅਮਰੀਕਾ ਨੇ ਕੌਮਾਂਤਰੀ ਅਤਿਵਾਦੀ ਕਰਾਰ ਦਿੱਤਾ ਹੈ। ਅਮਰੀਕੀ ਵਿਦੇਸ਼ ਵਿਭਾਗ ਨੇ ਸਿਰਾਜ ਬਾਰੇ ਸੂਚਨਾ ਦੇਣ ਵਾਲੇ ਨੂੰ 50 ਲੱਖ ਡਾਲਰ ਇਨਾਮ ਦੇਣ ਦਾ ਐਲਾਨ ਕੀਤਾ ਹੈ। ਉੱਤਰੀ ਵਜ਼ੀਰਿਸਤਾਨ ਦੇ ਸ਼ਾਵਲ ਇਲਾਕੇ ਵਿਚ ਇਸ ਤਾਜ਼ਾ ਹਮਲੇ ਨੇ ਪਾਕਿਸਤਾਨ ਤੇ ਅਮਰੀਕਾ ਵਿਚਾਲੇ ਤਣਾਅ ਵਧਾ ਦਿੱਤਾ ਹੈ। ਇਨ੍ਹਾਂ ਹਮਲਿਆਂ ਵਿਚ ਮਾਰੇ 40 ਸ਼ੱਕੀਆਂ ਵਿਚ ਕਸ਼ਮੀਰੀ ਜਹਾਦੀ ਇੰਜੀਨੀਅਰ ਅਹਿਸਨ ਅਜ਼ੀਜ਼ ਵੀ ਮਾਰਿਆ ਗਿਆ ਹੈ।

# ਐਪਲ ਵੱਲੋਂ ਸੈਮਸੰਗ ਨੂੰ ਇਕ ਅਰਬ ਡਾਲਰ ਦੀ ਠਿੱਬੀ

**ਨਿਊਯਾਰਕ:** ਤਕਨਾਲੋਜੀ ਸਬੰਧੀ ਨਾਮੀ ਅਮਰੀਕੀ ਕੰਪਨੀ ਐਪਲ ਨੇ ਇਲੈਕਟ੍ਰਾਨਿਕ ਸਾਜ਼ੋ-ਸਾਮਾਨ ਬਣਾਉਣ ਵਾਲੀ ਦੱਖਣੀ ਕੋਰੀਆ ਦੀ ਕੰਪਨੀ ਸੈਮਸੰਗ ਨੂੰ ਜ਼ਬਰਦਸਤ ਝਟਕਾ ਦਿੰਦਿਆਂ ਉਸ ਖ਼ਿਲਾਫ਼ ਪੇਟੈਂਟ ਉਲੰਘਣਾ ਬਾਰੇ ਇਕ ਅਰਬ ਡਾਲਰ ਤੋਂ ਵੱਧ ਦੇ ਹਰਜਾਨੇ ਦਾ ਕੇਸ ਜਿੱਤ ਲਿਆ ਹੈ। ਕੈਲੀਫੋਰਨੀਆ ਦੀ ਇਕ ਨੌਂ ਮੈਂਬਰੀ ਜਿਊਰੀ ਨੇ ਫੈਸਲਾ ਸੁਣਾਇਆ ਹੈ ਕਿ ਸੈਮਸੰਗ ਨੇ ਮੋਬਾਈਲ ਫੋਨ ਸੈੱਟਾਂ ਦੇ ਸਾਫਟਵੇਅਰ ਤੇ ਡਿਜ਼ਾਈਨਾਂ ਬਾਰੇ ਐਪਲ ਦੇ ਪੇਟੈਂਟਾਂ ਦੀ ਵੱਡੇ ਪੱਧਰ ਉੱਤੇ ਉਲੰਘਣਾ ਕੀਤੀ ਹੈ। ਕੈਲੀਫੋਰਨੀਆ 'ਚ ਸ਼ਾਨ ਹੋਜ਼ੇ ਸਥਿਤ ਇਸ ਜਿਊਰੀ ਨੇ ਲਗਾਤਾਰ ਤਿੰਨ ਦਿਨਾਂ ਦੀ ਬਹਿਸ ਤੇ 700 ਸਵਾਲਾਂ ਬਾਰੇ ਸੁਣਵਾਈ ਕਰਨ ਮਗਰੋਂ ਇਹ ਫੈਸਲਾ ਦਿੱਤਾ।




ਫੈਸਲੇ ਵਿਚ ਕਿਹਾ ਗਿਆ ਹੈ ਕਿ ਐਪਲ ਦੇ ਸਾਰੇ ਪੇਟੈਂਟ ਵਾਜਬ ਸਨ ਤੇ ਇਸ ਕੰਪਨੀ ਨੇ ਸੈਮਸੰਗ ਦੇ ਕਿਸੇ ਵੀ ਪੇਟੈਂਟ ਦੀ ਉਲੰਘਣਾ ਨਹੀਂ ਕੀਤੀ। ਫੈਸਲੇ ਤੋਂ ਬਾਅਦ ਐਪਲ ਦੇ ਇਕ ਤਰਜਮਾਨ ਨੇ ਬਿਆਨ ਵਿਚ ਕਿਹਾ ਕਿ ਇਸ ਫੈਸਲੇ ਨਾਲ ਸਾਫ਼ ਹੋ ਗਿਆ ਕਿ ਚੋਰੀ ਕਰਨਾ ਆਪਣੇ ਆਪ 'ਚ ਕੋਈ ਅਧਿਕਾਰ ਨਹੀਂ ਹੈ। ਇਸ ਮਾਮਲੇ ਦੀ ਸੁਣਵਾਈ ਦੌਰਾਨ ਪੇਸ਼ ਕੀਤੇ ਗਏ ਮਣਾਂ ਮੂੰਹੀਂ ਸਬੂਤਾਂ ਤੋਂ ਸਾਹਮਣੇ ਆਇਆ ਕਿ ਸੈਮਸੰਗ ਵੱਲੋਂ ਕੀਤੀ ਜਾ ਰਹੀ ਨਕਲ ਸਾਡੀ ਜਾਣਕਾਰੀ ਤੋਂ ਕਿਤੇ ਜ਼ਿਆਦਾ ਵੱਡੀ ਸੀ। ਸੈਮਸੰਗ ਨੇ ਫੈਸਲੇ ਉੱਤੇ ਟਿੱਪਣੀ ਕਰਦਿਆਂ ਕਿਹਾ ਕਿ ਉਹ ਅਦਾਲਤ ਨੂੰ ਇਹ ਫੈਸਲਾ ਬਦਲਣ ਲਈ ਕਹੇਗੀ ਅਤੇ ਉਸ ਵੱਲੋਂ ਇਸ ਖ਼ਿਲਾਫ਼ ਉਚੇਰੀ ਅਦਾਲਤ ਵਿਚ ਅਪੀਲ ਕਰਨ ਦੀ ਵੀ ਯੋਜਨਾ ਹੈ। ਸੈਮਸੰਗ ਨੇ ਕਿਹਾ ਹੈ ਕਿ" ਫੈਸਲੇ ਨੂੰ ਐਪਲ ਦੀ ਜਿੱਤ ਵਜੋਂ ਨਹੀਂ ਸਗੋਂ ਅਮਰੀਕੀ ਗਾਹਕਾਂ ਦੀ ਹਾਰ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਐਪਲ ਨੇ ਸੈਮਸੰਗ ਦੇ 28 ਉਤਪਾਦਾਂ ਦੀ ਸੂਚੀ ਪੇਸ਼ ਕਰਦਿਆਂ ਆਪਣੇ ਸੱਤ ਪੇਟੈਂਟਾਂ ਦੀ ਉਲੰਘਣਾ ਦੀ ਗੱਲ ਕਹੀ ਸੀ। ਦੂਜੇ ਪਾਸੇ ਸੈਮਸੰਗ ਨੇ ਦੋਸ਼ ਲਾਇਆ ਸੀ ਕਿ ਐਪਲ ਦੇ ਕੁਝ ਆਈਫੋਨ, ਆਈ ਪੈਡ ਤੇ ਆਈਪੈਡ ਟੱਚ, ਇਸ (ਸੈਮਸੰਗ) ਦੇ ਪੰਜ ਪੇਟੈਂਟਾਂ ਦੀ ਉਲੰਘਣਾ ਕਰਦੇ ਹਨ। ਜਿਊਰੀ ਨੇ ਐਪਲ ਦੇ ਹੱਕ ਵਿਚ ਫੈਸਲਾ ਸੁਣਾਉਂਦਿਆਂ ਕਿਹਾ ਕਿ ਸੈਮਸੰਗ ਨੇ ਇਸ ਦੇ ਛੇ ਪੇਟੈਂਟਾਂ ਦਾ ਉਲੰਘਣ ਕੀਤਾ ਹੈ ਜਿਨ੍ਹਾਂ ਵਿਚ ਆਈਫੋਨ ਦੇ ਡਿਜ਼ਾਈਨ ਅਤੇ 'ਪਿੰਚ-ਟੂ ਜ਼ੂਮ' ਫੀਚਰ ਸਬੰਧੀ ਪੇਟੈਂਟ ਸ਼ਾਮਲ ਹਨ।

# ਭਾਰਤੀ ਸਭ ਤੋਂ ਵੱਧ ਚੂਸ ਰਹੇ ਨੇ ਧਰਤੀ ਹੇਠਲਾ ਪਾਣੀ

**ਨਵੀਂ ਦਿੱਲੀ:** ਭਾਰਤ ਵਿਸ਼ਵ ਦਾ ਪਹਿਲਾ ਅਜਿਹਾ ਦੇਸ਼ ਹੈ ਜਿਸ ਵਿਚ ਧਰਤੀ ਹੇਠਲਾ ਪਾਣੀ ਸਭ ਤੋਂ ਵੱਧ ਵਰਤਿਆ ਜਾਂਦਾ ਹੈ। ਇਸ ਪਿੱਛੋਂ ਦੂਜਾ ਨੰਬਰ ਚੀਨ ਦਾ ਹੈ। ਇਹ ਜਾਣਕਾਰੀ ਸੰਯੁਕਤ ਰਾਸ਼ਟਰ ਵਿਸ਼ਵ ਪਾਣੀ ਵਿਕਾਸ ਰਿਪੋਰਟ 'ਚ ਦਿੱਤੀ ਗਈ ਹੈ ਤੇ ਇਹ ਰਿਪੋਰਟ ਸੰਯੁਕਤ ਰਾਸ਼ਟਰ ਦੀ ਸਿੱਖਿਆ, ਵਿਗਿਆਨਕ ਤੇ ਸਭਿਆਚਾਰਕ ਆਰਗੇਨਾਈਜੇਸ਼ਨ ਨੇ ਪ੍ਰਕਾਸ਼ਤ ਕੀਤੀ ਹੈ। ਇਹ ਜਾਇਜ਼ਾ ਕੇਂਦਰ ਸਰਕਾਰ ਦੇ ਗਰਾਊਂਡ ਵਾਟਰ ਬੋਰਡ ਤੇ ਸੂਬਾਈ ਗਰਾਊਂਡ ਵਾਟਰ ਆਰਗੇਨਾਈਜੇਸ਼ਨਾਂ ਨੇ ਸਾਂਝੇ ਤੌਰ 'ਤੇ ਲਿਆ ਸੀ। ਇਸ ਜਾਇਜ਼ੇ ਵਿਚ ਕਿਹਾ ਗਿਆ ਹੈ ਕਿ ਦੇਸ਼ 'ਚ 243 ਅਰਬ ਕਿਊਬਿਕ ਮੀਟਰ ਪਾਣੀ ਹਰ ਸਾਲ ਕੱਢਿਆ ਜਾਂਦਾ ਹੈ।



ਇਸ ਕਾਰਨ ਦੇਸ਼ ਦੇ ਕਈ ਹਿੱਸਿਆਂ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਡਿਗਦਾ ਜਾ ਰਿਹਾ ਹੈ। ਸੋਮਿਆਂ ਬਾਰੇ ਕੇਂਦਰੀ ਮੰਤਰਾਲੇ ਤੇ ਗਰਾਊਂਡ ਵਾਟਰ ਬੋਰਡ ਨੇ ਪਾਣੀ ਦਾ ਪੱਧਰ ਉਚਾ ਚੁੱਕਣ ਤੇ ਮੀਂਹ ਦਾ ਪਾਣੀ ਰੀਚਾਰਜ ਕਰਨ ਲਈ ਵਰਤਣ ਵਾਸਤੇ ਕਈ ਕਦਮ ਚੁੱਕੇ ਹਨ। ਰਿਪੋਰਟ 'ਚ ਦੱਸਿਆ ਕਿ ਜ਼ਮੀਨ ਵਿਚੋਂ ਕੱਢੇ ਗਏ 91 ਫੀਸਦੀ ਪਾਣੀ ਦੀ ਵਰਤੋਂ ਖੇਤੀ ਲਈ ਕੀਤੀ ਜਾਂਦੀ ਹੈ। ਕੁਝ ਸੂਬਾਈ ਸਰਕਾਰਾਂ ਖੇਤੀਬਾੜੀ ਟਿਊਬਵੈੱਲਾਂ ਨੂੰ ਪਾਣੀ ਦੀ ਵਰਤੋਂ ਲਈ ਸਬਸਿਡੀ ਦਿੰਦੀਆਂ ਹਨ ਤੇ ਇਸ ਕਰਕੇ ਧਰਤੀ ਹੇਠਲਾ ਪਾਣੀ ਜ਼ਿਆਦਾ ਕੱਢਿਆ ਜਾਂਦਾ ਹੈ ਪਰ ਗਰਾਊਂਡ ਵਾਟਰ ਬੋਰਡ ਕੋਲ ਇਸ ਗੱਲ ਦਾ ਕੋਈ ਰਿਕਾਰਡ ਨਹੀਂ ਹੈ ਕਿ ਕਿਹੜਾ ਸੂਬਾ ਇਸ ਮੰਤਵ ਲਈ ਕਿੰਨੀ ਸਬਸਿਡੀ ਦਿੰਦਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਪਾਣੀ ਸੂਬਿਆਂ ਦਾ ਵਿਸ਼ਾ ਹੈ ਤੇ ਇਸ ਲਈ ਸੂਬਾ ਸਰਕਾਰਾਂ ਨੇ ਇਸ ਦਿਸ਼ਾ ਵਿਚ ਕਦਮ ਚੁੱਕਣੇ ਹੁੰਦੇ ਹਨ ਤੇ ਕੇਂਦਰ ਸਰਕਾਰ ਤਾਂ ਇਸ ਮਾਮਲੇ ਵਿਚ ਮਦਦ ਹੀ ਕਰ ਸਕਦੀ ਹੈ।

# ਸੰਯੁਕਤ ਰਾਸ਼ਟਰ ਵੱਲੋਂ ਕੌਮੀ ਸੋਕਾ ਨੀਤੀਆਂ ਬਣਾਉਣ ਦਾ ਸੱਦਾ

**ਜਨੇਵਾ:** ਸੰਯੁਕਤ ਰਾਸ਼ਟਰ ਦੀ ਮੌਸਮ ਬਾਰੇ ਏਜੰਸੀ ਦੇ ਅਧਿਕਾਰੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਵਿਸ਼ਵ ਭਰ ਦੇ ਮੁਲਕਾਂ ਨੂੰ ਸੋਕੇ ਦੇ ਪ੍ਰਬੰਧਨ ਵਾਲੀਆਂ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ ਕਿਉਂਕਿ ਅਫ਼ਰੀਕਾ ਤੋਂ ਲੈ ਕੇ ਭਾਰਤ ਤੱਕ ਦੇ ਕਿਸਾਨ ਮੀਂਹਾਂ ਦੀ ਘਾਟ ਨਾਲ ਜੂਝ ਰਹੇ ਹਨ ਤੇ ਅਮਰੀਕਾ ਨੂੰ ਅਜਿਹਾ ਸੋਕਾ ਝੱਲਣਾ ਪੈ ਰਿਹਾ ਹੈ ਜੋ ਇਸ ਨੇ ਦਹਾਕਿਆਂ 'ਚ ਪਹਿਲੀ ਵਾਰ ਦੇਖਿਆ ਹੈ।

ਮੌਸਮ ਬਾਰੇ ਵਿਸ਼ਵ ਸੰਗਠਨ (ਡਬਲਿਊ.ਐਮ.ਓ.) ਦਾ ਕਹਿਣਾ ਹੈ ਕਿ ਅਮਰੀਕਾ 'ਚ ਪਏ ਸੋਕੇ ਤੇ ਇਸ ਦੇ ਆਲਮੀ ਖੁਰਾਕ ਮੰਡੀ 'ਤੇ ਪੈਣ ਵਾਲੇ ਜ਼ੋਰਦਾਰ ਪ੍ਰਭਾਵ ਇਹ ਹੀ ਸੰਕੇਤ ਦਿੰਦੇ ਹਨ ਕਿ ਹੁਣ ਅਜਿਹੀਆਂ ਨੀਤੀਆਂ ਬਣਾਉਣ ਦੀ ਲੋੜ ਹੈ ਜਿਨ੍ਹਾਂ ਤਹਿਤ ਪਾਣੀ ਦੀ ਸਾਂਭ-ਸੰਭਾਲ ਵਧੇਰੇ ਹੋਵੇ ਤੇ ਖਪਤ ਘੱਟ ਹੋਵੇ। ਸੰਗਠਨ ਵੱਲੋਂ ਮਾਰਚ ਮਹੀਨੇ ਜਨੇਵਾ 'ਚ ਮੀਟਿੰਗ 'ਚ ਸਬੰਧਤ ਮੰਤਰੀਆਂ ਤੇ ਹੋਰ ਉੱਚ ਹਸਤੀਆਂ ਤੇ ਅਧਿਕਾਰੀਆਂ ਨੂੰ ਬੁਲਾ ਕੇ ਅਜਿਹੇ ਪ੍ਰਬੰਧ ਦੀ ਸਿਰਜਣਾ ਦਾ ਸੱਦਾ ਦਿੱਤਾ ਜਾ ਰਿਹਾ ਹੈ ਜਿਸ 'ਚ ਪਾਣੀ ਦੀ ਖਪਤ ਘੱਟ ਹੋਵੇ ਤੇ ਸਾਂਭ-ਸੰਭਾਲ ਵਧੇਰੇ ਹੋਵੇ।



ਅਮਰੀਕੀ ਕਿਸਾਨ ਇਸ ਵੇਲੇ ਆਪਣੇ ਚੇਤਿਆਂ ਦਾ ਸਭ ਤੋਂ ਭਿਆਨਕ ਸੋਕਾ ਵੇਖ ਰਹੇ ਹਨ। ਮਿਸਾਲ ਵਜੋਂ ਐਤਕੀਂ ਮੱਕੀ ਦੀ ਸਾਲਾਨਾ ਫਸਲ 'ਤੇ ਬਹੁਤ ਮਾੜਾ ਅਸਰ ਪਿਆ ਹੈ। 70 ਸਾਲ ਤੋਂ ਵੱਧ ਸਮੇਂ 'ਚ ਪਹਿਲੀ ਸਭ ਤੋਂ ਵੱਧ ਰਕਬੇ 'ਚ ਮੱਕੀ ਬੀਜੀ ਜਾਣ ਦੇ ਬਾਵਜੂਦ 2006 ਤੋਂ ਲੈ ਕੇ ਹੁਣ ਤੱਕ ਦੀ ਇਹ ਸਭ ਤੋਂ ਘੱਟ ਪੈਦਾਵਾਰ ਹੋਵੇਗੀ। ਅਮਰੀਕਾ 'ਚ ਗਰਮੀਆਂ ਦਾ ਤਾਪਮਾਨ ਪਹਿਲੀ ਵਾਰ ਇਸ ਤਰ੍ਹਾਂ ਤਿੰਨ ਅੰਕੜਿਆਂ ਵਾਲਾ ਰਿਹਾ ਸੀ ਕਿ ਫੁੱਲਾਂ ਦਾ ਪ੍ਰਾਗਣ ਨਹੀਂ ਹੋ ਸਕਿਆ ਤੇ ਉਤੋਂ ਦੇਸ਼ 'ਚ ਖਾਸ ਕਰ ਮੱਧ ਖੇਤਰ 'ਚ ਭਿਆਨਕ ਸੋਕਾ ਪੈ ਗਿਆ।

ਜਲਵਾਯੂ 'ਚ ਆ ਰਹੀ ਤਬਦੀਲੀ ਨੇ ਵਾਰ-ਵਾਰ ਤੇ ਥੋੜ੍ਹੇ-ਥੋੜ੍ਹੇ ਸਮੇਂ ਪਿੱਛੋਂ ਸੋਕਾ ਪੈਣ ਲਾ ਦਿੱਤਾ ਹੈ। ਇਸ ਦਾ ਬਹੁਤੇ ਸੈਕਟਰਾਂ ਖਾਸ ਕਰ ਖੁਰਾਕ, ਜਲ, ਸਿਹਤ ਤੇ ਊਰਜਾ ਸੈਕਟਰਾਂ 'ਤੇ ਬਹੁਤ ਅਸਰ ਪੈ ਰਿਹਾ ਹੈ। ਡਬਲਿਊ.ਐਮ.ਓ. ਦੇ ਸਕੱਤਰ ਜਨਰਲ ਮਾਈਕਲ ਜਰਾਓਡ ਨੇ ਕਿਹਾ ਕਿ ਥੋੜ੍ਹ ਚਿਰੀ, ਸੰਕਟ ਆਧਾਰਤ ਪਹੁੰਚ ਤਿਆਗ ਕੇ ਜੋਖ਼ਮ ਆਧਾਰਤ ਸੰਗਠਿਤ ਕੌਮੀ ਸੋਕਾ ਨੀਤੀਆਂ ਬਣਾਉਣੀਆਂ ਚਾਹੀਦੀਆਂ ਹਨ। ਡਬਲਿਊ.ਐਮ.ਓ. ਦੀ ਮੌਸਮ ਬਾਰੇ ਪੇਸ਼ੀਨਗੋਈਆਂ ਬਾਰੇ ਸ਼ਾਖਾ ਦੇ ਡਾਇਰੈਕਟਰ ਮਨਨਵਾ ਵੀ.ਕੇ. ਸ਼ਿਵ ਕੁਮਾਰ ਨੇ ਕਿਹਾ ਕਿ ਸੋਕੇ ਬਾਰੇ ਸਿਰਫ਼ ਆਸਟਰੇਲੀਆ ਨੇ ਕੌਮੀ ਨੀਤੀ ਬਣਾਈ ਹੋਈ ਹੈ ਤੇ ਅਜਿਹੀ ਨੀਤੀ ਦਾ ਫਾਇਦਾ ਇਹ ਹੁੰਦਾ ਹੈ ਕਿ ਸਿਆਸੀ ਤੌਰ 'ਤੇ ਭਾਵੇਂ ਕੋਈ ਵੀ ਸੱਤਾ ਵਿਚ ਹੋਵੇ, ਸੰਕਟ ਆਉਣ 'ਤੇ ਕੌਮੀ ਪੱਧਰ 'ਤੇ ਕਾਰਵਾਈ ਹੋਣੀ ਹੀ ਹੁੰਦੀ ਹੈ।

# ਅਸਾਂਜ ਮਾਮਲੇ 'ਤੇ ਬਰਤਾਨੀਆ ਤੇ ਇਕੁਆਡੋਰ 'ਚ ਤਲਖੀ

**ਵਾਸ਼ਿੰਗਟਨ:** ਇਕੁਆਡੋਰ ਨੇ ਬਰਤਾਨੀਆ ਤੋਂ ਮੰਗ ਕੀਤੀ ਹੈ ਕਿ ਉਹ ਇਸ ਦੇ ਲੰਡਨ ਸਥਿਤ ਸਫ਼ਾਰਤਖਾਨੇ 'ਚ ਵੜ ਕੇ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਨੂੰ ਗ੍ਰਿਫ਼ਤਾਰ ਕਰਨ ਦੀ ਧਮਕੀ ਦੇਣ ਬਾਰੇ ਜਨਤਕ ਤੌਰ 'ਤੇ ਮੁਆਫ਼ੀ ਮੰਗੇ। ਇਕੁਆਡੋਰ ਦੇ ਵਿਦੇਸ਼ ਮੰਤਰੀ ਰਿਕਾਰਡੋ ਪਟੀਨੋ ਨੇ ਅਮਰੀਕੀ ਰਾਜਾਂ ਦੇ ਸੰਗਠਨ ਅੱਗੇ ਵਿਚਾਰ-ਚਰਚਾ ਦੌਰਾਨ ਬਰਤਾਨੀਆ ਦੀ ਇਸ ਧਮਕੀ ਦੀ ਨਿੰਦਾ ਕਰਦਿਆਂ ਇਸ ਨੂੰ ਦੇਸ਼ ਦੀ ਪ੍ਰਭੂਸੱਤਾ 'ਤੇ ਹਮਲਾ ਕਰਾਰ ਦਿੱਤਾ ਹੈ।



34 ਮੈਂਬਰੀ ਖੇਤਰੀ ਸੰਗਠਨ ਦੀ ਮੀਟਿੰਗ ਇਕੁਆਡੋਰ ਦੀ ਬੇਨਤੀ 'ਤੇ ਹੀ ਸੱਦੀ ਗਈ ਸੀ ਜਿਸ 'ਚ ਇਸ ਦੇ ਸਫ਼ਾਰਤਖਾਨੇ ਦੀ 'ਅਖੰਡਤਾ' ਨੂੰ ਖ਼ਤਰੇ 'ਚ ਪਾਉਣ ਦੀ ਕਿਸੇ ਵੀ ਕੋਸ਼ਿਸ਼ ਨੂੰ ਖਾਰਜ ਕਰਨ ਦੇ ਮਤੇ 'ਤੇ ਵਿਚਾਰ ਹੋਣੀ ਸੀ। 19 ਜੂਨ ਤੋਂ ਇਕੁਆਡੋਰ ਦੇ ਲੰਡਨ ਸਥਿਤ ਸਫ਼ਾਰਤਖਾਨੇ 'ਚ ਘਿਰੇ ਅਸਾਂਜ ਨੂੰ ਲੈ ਕੇ ਸਫ਼ਾਰਤੀ ਟਕਰਾਅ ਉਦੋਂ ਪਿਛਲੇ ਹਫ਼ਤੇ ਸਿਖਰ 'ਤੇ ਪੁੱਜ ਗਿਆ ਸੀ ਜਦੋਂ ਇਸ ਦੇਸ਼ ਵੱਲੋਂ 41 ਸਾਲਾ ਅਸਾਂਜ ਨੂੰ ਪਨਾਹ ਦੇਣ ਦਾ ਐਲਾਨ ਕੀਤਾ ਗਿਆ ਸੀ। ਇਕੁਆਡੋਰ ਨੇ ਦੋਸ਼ ਲਾਏ ਕਿ ਬਰਤਾਨੀਆ ਨੇ ਧਮਕੀ ਦਿੱਤੀ ਸੀ ਕਿ ਇਹ ਸਫ਼ਾਰਤਖਾਨੇ ਦੀ ਸਫ਼ਾਰਤੀ ਰਿਆਇਤ ਖ਼ਤਮ ਕਰਕੇ ਅਸਾਂਜ ਨੂੰ ਗ੍ਰਿਫ਼ਤਾਰ ਕਰੇਗਾ ਜਿਸ ਨੇ ਸਵੀਡਨ ਦੇ ਸਪੁਰਦ ਕੀਤੇ ਜਾਣ ਦੇ ਡਰੋਂ ਇੱਥੇ ਸ਼ਰਨ ਲਈ ਹੋਈ ਹੈ। ਪਟੀਨੋ ਨੇ ਕਿਹਾ ਕਿ ਹੁਣ ਕੁਇਟੋ ਨੂੰ ਬਰਤਾਨੀਆ ਵੱਲੋਂ ਨਵਾਂ ਸੁਨੇਹਾ ਮਿਲਿਆ ਹੈ ਜਿਸ 'ਚ ਇਸ ਵੱਲੋਂ ਕਦੇ ਵੀ ਧਮਕੀ ਦੇਣ ਤੋਂ ਇਨਕਾਰ ਕੀਤਾ ਗਿਆ ਹੈ। ਪਟੀਨੋ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਰਕਾਰ ਹਾਲੇ ਵੀ ਮੁਆਫ਼ੀ ਮੰਗੇ ਜਾਣ ਦੀ ਉਡੀਕ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਭਾਵੇਂ ਬਰਤਾਨੀਆ ਦੇ ਵਤੀਰੇ 'ਚ ਆਈ ਤਬਦੀਲੀ ਨੂੰ ਇਕੁਆਡੋਰ ਮਾਨਤਾ ਦਿੰਦਾ ਹੈ ਪਰ ਜਿਹੜੀ ਧਮਕੀ ਪਹਿਲਾਂ ਦਿੱਤੀ ਗਈ ਸੀ ਉਹ ਤਾਂ ਬਰਕਰਾਰ ਹੈ। ਉਹ ਵਾਪਸ ਨਹੀਂ ਲਈ ਗਈ। ਉਨ੍ਹਾਂ ਕਿਹਾ ਕਿ ਜੇਕਰ ਇਹ ਰੱਫੜ ਕਿਸੇ ਵੱਡੇ ਦੇਸ਼ ਨਾਲ ਪਿਆ ਹੁੰਦਾ ਤਾਂ ਬਰਤਾਨੀਆ ਨੇ ਝੱਟ ਮੁਆਫ਼ੀ ਮੰਗ ਲੈਣੀ ਸੀ। ਬਰਤਾਨੀਆ ਨੇ ਕਿਹਾ ਹੈ ਕਿ ਇਹ ਅਸਾਂਜ ਨੂੰ ਫੜਨ ਲਈ ਸਫ਼ਾਰਤਖਾਨੇ 'ਚ ਤਾਂ ਨਹੀਂ ਵੜੇਗਾ ਪਰ ਦੇਸ਼ 'ਚੋਂ ਉਸ ਨੂੰ ਸੁਰੱਖਿਅਤ ਲਾਂਘਾ ਵੀ ਨਹੀਂ ਦੇਵੇਗਾ।

# ਮਰਦਾਂ ਨਾਲੋਂ ਵੱਧ ਖੁਸ਼ ਰਹਿੰਦੀਆਂ ਨੇ ਔਰਤਾਂ

**ਲੰਡਨ:** ਅਮਰੀਕੀ ਵਿਗਿਆਨੀਆਂ ਨੇ ਦਾਅਵਾ ਕੀਤਾ ਹੈ ਕਿ ਔਰਤਾਂ 'ਚ 'ਖੁਸ਼ ਰਹਿਣ ਵਾਲੇ' ਜੀਨਜ਼ ਵੱਧ ਹੁੰਦੇ ਹਨ। ਸਾਊਥ ਫਲੋਰੀਡਾ ਯੂਨੀਵਰਸਿਟੀ ਦੇ ਖੋਜਕਾਰਾਂ ਦੀ ਇਕ ਟੀਮ ਨੇ ਅਧਿਐਨ ਤੇ ਖ਼ੁਲਾਸਾ ਕੀਤਾ ਹੈ ਕਿ ਦਿਮਾਗ 'ਚ ਇਕ ਖਾਸ ਕਿਸਮ ਦਾ ਜੀਨ ਹੋਣ ਜਾਂ ਨਾ ਹੋਣ ਸਦਕਾ ਔਰਤਾਂ ਆਮ ਤੌਰ 'ਤੇ ਮਰਦਾਂ ਨਾਲੋਂ ਵੱਧ ਖੁਸ਼ ਕਿਉਂ ਰਹਿੰਦੀਆਂ ਹਨ। 'ਐਮ.ਏ.ਓ.ਏ.' ਨਾਂ ਦਾ ਇਕ ਜੀਨ ਦਿਮਾਗ ਵਿਚਲੇ ਖੁਸ਼ ਮਹਿਸੂਸ ਕਰਾਉਣ ਵਾਲੇ ਰਸਾਇਣਾਂ ਦੇ ਪੱਧਰ ਨੂੰ ਪ੍ਰਭਾਵਤ ਕਰਦਾ ਹੈ ਤੇ ਇਹ ਹੀ ਮਰਦਾਂ ਤੇ ਔਰਤਾਂ ਦੇ ਮੂਡ 'ਚ ਆਉਂਦੀ ਤਬਦੀਲੀ ਲਈ ਜ਼ਿੰਮੇਵਾਰ ਹੁੰਦਾ ਹੈ।



ਖੋਜੀ ਟੀਮ ਨੇ ਕੋਈ 350 ਮਰਦਾਂ ਤੇ ਔਰਤਾਂ ਨੂੰ ਪੁੱਛਿਆ ਸੀ ਕਿ ਉਹ ਕਿੰਨੇ ਖੁਸ਼ ਰਹਿੰਦੇ ਹਨ ਤੇ ਉਨ੍ਹਾਂ ਦੇ ਥੁੱਕ ਦੇ ਨਮੂਨੇ ਲਏ ਸਨ ਜਿਸ ਦੇ ਡੀ.ਐਨ.ਏ. ਟੈਸਟ ਹੋਏ। ਐਮ.ਏ.ਓ.ਏ. ਜੀਨ ਦੋ ਤਰ੍ਹਾਂ ਦਾ ਹੁੰਦਾ ਹੈ ਇਕ ਬੇਹੱਦ ਸਰਗਰਮ ਤੇ ਇਕ ਘਟ ਸਰਗਰਮ ਹੁੰਦਾ ਹੈ। ਇਹ ਦੇਖਿਆ ਗਿਆ ਹੈ ਕਿ ਜਿਨ੍ਹਾਂ ਔਰਤਾਂ 'ਚ ਇਹ ਘੱਟ ਸਰਗਰਮ ਜੀਨ ਹੁੰਦਾ ਹੈ, ਉਹ ਹੋਰਾਂ ਨਾਲੋਂ ਵੱਧ ਖੁਸ਼ ਰਹਿੰਦੀਆਂ ਹਨ ਤੇ ਜਿਨ੍ਹਾਂ 'ਚ 'ਖੁਸ਼ੀ ਵਾਲੀ' ਕਿਸਮ ਦੀਆਂ ਦੋ ਕਾਪੀਆਂ ਹੁੰਦੀਆਂ ਹਨ, ਉਹ ਸਭ ਤੋਂ ਵੱਧ ਖੁਸ਼ ਹੁੰਦੀਆਂ ਹਨ।

ਅਧਿਐਨ ਅਨੁਸਾਰ 59 ਫ਼ੀਸਦੀ ਔਰਤਾਂ 'ਚ ਇਸ ਜੀਨ ਦੀ ਇਕ ਕਾਪੀ ਹੁੰਦੀ ਹੈ ਤੇ 17 ਫ਼ੀਸਦੀ 'ਚੰਗੇ ਭਾਗਾਂ ਵਾਲੀਆਂ' ਵਿਚ ਇਸ ਦੀਆਂ ਦੋ ਕਾਪੀਆਂ ਹੁੰਦੀਆਂ ਹਨ। ਚਾਰ ਵਿਚੋਂ ਇਕ ਔਰਤ 'ਚ ਇਹ ਜੀਨ ਹੁੰਦਾ ਨਹੀਂ ਹੈ। ਕਈ ਆਦਮੀਆਂ 'ਚ ਇਹ ਜੀਨ ਤਾਂ ਹੁੰਦਾ ਹੈ ਪਰ ਉਹ ਹੋਰਾਂ ਨਾਲੋਂ ਵਧੇਰੇ ਖੁਸ਼ ਨਹੀਂ ਹੁੰਦੇ ਕਿਉਂਕਿ ਇਸ ਜੀਨ ਦਾ ਅਸਰ ਟੈਸਟੋਸਰਾਨ ਨਾਲ ਰੱਦ ਹੋ ਸਕਦਾ ਹੈ। ਇਸ ਅਧਿਐਨ ਦੀ ਰਿਪੋਰਟ ਵਿਗਿਆਨਕ ਪੱਤਰਕਾਵਾਂ 'ਚ ਛੱਪ ਚੁਕੀ ਹੈ।

# ਨਾਲੇ ਗੰਗਾ ਦਾ ਇਸ਼ਨਾਨ, ਨਾਲੇ ਵੰਞਾਂ ਦਾ ਵਪਾਰ

ਸਮਝ ਨਹੀਂ ਆਉਂਦੀ ਕਿ ਚੰਗੇ-ਭਲੇ ਬੰਦਿਆਂ ਨੂੰ ਹੋ ਕੀ ਰਿਹਾ ਹੈ? ਹਰ ਬੰਦਾ ਆਪਣੀ ਸੋਚ-ਸਮਝ ਨੂੰ ਤਿਲਾਂਜਲੀ ਦੇ ਕੇ ਇਕ-ਦੂਜੇ ਦੇ ਮਗਰ ਧੁਸ ਦੇ ਰਿਹਾ ਹੈ। ਜਦੋਂ ਵੀ ਕੋਈ ਤੇਜ਼-ਤਰਾਰ ਬੰਦਾ ਝੂਠੇ ਬਿਆਨ ਦਾਗ ਦਿੰਦਾ ਹੈ ਤਾਂ ਬਾਕੀ ਵੀ ਸਾਰੇ ਦੇ ਸਾਰੇ ਉਸੇ ਗੱਲ ਨੂੰ ਦੁਹਰਾਈ ਜਾਂਦੇ ਹਨ। ਕਈ ਵਾਰੀ ਤਾਂ ਲੀਡਰਾਂ ਦੇ ਇਕੋ ਜਿਹੇ ਬਿਆਨ ਪੜ੍ਹ-ਸੁਣ ਕੇ ਲੋਕ ਝੂਠੀਆਂ ਗੱਲਾਂ ਨੂੰ ਵੀ ਸੱਚ ਮੰਨ ਬੈਠਦੇ ਹਨ। ਕਾਫ਼ੀ ਲੰਮੇ ਸਮੇਂ ਤੋਂ ਸਿੱਖ ਭਾਈਚਾਰੇ ਨਾਲ ਵੀ ਕੁਝ ਇਹੋ ਜਿਹਾ ਹੀ ਹੋ ਰਿਹਾ ਹੈ; ਮਸਲਨ ਮਿਲਵਾਕੀ ਗੁਰੂਘਰ ਦੇ ਅੰਦਰ ਜੋ ਕਹਿਰ ਟੁੱਟਿਆ, ਉਹ ਅਸਹਿ ਅਤੇ ਅਕਹਿ ਸੀ। ਇਸ ਦੀ ਸਾਰੇ ਸੰਸਾਰ ਨੇ ਰੱਜ ਕੇ ਨਿੰਦਿਆ ਵੀ ਕੀਤੀ ਹੈ ਤੇ ਦੁੱਖ ਦਾ ਇਜ਼ਹਾਰ ਵੀ ਕੀਤਾ ਹੈ।



ਸੁਰਜੀਤ ਕੌਰ ਸੈਕਰਾਮੈਂਟੋ
ਫੋਨ: 916-687-3536

ਮਾਨਵਤਾ ਨੂੰ ਮੰਨਣ ਵਾਲੇ ਹਰ ਧਰਮ ਤੇ ਹਰ ਮੁਲਕ ਦੇ ਲੋਕ ਇਕ ਪਲੇਟ ਫਾਰਮ 'ਤੇ ਇਕੱਠੇ ਹੋ ਕੇ ਵੀ ਬੈਠੇ ਹਨ ਤੇ ਆਉਣ ਵਾਲੇ ਸਮੇਂ ਲਈ ਫਿਕਰਮੰਦ ਵੀ ਹਨ ਕਿ ਕੱਟੜਤਾ ਅਤੇ ਅਤਿਵਾਦ ਦੇ ਜਿੰਨ ਦਾ ਸਾਹਮਣਾ ਕਿਵੇਂ ਕੀਤਾ ਜਾ ਸਕਦਾ ਹੈ? ਇਸ ਦੁਖਦਾਈ ਘਟਨਾ ਤੋਂ ਤੁਰੰਤ ਬਾਅਦ ਜੋ ਫਰਾਖਦਿਲੀ ਤੇ ਹਮਦਰਦੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਦਿਖਾਈ ਹੈ ਅਤੇ ਅਮਰੀਕੀ ਰਾਸ਼ਟਰੀ ਝੰਡੇ ਝੁਕਾ ਕੇ ਸੰਸਾਰ ਦੇ ਧਰਮਾਂ ਅਤੇ ਮੁਲਕਾਂ ਨੂੰ ਜੋ ਸੁਨੇਹਾ ਦਿੱਤਾ ਹੈ, ਉਸ ਵਾਸਤੇ ਲਿਖਣ ਅਤੇ ਬੋਲਣ ਲਈ ਚੰਗੇ ਤੋਂ ਚੰਗੇ ਲਫ਼ਜ਼ ਵੀ ਬੌਣੇ ਹੋ ਜਾਂਦੇ ਹਨ। ਬੱਸ, ਅਸੀਂ ਸਦਰ ਓਬਾਮਾ ਦਾ ਤਹਿ ਦਿਲੋਂ ਸਤਿਕਾਰ ਕਰਦੇ ਹਾਂ ਪਰ ਧੰਨਤਾ ਦੇ ਯੋਗ ਹਨ ਸਾਡੇ ਸਿੱਖ ਭਾਈਚਾਰੇ ਦੇ ਨੁਮਾਇੰਦੇ ਤੇ ਆਪੂੰ ਬਣੇ ਲੀਡਰ ਜਿਨ੍ਹਾਂ ਨੂੰ ਮਿਲਵਾਕੀ ਦੇ ਗੁਰਦੁਆਰੇ 'ਚ ਸ਼ਹੀਦ ਜਾਂ ਜ਼ਖ਼ਮੀ ਹੋ ਚੁੱਕੇ ਸ਼ਰਧਾਲੂਆਂ ਨਾਲ ਜਾਂ ਉਨ੍ਹਾਂ ਦੇ ਪਰਿਵਾਰਾਂ ਨਾਲ ਬਹੁਤੀ ਹਮਦਰਦੀ ਨਹੀਂ। ਬੱਸ, ਉਨ੍ਹਾਂ ਦਾ ਤਾਂ ਬਿਆਨ ਦਾਗਣ 'ਤੇ ਪੂਰਾ ਜ਼ੋਰ ਲੱਗਾ ਰਿਹਾ ਹੈ।

ਕੁਝ ਅਖ਼ਬਾਰਾਂ ਵਿਚ ਇਹ ਬਿਆਨ ਛਪ ਰਹੇ ਹਨ ਕਿ ਇੱਧਰ ਮਿਲਵਾਕੀ ਗੁਰੂਘਰ ਵਿਚ ਗੋਲੀ ਚੱਲੀ ਤੇ ਉਧਰ 'ਫਖ਼ਰ-ਏ-ਕੌਮ', 'ਪੰਥ ਰਤਨ' ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੁਖੀਆਂ ਦੇ ਦੁੱਖ ਵੰਡਾਉਣ ਲਈ ਮਿਲਵਾਕੀ ਆ ਪਹੁੰਚੇ ਤੇ ਸ਼ਹੀਦ ਤੇ ਜ਼ਖ਼ਮੀ ਹੋਏ ਸਿੰਘਾਂ-ਸਿੰਘਣੀਆਂ ਦੇ ਪਰਿਵਾਰਾਂ ਨਾਲ ਦੁਖ ਦੀ ਇਸ ਘੜੀ ਵਿਚ ਸ਼ਾਮਲ ਹੋਏ ਪਰ ਸੱਚਾਈ ਕੀ ਹੈ? ਲੰਮੇ ਸਮੇਂ ਤੋਂ ਇਹ ਖ਼ਬਰਾਂ ਆ ਰਹੀਆਂ ਸਨ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਮਰੀਕਾ ਆ ਰਹੇ ਹਨ, ਮਿਲਵਾਕੀ ਰਹਿੰਦੇ ਉਘੇ ਬਿਜਨਸਮੈਨ ਸ. ਦਰਸ਼ਨ ਸਿੰਘ ਧਾਲੀਵਾਲ ਦੀ ਲੜਕੀ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਜੋ 11 ਅਗਸਤ 2012 ਨੂੰ ਹੋਣਾ ਸੀ ਅਤੇ ਨਾਲ ਹੀ ਉਨ੍ਹਾਂ ਨੇ ਸ਼ਿਕਾਗੋ ਵਿਚ 12 ਅਗਸਤ ਨੂੰ ਹੋ ਰਹੇ ਕੱਬਡੀ ਮੇਲੇ ਵਿਚ ਵੀ ਸ਼ਾਮਲ ਹੋਣਾ ਸੀ। ਪਰ ਕੁਦਰਤ ਦੀ ਮਰਜ਼ੀ! ਮਿਲਵਾਕੀ ਗੁਰੂਘਰ ਦਾ ਦੁਖਦ ਕਾਂਡ 5 ਅਗਸਤ ਨੂੰ ਵਾਪਰ ਗਿਆ ਤੇ ਮੁੱਖ ਮੰਤਰੀ 7 ਅਗਸਤ ਨੂੰ ਵਿਆਹ ਵਿਚ ਸ਼ਾਮਲ ਹੋਣ ਲਈ ਆ ਪਹੁੰਚੇ। ਸ. ਦਰਸ਼ਨ ਸਿੰਘ ਧਾਲੀਵਾਲ ਪੰਜਾਬ ਦੇ ਕੈਬਨਿਟ ਮੰਤਰੀ ਸ. ਸੁਰਜੀਤ ਸਿੰਘ ਰੱਖੜਾ ਦੇ ਸਕੇ ਭਰਾ ਹਨ। ਵਿਆਹ 'ਤੇ ਆਏ ਹੋਏ ਮੁੱਖ ਮੰਤਰੀ ਮਿਲਵਾਕੀ ਗੁਰਦੁਆਰੇ ਦੇ ਗੋਲੀ ਕਾਂਡ ਦੇ ਸ਼ਹੀਦਾਂ ਦੇ ਸ਼ਰਧਾਂਜਲੀ ਸਮਾਰੋਹ ਵਿਚ ਵੀ ਸ਼ਾਮਲ ਹੋਏ। ਉਹ ਪੀੜਤ ਪਰਿਵਾਰਾਂ ਦੇ ਘਰ ਵੀ ਗਏ ਅਤੇ ਸਰਕਾਰੀ ਮਦਦ ਦਾ ਐਲਾਨ ਵੀ ਕੀਤਾ। ਉਂਜ ਵੀ, ਜਦ ਸ਼ਹਿਰ ਵਿਚ ਪਹੁੰਚੇ ਹੋਏ ਸਨ ਤਾਂ ਜਾਣਾ ਵੀ ਬਣਦਾ ਹੀ ਸੀ। ਪਰ ਸਦਕੇ ਜਾਈਏ ਉਨ੍ਹਾਂ ਲੋਕਾਂ ਦੇ ਜੋ ਸਾਰੀਆਂ ਅਖ਼ਬਾਰਾਂ ਵਿਚ ਪੜ੍ਹਨ-ਸੁਣਨ ਦੇ ਬਾਵਜੂਦ ਇਹ ਝੂਠੇ ਬਿਆਨ ਦੇ ਰਹੇ ਹਨ ਕਿ ਮੁੱਖ ਮੰਤਰੀ ਉਚੇਚਾ ਮਿਲਵਾਕੀ ਗੋਲੀ ਕਾਂਡ ਕਰਕੇ ਇਥੇ ਆਏ।

ਵਿਚਾਰੇ ਸੇਵਕ ਕਰਨ ਵੀ ਕੀ? ਬਾਦਲ ਜੀ ਨੂੰ ਖ਼ੁਸ਼ ਕਰਨ ਲਈ ਉਨ੍ਹਾਂ ਦੇ ਸੇਵਕ ਜਾਂ ਸੇਵਾਦਾਰ ਜ਼ਮੀਨ-ਅਸਮਾਨ ਇਕ ਕਰ ਦਿੰਦੇ ਹਨ। ਜਦੋਂ ਦੀ ਸ. ਬਾਦਲ ਦੀ ਚੌਥੀ ਵਾਰ ਸਰਕਾਰ ਬਣੀ ਹੈ, ਉਦੋਂ ਤੋਂ ਉਨ੍ਹਾਂ ਨੇ ਅਹੁਦੇ ਤੇ ਅਹਿਲਕਾਰੀਆਂ ਹੀ ਤਾਂ ਵੰਡੀਆਂ ਹਨ ਅਤੇ ਮੁਫ਼ਤ ਵਿਚ ਮਿਲੇ ਅਹੁਦੇ ਤੇ ਅਹਿਲਕਾਰੀਆਂ ਵਾਲੇ ਸੇਵਾਦਾਰ ਤਾਂ ਹਰ ਵੇਲੇ ਇਸੇ ਤਾੜ ਵਿਚ ਲੱਗੇ ਰਹਿੰਦੇ ਹਨ ਕਿ ਕਦੋਂ ਕੋਈ ਘਟਨਾ ਜਾਂ ਦੁਰਘਟਨਾ ਕਿਤੇ ਵਾਪਰੇ ਤੇ ਉਹ ਵਧ-ਚੜ੍ਹ ਕੇ ਵਫਾਦਾਰੀ ਦਾ ਸਬੂਤ ਦੇਣ! ਉਂਜ, ਜਦੋਂ ਇਹੋ ਜਿਹੇ ਲੋਕ ਰਾਤ ਨੂੰ ਸੌਂਦੇ ਹਨ ਤਾਂ ਕਾਂਗਰਸ ਜਾਂ ਪੀ.ਪੀ.ਪੀ. ਦੇ ਅਲੰਬਰਦਾਰ ਹੁੰਦੇ ਹਨ, ਪਰ ਜਦੋਂ ਸਵੇਰੇ ਉਠਦੇ ਹਨ ਤਾਂ ਅਕਾਲੀ ਬਣੇ ਹੁੰਦੇ ਹਨ। ਅੱਜਕੱਲ੍ਹ ਸਾਰੇ ਪਾਸੇ ਰੌਲਾ ਹੈ ਕਿ ਪੰਜਾਬ ਨੂੰ ਚੰਗੇ ਆਗੂ ਨਹੀਂ ਮਿਲ ਰਹੇ, ਪਰ ਕੋਈ ਦੱਸੇ ਤਾਂ ਸਹੀ ਇਸ ਵਿਚ ਆਗੂਆਂ ਦਾ ਦੋਸ਼ ਕੀ ਹੈ? ਕਸੂਰ ਕੀ ਹੈ? ਦੋਸ਼ ਤਾਂ ਹੈ ਜਨਤਾ ਦਾ!...ਕਿਉਂਕਿ ਜਦੋਂ ਵੀ ਲੀਡਰ ਬਣਾਉਣ ਦਾ ਵੇਲਾ ਆਉਂਦਾ ਹੈ, ਜਾਂ ਤਾਂ ਜਨਤਾ ਸੌਂ ਜਾਂਦੀ ਹੈ ਜਾਂ ਮੂਰਛਤ ਹੋ ਜਾਂਦੀ ਹੈ ਤੇ ਜਦੋਂ ਆਗੂ ਤਖ਼ਤ 'ਤੇ ਕਬਜ਼ਾ ਕਰ ਲੈਂਦੇ ਹਨ ਤਾਂ ਜਨਤਾ ਉਠ ਕੇ ਹਾਲ-ਪਾਹਰਿਆ ਪਾ ਦਿੰਦੀ ਹੈ।

ਉਂਜ ਵੀ 'ਫ਼ਖ਼ਰ-ਏ-ਕੌਮ' ਬਾਦਲ ਜੀ ਵੀ ਕੋਈ ਕੱਚੇ ਖਿਡਾਰੀ ਨਹੀਂ। ਉਨ੍ਹਾਂ ਨੇ ਵੀ ਜਿੱਥੇ-ਜਿੱਥੇ ਤੇ ਜਿਹੜੇ ਮੁਲਕ ਵਿਚ ਸਿੱਖ ਜਾਂ ਪੰਜਾਬੀ ਵਸੇ ਹੋਏ ਹਨ, ਉਥੇ-ਉਥੇ ਆਪਣਾ ਤਕੜਾ ਜਾਲ ਵਿਛਾਇਆ ਹੋਇਆ ਹੈ। ਬੱਸ, ਚੌਧਰਾਂ ਜਾਂ ਪ੍ਰਧਾਨਗੀਆਂ ਹੀ ਤਾਂ ਵੰਡਣੀਆਂ ਹਨ। ਕਿਸੇ ਵੀ ਮੁਲਕ ਜਾਂ ਇਲਾਕੇ ਵਿਚ ਅਕਾਲੀ ਦਲ ਦਾ ਪ੍ਰਧਾਨ ਥਾਪ ਦਿਉ, ਬਾਕੀ ਕੰਮ ਆਪੇ ਹੁੰਦੇ ਰਹਿਣਗੇ।

## ਕੌੜੀ ਕੁਸੈਲੀ ਗੱਲ

ਆਪਣੇ ਸਾਹਮਣੇ ਹੋਈ-ਬੀਤੀ ਇਕ ਗੱਲ ਹੈ...ਕੋਈ ਕਲਾਕਾਰ ਗਰੀਬੀ ਵਿਚ ਜੰਮਿਆ-ਪਲਿਆ ਸੀ ਤੇ ਕਲਾਕਾਰ ਬਣਨ ਲਈ ਅਜੇ ਹੱਥ-ਪੈਰ ਮਾਰ ਰਿਹਾ ਸੀ ਕਿ ਉਹਦਾ ਬਾਪ ਮਰ ਗਿਆ। ਇਕ ਦਿਨ ਕਿਤੇ ਮਿਲ ਗਿਆ ਤਾਂ ਅਸੀਂ ਅਫ਼ਸੋਸ ਕਰਨ ਲੱਗੇ। ਉਹ ਆਖਣ ਲੱਗਾ, "ਬੀਬੀ ਜੀ, ਮੇਰਾ ਬਾਪ ਬਿਮਾਰੀ ਨਾਲ ਬੜਾ ਔਖਾ ਸੀ ਤੇ ਬੜੀ ਤਕਲੀਫ਼ ਨਾਲ ਤੜਫ-ਤੜਫ ਕੇ ਮਰਿਆ ਹੈ, ਚੰਗਾ ਹੋਇਆ ਦੁੱਖਾਂ ਤੋਂ ਛੁਟਕਾਰਾ ਹੋ ਗਿਆ। ਸਾਡੇ ਕੋਲ ਤਾਂ ਇਲਾਜ ਲਈ ਪੈਸੇ ਵੀ ਨਹੀਂ ਸਨ।" ਲੰਮੇ ਸਮੇਂ ਤੋਂ ਬਾਅਦ ਅਸੀਂ ਵਤਨ ਗਏ ਤਾਂ ਕਿਸੇ ਦੇ ਘਰੇ ਬੈਠਿਆਂ ਉਸ ਗਾਇਕ ਨਾਲ ਵੀ ਮੇਲ ਹੋ ਗਿਆ। ਪੰਜ-ਸੱਤ ਬੰਦੇ ਹੋਰ ਵੀ ਬੈਠੇ ਸਨ। ਉਦੋਂ ਤੱਕ ਉਹ ਕਲਾਕਾਰ ਆਪਣਾ ਨਾਮ ਬਣਾ ਚੁੱਕਾ ਸੀ। ਗੱਲਾਂ ਕਰਦਿਆਂ-ਕਰਦਿਆਂ ਜਨਮ-ਮਰਨ ਦੀਆਂ ਗੱਲਾਂ ਸ਼ੁਰੂ ਹੋ ਗਈਆਂ ਤਾਂ ਉਹ ਕਲਾਕਾਰ ਬੋਲਿਆ, "ਦੇਖੋ ਜੀ, ਚੰਗੇ ਲੋਕਾਂ ਨੂੰ ਤਾਂ ਰੱਬ ਆਪ ਲੈਣ ਆਉਂਦਾ ਹੈ...ਸਾਡੇ ਪਿਤਾ ਜੀ ਤਾਂ ਇੰਨੀ ਉੱਚੀ-ਸੁੱਚੀ ਅਵਸਥਾ ਵਿਚ ਪਹੁੰਚ ਗਏ ਹੋਏ ਸਨ ਕਿ ਸਵੇਰੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕੀਤਾ, ਪੰਜ ਬਾਣੀਆਂ ਦਾ ਨਿਤਨੇਮ ਕਰ ਕੇ ਸਾਰੇ ਪਰਿਵਾਰ ਨੂੰ ਆਵਾਜ਼ ਦਿੱਤੀ ਕਿ ਭਾਈ ਸਾਨੂੰ ਬੁਲਾਵਾ ਆ ਗਿਆ ਹੈ ਤੇ ਅਸੀਂ ਹੁਣ ਵਾਪਸ ਆਪਣੇ ਘਰ ਜਾ ਰਹੇ ਹਾਂ, ਫਿਕਰ ਨਾ ਕਰਿਉ। ਰੱਬ ਜੀ ਆਪ ਲੈਣ ਆਏ ਹੋਏ ਨੇ।...ਇੰਨਾ ਆਖ ਕੇ ਉਨ੍ਹਾਂ ਨੇ ਵਾਹਿਗੁਰੂ-ਵਾਹਿਗੁਰੂ ਕਹਿੰਦਿਆਂ ਅੱਖਾਂ ਬੰਦ ਕਰ ਲਈਆਂ ਤੇ ਚੜ੍ਹਾਈ ਕਰ ਗਏ।"

# ਬੱਬਰ ਖਾਲਸਾ ਇੰਟਰਨੈਸ਼ਨਲ ਦੇ ਖਾੜਕੂ ਅਦਾਲਤ ਵਿਚ ਪੇਸ਼

**ਮੁਹਾਲੀ:** ਜ਼ਿਲ੍ਹਾ ਪੁਲਿਸ ਵੱਲੋਂ ਖਾੜਕੂ ਸਰਗਰਮੀਆਂ ਵਿਚ ਸ਼ਾਮਲ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਸਰਗਰਮ ਕਾਰਕੁਨ ਬਲਬੀਰ ਸਿੰਘ ਭੂਤਨਾ, ਪਲਵਿੰਦਰ ਸਿੰਘ, ਪਿਆਰਾ ਸਿੰਘ ਤੇ ਪਰਵਿੰਦਰ ਸਿੰਘ ਦੀ ਨਿਆਂਇਕ ਹਿਰਾਸਤ ਖ਼ਤਮ ਹੋਣ 'ਤੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਕੇਸ ਦੀ ਸੁਣਵਾਈ ਦੌਰਾਨ ਅਦਾਲਤ ਨੇ ਇਸ ਕੇਸ ਦੀ ਅਗਲੀ ਸੁਣਵਾਈ 25 ਸਤੰਬਰ, 2012 'ਤੇ ਅੱਗੇ ਪਾ ਦਿੱਤੀ।

ਜ਼ਿਕਰਯੋਗ ਹੈ ਕਿ ਮੁਲਜ਼ਮਾਂ ਖਿਲਾਫ 19 ਮਾਰਚ, 2010 ਨੂੰ ਜ਼ੀਰਕਪੁਰ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਸੀ। ਇਸ ਮਾਮਲੇ ਵਿਚ ਪੁਲਿਸ ਦੇ ਪੜਤਾਲੀਆ ਅਫ਼ਸਰਾਂ ਤੇ ਸਰਕਾਰੀ ਗਵਾਹਾਂ ਦੀਆਂ ਗਵਾਹੀਆਂ ਚੱਲ ਰਹੀਆਂ ਹਨ। ਪੜਤਾਲੀਆ ਅਧਿਕਾਰੀ ਏ.ਐਸ.ਆਈ. ਬਰਮਾ ਸਿੰਘ ਦੀ ਗਵਾਹੀ ਅਜੇ ਅਧੂਰੀ ਰਹਿੰਦੀ ਹੈ। ਅਦਾਲਤ ਨੇ ਉਸ ਨੂੰ ਅਗਲੀ ਪੇਸ਼ੀ 'ਤੇ ਸੱਦਿਆ ਹੈ।

ਉਧਰ ਅਦਾਲਤ ਵਿਚ ਪੇਸ਼ ਹੋਏ ਸਰਕਾਰੀ ਗਵਾਹ ਸੂਰਤ ਸਿੰਘ ਵਾਸੀ ਫਿਰੋਜ਼ਪੁਰ ਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਖਾੜਕੂ ਬਲਬੀਰ ਸਿੰਘ ਭੂਤਨਾ ਸਾਲ 2010 ਵਿਚ ਕੇਂਦਰੀ ਜੇਲ੍ਹ ਨਾਭਾ ਵਿਚ ਨਜ਼ਰਬੰਦ ਸੀ। ਉਸ ਵੇਲੇ ਮਾਰਚ 2010 ਦੇ ਪਹਿਲੇ ਹਫ਼ਤੇ ਉਸ ਨੂੰ ਭੂਤਨਾ ਦਾ ਫੋਨ ਆਇਆ ਸੀ ਕਿ ਉਹ ਉਨ੍ਹਾਂ ਦੇ ਪਿੰਡ ਜਾ ਕੇ ਉਸ ਦੀ ਮਾਂ ਦਾ ਹਾਲ-ਚਾਲ ਪੁੱਛ ਕੇ ਆਵੇ। ਉਸ ਨੂੰ ਇਹ ਵੀ ਕਿਹਾ ਗਿਆ ਸੀ ਕਿ ਉਹ ਪਿਆਰਾ ਸਿੰਘ ਨਾਂ ਦੇ ਵਿਅਕਤੀ ਨੂੰ ਕੁਝ ਕੱਪੜੇ ਦੇ ਕੇ ਉਸ ਕੋਲ ਭੇਜਣਗੇ ਤੇ ਉਹ ਕੱਪੜਿਆਂ ਨੂੰ ਉਸ ਦੇ ਘਰ ਤੱਕ ਪੁੱਜਦਾ ਕਰ ਦੇਵੇ।

ਸੂਰਤ ਸਿੰਘ ਨੇ ਕਿਹਾ ਕਿ ਜਦੋਂ ਪਿਆਰਾ ਸਿੰਘ ਆਇਆ ਤਾਂ ਉਸ ਕੋਲ ਕੱਪੜਿਆਂ ਦੀ ਥਾਂ ਆਰ.ਡੀ.ਐਕਸ. ਸੀ ਜਿਸ ਨੂੰ ਦੇਖ ਕੇ ਉਹ ਬਹੁਤ ਘਬਰਾ ਗਿਆ। ਉਸ ਨੇ ਤੁਰੰਤ ਇਸ ਬਾਰੇ ਪੁਲਿਸ ਨੂੰ ਇਤਲਾਹ ਦਿੱਤੀ ਤੇ ਪੁਲਿਸ ਨੇ ਛਾਪਾ ਮਾਰ ਕੇ ਫਿਰੋਜ਼ਪੁਰ ਸਥਿਤ ਪਿਆਰਾ ਸਿੰਘ ਦੇ ਘਰੋਂ ਆਰ.ਡੀ.ਐਕਸ. ਬਰਾਮਦ ਕਰਕੇ ਪਿਆਰਾ ਸਿੰਘ ਨੂੰ ਵੀ ਗ੍ਰਿਫ਼ਤਾਰ ਕਰ ਲਿਆ।

ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ ਗੁਰਬਾਣੀ ਰੇਡੀਓ ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
Studio Telephone : (408) 272-5200

ਪੰਜਾਬੀ ਰੇਡੀਓ ਦੇ ਪ੍ਰੋਗਰਾਮ

- **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)

ਤਾਜ਼ੀਆਂ ਖ਼ਬਰਾਂ ਰੇਡੀਓ 'ਤੇ
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ
- **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
- **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ
*ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ*
605.475.6868 • 832.551.5029
ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

## ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

# ਪੋਥੀ ਪਰਮੇਸਰ ਕਾ ਥਾਨੁ

ਇਹ ਸ਼ਬਦ 'ਪੋਥੀ ਪਰਮੇਸਰ ਕਾ ਥਾਨੁ' ਪੰਚਮ ਪਾਤਿਸ਼ਾਹ ਸ੍ਰੀ ਗੁਰੂ ਅਰਜਨ ਦੇਵ ਦੀ ਰਚਨਾ ਰਾਗੁ ਸਾਰੰਗ ਵਿਚ ਗੁਰੂ ਗ੍ਰੰਥ ਸਾਹਿਬ ਦੇ ਪੰਨਾ 1226 'ਤੇ ਦਰਜ਼ ਹੈ। ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸੰਕਲਨ ਗੁਰੂ ਅਰਜਨ ਦੇਵ ਨੇ ਤਿਆਰ ਕੀਤਾ ਅਤੇ ਇਸ ਦੇ ਲਿਖਾਰੀ ਭਾਈ ਗੁਰਦਾਸ ਸਨ। 'ਗ੍ਰੰਥ ਸਾਹਿਬ' ਤਿਆਰ ਕਰਕੇ ਇਸ ਦਾ ਪਹਿਲਾ ਪ੍ਰਕਾਸ਼ 1604 ਈਸਵੀ ਨੂੰ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਕੀਤਾ ਗਿਆ ਅਤੇ ਬਾਬਾ ਬੁੱਢਾ ਨੂੰ ਪਹਿਲੇ ਗ੍ਰੰਥੀ ਥਾਪਿਆ ਗਿਆ। ਗੁਰੂ ਅਰਜਨ ਦੇਵ ਨੇ ਇਸ ਸ਼ਬਦ ਵਿਚ ਫੁਰਮਾਇਆ ਹੈ ਕਿ 'ਪੋਥੀ' ਅਰਥਾਤ ਧਰਮ-ਪੁਸਤਕ, ਜਿਸ ਵਿਚ ਪਰਮਾਤਮਾ ਦੀ ਸਿਫ਼ਤਿ-ਸਾਲਾਹ ਲਿਖੀ ਹੋਵੇ, ਪਰਮਾਤਮਾ ਦੇ ਵੱਸਣ ਦੀ ਥਾਂ ਹੁੰਦੀ ਹੈ ਅਰਥਾਤ ਅਜਿਹੇ ਧਰਮ-ਗ੍ਰੰਥ, ਗੁਰਬਾਣੀ ਕਰਤਾਰ ਨੂੰ ਮਿਲਣ ਦਾ ਸਾਧਨ ਹਨ। ਜਿਹੜੇ ਮਨੁੱਖ ਸਾਧ-ਸੰਗਤਿ ਵਿਚ ਜਾ ਕੇ ਪਰਮਾਤਮਾ ਦਾ ਗੁਣ ਗਾਇਨ ਕਰਦੇ ਹਨ, ਉਨ੍ਹਾਂ ਨੂੰ ਪਾਰਬ੍ਰਹਮ ਦਾ ਗਿਆਨ ਪ੍ਰਾਪਤ ਹੋ ਜਾਂਦਾ ਹੈ। ਧਰਮ-ਗ੍ਰੰਥ ਅਤੇ ਸਾਧ-ਸੰਗਤਿ ਪਰਮਾਤਮਾ ਨਾਲ ਮਿਲਾਪ ਦਾ ਸਥਾਨ ਹਨ। ਸਾਧਕ ਅਤੇ ਸਿਧ (ਜਿਨ੍ਹਾਂ ਨੇ ਸਾਧਨਾ ਕਰਕੇ ਪ੍ਰਾਪਤੀ ਹਾਸਲ ਕੀਤੀ ਹੈ), ਸਾਰੇ ਰਿਸ਼ੀ ਮੁਨੀ ਪਰਮਾਤਮਾ ਨਾਲ ਮੇਲ ਦੀ ਤਾਂਘ ਕਰਦੇ ਆ ਰਹੇ ਹਨ ਪਰ ਇਹ ਸੁਭਾਗ ਕਿਸੇ ਵਿਰਲੇ ਨੂੰ ਪ੍ਰਾਪਤ ਹੁੰਦਾ ਹੈ ਕਿ ਉਸ ਦੀ ਸੁਰਤਿ ਪਰਮਾਤਮਾ ਨਾਲ ਜੁੜਦੀ ਹੈ। ਜਿਸ ਮਨੁੱਖ 'ਤੇ ਕਰਤਾਰ ਆਪ ਮਿਹਰਵਾਨ ਹੁੰਦਾ ਹੈ, ਉਸ ਦਾ ਇਹ ਕਾਰਜ (ਪਰਮਾਤਮਾ ਨਾਲ ਇੱਕ-ਸੁਰ ਹੋਣ ਦਾ) ਸਿਰੇ ਚੜ੍ਹ ਜਾਂਦਾ ਹੈ,

ਪੋਥੀ ਪਰਮੇਸਰ ਕਾ ਥਾਨੁ॥
ਸਾਧਸੰਗਿ ਗਾਵਹਿ ਗੁਣ ਗੋਬਿੰਦ
ਪੂਰਨ ਬ੍ਰਹਮ ਗਿਆਨੁ॥1॥ਰਹਾਉ॥
ਸਾਧਿਕ ਸਿਧ ਸਗਲ ਮੁਨਿ ਲੋਚਹਿ
ਬਿਰਲੇ ਲਾਗੈ ਧਿਆਨ॥
ਜਿਸਹਿ ਕ੍ਰਿਪਾਲੁ ਹੋਇ ਮੇਰਾ ਸੁਆਮੀ
ਪੂਰਨ ਤਾ ਕੋ ਕਾਮੁ॥1॥

ਗੁਰੂ ਸਾਹਿਬ ਅੱਗੇ ਫੁਰਮਾਉਂਦੇ ਹਨ ਕਿ ਜਿਸ ਮਨੁੱਖ ਦੇ ਹਿਰਦੇ ਵਿਚ ਸਾਰੇ ਡਰਾਂ ਨੂੰ ਦੂਰ ਕਰਨ ਵਾਲਾ ਉਹ ਅਕਾਲ ਪੁਰਖ ਆ ਵੱਸਦਾ ਹੈ, ਉਸ ਨੂੰ ਸਾਰਾ ਸੰਸਾਰ ਜਾਣ ਲੈਂਦਾ ਹੈ (ਗੁਰਬਾਣੀ ਅਨੁਸਾਰ ਮਨੁੱਖ ਜਗਦੀਸ਼-ਅੰਸ਼ ਹੈ, ਇਸ ਲਈ ਪਰਮਾਤਮਾ ਦਾ ਨਿਵਾਸ ਹਰ ਸਰੀਰ ਵਿਚ ਹੈ ਪਰ ਅਸਲੀ ਗੱਲ ਉਸ ਨੂੰ ਅਨੁਭਵ ਕਰਨ ਦੀ ਹੈ। ਜੋ ਪ੍ਰਾਣੀ ਇਸ ਕਰਤਾਰੀ ਜੋਤਿ ਨੂੰ ਆਪਣੇ ਅੰਦਰ ਅਨੁਭਵ ਕਰ ਲੈਂਦਾ ਹੈ, ਉਸ ਦਾ ਅਨੁਭਵ ਉਸ ਦੀ ਕਰਨੀ ਵਿਚੋਂ ਪਰਗਟ ਹੁੰਦਾ ਹੈ, ਅਜਿਹੇ ਮਨੁੱਖ ਦੀ ਕਰਨੀ 'ਬ੍ਰਹਮ ਗਿਆਨੀ ਪਰਉਪਕਾਰ ਉਮਾਹਾ' ਹੁੰਦੀ ਹੈ। ਕੁਦਰਤੀ ਹੈ ਕਿ ਬਾਕੀ ਸੰਸਾਰ ਉਸ ਦੇ ਕੀਤੇ ਚੰਗੇ ਕੰਮਾਂ ਰਾਹੀਂ ਉਸ ਨੂੰ ਜਾਣ ਜਾਂਦਾ ਹੈ)। ਅਜਿਹੇ ਮਨੁੱਖ ਦੀ ਕੀਰਤੀ, ਉਸ ਦੀ ਸ਼ੋਭਾ ਦੂਰ ਦੂਰ ਤੱਕ ਫੈਲ ਜਾਂਦੀ ਹੈ। ਗੁਰੂ ਸਾਹਿਬ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਇੱਕ ਪਲ ਵਾਸਤੇ ਵੀ ਕਰਤਾਰ ਉਨ੍ਹਾਂ ਦੇ ਹਿਰਦੇ ਵਿਚੋਂ ਨਾ ਵਿਸਰੇ,

ਜਾ ਕੈ ਰਿਦੈ ਵਸੈ ਭੈ ਭੰਜਨੁ
ਤਿਸੁ ਜਾਨੈ ਸਗਲ ਜਹਾਨੁ॥
ਖਿਨੁ ਪਲੁ ਬਿਸਰੁ ਨਹੀ ਮੇਰੇ ਕਰਤੇ
ਇਹੁ ਨਾਨਕੁ ਮਾਂਗੈ ਦਾਨੁ॥2॥90॥113॥

ਹੁਣੇ ਹੁਣੇ ਅਮਰੀਕਾ ਵਿਚ ਮਿਲਵਾਕੀ ਦੇ ਗੁਰਦੁਆਰਾ ਓਕ ਕਰੀਕ ਵਿਚ ਹੋਏ ਗੋਲੀ ਕਾਂਡ ਵਿਚ ਵਾਪਰੇ ਭਿਆਨਕ ਦੁਖਾਂਤ ਸਬੰਧੀ ਗੁਰੂ ਗ੍ਰੰਥ ਸਾਹਿਬ ਤੋਂ ਅੰਤਰ-ਧਾਰਮਿਕ ਗੋਸ਼ਟੀ ਅਤੇ ਅੰਤਰ-ਧਾਰਮਿਕ ਸਬੰਧਾਂ ਬਾਰੇ ਬਹੁਤ ਕੁੱਝ ਸਿੱਖਣ ਨੂੰ ਮਿਲਦਾ ਹੈ। ਆਧੁਨਿਕ ਸੰਚਾਰ ਸਾਧਨਾਂ, ਸਾਇੰਸ ਅਤੇ ਤਕਨਾਲੋਜੀ ਦੀ ਤਰੱਕੀ ਕਾਰਨ ਅੱਜ ਸੰਸਾਰ ਇੱਕ ਗਲੋਬਲ-ਵਿਲੇਜ ਬਣ ਗਿਆ ਹੈ ਭਾਵ ਦੁਨੀਆਂ ਦੇ ਸਾਰੇ ਮੁਲਕ ਇੱਕ ਦੂਜੇ ਦੇ ਬਹੁਤ ਨਜ਼ਦੀਕ ਆ ਗਏ ਹਨ। ਵੱਖ ਵੱਖ ਸਭਿਆਚਾਰਕ, ਸਮਾਜਕ ਅਤੇ ਧਾਰਮਿਕ ਸਮੂਹਾਂ ਲਈ ਇੱਕ ਦੂਜੇ ਨਾਲ ਵਿਚਾਰਾਂ ਦਾ ਸੰਚਾਰ ਕਰਨਾ ਕੋਈ ਔਖਾ ਕੰਮ ਨਹੀਂ ਹੈ। ਸਾਇੰਸ ਦੀਆਂ ਨਵੀਆਂ ਖੋਜਾਂ ਅਤੇ ਤਕਨੀਕੀ ਉਨਤੀ ਰਾਹੀਂ ਹੋਏ ਆਰਥਕ ਵਿਕਾਸ ਨੇ ਮਨੁੱਖੀ ਸਮਾਜ ਵਿਚ ਅਨੇਕ ਤਬਦੀਲੀਆਂ ਲਿਆਂਦੀਆਂ ਹਨ। ਅੱਜ ਸੰਸਾਰ ਦਾ ਕੋਈ ਵੀ ਮੁਲਕ ਕਿਸੇ ਇੱਕ ਖਾਸ ਨਸਲ, ਭਾਈਚਾਰੇ, ਸਭਿਆਚਾਰ ਜਾਂ ਧਰਮ ਦਾ ਕੇਂਦਰ ਹੋਣ ਦਾ ਦਾਅਵਾ ਨਹੀਂ ਕਰ ਸਕਦਾ। ਰੋਜ਼ੀ-ਰੋਟੀ ਦੀ ਭਾਲ ਵਿਚ ਮਨੁੱਖ ਦੁਨੀਆਂ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਵਿਚ ਜਾ ਕੇ ਵੱਸਿਆ ਹੈ ਅਤੇ ਵੱਸ ਰਿਹਾ ਹੈ। ਇਹ ਅਮਲ ਰਹਿੰਦੀ ਦੁਨੀਆਂ ਤੱਕ ਇਸੇ ਤਰ੍ਹਾਂ ਚਲਦਾ ਰਹਿਣਾ ਹੈ। ਜੇ ਕਿਸੇ ਵੇਲੇ ਆਰੀਆ ਨੇ ਚਾਰਗਾਹਾਂ ਅਤੇ ਖੇਤਾਂ ਦੀ ਭਾਲ ਵਿਚ ਹਿੰਦੁਸਤਾਨ ਵੱਲ ਵਹੀਰਾਂ ਘੱਤੀਆਂ ਸੀ, ਤਾਂ ਫਿਰ ਕਿਸੇ ਹੋਰ ਵੇਲੇ ਦੁਨੀਆਂ ਦੇ ਹੋਰ ਮੁਲਕਾਂ ਨੇ ਨਵੀਆਂ ਲੱਭੀਆਂ ਧਰਤੀਆਂ ਵੱਲ ਮੂੰਹ ਕੀਤਾ। ਇਹੀ ਕਾਰਨ ਹੈ ਕਿ ਅੱਜ ਦੁਨੀਆਂ ਦੇ ਹਰ ਹਿੱਸੇ ਵਿਚ ਹਰ ਨਸਲ, ਸਭਿਆਚਾਰ, ਸਮਾਜ ਅਤੇ ਧਰਮ ਦੇ ਸਮੂਹ ਮਿਲ ਜਾਂਦੇ ਹਨ।

ਅੱਜ ਦੁਨੀਆਂ ਦੇ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਹੈ ਅਲੱਗ ਅਲੱਗ ਨਸਲੀ, ਸਭਿਆਚਾਰਕ, ਸਮਾਜਕ ਅਤੇ ਧਾਰਮਿਕ ਸਮੂਹਾਂ ਦੀ ਸਹਿਹੋਂਦ, ਅੰਤਰ-ਸੰਚਾਰ ਅਤੇ 'ਸਰਬੱਤ ਦਾ ਭਲਾ' ਵਾਸਤੇ ਕਾਰਜਸ਼ੀਲ ਹੋਣਾ। ਕਈ ਵਾਰ ਕਿਸੇ ਇੱਕ ਧਾਰਮਿਕ, ਸਭਿਆਚਾਰਕ ਜਾਂ ਸਮਾਜਕ ਸਮੂਹ ਦੀ ਤਰੱਕੀ ਕਿਸੇ ਦੂਸਰੇ ਸਮੂਹ ਨੂੰ ਆਪਣੇ ਸਮੂਹ ਲਈ ਖਤਰਾ ਜਾਪਣ ਲੱਗ ਪੈਂਦੀ ਹੈ, ਜਿਸ ਨਾਲ ਆਪਸੀ ਸਹਿ-ਹੋਂਦ ਦੀ ਥਾਂ ਤਣਾਉ ਅਤੇ ਝਗੜੇ ਵਾਲੇ ਹਾਲਾਤ ਪੈਦਾ ਹੋ ਜਾਂਦੇ ਹਨ ਜੋ ਕਿ ਸਮੁੱਚੇ ਦੇਸ਼ ਅਤੇ ਮੁਲਕ ਲਈ ਹਾਨੀਕਾਰਕ ਹੋ ਜਾਂਦੇ ਹਨ। ਅੱਜ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿਚ ਵੱਸ ਰਹੇ ਕਈ ਸਭਿਆਚਾਰਕ, ਸਮਾਜਕ ਅਤੇ ਧਾਰਮਿਕ ਘੱਟ-ਗਿਣਤੀ ਭਾਈਚਾਰਿਆਂ ਨੂੰ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਅੱਜ ਦੀ ਦੁਨੀਆਂ ਵਿਚ ਸੰਸਾਰ ਦੇ ਵੱਖ ਵੱਖ ਸਮਾਜਿਕ, ਆਰਥਕ ਅਤੇ ਧਾਰਮਕ ਭਾਈਚਾਰਿਆਂ ਵਿਚ ਅੰਤਰ-ਸੰਵਾਦ ਅਤੇ ਅੰਤਰ-ਅਮਲ ਦੀ ਲੋੜ ਬਹੁਤ ਜ਼ਰੂਰੀ ਬਣ ਗਈ ਹੈ। ਇਹ ਸਾਂਝੀ-ਸੋਚ ਲਈ ਇੱਕ ਸਮੱਸਿਆ ਵੀ ਹੈ ਅਤੇ ਸਵਾਲ ਵੀ ਹੈ ਕਿ ਇਸ ਆਪਸੀ ਤਣਾਉ ਅਤੇ ਵਿਰੋਧ ਨਾਲ ਨਜਿੱਠਣ ਲਈ ਕੋਈ ਮਾਡਲ, ਕੋਈ ਵਿਧੀ ਤਲਾਸ਼ ਕੀਤੀ ਜਾਵੇ। ਇਹ ਮਾਡਲ ਅਤੇ ਵਿਧੀ ਸ਼ਬਦ-ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ, ਜਿਸ ਦਾ ਚਾਰ ਸੌ ਅੱਠਵਾਂ 'ਪਹਿਲਾ ਪ੍ਰਕਾਸ਼ ਦਿਹਾੜਾ' ਸਤੰਬਰ ਮਹੀਨੇ ਵਿਚ ਮਨਾਇਆ ਜਾ ਰਿਹਾ ਹੈ, ਵਿਚੋਂ ਸਹਿਜ ਹੀ ਮਿਲ ਜਾਂਦਾ ਹੈ।

> ***ਅੱਜ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿਚ ਵੱਸ ਰਹੇ ਕਈ ਸਭਿਆਚਾਰਕ, ਸਮਾਜਕ ਤੇ ਧਾਰਮਿਕ ਘੱਟ-ਗਿਣਤੀ ਭਾਈਚਾਰਿਆਂ ਨੂੰ ਇਸ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ ਅੱਜ ਦੀ ਦੁਨੀਆਂ ਵਿਚ ਸੰਸਾਰ ਦੇ ਵੱਖ ਵੱਖ ਸਮਾਜਿਕ, ਆਰਥਕ ਤੇ ਧਾਰਮਕ ਭਾਈਚਾਰਿਆਂ ਵਿਚ ਅੰਤਰ-ਸੰਵਾਦ ਅਤੇ ਅੰਤਰ-ਅਮਲ ਦੀ ਲੋੜ ਬਹੁਤ ਜ਼ਰੂਰੀ ਬਣ ਗਈ ਹੈ। ਇਹ ਸਾਂਝੀ-ਸੋਚ ਲਈ ਇੱਕ ਸਮੱਸਿਆ ਵੀ ਹੈ ਅਤੇ ਸਵਾਲ ਵੀ ਹੈ ਕਿ ਇਸ ਆਪਸੀ ਤਣਾਉ ਅਤੇ ਵਿਰੋਧ ਨਾਲ ਨਜਿੱਠਣ ਲਈ ਕੋਈ ਮਾਡਲ, ਕੋਈ ਵਿਧੀ ਤਲਾਸ਼ ਕੀਤੀ ਜਾਵੇ। ਇਹ ਮਾਡਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਸਹਿਜੇ ਹੀ ਮਿਲ ਜਾਂਦਾ ਹੈ।***

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਕਲਨ ਹੀ ਆਪਣੇ ਆਪ ਵਿਚ ਅੰਤਰ-ਧਾਰਮਕ ਸੰਵਾਦ ਵੱਲ ਇਸ਼ਾਰਾ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ 1430 ਪੰਨੇ, ਜਿਹੜੇ ਸਰਬ-ਵਿਆਪਕ ਕੀਮਤਾਂ ਅਤੇ ਸਰਬ-ਵਿਆਪਕ ਸਰੋਕਾਰਾਂ ਦਾ ਸਰੋਤ ਹਨ, ਵੱਖ ਵੱਖ ਧਰਮਾਂ, ਭਾਈਚਾਰਿਆਂ ਵਿਚ ਅੰਤਰ-ਸੰਵਾਦ ਅਤੇ ਸਹਿ-ਹੋਂਦ ਦਾ ਮਾਰਗ ਖੋਲ੍ਹਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂ ਸਾਹਿਬਾਨ-ਪਹਿਲੇ ਗੁਰੂ ਨਾਨਕ ਦੇਵ (1469-1539 ਈਸਵੀ), ਦੂਸਰੇ ਗੁਰੂ ਅੰਗਦ ਦੇਵ (1504-1553), ਤੀਸਰੇ ਗੁਰੂ ਅਮਰਦਾਸ (1476-1574), ਚੌਥੇ ਗੁਰੂ ਰਾਮ ਦਾਸ ( 1534-1581), ਪੰਜਵੇਂ ਗੁਰੂ ਅਰਜਨ ਦੇਵ (1563-1606), ਅਤੇ ਨੌਵੇਂ ਗੁਰੂ ਤੇਗ ਬਹਦਰ (1622-1675) ਦੀ ਬਾਣੀ ਤੋਂ ਇਲਾਵਾ ਉਨ੍ਹਾਂ ਹਿੰਦੂ ਵੈਸ਼ਨਵ ਭਗਤਾਂ ਅਤੇ ਮੁਸਲਿਮ ਸੂਫ਼ੀ ਸੰਤਾਂ ਅਤੇ ਭੱਟਾਂ ਦੀ ਬਾਣੀ ਵੀ ਸ਼ਾਮਲ ਕੀਤੀ ਗਈ ਜਿਨ੍ਹਾਂ ਦੀ ਗੁਰਬਾਣੀ ਨਾਲ ਵਿਚਾਰਧਾਰਕ ਸਮਾਨਤਾ ਸੀ। ਇਨ੍ਹਾਂ ਸੰਤਾਂ ਭਗਤਾਂ ਦੇ ਨਾਮ ਹਨ- ਭਗਤ ਜੈਦੇਵ, ਬਾਬਾ ਸ਼ੇਖ ਫ਼ਰੀਦ, ਭਗਤ ਨਾਮਦੇਵ, ਭਗਤ ਤ੍ਰਿਲੋਚਨ, ਭਗਤ ਪਰਮਾਨੰਦ, ਭਗਤ ਸਧਨਾ, ਭਗਤ ਬੇਣੀ, ਭਗਤ ਰਾਮਾਨੰਦ, ਭਗਤ ਧੰਨਾ, ਭਗਤ ਪੀਪਾ, ਭਗਤ ਸੈਣ, ਭਗਤ ਕਬੀਰ, ਭਗਤ ਰਵੀਦਾਸ, ਭਗਤ ਭੀਖਣ, ਭਗਤ ਸੂਰਦਾਸ, ਬਾਬਾ ਸੁੰਦਰ ਅਤੇ ਭਾਈ ਮਰਦਾਨਾ। ਇਹ ਸਾਰੇ ਭਗਤ ਹਿੰਦੁਸਤਾਨ ਦੇ ਵੱਖ ਵੱਖ ਇਲਾਕਿਆਂ, ਵੱਖਰੀਆਂ ਵੱਖਰੀਆਂ ਜਾਤਾਂ ਅਤੇ ਸਭਿਆਚਾਰ, ਵੱਖੋ ਵੱਖਰੀਆਂ ਇਲਾਕਾਈ ਬੋਲੀਆਂ ਅਤੇ ਵੱਖੋ ਵੱਖਰੇ ਇਤਿਹਾਸਕ ਸਮੇਂ ਨਾਲ ਸਬੰਧਤ ਸਨ। ਭਗਤ ਜੈਦੇਵ (1160 ਈਸਵੀ) ਤੋਂ ਲੈ ਕੇ ਭਗਤ ਕਬੀਰ (1440-1518 ਈਸਵੀ) ਤੱਕ ਇਹ ਸਮਾਂ ਬਹੁਤ ਲੰਬਾ ਹੈ। ਭਗਤ ਭੀਖਣ, ਭਗਤ ਸੂਰਦਾਸ, ਬਾਬਾ ਸੁੰਦਰ ਅਤੇ ਭਾਈ ਮਰਦਾਨਾ ਗੁਰੂ ਸਾਹਿਬਾਨ ਦੇ ਸਮਕਾਲੀ ਸਨ। ਭੱਟ-ਕਵੀ ਆਪਣੀਆਂ ਰਚਨਾਵਾਂ (ਸਵੱਯੇ) ਲੈ ਕੇ ਆਪ ਗੁਰੂ-ਦਰਬਾਰ ਵਿਚ ਹਾਜ਼ਰ ਹੋਏ ਸਨ। ਇਸ ਤਰ੍ਹਾਂ ਇਹ ਸਮਾਂ ਤਕਰੀਬਨ ਛੇ ਸਦੀਆਂ (1170 ਈਸਵੀ ਤੋਂ 1708 ਈਸਵੀ- ਦਸਵੀਂ ਨਾਨਕ ਜੋਤਿ ਵੱਲੋਂ ਗੁਰਗੱਦੀ ਅਰਪਣ ਤੱਕ) ਬਣਦਾ ਹੈ।

ਸੰਸਾਰ ਦੇ ਧਰਮ ਗ੍ਰੰਥਾਂ ਵਿਚ ਗੁਰੂ ਗ੍ਰੰਥ ਸਾਹਿਬ ਦਾ ਸਥਾਨ ਵਿਲੱਖਣ ਹੈ। ਸਿੱਖ ਧਰਮ ਗ੍ਰੰਥ ਹੀ ਇੱਕ ਅਜਿਹਾ ਗ੍ਰੰਥ ਹੈ ਜਿਸ ਦਾ ਸੰਕਲਨ ਇਸ ਦੇ ਸੰਸਥਾਪਕਾਂ (ਗੁਰੂ ਅਰਜਨ ਦੇਵ ਨੇ ਪਹਿਲਾ ਸੰਕਲਨ ਤਿਆਰ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਨੇ ਗੁਰੂ ਤੇਗ ਬਹਾਦਰ ਦੀ ਬਾਣੀ ਦਰਜ਼ ਕਰਕੇ ਗੁਰਗੱਦੀ ਦਿੱਤੀ) ਨੇ ਆਪਣੇ ਜੀਵਨ-ਕਾਲ ਵਿਚ ਕੀਤਾ ਹੈ। ਇਹ ਇੱਕੋ ਇੱਕ ਧਰਮ-ਗ੍ਰੰਥ ਹੈ ਜਿਸ ਵਿਚ ਇਸ ਧਰਮ ਦੇ ਸੰਸਥਾਪਕਾਂ ਤੋਂ ਬਿਨਾਂ ਦੂਸਰੇ ਧਰਮਾਂ ਨੂੰ ਮੰਨਣ ਵਾਲਿਆਂ ਦੀ ਬਾਣੀ ਸ਼ਾਮਲ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਹੀ ਅਜਿਹਾ ਧਰਮ ਗ੍ਰੰਥ ਹੈ ਜਿਸ ਦਾ ਮਾਧਿਅਮ ਕਵਿਤਾ ਹੈ ਅਤੇ ਬਾਣੀ ਨੂੰ ਰਾਗਾਂ ਵਿਚ ਵਿਵਸਥਿਤ ਕੀਤਾ ਗਿਆ ਹੈ। ਇਹ ਹੀ ਇੱਕ ਅਜਿਹਾ ਧਰਮ ਗ੍ਰੰਥ ਹੈ ਜਿਸ ਨੂੰ ਸ਼ਬਦ-ਗੁਰੂ ਹੋਣ ਦਾ ਮਾਣ ਪ੍ਰਾਪਤ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਧਰਮ ਦੇ ਮੰਨਣ ਵਾਲੇ ਅਗਵਾਈ ਉਸ ਧਰਮ ਦੇ ਧਰਮ ਗ੍ਰੰਥ ਤੋਂ ਹੀ ਲੈਂਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਗੋਬਿੰਦ ਸਿੰਘ ਨੇ ਆਪਣੇ ਜੋਤੀ-ਜੋਤਿ ਸਮਾਉਣ ਤੋਂ ਪਹਿਲਾਂ ਬਾਕਾਇਦਾ ਪਰੰਪਰਾ ਅਨੁਸਾਰ ਗੁਰਗੱਦੀ ਸੌਂਪੀ ਅਤੇ ਸਿੱਖਾਂ ਨੂੰ ਆਉਣ ਵਾਲੇ ਸਰਬ-ਸਮਿਆਂ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਅਗਵਾਈ ਲੈਣ ਦਾ ਅਦੇਸ਼ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਵਿਚਾਰਧਾਰਾ ਦਾ ਪਹਿਲਾ ਮੂਲ ਸਰੋਕਾਰ ਅਧਿਆਤਮਕਤਾ ਹੈ ਅਤੇ ਦਾਰਸ਼ਨਿਕ ਸਰੋਕਾਰ ਦੂਸਰਾ ਹੈ। ਮੂਲ ਆਦਰਸ਼ ਮਨੁੱਖ ਨੂੰ ਸੁੱਚੀ ਜੀਵਨ-ਜਾਚ ਰਾਹੀਂ ਆਤਮਕ ਸ਼ਾਂਤੀ ਦੇਣਾ ਹੈ। ਵਿਅਕਤੀਗਤ ਸ਼ਾਂਤੀ ਸਮਾਜ ਨੂੰ ਸ਼ਾਂਤੀ ਦਿੰਦੀ ਹੈ ਅਤੇ ਸਮਾਜਕ ਸ਼ਾਂਤੀ ਸਾਰੇ ਸੰਸਾਰ ਨੂੰ ਸ਼ਾਂਤੀ ਦਿੰਦੀ ਹੈ।

ਗੁਰੂ ਨਾਨਕ ਸਾਹਿਬ ਨੇ ਜਦੋਂ ਸਿੱਖ ਧਰਮ ਦੀ ਨੀਂਹ ਰੱਖੀ ਉਦੋਂ ਹਿੰਦੁਸਤਾਨੀ ਸਮਾਜ ਦਾ ਮਾਹੌਲ ਉਸ ਸਮੇਂ ਦੇ ਪ੍ਰਚਲਿਤ ਧਰਮਾਂ ਵਿਚ ਆਪਸੀ ਨਫ਼ਰਤ, ਰਾਜਨੀਤਕ ਗੁਲਾਮੀ, ਜਾਤਿ-ਪਾਤਿ ਦੀ ਊਚ-ਨੀਚ, ਵੱਖ ਵੱਖ ਸਮਾਜਿਕ ਸਮੂਹਾਂ ਵਿਚ ਤਣਾਉ ਵਾਲਾ ਸੀ। ਇਸ ਦੀ ਗਵਾਹੀ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਵਿਚੋਂ ਭਲੀਭਾਂਤ ਮਿਲ ਜਾਂਦੀ ਹੈ। ਅਜਿਹੇ ਗਿਰਾਵਟ ਵਾਲੇ ਮਾਹੌਲ ਵਿਚ ਗੁਰੂ ਨਾਨਕ ਸਾਹਿਬ ਨੇ ਜਿਸ ਧਰਮ ਦੀ ਨੀਂਹ ਰੱਖੀ ਉਹ ਰੱਬੀ ਅਦਵੈਤ ਅਤੇ ਮਨੁੱਖੀ ਇਕਰੂਪਤਾ 'ਤੇ ਆਧਾਰਤ ਹੈ। ਗੁਰੂ ਗ੍ਰੰਥ ਸਾਹਿਬ ਸਿੱਖ ਇਲਹਾਮ ਦਾ ਰਿਕਾਰਡ ਹੈ। ਸਿੱਖ ਇਲਹਾਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਬਾਣੀ ਦੇ ਰੂਪ ਵਿਚ ਹੋਇਆ। ਗੁਰੂ ਸਾਹਿਬਾਨ ਨੂੰ ਆਪਣੀ ਰੱਬੀ-ਇੱਕਸੁਰਤਾ ਦੇ ਪਲਾਂ ਵਿਚ ਸਤਿ ਦਾ ਜੋ ਰਹੱਸਮਈ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਨੇ ਸ਼ਬਦ ਦੇ ਰੂਪ ਵਿਚ ਪਰਗਟ ਕੀਤਾ। ਸਮੁੱਚਾ ਗੁਰੂ ਗ੍ਰੰਥ ਸਾਹਿਬ, ਇਸ ਦਾ ਸੰਕਲਨ, ਇਸ ਵਿਚ ਹਿੰਦੂ ਅਤੇ ਮੁਸਲਿਮ ਭਗਤਾਂ ਦੀ ਬਾਣੀ, ਜੋ ਵੱਖ ਵੱਖ ਸਮਾਜਿਕ ਦਰਜਾਬੰਦੀ ਭਾਵ ਜਾਤਾਂ ਨਾਲ ਸਬੰਧਤ ਸਨ, ਦਾ ਸ਼ਾਮਲ ਹੋਣਾ ਅੰਤਰ-ਧਰਮ ਗੋਸ਼ਟੀ ਲਈ ਬਹੁਤ ਪ੍ਰਮਾਣੀਕ ਸ਼ਬਦ-ਮਾਡਲ ਪ੍ਰਸਤੁਤ ਕਰਦਾ ਹੈ। ਇਹੀ ਨਹੀਂ, ਗੁਰੂ ਨਾਨਕ ਸਾਹਿਬ ਨੇ ਚਾਰ ਦਿਸ਼ਾਵਾਂ ਵਿਚ ਚਾਰ ਵੱਡੀਆਂ ਅਤੇ ਲੰਬੀਆਂ ਯਾਤਰਾਵਾਂ ਯਾਨਿ ਉਦਾਸੀਆਂ ਦੁਨੀਆਂ ਦੇ ਦੂਰ-ਦੁਰੇਡੇ ਸਥਾਨਾਂ ਦੀਆਂ ਕੀਤੀਆਂ। ਉਹ ਵੱਖ ਵੱਖ ਧਰਮਾਂ ਦੇ ਕੇਂਦਰੀ ਧਾਰਮਕ ਸਥਾਨਾਂ 'ਤੇ ਗਏ ਅਤੇ ਧਾਰਮਿਕ ਆਗੂਆਂ ਨਾਲ ਗੋਸ਼ਟਾਂ ਕੀਤੀਆਂ। ਇਸ ਦਾ ਉਦਾਹਰਣ ਸਿਧ ਗੋਸ਼ਟਿ ਅਤੇ ਓਅੰਕਾਰ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ। ਅੰਤਰ-ਧਰਮ ਗੋਸ਼ਟਿ ਲਈ ਗੁਰੂ ਗ੍ਰੰਥ ਸਾਹਿਬ ਵਿਚ ਦਿੱਤਾ ਸ਼ਬਦ-ਮਾਡਲ 'ਸਰਬਤ ਦਾ ਭਲਾ' ਸਿਧਾਂਤਕ ਰੂਪ 'ਚ ਅਤੇ ਅਮਲੀ ਪ੍ਰਕਾਸ਼ਨ ਵਿਚ ਪ੍ਰਾਪਤ ਹੈ।

ਇਸ ਸ਼ਬਦ-ਮਾਡਲ ਦਾ ਆਧਾਰ ਬਾਣੀ ਵਿਚ ਦਿੱਤਾ ਹੋਇਆ ਪਰਮ-ਸਤਿ ਦਾ ਸੰਕਲਪ ਅਤੇ ਉਸ ਦੀ ਰਚਨਾ ਭਾਵ ਮਨੁੱਖ ਹੈ। ਬਾਣੀ ਵਿਚ ਪਰਮ-ਸਤਿ ਦਾ ਜੋ ਸੰਕਲਪ ਦਿੱਤਾ ਹੈ ਉਸ ਦਾ ਪ੍ਰਗਟਾਵਾ ਮੂਲ ਮੰਤਰ ਵਿਚ ਕਰ ਦਿੱਤਾ ਹੈ ਜੋ ੴ ਤੋਂ ਲੈ ਕੇ ਗੁਰ ਪ੍ਰਸਾਦਿ ਤੱਕ ਹੈ। ਉਹ ਇੱਕੋ ਇੱਕ ਹੈ ਜਿਸ ਦੀ ਹੋਂਦ ਹੈ, ਉਹ ਸਤਿ ਹੈ ਅਤੇ ਸੰਸਾਰ ਦਾ ਕਰਤਾ ਧਰਤਾ ਅਤੇ ਹਰਤਾ ਹੈ। ਉਹ ਨਿਰਭਉ ਤੇ ਨਿਰਵੈਰ ਹੈ। ਉਹ ਸਮੇਂ, ਕਾਲ ਤੋਂ ਉਤੇ ਹੈ ਪਰ ਆਪਣੀ ਸ੍ਰਿਸ਼ਟੀ ਦੇ ਰੂਪ ਵਿਚ ਪ੍ਰਗਟ ਹੈ, ਜਨਮ-ਮਰਨ 'ਚ ਨਹੀਂ ਆਉਂਦਾ। ਉਸ ਦੀ ਹੋਂਦ ਆਪਣੇ ਆਪ ਤੋਂ ਹੈ ਤੇ ਉਸ ਨਾਲ ਮਿਲਾਪ ਗੁਰੂ ਦੀ ਕਿਰਪਾ ਰਾਹੀਂ ਹੋ ਸਕਦਾ ਹੈ।

ਅੱਗੇ ਦੱਸਿਆ ਹੈ ਕਿ ਉਹ ਪਰਮ ਸਤਿ ਸੰਸਾਰ ਦੇ ਅਰੰਭ ਤੋਂ, ਜੁਗਾਂ ਦੇ ਅਰੰਭ ਤੋਂ ਪਹਿਲਾਂ ਵੀ ਸੀ, ਜੁਗਾਂ ਦੇ ਵਿਚ ਵੀ ਸੀ ਅਤੇ ਹਮੇਸ਼ਾ ਹੀ ਰਹੇਗਾ। ਪਰਮਸਤਿ ਦੀ ਅਦਵੈਤਤਾ 'ਤੇ ਜ਼ੋਰ ਦੇਣ ਲਈ ਓਅੰਕਾਰ ਦੇ ਅੱਗੇ ੧ ਲਾਇਆ ਹੈ ੴ ਬ੍ਰਹਮੰਡ ਦੀ ਰਚਨਾ ਅਤੇ ਅੰਤ ਦਾ ਸਾਰਾ ਅਮਲ ਉਸ ਦੇ ਹੁਕਮ ਵਿਚ ਹੁੰਦਾ ਹੈ ਅਤੇ ਕਰਤਾ ਆਪਣੀ ਰਚਨਾ ਵਿਚ ਆਪਣੇ ਹੁਕਮ ਜ਼ਰੀਏ ਸਮਾਇਆ ਹੋਇਆ ਹੈ। ਉਸ ਦੀ ਸਾਰੀ ਰਚਨਾ ਉਸੇ ਦੇ ਪ੍ਰਕਾਸ਼ ਨਾਲ ਰੋਸ਼ਨ ਹੈ। ਮਨੁੱਖ ਉਸ ਦੀ ਰਚਨਾ ਦਾ ਹਿੱਸਾ ਹੋਣ ਕਰਕੇ ਉਸ ਦੀ ਜੋਤਿ ਨਾਲ ਪ੍ਰਕਾਸ਼ਤ ਹੈ। ਪਰਮਾਤਮਾ ਆਪਣੀ ਜੋਤਿ ਮਨੁੱਖ ਵਿਚ ਰੱਖਦਾ ਹੈ ਤਾਂ ਉਹ ਸੰਸਾਰ 'ਤੇ ਆਉਂਦਾ ਹੈ, "ਹਰਿ ਤਮ ਮਹਿ ਜੋਤਿ ਰਖੀ ਤਾ ਤੂੰ ਜਗਿ ਮਹਿ ਆਇਆ॥" ਸਾਰੀ ਰਚਨਾ ਦਾ ਸਰੋਤ ਉਹ ਅਕਾਲ ਪੁਰਖ ਹੈ ਅਤੇ ਇਸ ਤਰ੍ਹਾਂ ਸਾਰੀ ਮਨੁੱਖਤਾ ਉਸ ਦੀ ਰਚਨਾ ਹੋਣ ਕਰਕੇ ਉਸ ਇੱਕ ਦੀ ਜੋਤਿ ਰਾਹੀਂ ਪ੍ਰਕਾਸ਼ਿਤ ਹੈ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਮਨੁੱਖ ਦੇ ਸਾਹਮਣੇ ਜੋ ਆਦਰਸ਼ ਰੱਖਿਆ ਗਿਆ ਹੈ ਉਹ ਹੈ ਆਪਣੇ ਮੂਲ ਦਾ, ਆਪਣੇ ਸਰੋਤ ਦਾ ਅਨੁਭਵ ਕਰਨਾ, "ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ॥" ਮਨੁੱਖ ਦਾ ਮੂਲ, ਸਰੋਤ ਕਿਉਂਕਿ ਇੱਕ ਹੈ ਇਸ ਲਈ ਉਸ ਨੂੰ ਧਰਮ, ਨਸਲ, ਜਾਤਿ, ਰੰਗ ਅਤੇ ਇਸਤਰੀ/ਪੁਰਸ਼ ਦੇ ਵਖਰੇਵੇਂ ਕਾਰਨ ਵੰਡਿਆ ਨਹੀਂ ਜਾ ਸਕਦਾ। ਸਾਰੇ ਮਨੁੱਖ ਇੱਕ ਅਤੇ ਬਰਾਬਰ ਹਨ। ਸਾਰੇ ਧਰਮਾਂ ਦਾ ਸਰੋਤ ਵੀ ਉਹ ਕਰਤਾ ਪੁਰਖ ਹੀ ਹੈ। ਉਸ ਦਾ ਅਨੁਭਵ ਕਰਨ ਲਈ ਮਨੁੱਖ ਨੇ ਵੱਖੋ ਵੱਖਰੇ ਰਸਤੇ ਅਪਨਾਏ ਹਨ ਅਤੇ ਵੱਖਰੇ ਵੱਖਰੇ ਧਰਮ ਗ੍ਰੰਥਾਂ ਤੋਂ ਅਗਵਾਈ ਲੈਂਦਾ ਹੈ ਪ੍ਰੰਤੂ ਉਸ ਦਾ ਅਨੁਭਵ ਉਸ ਦੇ ਨਾਮ ਸਿਮਰਨ ਰਾਹੀਂ ਹੋ ਸਕਦਾ ਹੈ। ਲੋਕ ਉਸ ਨੂੰ ਅਲੱਗ ਅਲੱਗ ਨਾਂਵਾਂ ਨਾਲ ਯਾਦ ਕਰਦੇ ਹਨ ਜਿਵੇਂ ਰਾਮ, ਖੁਦਾ, ਸਾਈਂ, ਅੱਲਾਹ, ਗਾਡ ਆਦਿ ਪ੍ਰੰਤੂ ਉਹ ਆਪ ਦਿਆਲੂ, ਕ੍ਰਿਪਾਲੂ ਅਤੇ ਸਭ ਦਾ ਸਾਂਝਾ ਹੈ। ਕੋਈ ਹਿੰਦੂ ਤੀਰਥਾਂ 'ਤੇ ਜਾਂਦਾ ਹੈ ਤਾਂ ਕੋਈ ਦੂਸਰਾ ਹੱਜ 'ਤੇ ਜਾ ਰਿਹਾ ਹੈ, ਕੋਈ ਪੂਜਾ ਕਰਦਾ ਹੈ ਅਤੇ ਕੋਈ ਨਮਾਜ਼ ਵਿਚ ਆਪਣਾ ਸਿਰ ਝੁਕਾਉਂਦਾ ਹੈ, ਕੋਈ ਵੇਦ ਪੜ੍ਹਦਾ ਹੈ ਤਾਂ ਦੂਸਰਾ ਕੋਈ ਕੁਰਾਨ ਸ਼ਰੀਫ; ਕੁਝ ਲੋਕ ਨੀਲੇ ਵਸਤਰ ਪਾਉਂਦੇ ਹਨ, ਕੋਈ ਦੂਸਰੇ ਸੁਫੈਦ। ਇਸੇ ਤਰ੍ਹਾਂ ਕੋਈ ਆਪਣੇ ਆਪ ਨੂੰ ਹਿੰਦੂ ਅਖਵਾਉਂਦਾ ਹੈ, ਕੋਈ ਮੁਸਲਮਾਨ। ਪ੍ਰੰਤੂ ਉਸ ਕਰਤਾ ਪੁਰਖ ਦਾ ਅਨੁਭਵ ਉਹੀ ਕਰ ਸਕਦਾ ਹੈ ਜਿਹੜਾ ਉਸ ਦੇ ਆਪਣੀ ਰਚਨਾ ਵਿਚ ਵਿਆਪਕ ਹੁਕਮ ਦਾ ਅਨੁਭਵ ਕਰਦਾ ਹੈ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਨੇ ਸਮਕਾਲੀ ਧਰਮਾਂ ਹਿੰਦੂ ਅਤੇ ਇਸਲਾਮ ਨੂੰ ਨਵੀਂ ਪਛਾਣ ਦਿੱਤੀ। ਹਉਮੈ ਬਹੁਤ ਖ਼ਤਰਨਾਕ ਹੈ ਅਤੇ ਧਾਰਮਿਕ ਹਉਮੈ ਸਭ ਤੋਂ ਵੱਧ ਖ਼ਤਰਨਾਕ ਹੈ ਕਿਉਂਕਿ ਧਾਰਮਿਕ ਹਉਮੈ ਕਾਰਨ ਧਰਮ ਦੇ ਨਾਮ 'ਤੇ ਮਨੁੱਖਤਾ ਵਿਚ ਬਹੁਤ ਸਾਰੇ ਝਗੜੇ ਅਤੇ ਪੈਦਾ ਹੁੰਦੇ ਹਨ ਅਤੇ ਪਾਪ ਕੀਤੇ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਹਉਮੈ ਨੂੰ ਮਾਰਨ ਦਾ ਪੁਰਜ਼ੋਰ ਸੁਨੇਹਾ ਦਿੱਤਾ ਗਿਆ ਹੈ।

---

# ਸੋ ਪ੍ਰਭ ਨੇਰੈ ਹੂ ਤੇ ਨੇਰੈ॥

ੴ ਸਤਿਗੁਰ ਪ੍ਰਸਾਦਿ॥
ਦੇਵ ਗੰਧਾਰੀ ਮਹਲਾ 5
ਸੋ ਪ੍ਰਭ ਨੇਰੈ ਹੂ ਤੇ ਨੇਰੈ॥
ਸਿਮਰਿ ਧਿਆਇ ਗਾਇ ਗੁਨ ਗੋਬਿੰਦ
ਦਿਨੁ ਰੈਨਿ ਸਾਂਝ ਸਵੇਰੈ॥ ਰਹਾਉ॥
ਉਧਰੁ ਦੇਹ ਦੁਲਭ ਸਾਧੂ ਸੰਗਿ
ਹਰਿ ਹਰਿ ਨਾਮੁ ਜਪੇਰੈ॥
ਘਰੀ ਨ ਮੁਹਤੁ ਨ ਚਸਾ ਬਿਲੰਭਰੁ
ਕਾਲ ਨਿਤਹਿ ਨਿਤ ਹੇਰੈ॥
ਅੰਧ ਬਿਲਾ ਤੇ ਕਾਢਹੁ ਕਰਤੇ
ਕਿਆ ਨਾਹੀ ਘਰਿ ਤੇਰੈ॥
ਨਾਮ ਅਧਾਰ ਦੀਜੈ ਨਾਨਕ ਕਉ
ਆਨਦ ਸੂਖ ਘਨੇਰੈ॥

ਧੁਰ ਕੀ ਬਾਣੀ ਦਾ ਇਹ ਰਹਿਮਤਾਂ ਭਰਿਆ ਸ਼ਬਦ ਗੁਰੂ ਅਰਜਨ ਦੇਵ ਜੀ ਦੀ ਬਖ਼ਸ਼ਿਸ਼ ਹੈ। ਗੁਰਦੇਵ ਪਿਤਾ ਉਸ ਪਰਮ ਪੁਰਖ ਪਰਮਾਤਮਾ ਦੀ ਅਰਾਧਨਾ ਲਈ ਸਾਨੂੰ ਕਲਜੁਗੀ ਜੀਵਾਂ ਨੂੰ ਉਪਦੇਸ਼ ਕਰਦੇ ਹਨ,

ਸਿਮਰਿ ਧਿਆਇ ਗਾਇ ਗੁਨ ਗੋਬਿੰਦ
ਦਿਨੁ ਰੈਨਿ ਸਾਂਝ ਸਵੇਰੈ॥

ਹੇ ਭਾਈ! ਉਹ ਸਰਬਵਿਆਪਕ ਪ੍ਰਭੂ ਪ੍ਰਮੇਸ਼ਵਰ ਤਾਂ ਨੇਰੈ ਹੂ ਤੇ ਨੇਰੈ ਭਾਵ ਹਰ ਸਮੇਂ ਸਾਡੇ ਨਾਲ ਹੀ ਰਹਿੰਦਾ ਹੈ, ਕਦੀ ਭੀ ਦੂਰ ਨਹੀਂ ਹੁੰਦਾ। ਸੋ, ਹੇ ਜੀਵ! ਦਿਨ ਰਾਤ, ਸ਼ਾਮ ਅਤੇ ਸਵੇਰੇ ਭਾਵ ਹਰ ਵੇਲੇ, ਹਰ ਵਕਤ ਹੀ ਸਵਾਸ ਸਵਾਸ ਉਸ ਮਾਲਕ ਪ੍ਰਭੂ ਜੀ ਦਾ ਸਿਮਰਨ ਕਰਦੇ ਰਹਿਣਾ ਚਾਹੀਏ, ਉਸ ਦੀ ਅਰਾਧਨਾ ਕਰਨੀ ਚਾਹੀਏ ਅਤੇ ਉਠਦੇ-ਬੈਠਦੇ ਉਸ ਦੇ ਗੁਣ ਗਾਇਨ ਕਰਨੇ ਚਾਹੀਏ।

ਉਧਰੁ ਦੇਹ ਦੁਲਭ ਸਾਧੂ ਸੰਗਿ
ਹਰਿ ਹਰਿ ਨਾਮੁ ਜਪੇਰੈ॥
ਘਰੀ ਨ ਮੁਹਤੁ ਨ ਚਸਾ ਬਿਲੰਭਰੁ
ਕਾਲ ਨਿਤਹਿ ਨਿਤ ਹੇਰੈ॥

ਹੇ ਭਾਈ! ਪੂਰੇ ਗੁਰੂ ਦੀ ਸੰਗੀਤ ਵਿਚ ਬੈਠ ਕੇ ਅਤੇ ਪ੍ਰਭੂ ਸਿਮਰਨ ਕਰਕੇ ਹੀ ਇਸ ਸਰੀਰ ਭਾਵ ਮਾਨਸ ਜਨਮ ਨੂੰ ਵਿਕਾਰਾਂ ਦੇ

## ਗੁਰਬਾਣੀ ਗਿਆਨ

ਸਮੁੰਦਰ ਵਿਚ ਡੁੱਬਣ ਤੋਂ ਬਚਾਇਆ ਜਾ ਸਕਦਾ ਹੈ। ਹੇ ਜੀਵ! ਕਾਲ ਭਾਵ ਮੌਤ ਤੈਨੂੰ ਹਰ ਵੇਲੇ ਦੇਖ ਰਹੀ ਹੈ, ਇਸ ਲਈ ਘੜੀ ਜਾਂ ਅੱਧੀ ਘੜੀ ਦੀ ਦੇਰੀ ਤਾਂ ਕੀ, ਇਕ ਪਲ ਲਈ ਵੀ ਸਮਾਂ ਵਿਅਰਥ ਨਾ ਗੰਵਾ ਅਤੇ ਪ੍ਰਭੂ ਸਿਮਰਨ ਵਿਚ ਆਪਣੇ ਮਨ ਨੂੰ ਜੋੜ ਲੈ,

ਅੰਧ ਬਿਲਾ ਤੇ ਕਾਢਹੁ ਕਰਤੇ
ਕਿਆ ਨਾਹੀ ਘਰਿ ਤੇਰੈ॥
ਨਾਮ ਅਧਾਰ ਦੀਜੈ ਨਾਨਕ ਕਉ
ਆਨਦ ਸੂਖ ਘਨੇਰੈ॥

ਹੇ ਇਸ ਸੰਸਾਰ ਦੇ ਰਚਨਹਾਰ ਕਰਤੇ! ਤੇਰੇ ਘਰ ਵਿਚ ਕਿਸੇ ਚੀਜ਼ ਦੀ ਭੀ ਥੋੜ ਨਹੀਂ ਹੈ, ਕਮੀ ਨਹੀਂ ਹੈ। ਆਪ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੋ ਅਤੇ ਅੰਧ ਬਿਲਾ ਤੇ, ਭਾਵ ਮੋਹ ਮਾਇਆ ਦੀ ਹਨੇਰੀ ਖੁੱਡ ਵਿਚੋਂ ਸਾਨੂੰ ਜੀਵਾਂ ਨੂੰ ਬਾਹਰ ਕੱਢ ਲਵੋ। ਹੇ ਮੇਰੇ ਪ੍ਰਭ ਜੀਉ! ਇਹ ਨਾਨਕ ਭੀ ਆਪ ਦੀ ਸ਼ਰਣ ਵਿਚ ਹੈ, ਇਸ ਨੂੰ ਆਪਣੇ ਨਾਮ ਦਾ ਆਸਰਾ ਦੇਵੋ। ਹੇ ਪ੍ਰਭੂ! ਆਪ ਦੇ ਸਿਮਰਨ ਵਿਚ ਹੀ ਸੁੱਖ ਅਤੇ ਅਨੰਦ ਭੀ ਪ੍ਰਾਪਤ ਹੋ ਜਾਂਦੇ ਹਨ।

ਆਉ ਗੁਰੂ ਦੀ ਸ਼ਰਣ ਵਿਚ ਚੱਲੀਏ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਰੰਗ-ਬੇਰੰਗ

# ਕਮਲਿਆਂ ਦੇ ਟੱਬਰ ਦੇ ਆਸ ਪਾਸ-1

**ਪੰਜਾਬ ਟਾਈਮਜ਼ ਦੇ 18 ਅਗਸਤ ਦੇ ਅੰਕ ਵਿਚ ਲੇਖ 'ਕਮਲਿਆਂ ਦਾ ਟੱਬਰ' ਛਪਿਆ ਸੀ ਜੋ ਕਰੀਬ 4 ਸਾਲ ਪਹਿਲਾਂ ਇਨ੍ਹਾਂ ਕਾਲਮਾਂ ਵਿਚ ਛਪਿਆ ਸੀ। ਇਸ ਲੇਖ ਤੋਂ ਬਾਅਦ ਮੈਂ ਕੁਝ ਹੋਰ ਲੇਖ ਵੀ ਇਸੇ ਸਿਲਸਿਲੇ ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਚ ਪੜ੍ਹਾਈ ਦੇ ਦਿਨਾਂ ਬਾਰੇ ਲਿਖੇ ਸਨ। 'ਕਮਲਿਆਂ ਦਾ ਟੱਬਰ' ਲੇਖ ਪੜ੍ਹਨ ਤੋਂ ਬਾਅਦ ਬਹੁਤ ਸਾਰੇ ਪਾਠਕਾਂ ਨੇ ਮੰਗ ਕੀਤੀ ਹੈ ਕਿ ਇਹ ਸਾਰੀ ਲੇਖ ਲੜੀ ਮੁੜ ਛਾਪੀ ਜਾਵੇ। ਉਨ੍ਹਾਂ ਦੇ ਇਸਰਾਰ 'ਤੇ ਇਹ ਲੇਖ ਛਾਪ ਰਹੇ ਹਾਂ।-ਸੰਪਾਦਕ**

ਕਵੀ ਲੋਕ ਨਾਥ ਸੀ ਤਾਂ ਸਾਡੇ ਤੋਂ ਇਕ ਜਮਾਤ ਪਿਛੇ ਪਰ ਵਿਭਾਗ ਦੀ ਰੂਹੇ ਰਵਾਂ ਸੀ। ਸਵਰਗੀ ਕਵੀ ਅਮਿਤੋਜ ਉਨ੍ਹੀਂ ਦਿਨੀਂ ਇਕ ਰਿਸਰਚ ਸਕਾਲਰ ਹੋਇਆ ਕਰਦਾ ਸੀ। ਉਹੋ ਅਮਿਤੋਜ ਜਿਸ ਨੇ ਬਾਅਦ ਵਿਚ ਜਲੰਧਰ ਦੂਰਦਰਸ਼ਨ 'ਤੇ "ਕੱਚ ਦੀਆਂ ਮੁੰਦਰਾਂ" ਪ੍ਰੋਗਰਾਮ ਨਾਲ ਪ੍ਰਸਿਧੀ ਖੱਟੀ। ਮਰਹੂਮ ਡਾ. ਵਿਸ਼ਵਨਾਥ ਤਿਵਾੜੀ ਦੇ ਕਮਰੇ ਵਿਚ ਰੋਜ ਮਹਿਫਲਾਂ ਸਜਦੀਆਂ। ਲੋਕ ਨਾਥ ਡਾ. ਤਿਵਾੜੀ ਦੇ ਚੇਲਿਆਂ

ਅਮੋਲਕ ਸਿੰਘ ਜੰਮੂ
ਫੋਨ: 847-359-0746

ਵਿਚੋਂ ਖਾਸ ਸੀ। ਮੈਂ ਤੇ ਲੋਕ ਨਾਥ ਇਕੋ ਹੋਸਟਲ ਵਿਚ ਰਹਿੰਦੇ ਸਾਂ। ਇਸੇ ਹੋਸਟਲ ਵਿਚ ਇਕ ਵਿਦਿਆਰਥੀ ਆਗੂ ਰਘਵੀਰ ਸਿੰਘ ਘੁੰਨ ਵੀ ਰਿਹਾ ਕਰਦਾ ਸੀ ਜਿਸ ਨੇ ਬਾਅਦ ਵਿਚ ਖਰੜ ਹਲਕੇ ਤੋਂ ਕਾਂਗਰਸ ਦੀ ਟਿਕਟ 'ਤੇ ਚੋਣ ਵੀ ਲੜੀ ਸੀ। ਅੱਜ ਕੱਲ੍ਹ ਉਹ ਸ਼ਾਇਦ ਅਮਰੀਕਾ ਵਿਚ ਹੀ ਕਿਤੇ ਹੈ। ਘੁੰਨ ਦੀ ਯੂਨੀਵਰਸਿਟੀ ਵਿਚ ਅੱਛੀ ਖਾਸੀ ਸਰਦਾਰੀ ਹੁੰਦੀ ਸੀ। ਜਦੋਂ ਕਦੀ ਘੁੰਨ ਹੋਰਾਂ ਦਾ ਮਨ ਆਉਣਾ ਉਨ੍ਹਾਂ ਆਪਣੀ ਦਾਰੂ ਦੀ ਮਹਿਫਲ ਵਿਚ ਲੋਕ ਨਾਥ ਨੂੰ ਵੀ ਬੁਲਾ ਲੈਣਾ। ਲੋਕ ਨਾਥ ਨੇ ਲੋਰ ਵਿਚ ਆਏ ਨੇ ਕਵਿਤਾਵਾਂ ਸੁਣਾਇਆ ਕਰਨੀਆਂ। ਇਕ ਦਿਨ ਦਾਰੂ ਪੀਂਦਿਆਂ ਲੋਕ ਨਾਥ ਜ਼ਿਆਦਾ ਸ਼ਰਾਬੀ ਹੋ ਗਿਆ। ਘੁੰਨ ਤੇ ਉਸ ਦੇ ਸਾਥੀਆਂ ਨੇ ਮੈਸ ਵਿਚ ਰੋਟੀ ਖਾਣ ਜਾਣ ਸਮੇਂ ਉਸ ਨੂੰ ਨਾਲ ਲੈ ਕੇ ਜਾਣ ਦੀ ਥਾਂ ਉਸ ਨੂੰ ਕਮਰੇ ਵਿਚ ਹੀ ਰੋਟੀ ਪਹੁੰਚਾਉਣਾ ਬਿਹਤਰ ਸਮਝਿਆ। ਜਾਂਦੇ ਹੋਏ ਉਹ ਕਮਰੇ ਦਾ ਦਰਵਾਜ਼ਾ ਬਾਹਰੋਂ ਬੰਦ ਕਰ ਗਏ। ਲੋਕ ਨਾਥ ਅੰਦਰ ਅੱਧ ਸੁੱਤਾ ਪਿਆ ਸੀ।

ਕੁਝ ਚਿਰ ਬਾਅਦ ਪਤਾ ਉਦੋਂ ਲੱਗਾ ਜਦੋਂ ਲੋਕ ਨਾਥ ਹੋਸਟਲ ਦੇ ਤੀਜੀ ਮੰਜ਼ਲ ਦੇ ਕਮਰੇ ਦੇ ਬਾਹਰ ਰੇਲਿੰਗ ਨੂੰ ਹੱਥ ਪਾਈ ਚਾਂਗਰਾਂ ਮਾਰ ਰਿਹਾ ਸੀ। ਉਹ ਗਾਲਾਂ ਵੀ ਕੱਢੀ ਜਾ ਰਿਹਾ ਸੀ ਤੇ ਨਾਲ ਕਦੇ ਕਿਸੇ ਤੇ ਕਦੇ ਕਿਸੇ ਦਾ ਨਾਂ ਲੈ ਕੇ ਇਹ ਵੀ ਆਖੀ ਜਾ ਰਿਹਾ ਸੀ, "ਜਾ ਉਏ ਫਲਾਣਿਆ ਡਾ. ਨੇਕੀ ਨੂੰ ਕਹਿ ਲੋਕ ਨਾਥ ਸੁਈਸਾਈਡ ਕਰਨ ਲੱਗਾ ਈ" ਅਤੇ ਉਹ ਫਿਲਮ ਸ਼ੋਲੇ ਵਿਚ ਧਰਮਿੰਦਰ ਦੇ ਪਾਣੀ ਦੀ ਟੈਂਕੀ ਤੋਂ ਅਗਾਂਹ ਉਲਰਨ ਵਾਂਗ ਉਲਰ ਕੇ ਚਾਂਗਰ ਜਿਹੀ ਛੱਡ ਦਿੰਦਾ। ਡਾ. ਜਸਵੰਤ ਸਿੰਘ ਨੇਕੀ ਉਨ੍ਹੀਂ ਦਿਨੀਂ ਪੀ.ਜੀ.ਆਈ. ਦੇ ਡਾਇਰੈਕਟਰ ਹੋਇਆ ਕਰਦੇ ਸਨ। ਹੇਠਾਂ ਮੁੰਡਿਆਂ ਦਾ ਹਜੂਮ ਇਕੱਠਾ ਹੋਣਾ ਸ਼ੁਰੂ ਹੋ ਗਿਆ। ਥੱਲੇ ਖੜ੍ਹੇ ਮੁੰਡਿਆਂ ਨੂੰ ਧੁੜਕੂ ਲੱਗਾ ਹੋਇਆ ਸੀ ਕਿ ਕਿਤੇ ਸ਼ਰਾਬੀ ਹੋਇਆ ਲੋਕ ਨਾਥ ਥੱਲੇ ਹੀ ਨਾ ਡਿੱਗ ਪਵੇ ਪਰ ਲੋਕ ਨਾਥ ਫਿਰ ਕਿਸੇ ਦਾ ਨਾਂ ਲੈ ਕੇ ਚਾਂਗਰ ਮਾਰ ਦਿੰਦਾ, "ਜਾ ਡਾ. ਤਿਵਾੜੀ ਨੂੰ ਕਹਿ ਲੋਕ ਨਾਥ ਮਰਨ ਲੱਗਾ ਈ।" ਇੰਜ ਉਹ ਕਦੀ ਡਾ. ਅਤਰ ਸਿੰਘ, ਕਦੀ ਅਮਿਤੋਜ ਤੇ ਕਦੇ ਡਾ. ਦਰਸ਼ਨ ਸਿੰਘ ਦਾ ਨਾਂ ਲੈ ਉਹੀ ਗੱਲ ਦੁਹਰਾਈ ਜਾਂਦਾ। ਇੰਨੇ ਚਿਰ ਤੱਕ ਘੁੰਨ ਅਤੇ ਉਸ ਦੇ ਸਾਥੀ ਮੈਸ ਵਿਚੋਂ ਰੋਟੀ ਖਾ ਕੇ ਪਰਤ ਆਏ। ਘੁੰਨ ਨੇ ਲੋਕ ਨਾਥ ਦਾ ਇਹ ਤਮਾਸ਼ਾ ਵੇਖਿਆ ਤਾਂ ਥੱਲਿਓਂ ਹੀ ਘੁਰਕੀ ਦਿੱਤੀ, "ਓਇ ਪੰਡਤਾ ਕੀ ਤਮਾਸ਼ਾ ਬਣਾਇਆ?"

ਉਤੋਂ ਲੋਕ ਨਾਥ ਬੋਲਿਆ, "ਆ ਗਏ ਬਾਈ ਜੀ, ਮੈਨੂੰ ਪੈਗ ਤਾਂ ਦਿਓ।" ਇੰਨਾ ਕਹਿੰਦਿਆਂ ਲੋਕ ਨਾਥ ਬਾਲਕਾਨੀ ਤੋਂ ਕਮਰੇ ਵੱਲ ਵਾਪਸ ਪਰਤ ਗਿਆ। ਥੱਲੇ ਖੜ੍ਹੇ ਮੁੰਡਿਆਂ 'ਚੋਂ ਕਿਸੇ ਨੇ ਟਿੱਪਣੀ ਕੀਤੀ, "ਲੈ ਬਈ ਲੋਕ ਨਾਥ ਦੀ ਬਸੰਤੀ ਦੀ ਮਾਸੀ (ਫਿਲਮ ਸ਼ੋਅਲੇ ਵਾਲੀ) ਤੇ ਮੰਨ ਗਈ।"

***



*1975 ਵਿਚ ਹੋਸਟਲ ਨੰਬਰ-2 ਦੇ ਕਮਰੇ ਦੀ ਬਾਲਕਾਨੀ ਵਿਚ ਲੇਖਕ (ਖੱਬੇ) ਅਤੇ ਕਾਮਰੇਡ ਕੁਲਦੀਪ ਭੁੱਲਰ, ਜੋ ਹਾਲ ਹੀ ਵਿਚ ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ ਤੋਂ ਰਿਟਾਇਰ ਹੋਇਆ ਹੈ*

ਕਮਲਿਆਂ ਦਾ ਟੱਬਰ ਤੇ ਉਸ ਤੋਂ ਬਾਅਦ ਕਮਲਿਆਂ ਦੇ ਟੱਬਰ ਦੇ ਆਸ ਪਾਸ ਛਪਣ ਤੋਂ ਬਾਅਦ ਪੰਜਾਬ ਟਾਈਮਜ਼ ਦੇ ਕਈ ਪਾਠਕਾਂ ਨੂੰ ਆਪਣੇ ਜਵਾਨੀ ਵੇਲੇ ਦੇ ਸਮੇਂ ਚੇਤੇ ਆ ਗਏ। ਪ੍ਰੋ. ਕੁਲਵੰਤ ਸਿੰਘ ਰੋਮਾਣਾ ਦਾ ਲੇਖ ਤਾਂ ਪਾਠਕ ਪੜ੍ਹ ਵੀ ਚੁੱਕੇ ਹਨ। ਪ੍ਰੋ. ਰੋਮਾਣਾ ਇਨ੍ਹੀਂ ਦਿਨੀਂ ਪਤਾ ਨਹੀਂ ਕਿਉਂ ਚੁੱਪ ਹਨ, ਬਥੇਰੇ ਪਾਠਕ ਉਨ੍ਹਾਂ ਦੇ ਸ਼ੈਰੀ ਦੀ ਡਾਇਰੀ ਨੂੰ ਉਡੀਕ ਰਹੇ ਹਨ। ਕਹਾਣੀਕਾਰ ਗੁਰਦੇਵ ਚੌਹਾਨ ਨੇ ਇਸ ਕਾਲਮ ਨੂੰ ਜਾਰੀ ਰੱਖਣ ਦੀ ਹੌਸਲਾਅਫ਼ਜ਼ਾਈ ਦਿੰਦਿਆਂ ਆਖਿਆ ਕਿ ਉਨ੍ਹਾਂ ਨੂੰ ਵੀ ਚੰਡੀਗੜ੍ਹ ਰਹਿੰਦਿਆਂ ਪੰਜਾਬ ਯੂਨੀਵਰਸਿਟੀ ਦੇ ਸਾਹਿਤਕ ਹਲਕਿਆਂ ਵਿਚ ਗੁਜ਼ਾਰੇ ਆਪਣੇ ਦਿਨ ਚੇਤੇ ਆ ਗਏ ਹਨ। ਬਲਜੀਤ ਬਾਸੀ ਤਾਂ ਯੂਨੀਵਰਸਿਟੀ ਤੋਂ ਵੀ ਪਹਿਲਾਂ ਪਿੰਡ ਦੀ ਆਪਣੀ ਬਚਪਨ ਦੀ ਜ਼ਿੰਦਗੀ ਵੱਲ ਚਲਾ ਗਿਆ। ਦਰਅਸਲ ਆਪਣੇ ਬੀਤੇ ਨੂੰ ਚੇਤੇ ਕਰਨਾ ਅਕਸਰ ਲੋਕਾਂ ਨੂੰ ਚੰਗਾ ਲੱਗਦਾ ਹੈ, ਮੈਨੂੰ ਵੀ।

ਕਮਲਿਆਂ ਦਾ ਟੱਬਰ ਵਾਲੀ ਗੱਲ ਜਿਥੋਂ ਸ਼ੁਰੂ ਹੋਈ ਸੀ ਉਹ ਵਿਚੇ ਹੀ ਰਹਿ ਗਈ। ਮਨਿੰਦਰ ਨੇ ਪਿਛਲੇ ਕਈ ਹਫਤਿਆਂ ਤੋਂ ਨਾ ਫੋਨ ਕੀਤਾ ਹੈ ਅਤੇ ਨਾ ਹੀ ਮੇਰੇ ਫੋਨ ਦਾ ਜਵਾਬ ਹੀ ਦਿੱਤਾ ਹੈ। ਪਤਾ ਨਹੀਂ ਗੁੱਸੇ ਹੀ ਹੋ ਗਈ ਹੋਵੇ ਪਰ ਮੈਨੂੰ ਉਸ ਦਾ ਨਾਂ ਚੇਤੇ ਆਉਂਦਿਆਂ ਹੀ 1970ਵਿਆਂ ਦੇ ਉਹ ਦਿਨ ਚੇਤੇ ਆ ਜਾਂਦੇ ਹਨ ਜਦੋਂ ਅਸੀਂ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਹੋਇਆ ਕਰਦੇ ਸਾਂ। ਹੋਸਟਲ ਦੀ ਜ਼ਿੰਦਗੀ ਦੀਆਂ ਕਈ ਗੱਲਾਂ ਮੁੜ ਮੁੜ ਚੇਤੇ ਆਉਂਦੀਆਂ ਹਨ।

ਮੈਂ ਦੋ ਨੰਬਰ ਹੋਸਟਲ ਵਿਚ ਰਹਿੰਦਾ ਸਾਂ। ਇਕ ਦਿਨ ਅਸੀਂ ਪੰਜ-ਛੇ ਮੁੰਡੇ ਜਿਨ੍ਹਾਂ ਵਿਚ ਜੁਗਰਾਫੀ ਵਿਭਾਗ ਦਾ ਮਧਰੇ ਕੱਦ ਦਾ ਗੁਰਦੀਪ ਅਤੇ ਲੰਮੇ ਕੱਦ ਵਾਲਾ ਸੇਖੋਂ ਵੀ ਸ਼ਾਮਲ ਸਨ, ਹੋਸਟਲ ਦੇ ਬਾਹਰ ਖੜ੍ਹੇ ਸਾਂ, ਉਂਜ ਹੀ ਸ਼ੁਗਲ ਵਜੋਂ। ਉਨ੍ਹੀਂ ਦਿਨੀਂ ਯੂਨੀਵਰਸਿਟੀ ਵਿਚ ਤਿੰਨ ਕੁੜੀਆਂ ਦੇ ਇਕ ਗਰੁੱਪ ਦੀ ਬੜੀ ਧਾਂਕ ਹੋਇਆ ਕਰਦੀ ਸੀ। ਇਹ ਅਕਸਰ ਇਕੱਠੀਆਂ ਹੁੰਦੀਆਂ। ਬੜੇ ਸੋਹਣੇ ਸੂਟ ਅਤੇ ਕੱਢਵੀਂ ਜੁੱਤੀ ਪਾਈ, ਪੂਰੇ ਭਰੋਸੇ ਨਾਲ ਉਹ ਤੁਰਦੀਆਂ। ਕਿਸੇ ਮੁੰਡੇ ਦੀ ਮਜਾਲ ਨਹੀਂ ਸੀ ਕਿ ਉਨ੍ਹਾਂ ਨਾਲ ਛੇੜਖਾਨੀ ਕਰ ਜਾਏ। ਉਦੋਂ ਹੀ ਇਹ ਕੁੜੀਆਂ ਪੀ.ਜੀ.ਆਈ. ਵਾਲੇ ਪਾਸੇ ਤੋਂ ਸੜਕ ਦੇ ਕੰਢੇ ਕੰਢੇ ਫੁੱਟਪਾਥ 'ਤੇ ਮਾਰਕਿਟ ਵਾਲੇ ਪਾਸੇ ਨੂੰ ਜਾਂਦੀਆਂ ਨਜ਼ਰ ਆਈਆਂ। ਗੁਰਦੀਪ ਸੇਖੋਂ ਨੂੰ ਕਹਿਣ ਲੱਗਾ, "ਮੈਨੂੰ ਕੁੱਛੜ ਚੁੱਕ ਜਿਵੇਂ ਨਿਆਣਾ ਮੋਢੇ ਲਾਈਦਾ ਐ।" ਪਲ ਕੁ ਤਾਂ ਸੇਖੋਂ ਨੂੰ ਸਮਝ ਨਾ ਆਈ ਪਰ ਗੁਰਦੀਪ ਆਪ ਹੀ ਜਿਵੇਂ ਉਸ ਦੀ ਗੋਦੀ ਚੜ੍ਹ ਗਿਆ। ਜਦੋਂ ਕੁੜੀਆਂ ਕੋਲ ਦੀ ਲੰਘਣ ਲੱਗੀਆਂ ਤਾਂ ਗੁਰਦੀਪ ਬੋਲਿਆ, "ਮੰਮੀ ਮੰਮੀ ਪਾਪਾ ਮੈਨੂੰ ਚਾਕਲੇਟ ਨਹੀਂ ਲੈ ਕੇ ਦਿੰਦੇ।" ਉਸ ਦਾ ਇੰਨਾ ਕਹਿਣਾ ਹੀ ਸੀ ਕਿ ਸਾਰੇ ਮੁੰਡਿਆਂ ਦਾ ਹਾਸਾ ਨਿਕਲ ਗਿਆ। ਕੁੜੀਆਂ ਵੀ ਇਸ ਸ਼ਰਾਰਤ 'ਤੇ ਹੱਸੇ ਬਿਨਾਂ ਨਾ ਰਹਿ ਸਕੀਆਂ।

ਐਮ ਏ ਕਰਦਿਆਂ ਮੈਂ ਦੋ ਨੰਬਰ ਹੋਸਟਲ ਦੇ ਪੰਜ ਨੰਬਰ ਬਲਾਕ ਵਿਚ ਰਹਿੰਦਾ ਸਾਂ। ਇਸ ਬਲਾਕ ਦੇ ਨਾਲ ਹੀ ਸੱਜੇ ਪਾਸੇ ਥੀਏਟਰ ਵਿਭਾਗ ਸੀ, ਜਿਥੇ ਨਾਟਕਕਾਰ ਸਵਰਗੀ ਬਲਵੰਤ ਗਾਰਗੀ ਡਰਾਮਾ ਪੜ੍ਹਾਉਂਦੇ ਸਨ। ਕੁੜੀਆਂ ਦਾ ਇਕ ਟੋਲਾ ਹਰ ਰੋਜ਼ ਦੁਪਹਿਰ ਵੇਲੇ ਵਿਭਾਗ 'ਚੋਂ ਨਿਕਲ ਕੇ ਸਟੂਡੈਂਟ ਸੈਂਟਰ ਵੱਲ ਨੂੰ ਇਕੱਠਿਆਂ ਹੀ ਹੋਸਟਲ ਦੇ ਨਾਲ ਨਾਲ ਡਾਂਡੇ ਮੀਂਡੇ ਜਾਂਦਾ। ਹਾਲਾਂਕਿ ਵਿਭਾਗ ਵਿਚ ਜਾਣ-ਆਉਣ ਲਈ ਸਿੱਧਾ ਰਾਸਤਾ ਹੋਰ ਸੀ। ਇਹ ਰੋਜ਼ ਦਾ ਹੀ ਸਿਲਸਿਲਾ ਸੀ। ਇਕ ਦਿਨ ਕੁੜੀਆਂ ਦੇ ਟੋਲਿਆਂ ਨੂੰ ਜਾਂਦਿਆਂ ਦੇਖ ਹੋਸਟਲ ਵਿਚੋਂ ਕਿਸੇ ਮੁੰਡੇ ਨੇ ਸ਼ਰਾਰਤ ਨਾਲ ਆਵਾਜ਼ ਕੱਸੀ, "ਮਾਲ ਓ...।" ਉਧਰੋਂ ਸਾਹਮਣੇ ਵਾਲੇ ਤਿੰਨ ਨੰਬਰ ਬਲਾਕ ਵਿਚੋਂ ਇਨ੍ਹਾਂ ਕੁੜੀਆਂ ਵੱਲ ਹੀ ਤੱਕਦੇ ਕਿਸੇ ਹੋਰ ਮੁੰਡੇ ਨੇ ਇਸੇ ਸੁਰ ਵਿਚ ਜਵਾਬ ਦਿੱਤਾ, "ਮਾਲ ਓ...।" ਬਸ ਫਿਰ ਤੇ ਇਹ ਰੋਜ਼ ਦਾ ਹੀ ਸਿਲਸਿਲਾ ਹੋ ਗਿਆ। ਜਦੋਂ ਹੀ ਉਨ੍ਹਾਂ ਕੁੜੀਆਂ ਨੇ ਉਥੋਂ ਨਿਕਲਣਾ ਇਕ ਮੁੰਡੇ ਨੇ ਆਵਾਜ਼ ਦੇਣੀ, "ਮਾਲ ਓ..." ਤੇ ਫਿਰ ਬਾਕੀ ਹੋਸਟਲ ਵਿਚੋਂ ਆਵਾਜ਼ਾਂ ਆਉਣ ਲੱਗ ਪੈਣੀਆਂ, "ਮਾਲ ਓ..., ਮਾਲ ਓ...।"

ਕੁੜੀਆਂ ਨੇ ਰਲ ਕੇ ਇਕ ਦਿਨ ਗਾਰਗੀ ਸਾਹਿਬ ਕੋਲ ਸ਼ਿਕਾਇਤ ਕੀਤੀ ਕਿ ਦੋ ਨੰਬਰ ਹੋਸਟਲ ਦੇ ਮੁੰਡੇ ਉਨ੍ਹਾਂ ਨੂੰ ਛੇੜਦੇ ਹਨ। ਗਾਰਗੀ ਸਾਹਿਬ ਸਥਿਤੀ ਦਾ ਮੁਆਇਨਾ ਕਰਨ ਲਈ ਬਾਹਰ ਹੋਸਟਲ ਵਾਲੇ ਪਾਸੇ ਨੂੰ ਨਿਕਲ ਆਏ, ਜਦੋਂ ਉਨ੍ਹਾਂ ਮੌਕਾ ਵੇਖਿਆ ਤਾਂ ਇਕ ਦਮ ਬੋਲੇ, "ਤੁਸੀਂ ਇਸ ਰਾਹ ਜਾਂਦੀਆਂ ਹੀ ਕਿਉਂ ਹੋ? ਆਪਣੇ ਸਿੱਧੇ ਰਾਹ ਕਿਉਂ ਨਹੀਂ ਜਾਂਦੀਆਂ?" ਦੋ ਕੁ ਦਿਨ ਕੁੜੀਆਂ ਉਧਰ ਦੀ ਨਾ ਲੰਘੀਆਂ। ਕੋਈ ਆਵਾਜ਼ੇ ਵੀ ਨਾ ਆਏ। ਪਰ ਤੀਜੇ ਦਿਨ ਕੁੜੀਆਂ ਦਾ ਟੋਲਾ ਉਸੇ ਤਰ੍ਹਾਂ ਜਾਂਦਾ ਦਿਖਿਆ ਉਹੀ ਆਵਾਜ਼ਾਂ ਆਉਣ ਲੱਗ ਪਈਆਂ, "ਮਾਲ ਓ..., ਮਾਲ ਓ...।"

ਡਾ. ਵਿਸ਼ਵਨਾਥ ਤਿਵਾੜੀ ਇਕ ਨੰਬਰ ਹੋਸਟਲ ਦੇ ਵਾਰਡਨ ਹੋਇਆ ਕਰਦੇ ਸਨ। ਉਨ੍ਹੀਂ ਦਿਨੀਂ ਅੱਜ ਵਾਂਗ ਗੈਸ ਦੇ ਚੁੱਲ੍ਹੇ ਨਹੀਂ ਸਨ ਅਤੇ ਰੋਟੀਆਂ ਲੋਹ ਅਤੇ ਕੋਲਿਆਂ ਦੀ ਅੱਗ ਉਤੇ ਪੱਕਦੀਆਂ ਸਨ। ਰੋਟੀਆਂ ਨੂੰ ਚੁੱਲ੍ਹੇ ਦੀ ਸਵਾਹ ਲੱਗੀ ਰਹਿੰਦੀ ਜਿਹੜੀ ਮੁੰਡੇ ਝਾੜ ਝਾੜ ਕੇ ਰੋਟੀਆਂ ਖਾਂਦੇ। ਸਬਜ਼ੀ 'ਚ ਆਲੂ ਪਾਉਣ ਦਾ ਵੀ ਬਹੁਤ ਰਿਵਾਜ਼ ਸੀ। ਹਰ ਚੀਜ਼ 'ਚ ਆਲੂ ਪਾਏ ਹੁੰਦੇ। ਇਕ ਦਿਨ ਡਾ. ਤਿਵਾੜੀ ਸਵੇਰੇ ਸਵੇਰੇ ਹੋਸਟਲ ਦੇ ਦੌਰੇ 'ਤੇ ਨਿਕਲ ਆਏ। ਮੂੰਹ ਵਿਚ ਉਨ੍ਹਾਂ ਦਾਤਣ ਪਾਈ ਹੋਈ ਸੀ। ਸਤੰਬਰ ਦਾ ਮਹੀਨਾ ਸੀ। ਮੁੰਡਿਆਂ ਦਾ ਇਕ ਟੋਲਾ ਕੰਟੀਨ ਵਿਚ ਬੈਠਾ ਚਾਹ ਪੀ ਰਿਹਾ ਸੀ। ਡਾ. ਤਿਵਾੜੀ ਨੇ ਮੁੰਡਿਆਂ ਨੂੰ ਸੰਬੋਧਨ ਹੋ ਕੇ ਪੁੱਛਿਆ, "ਕਿਉਂ ਬਈ ਸਭ ਠੀਕ ਹੈ?"

ਡਾ. ਤਿਵਾੜੀ ਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਜਸਵੀਰ ਸਿੰਘ ਨਾਂ ਦਾ ਇਕ ਮੁੰਡਾ ਇਕ ਦਮ ਬੋਲਿਆ, "ਡਾ. ਸਾਬ੍ਹ ਤੁਹਾਡੇ ਨਾਲ ਗੱਲ ਕਰਨੀ ਸੀ।"

"ਦੱਸੋ," ਡਾ. ਤਿਵਾੜੀ ਕਹਿਣ ਲੱਗੇ।

ਜਸਵੀਰ ਬੋਲਿਆ, "ਇਕ ਤੇ ਜੀ, ਮੈਸ ਦੀ ਰੋਟੀ ਵਿਚ ਫੁਲਕਿਆਂ ਨੂੰ ਸੁਆਹ ਬਹੁਤ ਲੱਗੀ ਹੁੰਦੀ ਹੈ, ਪਤਾ ਨਹੀਂ ਸਾਲ 'ਚ ਕਿੰਨੀ ਸੁਆਹ ਸਾਨੂੰ ਖੁਆ ਛੱਡਦੇ ਹਨ। ਦੂਜਾ, ਹਰ ਚੀਜ਼ 'ਚ ਆਲੂ ਪਾਈ ਜਾਂਦੇ ਆ।" ਤੇ ਜਸਵੀਰ ਨੇ ਦੱਸਿਆ ਕਿ ਕਿਵੇਂ ਛੋਲਿਆਂ ਵਿਚ ਵੀ ਆਲੂ, ਗੋਭੀ ਵਿਚ ਵੀ ਆਲੂ, ਫਲੀਆਂ ਵਿਚ ਵੀ ਆਲੂ ਤੇ ਮੀਟ ਵਿਚ ਵੀ ਆਲੂ...।

ਡਾ. ਤਿਵਾੜੀ ਨੇ ਠੇਕੇਦਾਰ ਨੂੰ ਬੁਲਾ ਲਿਆ ਤੇ ਕਹਿਣ ਲੱਗੇ, "ਹਾਂ ਬਈ, ਤੁਸੀਂ ਸੁਣਿਆ ਫੁਲਕਿਆਂ 'ਤੇ ਸੁਆਹ ਬੜੀ ਲਾਉਂਦੇ ਹੋ ਤੇ ਸਬਜ਼ੀਆਂ 'ਚ ਆਲੂ ਬਹੁਤ ਪਾਉਂਦੇ ਹੋ। ਪਨੀਰ ਵਿਚ ਆਲੂ, ਪਾਲਕ ਵਿਚ ਆਲੂ, ਮਟਰਾਂ ਵਿਚ ਆਲੂ, ਗੋਭੀ ਵਿਚ ਆਲੂ, ਫਲੀਆਂ ਵਿਚ ਆਲੂ, ਛੋਲਿਆਂ ਵਿਚ ਆਲੂ, ਬੈਂਗਣਾਂ ਵਿਚ ਆਲੂ, ਮੀਟ ਵਿਚ ਆਲੂ ਤੇ ਆਲੂਆਂ ਵਿਚ ਆਲੂ...।"

ਆਲੂਆਂ ਵਿਚ ਆਲੂ ਵਾਲੀ ਗੱਲ ਸੁਣ ਕੇ ਮੁੰਡੇ ਹੱਸ ਪਏ ਪਰ ਠੇਕੇਦਾਰ ਨੇ ਸਫਾਈ ਦਿੱਤੀ, "ਹਾਂ ਜੀ, ਹੁਣ ਦਮ ਆਲੂ ਦੀ ਸਬਜ਼ੀ ਵਿਚ ਤਾਂ ਆਲੂਆਂ 'ਚ ਆਲੂ ਹੀ ਪੈਣੇ ਹੋਏ।"

ਸਾਨੂੰ ਵੀ ਚੇਤੇ ਆਇਆ ਕਿ ਦਮ ਆਲੂ ਵਾਲੀ ਇਹ ਗੱਲ ਠੀਕ ਸੀ ਕਿਉਂਕਿ ਚੀਨੀ ਦੀ ਪਲੇਟ ਵਿਚ ਇਕ ਵੱਡਾ ਸਾਰਾ ਆਲੂ ਜਿਸ ਵਿਚ ਮੋਰੀਆਂ ਕਰਕੇ ਮਸਾਲਾ ਭਰਿਆ ਹੁੰਦਾ ਤੇ ਨਾਲ ਨਿੱਕੇ ਨਿੱਕੇ ਹੋਰ ਆਲੂ ਰੱਖੇ ਹੁੰਦੇ, ਇਹ ਸੀ ਦਮ ਆਲੂ ਦੀ ਸਬਜ਼ੀ।

ਡਾ. ਤਿਵਾੜੀ ਫਿਰ ਬੋਲੇ, "ਨਹੀਂ ਬਈ, ਆਲੂ ਘੱਟ ਪਾਇਆ ਕਰੋ, ਆਲੂਆਂ ਵਿਚ ਵੀ।"

ਡਾ. ਕੇਸਰ ਸਿੰਘ ਕੇਸਰ ਪੰਜਾਬੀ ਦੀ ਐਮ ਏ ਦੇ ਪਹਿਲੇ ਸਾਲ ਸਾਨੂੰ ਗਲਪ ਦਾ ਵਿਸ਼ਾ ਪੜ੍ਹਾਇਆ ਕਰਦੇ ਸਨ। ਵਿਦਿਆਰਥੀਆਂ ਨਾਲ ਸੰਜੀਦਾ ਰਹਿਣਾ ਪਰ ਮੌਜ ਆਈ 'ਤੇ ਹਾਸਾ ਠੱਠਾ ਵੀ ਕਰ ਲੈਣਾ। ਉਨ੍ਹਾਂ ਦੇ ਵਿਸ਼ੇ ਵਿਚ ਕੁਝ ਪੁਸਤਕਾਂ ਕੋਰਸ ਵਿਚ ਲੱਗੀਆਂ ਹੋਈਆਂ ਸਨ। ਡਾ. ਕੇਸਰ ਸਿੰਘ ਦੀ ਵਿਦਿਆਰਥੀਆਂ ਨੂੰ ਹਦਾਇਤ ਹੁੰਦੀ ਕਿ ਜਦੋਂ ਕਿਸੇ ਇਕ ਕਿਤਾਬ ਬਾਰੇ ਚਰਚਾ ਚੱਲ ਰਹੀ ਹੋਵੇ ਤਾਂ ਵਿਦਿਆਰਥੀ ਉਹ ਜ਼ਰੂਰ ਆਪਣੇ ਨਾਲ ਲੈ ਕੇ ਆਉਣ। ਕਿਸੇ ਕਿਤਾਬ 'ਤੇ ਚਰਚਾ ਚੱਲ ਰਹੀ ਸੀ ਤਾਂ ਉਨ੍ਹਾਂ ਕੁਝ ਵਿਦਿਆਰਥੀਆਂ ਨੂੰ ਕਿਤਾਬ ਨਾ ਹੋਣ 'ਤੇ ਟੋਕਿਆ। ਅਗਲੇ ਦਿਨ ਇਨ੍ਹਾਂ ਵਿਚੋਂ ਹੀ ਇਕ ਕੁੜੀ ਹਰਚਰਨ ਕਿਤਾਬ ਨਾ ਲੈ ਕੇ ਆਈ। ਡਾ. ਕੇਸਰ ਨੇ ਜਦੋਂ ਪੁੱਛਿਆ ਤਾਂ ਉਸ ਦੇ ਮੂੰਹੋਂ ਸਹਿਜ ਸੁਭਾਅ ਨਿਕਲ ਗਿਆ, "ਡਾਕਟਰ ਸਾਬ੍ਹ ਕੌਣ ਭਾਰ ਚੁੱਕੀ ਫਿਰੇ।"

ਡਾ. ਕੇਸਰ ਨੇ ਥੋੜ੍ਹਾ ਗੁੱਸੇ ਅਤੇ ਥੋੜ੍ਹਾ ਵਿਅੰਗ ਨਾਲ ਪਿੰਡਾਂ ਤੋਂ ਆਈ ਹਰਚਰਨ ਨੂੰ ਕਿਹਾ, "ਹਾਂ ਬੀਬਾ ਹੁਣ ਤੈਨੂੰ ਕਿਤਾਬਾਂ ਦਾ ਵੀ ਭਾਰ ਲੱਗਣ ਲੱਗ ਪਿਆ। ਮਾਪਿਆਂ ਯੂਨੀਵਰਸਿਟੀ ਭੇਜਣ ਦੀ ਥਾਂ ਕਿਸੇ ਜੱਟ ਦੇ ਵਿਆਹੀ ਹੁੰਦੀ ਤਾਂ ਸਿਰ 'ਤੇ ਤੇਰੇ ਟੋਕਰਾ ਗੋਹੇ ਦਾ ਰੱਖਿਆ ਹੋਣਾ ਸੀ ਜਾਂ ਫਿਰ ਪੰਡ ਪੱਠਿਆਂ ਦੀ।"

ਡਾਕਟਰ ਸਾਹਿਬ ਦੀ ਗੱਲ ਸੁਣ ਕੇ ਵਿਦਿਆਰਥੀ ਹੱਸ ਪਏ। ਡਾ. ਕੇਸਰ ਫਿਰ ਬੋਲੇ, "ਮੇਰੀ ਗੱਲ ਗਲਤ ਨਹੀਂ ਹੈ। ਮਾਪਿਆਂ ਤੁਹਾਨੂੰ ਪਤਾ ਨਹੀਂ ਕਿਹੜੇ ਜਫਰ ਜਾਲ ਕੇ ਪੜ੍ਹਨ ਭੇਜਿਆ ਹੈ। ਇਥੇ ਤੁਹਾਨੂੰ ਹੱਗਣ ਨੂੰ ਵੀ ਚੀਨੀ ਦਾ ਭਾਂਡਾ ਮਿਲਦੈ, ਹੁਣ ਤੁਹਾਨੂੰ ਆਉਂਦੀਆਂ ਗੱਲਾਂ।"

ਵਿਦਿਆਰਥੀ ਕੱਚੇ ਜਿਹੇ ਹੋ ਗਏ ਪਰ ਅੱਗੋਂ ਨਾ ਤੇ ਕੋਈ ਵਿਦਿਆਰਥੀ ਕਿਤਾਬ ਹੀ ਭੁੱਲਿਆ ਤੇ ਨਾ ਹੀ ਡਾ. ਕੇਸਰ ਨੇ ਕਿਸੇ ਨੂੰ ਟੋਕਿਆ ਹੀ।

ਐਮ ਏ ਅਤੇ ਫਿਰ ਐਮ ਫਿਲ ਕਰਨ ਤੋਂ ਬਾਅਦ ਸਾਲ ਖੰਡ ਅਖੌਤੀ ਰਿਸਰਚ ਵਿਚ ਲਾਉਣ ਤੋਂ ਬਾਅਦ ਮੈਂ ਟ੍ਰਿਬਿਊਨ ਦੀ ਨੌਕਰੀ ਕਰਨ ਲੱਗ ਪਿਆ ਸਾਂ। ਪਰ ਕਿਸੇ ਨਾ ਕਿਸੇ ਬਹਾਨੇ ਚਾਚੇ ਗੁਲਾਟੀ ਦੀ ਕੰਟੀਨ ਦਾ ਗੇੜਾ ਲੱਗ ਹੀ ਜਾਂਦਾ। ਇਕ ਵਾਰ ਚਾਚੇ ਗੁਲਾਟੀ ਦੀ ਕੰਟੀਨ ਬਾਰੇ ਕੁਝ ਲਿਖਿਆ ਸੀ, ਜੋ ਪੰਜਾਬੀ ਟ੍ਰਿਬਿਊਨ ਵਿਚ ਉਸ ਦੀ ਫੋਟੋ ਸਮੇਤ ਛਪਿਆ ਵੀ ਸੀ। ਟ੍ਰਿਬਿਊਨ ਦੀ ਨੌਕਰੀ ਕਰਦਿਆਂ ਹੀ ਮੈਂ ਪੰਜਾਬ ਯੂਨੀਵਰਸਿਟੀ ਵਿਚ ਜਰਨਲਿਜ਼ਮ ਦਾ ਕੋਰਸ ਜੁਆਇਨ ਕਰ ਲਿਆ। ਇਸ ਵਿਭਾਗ ਨੂੰ ਵੀ ਕੰਟੀਨ ਚਾਚੇ ਗੁਲਾਟੀ ਦੀ ਹੀ ਲੱਗਦੀ ਸੀ ਪਰ ਪੜ੍ਹਾਈ ਦਾ ਕੰਮ ਬਹੁਤਾ ਹੋਣ ਕਰਕੇ ਵਿਦਿਆਰਥੀ ਉਸ ਤਰ੍ਹਾਂ ਦੇ ਜਸ਼ਨ ਨਹੀਂ ਸਨ ਮਨਾ ਪਾਉਂਦੇ ਜਿਸ ਤਰ੍ਹਾਂ ਦੇ ਕਿ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਭਾਗ ਦੇ ਵਿਦਿਆਰਥੀ। ਸਾਡੇ ਨਾਲ ਲੁਧਿਆਣੇ ਦੀ ਇਕ ਕੁੜੀ ਪੜ੍ਹਦੀ ਹੁੰਦੀ ਸੀ-ਸਰੀਤਾ ਭੋਗਲ। ਮਸੀਂ ਚਾਰ ਫੁੱਟ ਗਿਆਰਾਂ ਇੰਚ। ਗੋਭਲੀ ਜਿਹੀ, ਇਕ ਗੁੱਡੀ ਲੱਗਦੀ। ਸਬੱਬੀ ਅਸੀਂ ਦੋ ਦਿਨ ਲਗਾਤਾਰ ਚਾਚੇ ਗੁਲਾਟੀ ਦੀ ਕੰਟੀਨ 'ਤੇ ਇਕੱਠਿਆਂ ਚਾਹ ਪੀਣ ਚਲੇ ਗਏ। ਤੀਜੇ ਦਿਨ ਜਦੋਂ ਮੈਂ ਵਿਭਾਗ ਜਾਣ ਲਈ ਸਕੂਟਰ ਖੜ੍ਹਾ ਕਰ ਕੇ ਚਾਚੇ ਗੁਲਾਟੀ ਦੀ ਕੰਟੀਨ ਅੱਗਿਓਂ ਲੰਘਿਆ ਤਾਂ ਉਸ ਉਚੀ ਆਵਾਜ਼ ਮਾਰ ਕੇ ਬੁਲਾ ਲਿਆ ਤੇ ਆਖਿਆ, "ਓਏ ਤੇਰੇ ਨਾਲ ਤਾਂ ਕੋਈ ਹੋਰ ਕੁੜੀ ਹੁੰਦੀ ਸੀ। ਇਹ ਕਿਹਨੂੰ ਗੰਢ ਜਿਹੀ ਨੂੰ ਲਈ ਫਿਰਦਾਂ?" ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਿ ਪਾਉਂਦਾ, ਉਹ ਫਿਰ ਬੋਲਿਆ, "ਮੈਂ ਜੇ ਮੁੜ ਕੇ ਤੈਨੂੰ ਇਹਦੇ ਨਾਲ ਵੇਖ ਲਿਆ ਤਾਂ ਤੱਤੀ ਤੱਤੀ ਚਾਹ ਤੇਰੇ ਸਿਰ 'ਚ ਪਾ ਦੇਣੀ ਆ।" ਮੈਂ ਚਾਚੇ ਨੂੰ ਸਫਾਈਆਂ ਹੀ ਦਿੰਦਾ ਰਹਿ ਗਿਆ ਕਿ ਚਾਚਾ ਮੇਰਾ ਇਸ ਦੇ ਨਾਲ ਇਹੋ ਜਿਹਾ ਕੋਈ ਚੱਕਰ ਨਹੀਂ, ਜਿੱਦਾਂ ਦਾ ਤੂੰ ਸੋਚਦਾਂ। ਮੇਰਾ ਤੇ ਜਿਸ ਕੁੜੀ ਤੂੰ ਗੱਲ ਕਰਦੈਂ, ਉਸ ਨਾਲ ਵਿਆਹ ਹੋਏ ਨੂੰ ਵੀ ਚਾਰ ਸਾਲ ਹੋ ਗਏ ਆ ਤੇ ਇਕ ਮੁੰਡਾ ਵੀ ਆ। ਪਰ ਉਸ ਦੇ ਚਿਹਰੇ ਦਾ ਰੰਗ ਲਾਲ ਹੀ ਰਿਹਾ।



*ਰਘਬੀਰ ਸਿੰਘ ਘੁੰਨ ਦੀ ਇਕ ਹਾਲੀਆ ਫੋਟੋ*

ਚਾਚਾ ਗੁਲਾਟੀ ਜਿਵੇਂ ਇਕ ਸੂਤਰਧਾਰ ਸੀ, ਉਸ ਨੂੰ ਚੇਤੇ ਕਰਕੇ ਯੂਨੀਵਰਸਿਟੀ ਨਾਲ ਜੁੜਿਆ ਕਈ ਕੁਝ ਹੋਰ ਵੀ ਚੇਤੇ ਆਉਂਦਾ ਹੈ। ਉਹ ਕਦੀ ਫਿਰ ਸਹੀ।

(ਚਲਦਾ)


# ਨਾਨਕ ਦੀਆਂ ਗੁੱਝੀਆਂ ਰਮਜ਼ਾਂ ਨੂੰ ਬੇਸਮਝ ਜ਼ਮਾਨਾ ਕੀ ਜਾਣੇ...

*'ਪੰਜਾਬ ਟਾਈਮਜ਼' ਦੇ ਸੰਗੀ ਮਝੈਲ ਸਿੰਘ ਸਰਾਂ ਨੇ ਲੰਮੇ ਵਕਫੇ ਪਿੱਛੋਂ ਇਹ ਲੇਖ ਭੇਜਿਆ ਹੈ। ਇਸ ਲੇਖ ਵਿਚ ਉਨ੍ਹਾਂ ਸੱਚੇ ਸੌਦੇ ਵਾਲੀ ਸਾਖੀ ਬਾਰੇ ਐਨ ਵੱਖਰੇ ਕੋਣ ਤੋਂ ਗੱਲ ਕੀਤੀ ਹੈ। ਪੰਜਾਬ ਵਿਚ ਅਤੇ ਬਾਹਰ ਡੇਰਿਆਂ ਦੇ ਨਾਂ 'ਤੇ ਅੱਜਕੱਲ੍ਹ ਜੋ ਕੁਝ ਹੋ ਰਿਹਾ ਹੈ, ਉਸ ਦੇ ਮੱਦੇਨਜ਼ਰ ਲੇਖਕ ਵੱਲੋਂ ਰੱਖੇ ਦ੍ਰਿਸ਼ਟੀਕੋਣ ਦਾ ਬਹੁਤ ਜ਼ਿਆਦਾ ਮਹੱਤਵ ਬਣਦਾ ਹੈ। ਅਸੀਂ ਚਾਹੁੰਦੇ ਹਾਂ ਕਿ ਸਾਡੇ ਪਾਠਕ ਇਸ ਬਾਰੇ ਆਪਣੇ ਵਿਚਾਰ ਖੁੱਲ੍ਹ ਕੇ ਸਾਹਮਣੇ ਰੱਖਣ। ਅਦਾਰੇ ਨੇ ਪਹਿਲਾਂ ਵੀ ਲੋਕ ਹਿਤਾਂ ਨਾਲ ਜੁੜੇ ਮੁੱਦਿਆਂ ਬਾਰੇ ਅਕਸਰ ਚਰਚਾ ਛੇੜੀ ਹੈ ਤੇ ਇਸ ਸਬੰਧੀ ਪਾਠਕਾਂ ਅਤੇ ਵਿਦਵਾਨਾਂ ਦਾ ਭਰਪੂਰ ਹੁੰਗਾਰਾ ਵੀ ਮਿਲਦਾ ਰਿਹਾ ਹੈ। ਸ. ਸਰਾਂ ਦਾ ਇਹ ਲੇਖ ਅਸਲ ਵਿਚ ਸਿੱਖੀ ਦੀ ਅਜੋਕੀ ਦਸ਼ਾ ਅਤੇ ਦਿਸ਼ਾ ਉਤੇ ਗੰਭੀਰ ਟਿੱਪਣੀ ਹੈ। ਗੁਰਬਾਣੀ ਵਿਚ ਆਏ ਵਿਚਾਰ 'ਕਿਛੁ ਸੁਣੀਐ ਕਿਛੁ ਕਹੀਐ' ਤਹਿਤ ਇਨ੍ਹਾਂ ਵਿਚਾਰਾਂ ਬਾਰੇ ਚਰਚਾ ਹੋਣੀ ਚਾਹੀਦੀ ਹੈ। -ਸੰਪਾਦਕ*

**ਮਝੈਲ ਸਿੰਘ ਸਰਾਂ**

ਗੀਤ ਦੇ ਇਹ ਬੋਲ ਛੋਟੇ ਹੁੰਦਿਆਂ ਤਵੇ ਵਾਲੇ ਰਿਕਾਰਡਾਂ ਉਤੇ ਲਾਊਡ ਸਪੀਕਰਾਂ 'ਤੇ ਸੁਣਦੇ ਸਾਂ। ਥੋੜ੍ਹਾ ਚਿਰ ਪਹਿਲਾਂ ਮੇਰੇ ਇਕ ਦੋਸਤ ਨੇ ਫੇਸਬੁੱਕ 'ਤੇ ਇਹੋ ਗੀਤ ਮੇਰੇ ਨਾਲ ਸਾਂਝਾ ਕੀਤਾ। ਚਰਨ ਸਿੰਘ ਸਫਰੀ ਦਾ ਲਿਖਿਆ, ਸਰੂਪ ਸਿੰਘ ਸਰੂਪ ਦੀ ਆਵਾਜ਼ ਵਿਚ ਇਹ ਗੀਤ ਧੁਰ ਅੰਦਰ ਮਿਸ਼ਰੀ ਘੋਲਦਾ ਹੈ। ਬੱਸ, ਦੋ ਕੁ ਸਾਧਾਰਨ ਜਿਹੇ ਸਾਜ਼ਾਂ ਨਾਲ ਅਜਿਹੀ ਟੁਣਕਵੀਂ ਆਵਾਜ਼ ਹੈ ਕਿ ਮੁੜ-ਮੁੜ ਸੁਣਨ ਨੂੰ ਜੀਅ ਕਰਦਾ ਹੈ। ਇਕ ਦਿਨ ਇਹ ਗੀਤ ਸੁਣ ਕੇ ਹਟਿਆ ਹੀ ਸਾਂ ਕਿ ਇਹਦੇ ਇਨ੍ਹਾਂ ਬੋਲਾਂ ਵੱਲ ਵਧੇਰੇ ਧਿਆਨ ਚਲਾ ਗਿਆ ਕਿ ਬਾਬੇ ਨਾਨਕ ਦੀਆਂ ਉਹ ਕਿਹੜੀਆਂ ਗੁੱਝੀਆਂ ਰਮਜ਼ਾਂ ਹੋਈਆਂ, ਜਿਹੜੀਆਂ ਜ਼ਮਾਨੇ ਦੇ ਸਮਝ ਨਹੀਂ ਆਈਆਂ। ਬਾਬਾ ਤਾਂ ਲੋਕਾਈ ਤੋਂ ਕੁਝ ਵੀ ਗੁੱਝਾ ਨਹੀਂ ਸੀ ਰੱਖਦਾ। ਉਹ ਤਾਂ ਸਗੋਂ ਜ਼ਮਾਨੇ ਨੂੰ ਸਮਝਾਉਣ ਆਇਆ ਸੀ ਕਿ ਹੱਥੀਂ ਕਿਰਤ ਕਰਦਿਆਂ ਰੱਬ ਦਾ ਨਾਮ ਵੀ ਸੌਖਿਆਂ ਜਾਪਿਆ ਜਾ ਸਕਦਾ ਹੈ। ਵਿਹਲੜ ਬੰਦੇ ਬਾਬੇ ਨਾਨਕ ਨੂੰ ਭਾਉਂਦੇ ਹੀ ਨਹੀਂ ਸਨ। ਉਹ ਸਦਾ ਕਿਰਤੀਆਂ ਦੇ ਅੰਗ-ਸੰਗ ਆਪ ਵੀ ਕਿਰਤੀ ਬਣ ਕੇ ਰਹੇ। ਬਾਬੇ ਦਾ ਤਾਂ ਹਰ ਕਰਮ ਹੀ ਬੜਾ ਸਿੱਧਾ ਤੇ ਸਪੱਸ਼ਟ ਹੁੰਦਾ ਸੀ। ਮਾਪੇ ਜੰਞੂ ਪਾਉਣ ਲੱਗੇ ਤਾਂ ਬਾਲ ਉਮਰੇ ਹੀ ਨਾਨਕ ਨੇ ਜਨੇਊ ਸਬੰਧੀ ਉਹ ਕੁਝ ਦੱਸਿਆ ਜਿਹੜਾ ਪੰਡਿਤਾਂ, ਪੁਰੋਹਿਤਾਂ ਦੇ ਖੁਆਬ ਵਿਚ ਵੀ ਨਹੀਂ ਸੀ। ਮੌਲਵੀ ਤੇ ਪੰਡਿਤ ਕੋਲ ਪੜ੍ਹਨ ਭੇਜਿਆ ਤਾਂ ਜਿਹੜੀ ਪੜ੍ਹਾਈ ਬਾਬਾ ਪੜ੍ਹਨ ਨੂੰ ਕਹੇ, ਉਸ ਤੋਂ ਵਿਦਵਾਨ ਮੌਲਵੀ ਤੇ ਪੰਡਿਤ ਆਪ ਸੱਖਣੇ ਸੀ। ਬਾਪ ਨੇ ਰਕਮ ਦਿੱਤੀ ਕਿ ਪੁੱਤ ਵਪਾਰਕ ਕਿੱਤੇ ਵਿਚ ਪੈ ਜਾਵੇ ਤਾਂ ਕਹਿੰਦੇ ਨੇ...ਨਾਨਕ ਭੁੱਖੇ ਸਾਧੂ-ਸੰਤਾਂ ਨੂੰ ਭੋਜਨ ਛਕਾਉਣ 'ਤੇ ਖਰਚ ਆਏ। ਉਹਨੇ ਬਾਪ ਦਾ ਗੁੱਸੇ ਵਿਚ ਵੱਜਿਆ ਥੱਪੜ ਵੀ ਸਾਰੇ ਲੋਕਾਂ ਦੇ ਸਾਹਮਣੇ ਮੂੰਹ 'ਤੇ ਜਰ ਲਿਆ, ਤੇ ਇਕੋ ਲਫ਼ਜ਼ ਕਿਹਾ ਕਿ 'ਖਰਾ ਸੌਦਾ' ਕਰ ਲਿਆ ਹੈ। ਪਿਛਲੀ ਉਮਰੇ ਖੇਤੀ ਕੀਤੀ ਤਾਂ ਇਸ ਵਿਚ ਵੀ ਹੱਥੀਂ ਕਿਰਤ ਕਰਨ ਦਾ ਸਪਸ਼ਟ ਸੁਨੇਹਾ ਸੀ। ਮੇਰੇ ਮਨ ਵਿਚ ਆਇਆ ਕਿ ਇਹ ਗੀਤ ਤਾਂ ਬੱਸ, ਬੋਲਾਂ ਤੋਂ ਸਿਵਾਏ ਹੋਰ ਕੁਝ ਨਹੀਂ। ਉਂਜ, ਦਿਮਾਗ ਦੇ ਕਿਸੇ ਕੋਨੇ ਵਿਚ ਬੂੜੀਆ ਅੜਿਆ ਜ਼ਰੂਰ ਪਿਆ ਸੀ ਕਿ ਚਰਨ ਸਿੰਘ ਸਫ਼ਰੀ ਵਰਗਾ ਸਿੱਖੀ ਨੂੰ ਸਮਰਪਿਤ ਗੀਤਕਾਰ ਐਵੇਂ ਤਾਂ ਗੀਤ ਲਿਖ ਨਹੀਂ ਗਿਆ। ਕੋਈ ਗੱਲ ਤਾਂ ਜ਼ਰੂਰ ਹੋਣੀ ਹੈ ਜਿਹੜੀ ਮੇਰੀ ਛੋਟੀ ਮਤ ਦੇ ਗੇੜ 'ਚ ਨਹੀਂ ਆਈ।

...ਤੇ ਹੁਣ ਇਕ ਸੰਤ ਮਹਾਂਪੁਰਸ਼ ਦੇ ਬਚਨ ਸੁਣਨ ਨੂੰ ਮਿਲੇ ਜਿਸ ਵਿਚ ਬਾਬੇ ਨਾਨਕ ਦੀ ਸਿਫ਼ਤ-ਸਲਾਹ ਕੀਤੀ ਗਈ ਸੀ। ਬਾਬੇ ਦੀ ਬਾਣੀ ਦੇ ਸ਼ਬਦ ਵੀ ਪੜ੍ਹ ਕੇ ਸੁਣਾਏ ਤੇ ਉਨ੍ਹਾਂ ਦੇ ਜੀਵਨ ਬਾਰੇ ਵੀ ਬੜਾ ਕੁਝ ਦੱਸਿਆ। ਕੰਨਾਂ ਨੂੰ ਸੁਣਨ ਨੂੰ ਬਹੁਤ ਚੰਗਾ ਲੱਗਾ। ਦਰਅਸਲ, ਗੁਰੂ ਨਾਨਕ ਨਾਮ ਹੈ ਹੀ ਅਜਿਹਾ ਕਿ ਜ਼ੁਬਾਨ 'ਤੇ ਆਉਣ ਸਾਰ, ਤੇ ਕੰਨਾਂ ਵਿਚ ਪੈਣ ਸਾਰ ਇਨਸਾਨ ਹੌਲਾ ਫੁੱਲ ਹੋ ਜਾਂਦਾ ਹੈ। ਇਨ੍ਹਾਂ ਮਹਾਂਪੁਰਸ਼ਾਂ ਦੇ ਬਚਨ ਸੁਣਦਿਆਂ ਮੇਰੇ ਮਨ ਵਿਚ ਉਪਰ ਵਾਲੇ ਗੀਤ ਦੇ ਬੋਲ ਵੀ ਆ ਗਏ ਤੇ ਥੋੜ੍ਹੀਆਂ ਜਿਹੀਆਂ ਗੁੱਝੀਆਂ ਰਮਜ਼ਾਂ ਵੀ ਟਿਮਕਣ ਲੱਗੀਆਂ ਜਿਹੜੀਆਂ ਪਹਿਲਾਂ ਪਕੜ ਵਿਚ ਨਹੀਂ ਸਨ ਆ ਰਹੀਆਂ, ਜਾਂ ਇਹ ਕਹਿ ਲਈਏ ਕਿ ਅਸੀਂ ਉਹ ਸਮਝਣੀਆਂ ਚਾਹੁੰਦੇ ਹੀ ਨਹੀਂ; ਕਿਉਂਕਿ ਸਾਨੂੰ ਕਰਾਮਾਤੀ ਬਾਬਾ ਨਾਨਕ ਹੀ ਪਸੰਦ ਹੈ; ਜਿਹੜਾ ਕਹੇ ਕਿ 'ਮਰਦਾਨਿਆ ਮੀਟ ਅੱਖਾਂ' ਤੇ ਭਾਈ ਮਰਦਾਨਾ ਅੱਖਾਂ ਮੀਟ ਲਵੇ; ਤੇ ਅਗਲੇ ਪਲ ਬਾਬਾ ਨਾਨਕ ਕਹੇ 'ਮਰਦਾਨਿਆਂ ਖੋਲ੍ਹ ਅੱਖਾਂ' ਤੇ ਭਾਈ ਮਰਦਾਨਾ ਅੱਖਾਂ ਖੋਲ੍ਹਦੇ ਸਾਰ ਦੇਖੇ ਕਿ ਸੈਂਕੜੇ ਮੀਲ ਦਾ ਸਫ਼ਰ ਤੈਅ ਹੋ ਗਿਆ ਹੈ। ਅਸੀਂ ਕਦੇ ਨਹੀਂ ਚਾਹੁੰਦੇ ਕਿ ਬਾਬਾ ਨਾਨਕ ਸਾਲਾਂਬੱਧੀ ਪਾਟੇ ਕੱਪੜਿਆਂ 'ਚ, ਟੁੱਟੀ ਜੁੱਤੀ ਤੇ ਕਦੇ ਨੰਗੇ ਪੈਰੀਂ ਵੀ ਕਈ-ਕਈ ਦਿਨ ਫਾਕੇ ਕੱਟਦਾ ਜੰਗਲਾਂ, ਮਾਰੂਥਲਾਂ, ਸਮੁੰਦਰਾਂ ਤੇ ਪਹਾੜਾਂ ਵਿਚ ਅਤਿ ਦੀ ਗਰਮੀ, ਲੋਹੜੇ ਦਾ ਕੱਕਰ, ਹਨ੍ਹੇਰੀਆਂ-ਝਾਂਜਿਆਂ 'ਚ ਫਿਰਦਾ ਗਰੀਬੜੇ ਜਿਹੇ ਲਾਲੋ ਦੇ ਕੱਚੇ ਕੋਠੇ 'ਚ ਭੁੰਜੇ ਬਹਿ ਕੇ ਹੱਥ ਤੇ ਰੱਖ ਕੇ ਸੁੱਕੀ ਰੋਟੀ ਖਾਂਦਾ ਹੋਵੇ। ਅਸੀਂ ਤਾਂ ਰਹਿਬਰੀ ਲੀੜਿਆਂ ਵਿਚ ਸਜੇ ਬਾਬੇ ਨਾਨਕ ਦੇ ਇਕ ਹੱਥ ਵਿਚੋਂ ਦੁੱਧ ਅਤੇ ਦੂਜੇ ਵਿਚੋਂ ਲਹੂ ਨਿਕਲਦਾ ਦੇਖ ਕੇ ਹੀ ਵਾਹਿਗੁਰੂ ਵਾਹਿਗੁਰੂ ਕਰਨਾ ਚਾਹੁੰਦੇ ਹਾਂ। ਬਾਬੇ ਨਾਨਕ ਦਾ ਕਿਰਤੀ ਨਾਲੋਂ ਸੰਤ ਰੂਪ ਸਾਡੀਆਂ ਅੱਖਾਂ ਨੂੰ ਜ਼ਿਆਦਾ ਪੋਹਦਾ ਹੈ। ਅਸਲ ਵਿਚ ਅਸੀਂ ਸ਼ਰਧਾਵਾਨ ਸਿੱਖ ਉਸੇ ਸੰਤ ਮਹਾਂਪੁਰਸ਼ ਜੋ ਕਥਾ ਜਾਂ ਸਾਖੀ ਸੁਣਾਉਂਦਾ ਹੁੰਦਾ ਹੈ, ਵਿਚੋਂ ਹੀ ਬਾਬੇ ਨਾਨਕ ਦਾ ਝਲਕਾਰਾ ਲੱਭਦੇ ਹਾਂ। ਉਸ ਦੀ ਪੇਸ਼ਕਾਰੀ ਇੰਨੀ ਮੋਹਿਤ ਕਰਨ ਵਾਲੀ ਹੁੰਦੀ ਹੈ ਕਿ ਅਸੀਂ ਕੀਲੇ ਜਾਂਦੇ ਹਾਂ, ਤੇ ਮੱਲੋਮੱਲੀ ਉਸ ਸੰਤ ਦੇ ਪੈਰ ਛੂਹ ਲੈਂਦੇ ਹਾਂ।



ਗੁਰੂ ਨਾਨਕ ਦੀ ਸੱਚਾ ਸੌਦਾ ਸਾਖੀ ਦਾ ਜ਼ਿਕਰ ਅਕਸਰ ਹੀ ਗੁਰਦੁਆਰਿਆਂ ਦੇ ਦੀਵਾਨਾਂ ਵਿਚ ਹੁੰਦਾ ਹੈ। ਸਾਖੀ ਮੁਤਾਬਕ ਜਦੋਂ ਬਾਬੇ ਨਾਨਕ ਨੇ ਕਈ ਦਿਨਾਂ ਤੋਂ ਭੁੱਖੇ ਸੰਤ-ਸਾਧੂ ਦੇਖੇ ਤਾਂ ਉਨ੍ਹਾਂ ਦਾ ਭੁੱਖ ਨਾਲ ਹੋਇਆ ਬੁਰਾ ਹਾਲ ਬਾਬੇ ਤੋਂ ਝੱਲਿਆ ਨਾ ਗਿਆ ਤੇ ਉਸ ਨੇ 20 ਰੁਪਏ ਦੀ ਸਾਰੀ ਰਕਮ ਦਾ ਰਾਸ਼ਨ ਉਨ੍ਹਾਂ ਭੁੱਖੇ ਸਾਧੂਆਂ ਨੂੰ ਖੁਆ ਦਿੱਤਾ। ਹੁਣ ਤਾਂ ਇਹ ਵੀ ਪ੍ਰਚਾਰਿਆ ਜਾਂਦਾ ਹੈ ਕਿ ਬਾਬਾ ਨਾਨਕ ਉਹ 20 ਰੁਪਏ ਸੰਤਾਂ ਨੂੰ ਖੁਆ ਕੇ ਸਿੱਖਾਂ ਲਈ ਐਫ. ਡੀ. ਕਰ ਗਏ ਜਿਸ ਦੇ ਵਿਆਜ ਵਿਚੋਂ ਸਿੱਖਾਂ ਦੇ ਲੰਗਰ ਹੁਣ ਤੱਕ ਚੱਲੀ ਜਾਂਦੇ ਹਨ।

ਉਂਜ, ਜਿਹੜੀ ਗੱਲ ਮੈਂ ਪਹਿਲੀ ਵਾਰੀ ਸੁਣੀ, ਉਹ ਮੈਨੂੰ ਪਹਿਲੀਆਂ ਨਾਲੋਂ ਕੁਝ ਹਟਵੀਂ ਲੱਗੀ। ਸੰਤ ਮਹਾਂਪੁਰਸ਼ ਨੇ ਦੱਸਿਆ ਕਿ ਉਹ ਸੰਤ ਮੰਡਲੀ ਆਮ ਨਹੀਂ ਸੀ, ਸਗੋਂ ਉਸ ਵਿਚ ਖੁਦ ਕਰਤਾਰ, ਭਾਵ ਰੱਬ ਆਇਆ ਸੀ ਤਾਂ ਕਿ ਗੁਰੂ ਨਾਨਕ ਸਾਹਿਬ ਨੂੰ ਪਰਖਿਆ ਜਾਵੇ ਕਿ ਜਿਸ ਮਕਸਦ ਲਈ ਉਹਨੂੰ ਦੁਨੀਆਂ ਵਿਚ ਭੇਜਿਆ ਸੀ, ਕੀ ਅਜੇ ਵੀ ਉਹ ਉਸ 'ਤੇ ਕਾਇਮ ਹੈ? ਜਦ ਬਾਬੇ ਨਾਨਕ ਨੇ ਉਹ 20 ਰੁਪਏ ਦੀ ਰਕਮ ਉਨ੍ਹਾਂ ਨੂੰ ਖੁਆ ਦਿੱਤੀ ਤਾਂ ਉਸ 'ਸੰਤ ਮੰਡਲੀ ਰੱਬ' ਨੇ ਬਾਬੇ ਨਾਨਕ ਨੂੰ ਪਾਸ ਕਰ ਦਿੱਤਾ, ਭਾਵ ਉਨ੍ਹਾਂ ਭੁੱਖੇ ਤੇ ਵਿਹਲੜ ਸਾਧਾਂ ਦਾ ਦਰਜਾ ਗੁਰੂ ਨਾਨਕ ਸਾਹਿਬ ਤੋਂ ਉਪਰ ਦੱਸਿਆ ਗਿਆ ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਗੁਰੂ ਨਾਨਕ ਨੇ ਸੁੱਚੀ ਕਿਰਤ ਦਾ ਸੁਨੇਹਾ ਇਸ ਜਗਤ ਨੂੰ ਦਿੱਤਾ। ਉਨ੍ਹਾਂ ਦੇ ਪਿਤਾ ਮਹਿਤਾ ਕਾਲੂ ਕਿੱਤੇ ਵਜੋਂ ਪਟਵਾਰੀ ਸਨ ਤੇ ਉਨ੍ਹਾਂ ਦੇ ਘਰ ਵਿਚ ਜ਼ਰੂਰਤ ਦੀ ਹਰ ਸ਼ੈ ਦੀ ਬਹੁਤਾਤ ਹੁੰਦੀ ਹੋਵੇਗੀ, ਜਦੋਂ ਕਿ ਇਲਾਕੇ ਦੇ ਆਮ ਕਿਸਾਨਾਂ ਦੀ ਆਰਥਿਕ ਹਾਲਤ ਪਤਲੀ ਸੀ ਤੇ ਨਿਆਣੀ ਉਮਰੇ ਨਾਨਕ ਨੇ ਇਹ ਆਪਣੀਆਂ ਅੱਖਾਂ ਨਾਲ ਦੇਖਿਆ ਹੋਣਾ ਕਿ ਬਾਪ ਦੀ ਪਟਵਾਰੀ ਦੀ ਹੈਸੀਅਤ ਹੋਣ ਸਦਕਾ ਤਲਵੰਡੀ ਦਾ ਹਰ ਕਿਸਾਨ ਕੁਝ ਨਾ ਕੁਝ ਉਨ੍ਹਾਂ ਦੇ ਘਰ ਭੇਜਦਾ ਹੈ, ਭਾਵੇਂ ਉਨ੍ਹਾਂ ਦੇ ਆਪਣੇ ਘਰ ਲੋੜੀਦੀਆਂ ਚੀਜ਼ਾਂ ਤੋਂ ਸੱਖਣੇ ਹੀ ਕਿਉਂ ਨਾ ਰਹਿੰਦੇ ਹੋਣ! ਮੈਂ ਨਹੀਂ ਕਹਿੰਦਾ ਕਿ ਮਹਿਤਾ ਕਾਲੂ ਜੀ ਰਿਸ਼ਵਤਖੋਰ ਸਨ, ਪਰ ਉਨ੍ਹਾਂ ਦਾ ਇਲਾਕੇ ਦਾ ਪਟਵਾਰੀ ਹੋਣਾ ਹੀ ਮਾਇਨੇ ਰੱਖਦਾ ਸੀ ਅਤੇ ਬਹੁਤ ਕੁਝ ਬਿਨਾਂ ਕੁਝ ਕੀਤੇ ਹੀ ਉਨ੍ਹਾਂ ਨੂੰ ਮਿਲ ਜਾਂਦਾ ਹੋਣਾ ਹੈ। ਫਿਰ ਬਾਬੇ ਨਾਨਕ ਦੀ ਇਲਾਹੀ ਨਜ਼ਰ ਇਸ ਨੂੰ ਸੱਚੀ ਕਿਰਤ ਕਦੋਂ ਮੰਨਦੀ ਹੋਣੀ ਹੈ?


ਜਦੋਂ ਬਾਪ ਨੇ ਪੁੱਤਰ ਨੂੰ ਵਪਾਰ ਵਿਚ ਪਾਉਣਾ ਚਾਹਿਆ ਤੇ 20 ਰੁਪਏ ਬਾਬੇ ਨਾਨਕ ਨੂੰ ਦਿੱਤੇ ਤਾਂ ਉਨ੍ਹਾਂ ਨੇ ਆਗਿਆਕਾਰੀ ਪੁੱਤਰ ਹੋਣ ਸਦਕਾ ਲੈ ਤਾਂ ਲਏ ਹੋਣੇ ਹਨ ਪਰ ਉਨ੍ਹਾਂ ਨੂੰ ਉਹ ਰਕਮ ਕਦੇ ਵੀ ਹੱਕ ਹਲਾਲ ਦੀ ਕਮਾਈ ਨਹੀਂ ਲੱਗੀ ਹੋਣੀ, ਜਿਸ ਨਾਲ ਬਾਬਾ ਕਦੇ ਵੀ ਵਪਾਰ ਕਰਨਾ ਨਹੀਂ ਚਾਹੁੰਦਾ ਹੋਣਾ। ਫਿਰ ਬਾਬੇ ਨੇ ਜੇ ਇਸ ਰਕਮ ਨਾਲ ਵਪਾਰ ਨਹੀਂ ਕਰਨਾ ਸੀ ਤਾਂ ਇਸ ਨੂੰ ਕਿਤੇ ਖਰਚਣ ਬਾਰੇ ਵੀ ਸੋਚਿਆ ਹੋਣਾ ਹੈ। ਬਾਬੇ ਨੇ ਤਾਂ ਇਸ ਰਕਮ ਨੂੰ ਕਿਸੇ ਲੋੜਵੰਦ ਟੱਬਰਦਾਰ ਨੂੰ ਵੀ ਦੇਣਾ ਮੁਨਾਸਬ ਨਹੀਂ ਸਮਝਿਆ, ਕਿਉਂਕਿ ਉਹਦੇ ਨਿਰਮਲ ਪੰਥ ਵਿਚ ਤਾਂ ਸਿਰਫ ਸੁੱਚੀ ਕਿਰਤ ਕਮਾਈ ਹੀ ਵੰਡ ਛਕਣ ਲਈ ਵਰਤੀ ਜਾਣੀ ਸੀ। ਫਿਰ ਚੂਹੜਕਾਣੇ ਸ਼ਹਿਰ ਦੇ ਬਾਹਰਵਾਰ ਇਹ (ਭੁੱਖੀ) ਸੰਤ ਮੰਡਲੀ ਮਿਲ ਗਈ ਤੇ ਉਨ੍ਹਾਂ ਨੇ ਫ਼ੈਸਲਾ ਕਰ ਲਿਆ ਹੋਣਾ ਹੈ ਕਿ ਇਸ ਰਕਮ ਦੇ ਸਹੀ ਹੱਕਦਾਰ ਇਹ ਵਿਹਲੜ ਸਾਧ ਹਨ। ਘਰ ਪਰਤ ਕੇ ਬਾਬੇ ਨਾਨਕ ਦਾ ਜਵਾਬ ਸੀ ਕਿ ਉਹ ਤਾਂ 'ਖਰਾ ਸੌਦਾ' ਕਰ ਆਏ ਹਨ। ਇਸ 'ਖਰੇ ਸੌਦੇ' ਵਿਚ ਹੀ ਬਾਬੇ ਦੀ ਗੁੱਝੀ ਰਮਜ਼ ਤਮਾਮ ਦੁਨੀਆਂ ਦੇ ਬਾਪਾਂ ਨੂੰ ਕਹਿ ਰਹੀ ਸੀ ਕਿ ਜੇ ਪੁੱਤਾਂ-ਧੀਆਂ ਨੂੰ ਨੇਕ ਇਨਸਾਨ ਬਣਾਉਣਾ ਹੈ, ਉਨ੍ਹਾਂ ਦਾ ਅੱਗਾ ਸੰਵਾਰਨਾ ਹੈ ਤਾਂ ਉਨ੍ਹਾਂ ਲਈ ਹੱਥੀਂ ਕੀਤੀ ਸੁੱਚੀ ਕਿਰਤ ਕਮਾਈ ਵਰਤੋ ਜਿਸ ਵਿਚ ਸਰਬਤ ਦਾ ਭਲਾ ਲੁਕਿਆ ਹੋਇਆ ਹੈ।

ਇਸ ਵਿਚੋਂ ਜਿਹੜੀ ਅਗਲੀ ਰਮਜ਼ ਸਾਡਾ ਬਾਬਾ ਨਾਨਕ ਦੱਸਣੀ ਚਾਹੁੰਦਾ ਹੋਣਾ ਹੈ, ਉਹ ਇਹ ਕਿ ਜਿਹੜਾ ਨਿਰਮਲ ਪੰਥ ਉਹਨੇ ਚਲਾਉਣਾ ਹੈ, ਉਸ ਮਾਰਗ 'ਤੇ ਚੱਲਣ ਵਾਲੇ ਭਲੀਭਾਂਤ ਇਹ ਸਮਝ ਜਾਣ ਕਿ ਉਨ੍ਹਾਂ ਨੂੰ ਜ਼ਿੰਦਗੀ ਵਿਚ ਰੱਬ ਦੇ ਨਾਂ 'ਤੇ ਠੱਗੀਆਂ ਮਾਰਨ ਵਾਲੇ ਸਾਧੂ ਸੰਤਾਂ ਦੇ ਵਿਹਲੜ ਵੱਗਾਂ ਨੇ ਬਹੁਤ ਟੱਕਰਨਾ ਹੈ ਤੇ ਧਰਮ ਦੀ ਆੜ ਵਿਚ ਲੁੱਟਣ ਦੀ ਵੀ ਬੜੀ ਕੋਸ਼ਿਸ਼ ਕਰਨੀ ਹੈ। ਉਹ ਆਪ ਸਾਰੀ ਰਕਮ ਜਿਸ ਨਾਲ ਬਾਪ ਨੇ ਵਪਾਰ ਕਰਾਉਣਾ ਸੀ, ਅਜਿਹੇ ਸੰਤਾਂ ਨੂੰ ਲੁਟਾ ਕੇ ਵੀ 'ਖਰਾ ਸੌਦਾ' ਇਸ ਕਰ ਕੇ ਕਹਿੰਦਾ ਸੀ ਕਿ ਉਹਨੇ ਆਪਣੇ ਸਿੱਖਾਂ ਨੂੰ ਪਾਖੰਡੀ ਸੰਤਾਂ ਦੀ ਲੁੱਟ ਤੋਂ ਬਚਾ ਲਿਆ। ਬਾਬਾ ਨਾਨਕ ਤਾਂ ਸਭ ਨੂੰ ਚੁਕੰਨਾ ਕਰ ਗਿਆ ਕਿ ਜਿਹੜੇ ਸਾਧਾਂ ਨੇ ਉਨ੍ਹਾਂ ਦੇ ਗੁਰੂ ਨੂੰ ਨਹੀਂ ਬਖ਼ਸ਼ਿਆ, ਉਹ ਆਮ ਸਿੱਖਾਂ ਨੂੰ ਕਦੋਂ ਬਖ਼ਸ਼ਣਗੇ?

ਕਾਸ਼! ਸਿੱਖ ਆਪਣੇ ਬਾਬੇ ਨਾਨਕ ਦੀ ਇਸ ਰਮਜ਼ ਨੂੰ ਸਮਝ ਜਾਂਦੇ ਤਾਂ ਉਨ੍ਹਾਂ ਦੀ ਕਿਰਤ ਕਮਾਈ ਅੱਜ ਵਿਹਲੜ ਸੰਤਾਂ ਕੋਲ ਨਾ ਜਾਂਦੀ ਜਿਨ੍ਹਾਂ ਦੇ ਦਿਮਾਗਾਂ ਨੂੰ ਐਨੀ ਫਿੱਟ ਤੇ ਫਤੂਰ ਚੜ੍ਹਿਆ ਹੋਇਆ ਹੈ ਕਿ ਉਹ ਆਪਣੇ ਹੀ ਉਨ੍ਹਾਂ ਸ਼ਰਧਾਲੂਆਂ, ਜਿਹੜੇ ਉਹਨੂੰ ਰੱਬ ਦਾ ਦਰਜਾ ਦਿੰਦੇ ਹਨ, ਦੀ ਇੱਜ਼ਤ-ਆਬਰੂ ਤਾਰ-ਤਾਰ ਕਰਨ ਲੱਗੇ ਰਤੀ ਭਰ ਵੀ ਖੌਫ ਨਹੀਂ ਖਾਂਦੇ! ਜਦੋਂ ਆਪਣੇ-ਆਪ ਨੂੰ 'ਵਿਹੰਗਮ ਸੰਤ' ਕਹਾਉਣ ਵਾਲੇ ਦੇ ਡੇਰੇ ਵਿਚ ਸ਼ਰਧਾਲੂ ਮੁਟਿਆਰ ਖੁਦਕੁਸ਼ੀ ਕਰਦੀ ਹੋਵੇ, ਜਿਹਦਾ ਸਬੱਬ ਸੰਤ ਮਹਾਂਪੁਰਖ ਵੱਲੋਂ ਉਸ ਲੜਕੀ ਨੂੰ ਆਪਣੇ ਫੋਨ ਤੋਂ ਭੇਜੇ ਇਤਰਾਜ਼ਯੋਗ ਮੈਸੇਜ਼ ਹੋਣ ਤੇ ਅਜਿਹੇ ਸੰਤਾਂ ਦੀਆਂ ਮੁਜਰਮਾਨਾ ਹਰਕਤਾਂ ਕਰ ਕੇ ਕਿਸੇ ਸ਼ਰੀਫ ਨੂੰ ਸਦਾ ਲਈ ਅੱਖਾਂ ਤੋਂ ਅੰਨਾ ਕੀਤਾ ਜਾਵੇ, ਕਿਉਂਕਿ ਉਸ ਨੇ ਬਾਬੇ ਦਾ ਕੁਕਰਮ ਆਪਣੀ ਅੱਖੀਂ ਦੇਖਿਆ ਸੀ ਤੇ ਗੁਰੂ ਦੀ ਮੋਹਰ ਕੇਸ ਕਿਸੇ ਸ਼ਰਧਾਲੂ ਦੇ ਇਸ ਕਰ ਕੇ ਕਤਲ ਕਰਵਾ ਦੇਵੇ ਕਿ ਉਹਨੇ ਉਹਦੇ ਡੇਰੇ ਵਿਚ ਹੁੰਦੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਦੀ ਗੱਲ ਕੀਤੀ ਸੀ; ਸਿਤਮਜ਼ਰੀਫੀ ਦੇਖੋ ਕਿ ਬਾਬੇ ਦੇ 'ਖਰੇ ਸੌਦੇ' ਨੂੰ 'ਸੱਚੇ ਸੌਦੇ' ਨਾਂ ਵਿਚ ਤਬਦੀਲ ਕਰ ਕੇ ਦੁਨੀਆਂ ਭਰ ਦਾ 'ਕੁ-ਸੌਦਾ' ਕਰੀ ਜਾਂਦੇ ਹਨ। ਇੰਨਾ ਕੁਝ ਹੋਣ ਦੇ ਬਾਵਜੂਦ ਸਿੱਖ ਅਜੇ ਵੀ ਬੇਸਮਝ ਬਣੇ ਬੈਠੇ ਹਨ।

ਬਾਬਾ ਤਾਂ ਗੁਰਬਾਣੀ ਵਿਚ ਵੀ ਸਪੱਸ਼ਟ ਕਰ ਗਿਆ ਕਿ 'ਅਕਲੀ ਸਾਹਿਬੁ ਸੇਵੀਐ'। ਰੱਬ ਦਾ ਨਾਂ ਲੈਣ ਲਈ ਕਿਸੇ ਠੇਕੇਦਾਰ ਸਾਧ ਦੀ ਅਕਲ ਦੀ ਜ਼ਰੂਰਤ ਨਹੀਂ, ਖੁਦ ਆਪਣੀ ਅਕਲ ਵਰਤਣੀ ਹੈ। ਇਹੋ ਬਾਬੇ ਨਾਨਕ ਦਾ ਹਰ ਸਿੱਖ ਲਈ ਹੁਕਮ ਹੈ ਪਰ ਜੇ ਕੋਈ ਸਿੱਖ ਇੰਦਾਂ ਨਹੀਂ ਕਰਦਾ ਤਾਂ ਇਹ ਗੁਰੂ ਨਾਨਕ ਪਾਤਸ਼ਾਹ ਦੀ ਹੁਕਮ-ਅਦੂਲੀ ਹੈ।

ਅਸੀਂ 'ਸੱਚਾ ਸੌਦਾ' ਵਾਲੀ ਸਾਖੀ ਦਾ ਜ਼ਿਕਰ ਸਦਾ ਧਾਰਮਿਕ ਰੰਗਣ ਵਿਚ ਹੀ ਕਰਦੇ ਹਾਂ। ਇਸ ਕਰ ਕੇ ਇਸ ਪਿੱਛੇ ਲੁਕੇ ਰਹੱਸ ਜਾਂ ਰਮਜ਼ਾਂ ਜਿਹੜੀਆਂ ਬਾਬਾ ਨਾਨਕ ਸਾਨੂੰ ਦੱਸ ਗਿਆ, ਫੜਨ ਤੋਂ ਗੁਰੇਜ਼ ਕਰ ਜਾਈਦਾ ਹੈ ਕਿ ਕਿਤੇ ਸਾਡੇ ਵੱਡੇ ਧਰਮੀ (ਸੰਤ-ਮਹਾਂਪੁਰਸ਼) ਸਾਡੇ 'ਤੇ ਅਧਰਮੀ ਹੋਣ ਦਾ ਠੱਪਾ ਹੀ ਨਾ ਲਾ ਦੇਣ; ਪਰ ਬਾਬੇ ਨਾਨਕ ਦੇ ਸਿੱਖ ਹੋਣ ਦੇ ਨਾਤੇ ਉਹਦੀਆਂ ਗੁੱਝੀਆਂ ਰਮਜ਼ਾਂ ਦੀ ਗੱਲ ਕਰਨੀ ਵੀ ਤਾਂ ਜ਼ਰੂਰੀ ਹੈ। ਹੁਣ ਜਦੋਂ 'ਸੱਚਾ ਸੌਦਾ' ਸਾਖੀ ਵਿਚ ਭੁੱਖੇ ਸਾਧੂ-ਸੰਤਾਂ ਦਾ ਜ਼ਿਕਰ ਵਾਰ-ਵਾਰ ਆਉਂਦਾ ਤਾਂ ਮੈਂ ਕੌਣ ਹੁੰਨਾ, ਉਨ੍ਹਾਂ ਨੂੰ ਰੱਜੇ ਹੋਏ ਕਹਿ ਸਕਾਂ; ਕਿਉਂਕਿ ਜਿਹੜੇ ਬਾਬੇ ਨਾਨਕ ਕੋਲੋਂ ਨਹੀਂ ਰੱਜੇ, ਸਾਡੇ ਕੋਲੋਂ ਭਲਾ ਕਿੱਥੇ ਰੱਜ ਜਾਣਗੇ? ਇਹ ਉਦੋਂ ਵੀ ਭੁੱਖੇ ਸੀ ਤੇ ਅੱਜ ਵੀ ਭੁੱਖੇ ਹੀ ਹਨ।



*ਗੁਰਮੀਤ ਰਾਮ ਰਹੀਮ*

ਅੱਜਕੱਲ੍ਹ ਤਾਂ ਇਨ੍ਹਾਂ ਸੰਤਾਂ ਦੀ ਭੁੱਖ ਰਾਜ ਸਭਾ 'ਤੇ ਕਾਬਜ਼ ਹੋਣ ਦੀ ਹੈ। ਇਸ ਮਕਸਦ ਲਈ ਇਹ 'ਦਸ ਨੰਬਰੀਆਂ' ਨਾਲ ਵੀ ਯਾਰੀ ਪਾ ਲੈਂਦੇ ਹਨ। ਕਈ ਖੁਦ ਦਸ ਨੰਬਰੀਏ ਆ। ਅਸੀਂ ਖੁਦ ਦੇਖਦੇ ਹਾਂ ਕਿ ਮਾਇਆ ਤੋਂ ਦੂਰ ਰਹਿਣ ਦਾ ਉਪਦੇਸ਼ ਦੇਣ ਵਾਲੇ ਕਿੱਦਾਂ ਗਰੀਬਾਂ ਦੀਆਂ ਜ਼ਮੀਨਾਂ ਉਤੇ ਕਬਜ਼ਾ ਕਰੀ ਜਾਂਦੇ ਹਨ। ਹਰ ਸੰਤ ਦਾ ਡੇਰਾ ਵ੍ਹਾਈਟ ਹਾਊਸ ਬਣਿਆ ਹੋਇਆ ਹੈ। ਮਹਿੰਗੀ ਤੋਂ ਮਹਿੰਗੀ ਕਾਰ ਇਨ੍ਹਾਂ ਲਿਸ਼ਕਦੇ ਚੋਲਿਆਂ ਵਾਲਿਆਂ ਕੋਲ ਹੈ। ਇਨ੍ਹਾਂ ਦੀ ਜ਼ਿੰਦਗੀ ਬਸਰ ਕਰਨ ਦੇ ਢੰਗ ਤੋਂ ਕੌਣ ਕਹਿ ਸਕਦਾ ਹੈ ਕਿ ਇਨ੍ਹਾਂ ਵਿਚ ਫਕੀਰੀ ਨਾਂ ਦੀ ਵੀ ਕੋਈ ਕਣੀ ਹੈ। ਸਰਕਾਰੇ ਦਰਬਾਰੇ ਪੂਰਾ ਦਬਦਬਾ ਹੈ।

ਇਥੇ ਇਕ ਗੱਲ ਦਾ ਜ਼ਿਕਰ ਰਤਾ ਕੁ ਉਚੇਚਾ ਕਰ ਲਵਾਂ। ਰਤਾ ਕੁ ਧਿਆਨ ਧਰ ਕੇ ਸੋਚੋ ਕਿ ਜੇ ਉਨ੍ਹਾਂ 15 ਜਾਂ 20 ਸਾਧੂਆਂ ਨੂੰ ਸੱਚੀਂ ਹੀ ਢਿੱਡ ਦੀ ਭੁੱਖ ਸੀ ਤਾਂ ਉਹ ਤਾਂ ਉਦੋਂ ਰੁਪਏ ਜਾਂ ਦੋ ਰੁਪਏ ਦੇ ਰਾਸ਼ਨ ਨਾਲ ਪੂਰੀ ਹੋ ਜਾਣੀ ਸੀ। ਉਦੋਂ ਇਕ ਟਕੇ ਦੇ ਕਈ ਮਣ ਦਾਣੇ ਮਿਲਦੇ ਸੀ ਤੇ 20 ਰੁਪਏ ਤਾਂ ਉਸ ਵਕਤ ਦੀ ਬਹੁਤ ਵੱਡੀ ਰਕਮ ਸੀ। ਇਥੇ ਉਨ੍ਹਾਂ ਭੁੱਖੇ ਸੰਤਾਂ ਦੇ ਇਖਲਾਕ ਦੀ ਗੱਲ ਵੀ ਹੈ! ਉਨ੍ਹਾਂ ਨੂੰ ਇਹ ਨਹੀਂ ਸੀ ਚਾਹੀਦਾ ਕਿ ਉਹ ਇੰਨੀ ਵੱਡੀ ਰਕਮ ਨਾ ਹਥਿਆਉਂਦੇ? ਪਰ ਨਹੀਂ! ਉਨ੍ਹਾਂ ਦੀ ਭੁੱਖ ਸਿਰਫ਼ ਰੋਟੀ ਨਹੀਂ ਸੀ, ਬਲਕਿ ਇਸ ਤੋਂ ਵੀ ਕਈ ਗੁਣਾ ਵੱਡੀ ਸੀ। ਇਨ੍ਹਾਂ ਨੇ ਸਾਰੀ ਰਕਮ ਹਥਿਆਉਣ ਲਈ ਬਾਬੇ ਨਾਨਕ ਕੋਲ ਕਈ ਝੂਠੇ ਸੱਚੇ ਫਫੜੇ ਵੀ ਕੀਤੇ ਹੋਣੇ ਹਨ। ਇਸੇ ਕਤਾਰ ਦੇ ਸੰਤਾਂ ਦੀਆਂ ਅੱਜ ਡਾਰਾਂ ਦੀਆਂ ਡਾਰਾਂ ਤੁਰੀਆਂ ਫਿਰਦੀਆਂ ਹਨ, ਤੇ ਇਨ੍ਹਾਂ ਦੇ ਫਫੜੇ ਵੀ ਲੋਕਾਂ ਦੀਆਂ ਭਾਵਨਾਵਾਂ ਮੁਤਾਬਕ ਬਦਲੀ ਜਾਂਦੇ ਹਨ।

ਬੜੀ ਚਤੁਰਾਈ ਨਾਲ ਜਹਾਜ਼ੇ ਚੜ੍ਹ ਕੇ ਆਉਂਦੇ ਹਨ; ਕੋਈ ਕਹਿੰਦਾ ਹੈ, ਮੈਂ ਹਸਪਤਾਲ ਬਣਾ ਰਿਹਾਂ; ਕੋਈ ਸਕੂਲ; ਕੋਈ ਨਸ਼ਾ ਛਡਾਊ ਸੈਂਟਰ; ਕੋਈ ਲੋੜਵੰਦ ਪਰਿਵਾਰਾਂ ਦੀਆਂ ਬੱਚੀਆਂ ਦੇ ਵਿਆਹ ਕਰਾਉਣ ਦੀਆਂ ਬੜੀਆਂ ਮਿੱਠੀਆਂ ਗੱਲਾਂ ਕਰ ਕੇ ਸਿੱਖਾਂ ਦੀ ਦਸਾਂ ਨਹੁੰਆਂ ਦੀ ਕਿਰਤ ਨੂੰ ਆਪਣਾ ਡੇਰਾ ਬਣਾਉਣ 'ਤੇ ਲਾ ਰਹੇ ਹਨ। ਬੇਥਾਹ ਦੌਲਤ ਇਕੱਠੀ ਹੋ ਰਹੀ ਹੈ। ਮਾਇਆ ਤੋਂ ਪਰ੍ਹੇ ਰਹਿਣ ਦਾ ਪ੍ਰਚਾਰ ਕਰਨ ਵਾਲੇ ਇਨ੍ਹਾਂ ਸੰਤਾਂ ਨਾਲ ਜਦੋਂ ਹਸਪਤਾਲ ਤੇ ਸਕੂਲਾਂ ਦੀ ਗੱਲ ਕੀਤੀ ਗਈ ਹੈ ਤਾਂ ਕੋਈ ਕਹਿ ਸਕਦਾ ਹੈ ਕਿ ਅਜਿਹਾ ਕਰ ਕੇ ਕੀ ਮਾੜਾ ਕਰਦੇ ਆ ਸੰਤ; ਪਰ ਮਾਲਵੇ ਵਿਚ ਬਹੁਤ ਵੱਡੇ ਡੇਰੇ ਵੱਲੋਂ ਬੜਾ ਵੱਡਾ ਸਕੂਲ ਚਲਾਇਆ ਜਾ ਰਿਹਾ ਹੈ, ਇਸ ਕੋਲ ਜੋ ਜ਼ਮੀਨ ਹੈ, ਉਹ ਵੀ ਸੁਣਿਆ ਸੀ ਕਿ ਦੱਬ-ਦਬਾ ਕੇ ਕੌਡੀਆਂ ਦੇ ਭਾਅ ਖਰੀਦੀ ਹੋਈ ਹੈ। ਇਸ ਸਕੂਲ ਵਿਚ ਨਿਆਣਿਆਂ ਕੋਲੋਂ ਫੀਸਾਂ ਠੋਕ ਕੇ ਲਈਆਂ ਜਾਂਦੀਆਂ ਤੇ ਟੀਚਿੰਗ ਸਟਾਫ ਨੂੰ ਬੜੀ ਘੱਟ ਤਨਖਾਹ ਦੇ ਕੇ ਦਸਤਖਤ ਵੱਧ ਰਕਮ ਉਤੇ ਕਰਵਾਏ ਜਾਂਦੇ ਹਨ। ਇਹ ਲੁੱਟ ਨਹੀਂ ਤਾਂ ਹੋਰ ਕੀ ਹੈ? ਆਹ ਬੜੂ (ਸਾਹਿਬ) ਤਾਂ ਇਕ ਮਿਸਾਲ ਹੈ!

ਹੁਣ ਹਸਪਤਾਲਾਂ ਦੀ ਗੱਲ। ਜਿਹੜੇ ਹਸਪਤਾਲ ਡੇਰੇਦਾਰ ਸੰਤ ਚਲਾਉਂਦੇ ਨੇ, ਇਨ੍ਹਾਂ ਵਿਚੋਂ ਕਈ ਤਾਂ ਭਰੂਣ ਹੱਤਿਆ ਦੇ ਸੈਂਟਰ ਹੀ ਹਨ; ਕਿਉਂਕਿ ਬਾਬਿਆਂ ਨੇ ਆਪਣੇ ਸ਼ਰਧਾਲੂਆਂ ਨੂੰ ਵਰਦਾਨ ਪੁੱਤ ਦਾ ਹੀ ਦਿੱਤਾ ਹੁੰਦਾ ਹੈ ਤੇ ਨਾਲੇ ਹਦਾਇਤ ਕੀਤੀ ਹੁੰਦੀ ਕਿ ਹਰ ਪੁੰਨਿਆ ਜਾਂ ਸੰਗਰਾਂਦ ਨੂੰ ਡੇਰੇ 'ਤੇ ਚੌਂਕੀ ਭਰੀ ਜਾਇਓ ਤੇ ਹਸਪਤਾਲ ਵਿਚੋਂ ਦਵਾ-ਦਾਰੂ ਵੀ ਲਈ ਜਾਇਓ। ਬੱਸ, ਇਸੇ ਬਹਾਨੇ ਉਨ੍ਹਾਂ ਦਾ ਭਰੂਣ ਚੈੱਕ ਕਰਵਾਇਆ ਜਾਂਦਾ ਹੈ। ਜੇ ਮੁੰਡਾ ਨਹੀਂ ਤਾਂ ਕਹਾਣੀ ਉਥੇ ਹੀ ਖ਼ਤਮ; ਤਾਂ ਕਿ ਸੰਤ ਦੇ ਵਰਦਾਨ ਸੱਚੇ ਸਾਬਤ ਹੋਣ। ਆਹ ਸ਼ਰਧਾਲੂ ਮਰਦਾਂ ਨੂੰ ਤਾਂ ਹੁਣ ਨਿਪੁੰਸਕ ਬਣਾਉਣਾ ਵੀ ਸ਼ੁਰੂ ਕਰ ਦਿੱਤਾ ਹੈ, ਇਨ੍ਹਾਂ ਡੇਰੇਦਾਰਾਂ ਨੇ। ਆਪਣੇ ਹਸਪਤਾਲਾਂ ਵਿਚ ਅਜਿਹੀ ਲੁੱਟ ਬਾਰੇ ਤਾਂ ਬਾਬੇ ਨਾਨਕ ਨੇ ਵੀ ਨਹੀਂ ਸੋਚਿਆ ਹੋਣਾ ਕਿ ਜਿਹੜੇ ਸਾਧਾਂ ਨੇ ਭੁੱਖ ਦਾ ਬਹਾਨਾ ਲਾ ਕੇ ਉਸ ਤੋਂ ਹੀ ਸਾਰੀ ਰਕਮ ਠੱਗ ਲਈ, ਉਨ੍ਹਾਂ ਦੀਆਂ ਆਉਣ ਵਾਲੀਆਂ ਸੰਤ ਨਸਲਾਂ ਉਹਦੇ ਸਿੱਖਾਂ ਨਾਲ ਅਜਿਹੇ ਕਾਰੇ ਕਰਨਗੀਆਂ। ਅਜਿਹਾ ਤਾਂ ਵਾਪਰਿਆ ਕਿਉਂਕਿ ਅਸੀਂ ਬਾਬੇ ਦੀਆਂ ਰਮਜ਼ਾਂ ਸਮਝਣ 'ਚ ਢਿੱਲ ਵਰਤੀ।

ਸਿੱਖੀ ਸਿਧਾਂਤਾਂ ਵਿਚ ਸਰਾਪ ਜਾਂ ਵਰਦਾਨ ਵਰਗੀਆਂ ਗੱਲਾਂ ਨੂੰ ਕੋਈ ਮਾਨਤਾ ਨਹੀਂ ਅਤੇ ਨਾ ਹੀ ਗੁਰੂ ਨਾਨਕ ਨੇ ਕਿਸੇ ਨੂੰ ਕੋਈ ਵਰ ਜਾਂ ਸਰਾਪ ਦਿੱਤਾ; ਪਰ ਲੱਗਦਾ ਹੈ ਕਿ ਜਦੋਂ ਬਾਬੇ ਨਾਨਕ ਕੋਲੋਂ ਸਾਰੀ ਰਕਮ ਭੁੱਖੇ ਸੰਤਾਂ ਨੇ ਠੱਗ ਲਈ ਤਾਂ ਰੱਬ ਸਬੱਬ ਹੀ ਇਨ੍ਹਾਂ ਸੰਤਾਂ-ਸਾਧਾਂ ਨੂੰ ਵਰਦਾਨ ਤੇ ਸਰਾਪ ਨਾਲ ਦੀ ਨਾਲ ਹੀ ਮਿਲ ਗਿਆ। ਇਹ ਸਰਾਪ ਵੀ ਵਰਦਾਨ ਵਰਗਾ ਹੈ। ਵਰਦਾਨ ਇਨ੍ਹਾਂ ਸੰਤਾਂ ਨੂੰ ਇਹ ਮਿਲ ਗਿਆ ਕਿ ਤੁਹਾਨੂੰ ਕਦੇ ਵੀ

(ਅਗਲੇ ਸਫੇ 'ਤੇ ਜਾਰੀ)

***ਗੁਰੂ ਨਾਨਕ ਦੀ ਸੱਚਾ ਸੌਦਾ ਸਾਖੀ ਦਾ ਜ਼ਿਕਰ ਅਕਸਰ ਹੀ ਗੁਰਦੁਆਰਿਆਂ ਦੇ ਦੀਵਾਨਾਂ ਵਿਚ ਹੁੰਦਾ ਹੈ। ਸਾਖੀ ਮੁਤਾਬਕ ਜਦੋਂ ਬਾਬੇ ਨਾਨਕ ਨੇ ਕਈ ਦਿਨਾਂ ਤੋਂ ਭੁੱਖੇ ਸੰਤ-ਸਾਧੂ ਦੇਖੇ ਤਾਂ ਉਨ੍ਹਾਂ ਦਾ ਭੁੱਖ ਨਾਲ ਹੋਇਆ ਬੁਰਾ ਹਾਲ ਬਾਬੇ ਤੋਂ ਝੱਲਿਆ ਨਾ ਗਿਆ ਤੇ ਉਸ ਨੇ 20 ਰੁਪਏ ਦੀ ਸਾਰੀ ਰਕਮ ਦਾ ਰਾਸ਼ਨ ਉਨ੍ਹਾਂ ਭੁੱਖੇ ਸਾਧੂਆਂ ਨੂੰ ਖੁਆ ਦਿੱਤਾ। ਹੁਣ ਤਾਂ ਇਹ ਵੀ ਪ੍ਰਚਾਰਿਆ ਜਾਂਦਾ ਹੈ ਕਿ ਬਾਬਾ ਨਾਨਕ ਉਹ 20 ਰੁਪਏ ਸੰਤਾਂ ਨੂੰ ਖੁਆ ਕੇ ਸਿੱਖਾਂ ਲਈ ਐਫ. ਡੀ. ਕਰ ਗਏ ਜਿਸ ਦੇ ਵਿਆਜ ਵਿਚੋਂ ਸਿੱਖਾਂ ਦੇ ਲੰਗਰ ਹੁਣ ਤੱਕ ਚੱਲੀ ਜਾਂਦੇ ਹਨ।***

ਹੱਥੀਂ ਕੋਈ ਕੰਮ ਨਹੀਂ ਕਰਨਾ ਪੈਣਾ, ਦੁਨੀਆਂ ਭਰ ਦੇ ਕਿਰਤੀਆਂ ਦੇ ਨਿਆਣਿਆਂ ਨੂੰ ਭਾਵੇਂ ਰੋਟੀ ਦਾ ਚੱਪਾ ਮਿਲੇ ਜਾਂ ਨਾ, ਛੇ ਮਹੀਨੇ ਮਿੱਟੀ ਨਾਲ ਮਿੱਟੀ ਹੋ ਕੇ ਕਮਾਈ ਕਰਨ ਵਾਲੇ ਕਿਸਾਨ ਦੇ ਘਰ ਭਾਵੇਂ ਭੰਗ ਭੁੱਜੇ, ਉਹ ਤੰਗੀ ਦਾ ਮਾਰਿਆ ਭਾਵੇਂ ਆਪਣੇ ਸਿਰ ਦਾ ਸਾਫਾ ਗੱਲ 'ਚ ਪਾ ਕਿਤੇ ਦਰਖਤ ਨਾਲ ਲਟਕ ਜਾਵੇ, ਉਹਦੇ ਕੋਠੇ ਤਾਂ ਭਾਵੇਂ ਮੀਂਹ ਦੀ ਪਹਿਲੀ ਮਾਰ ਵੀ ਨਾ ਸਹਾਰ ਸਕਣ, ਪਰ ਸੰਤੋ! ਤੁਹਾਨੂੰ ਤਿੰਨੇ ਵੇਲੇ 'ਭੋਜਨ' ਛਕਣ ਨੂੰ ਮਿਲਿਆ ਕਰੂਗਾ ਤੇ ਤੁਹਾਡੀਆਂ ਕੁਟੀਆਨੁਮਾ ਬਿਲਡਿੰਗਾਂ ਜਿੰਨੀਆਂ ਅਸਮਾਨ ਵੱਲ ਉਚੀਆਂ ਹੋਣਗੀਆਂ, ਉਨੀਆਂ ਹੀ ਜ਼ਮੀਨ ਵਿਚ ਹੋਣਗੀਆਂ; ਜਿਥੇ ਸੁੱਖ ਸਹੂਲਤਾਂ ਕਿਸੇ ਸ਼ਹਿਨਸ਼ਾਹ ਤੋਂ ਘੱਟ ਨਹੀਂ ਹੁੰਦੀਆਂ। ਸ਼ਾਇਦ ਕੁਝ ਵੀਰਾਂ-ਭੈਣਾਂ ਨੂੰ ਰੋਟੀ ਅਤੇ ਭੋਜਨ 'ਚ ਕੋਈ ਫਰਕ ਨਾ ਲਗਦਾ ਹੋਵੇ, ਪਰ ਜ਼ਮੀਨ ਅਸਮਾਨ ਜਿੰਨਾ ਫਰਕ ਹੈ। ਆਪਾਂ ਸਾਰੇ ਹੀ ਸ਼ਿਫ਼ਟਾਂ 'ਤੇ ਕੰਮ ਕਰਨ ਵਾਲੇ, ਟਰੱਕ-ਟੈਕਸੀ ਚਲਾਉਣ ਵਾਲੇ, ਛੋਟੇ ਕਾਰੋਬਾਰੀਏ ਰੋਟੀ ਖਾਣੇ ਹੀ ਹਾਂ ਜਿਹੜੀ ਡੱਬੇ 'ਚ ਪਾ ਕੇ ਕੰਮ 'ਤੇ ਕੋਲ ਲੈ ਜਾਈਦੀ ਹੈ ਤੇ ਠੰਢੀ ਹੀ ਛਕ ਲਈਦੀ ਹੈ। ਸ਼ਾਇਦ ਬਾਬੇ ਨਾਨਕ ਨੇ ਵੀ ਸਾਰੀ ਜ਼ਿੰਦਗੀ ਭੋਜਨ ਨਾ ਛਕਿਆ ਹੋਵੇ, ਕਿਉਂਕਿ ਉਹ ਵੀ ਸਾਡੇ ਵਰਗਾ ਰੋਟੀ ਖਾਣ ਵਾਲਾ ਹੀ ਤਾਂ ਸੀ ਜਿਹੜਾ ਪਿਛਲੀ ਉਮਰੇ ਜਾ ਕੇ ਵੀ ਹੱਥ 'ਚ ਹਲ ਦੀ ਹੱਥੀ ਫੜ ਕੇ ਮਿੱਟੀ ਨਾਲ ਮਿੱਟੀ ਹੁੰਦਾ ਰਿਹਾ। ਇਹ ਭੋਜਨ ਛਕਣ ਵਾਲੇ ਤਾਂ ਸੰਤ ਬਾਬੇ ਹੀ ਹਨ! ਕਿਤੇ ਇਨ੍ਹਾਂ ਦੇ ਭੋਜਨ ਦਾ ਜਲੌਅ ਦੇਖਣਾ...ਕਿਆ ਬਾਤਾਂ! ਚਾਰ ਬੰਦੇ ਤਾਂ ਹੱਥ ਧੁਆਉਣ 'ਤੇ ਹੀ ਖੜ੍ਹੇ ਹੁੰਦੇ ਨੇ। ਫਿਰ ਥਾਲ ਤੇ ਥਾਲ ਭਰਿਆ ਆਉਂਦਾ ਭੋਜਨ ਦਾ, ਸਾਰੇ ਸ਼ਰਧਾਲੂ ਹੱਥ ਜੋੜੀ ਖੜ੍ਹੇ ਹੁੰਦੇ ਆ ਖਿਦਮਤ ਵਿਚ। ਇਹ ਬਾਬੇ ਖਾਂਦੇ ਘੱਟ ਤੇ ਜੂਠ ਵੱਧ ਛੱਡਦੇ ਆ, ਕਿਉਂਕਿ ਇਨ੍ਹਾਂ ਦੇ ਸ਼ਰਧਾਲੂਆਂ ਨੇ ਪ੍ਰਸਾਦਿ ਸਮਝ ਕੇ ਉਹ ਜੂਠ ਆਪ ਖਾਣੀ ਹੁੰਦੀ ਹੈ।

ਇਸ ਵਰਦਾਨ ਨਾਲ ਜਿਹੜਾ ਸਰਾਪ ਇਨ੍ਹਾਂ ਨੂੰ ਮਿਲਿਆ, ਉਹ ਇਹ ਹੈ ਕਿ ਭਾਵੇਂ ਦੁਨੀਆਂ ਭਰ ਦੀ ਦੌਲਤ ਇਨ੍ਹਾਂ ਕੋਲ ਆ ਜਾਵੇ, ਇਨ੍ਹਾਂ ਦੀ ਭੁੱਖ ਕਦੇ ਵੀ ਪੂਰੀ ਨਹੀਂ ਹੋਣੀ। ਦਿਸ ਹੀ ਰਿਹਾ ਹੈ ਕਿ ਡੇਰਿਆਂ ਦੀਆਂ ਜਾਇਦਾਦਾਂ ਅਰਬਾਂ ਰੁਪਏ ਦੀਆਂ ਹੋ ਗਈਆਂ, ਫਿਰ ਵੀ ਸਿੱਖੀ ਦੇ ਪ੍ਰਚਾਰ ਦਾ ਬਹਾਨਾ ਬਣਾ ਕੇ ਛੈਣੇ ਚੁੱਕੀ ਆ ਵੜਦੇ ਨੇ ਬਾਹਰਲੇ ਮੁਲਕਾਂ ਵਿਚ ਦਸਵੰਧ ਦੇ ਨਾਂ 'ਤੇ ਉਗਰਾਹੀ ਕਰਨ। ਇਸ ਸਰਾਪ ਨੂੰ ਵਰਦਾਨ ਇਸ ਕਰ ਕੇ ਕਿਹਾ ਹੈ ਕਿ ਇਨ੍ਹਾਂ ਕੋਲ ਲੁੱਟ ਹੋਣ ਵਾਲਿਆਂ ਦੀ ਗਿਣਤੀ ਵਿਚ ਕਦੇ ਵੀ ਕਮੀ ਨਹੀਂ ਆਉਂਦੀ। ਹੁਣ ਬਾਬਾ ਨਾਨਕ ਕਿਹਦਾ-ਕਿਹਦਾ ਹੱਥ ਫੜ ਕੇ ਕਹੂ ਕਿ ਅਜਿਹੇ ਸਾਧੂ-ਸੰਤਾਂ ਨੇ ਹੀ ਉਹਦੇ ਕੋਲੋਂ ਪੰਜ ਸਦੀਆਂ ਪਹਿਲਾਂ ਰਕਮ ਠੱਗੀ ਸੀ...ਤੁਸੀਂ ਮੇਰੇ ਕਿਰਤ ਦੇ ਸਿਧਾਂਤ 'ਤੇ ਤਾਂ ਪੂਰਾ ਪਹਿਰਾ ਦੇ ਕੇ ਦੁਨੀਆਂ ਭਰ ਵਿਚ 'ਬਹਿ ਜਾ ਬਹਿ ਜਾ' ਕਰਵਾ ਦਿੱਤੀ, ਪਰ ਆਹ ਵਿਹਲੜ ਬਾਬਿਆਂ ਕੋਲੋਂ ਕਿਉਂ ਠੱਗ ਹੋਈ ਜਾਂਦੇ ਓ?

ਹੁਣ ਥੋੜ੍ਹੀ ਜਿਹੀ ਝਾਤ ਇਨ੍ਹਾਂ ਸੰਤਾਂ ਦੇ ਧਰਮ ਪ੍ਰਚਾਰ 'ਤੇ ਵੀ ਪਾ ਲਈਏ। ਅੱਜਕੱਲ੍ਹ ਸੰਤ ਬਾਬੇ ਵੀ ਬੜੇ ਹਾਈਟੈਕ ਹਨ, ਆਪਣੇ ਦੀਵਾਨਾਂ ਦੀਆਂ ਵੀਡੀਓ ਬਣਾ ਕੇ ਇੰਟਰਨੈੱਟ 'ਤੇ ਪੁਆ ਕੇ ਸਾਰੀ ਦੁਨੀਆਂ ਵਿਚ ਆਪਣੇ ਸ਼ਰਧਾਲੂਆਂ 'ਤੇ ਪੂਰੀ ਪੈਂਠ ਪਾ ਕੇ ਰੱਖਦੇ ਨੇ। ਅੱਜਕੱਲ੍ਹ ਇਕ ਵੀਡੀਓ ਇੰਟਰਨੈੱਟ 'ਤੇ ਦੇਖੀ ਹੈ। 21ਵੀਂ ਸਦੀ ਦਾ ਵੱਡਾ ਸੰਤ ਕਹਾਉਣ ਵਾਲਾ ਬਾਬਾ ਕਿਸੇ ਸੰਤ ਦੀ ਬਰਸੀ 'ਤੇ ਇੰਨੀਆਂ ਗੱਪਾਂ ਮਾਰ ਗਿਆ ਕਿ ਸੁਣਦਿਆਂ ਨੂੰ ਸ਼ਰਮ ਆਵੇ, ਤੇ ਉਹ ਸੰਗਤ ਕੋਲੋਂ ਨਿਰਲੱਜ ਹੋ ਕੇ ਪੈਸੇ ਵੀ ਮੰਗ ਰਿਹਾ ਸੀ। ਉੱਦਾਂ ਇਹ ਸ਼ਤਾਬਦੀਆਂ 'ਤੇ 300 ਭਾਂਤ ਦੇ ਪਕਵਾਨ ਵਰਤਾਉਣ ਦਾ ਡਰਾਮਾ ਕਰਦਾ ਰਿਹਾ ਹੈ। ਗੁਜ਼ਰ ਚੁੱਕੇ ਸੰਤ ਦੀ ਵਡਿਆਈ ਵਿਚ ਇਹ ਕਹਿੰਦਾ ਹੈ ਕਿ ਉਹਦੀ ਨਿਗ੍ਹਾ ਜਿਸ ਜੀਵ 'ਤੇ ਪੈ ਜਾਂਦੀ ਸੀ, ਉਹਦਾ ਅੱਗਾ ਸੌਰ ਜਾਂਦਾ ਸੀ। ਅਖੇ ਸੰਤ ਦੇ ਡੇਰੇ ਵਿਚ ਕੁੱਤੀ ਹੁੰਦੀ ਸੀ ਜਿਸ 'ਤੇ ਬਾਬੇ ਦੀ ਮਿਹਰ ਦੀ ਨਜ਼ਰ ਸੀ। ਉਹ ਕੁੱਤੀ ਮਰਨ ਤੋਂ ਬਾਅਦ ਇੰਗਲੈਂਡ ਦੀ ਮਲਕਾ ਵਿਕਟੋਰੀਆ ਬਣੀ...ਹਿਟਲਰ ਪਿਛਲੇ ਜਨਮ ਵਿਚ ਉਸ ਸੰਤ ਨਾਲ ਹੀ ਤਪ ਕਰਦਾ ਹੁੰਦਾ ਸੀ ਤਾਂ ਹੀ ਉਹਨੂੰ ਬਾਦਸ਼ਾਹਤ ਮਿਲੀ; ਪਰ ਜਦ ਸੰਤ ਨੂੰ ਪਤਾ ਲੱਗਾ ਕਿ ਇਸ ਬੰਦੇ ਨੇ ਤਾਂ ਸਾਰੀ ਦੁਨੀਆਂ ਨੂੰ ਮੋਹਰੇ ਲਾਇਆ ਹੋਇਆ ਹੈ ਤਾਂ ਉਹਨੇ ਆਪਣੇ ਡੇਰੇ (ਸ਼ਾਇਦ ਭੁੱਚੋ ਮੰਡੀ) ਵਿਚ ਗੁੱਸੇ 'ਚ ਆ ਕੇ ਜ਼ਮੀਨ 'ਤੇ ਹੱਥ ਮਾਰਿਆ ਤਾਂ ਉਧਰ ਉਸੇ ਵਕਤ ਜਰਮਨੀ ਵਿਚ ਹਿਟਲਰ ਦੀ ਮੌਤ ਹੋ ਗਈ। ਫਿਰ ਕਹਿੰਦਾ ਕਿ ਉਸ ਸੰਤ ਵਰਗਾ ਕੋਈ ਧਰਮ ਦਾ ਪ੍ਰਚਾਰ ਨਹੀਂ ਕਰ ਸਕਦਾ, ਆਸਾ ਜੀ ਦੀ ਵਾਰ ਦਾ ਕੀਰਤਨ ਇਕ ਕਿਲੋ ਦੇਸੀ ਘਿਓ ਪੀ ਕੇ ਕਰਨ ਬਹਿੰਦੇ ਸੀ ਤੇ ਤੇੜ 18 ਮੀਟਰ ਕੱਪੜੇ ਦਾ ਕਛਹਿਰਾ ਪਾਉਂਦੇ ਸੀ; ਜਿਹੜਾ ਹੁਣ ਸੰਗਤਾਂ ਦੇ ਦਰਸ਼ਨਾਂ ਲਈ ਰੱਖਿਆ ਹੋਇਆ ਹੈ। ਉਸ ਵੀਡੀਓ ਵਿਚ ਅੱਧਾ ਘੰਟਾ ਉਪਰ ਦੱਸਿਆ ਧਰਮ ਪ੍ਰਚਾਰ ਹੀ ਕੀਤਾ ਹੋਇਆ ਹੈ। ਦੀਵਾਨ ਦੇ ਅੰਤ ਵਿਚ ਸੰਗਤ ਨੂੰ ਕਹਿੰਦਾ ਕਿ ਕਰੋ ਆਪਣੀਆਂ ਜੇਬਾਂ ਢਿੱਲੀਆਂ! ਬੀਬੀਓ ਖੋਲ੍ਹੋ ਪਰਸ, ਦੋ ਮਹੀਨੇ ਸੁਰਖੀ-ਪਾਊਡਰ ਨਾ ਲਾਇਓ...ਭਾਈ ਸਿੰਘੋ! ਤੁਸੀਂ ਵੀ ਕੱਢੋ ਬਟੂਏ, ਸਮਝ ਲਿਓ ਕਿ ਦੋ ਮਹੀਨੇ ਪੈਗ ਨਹੀਂ ਲਾਏ...ਲਿਆਓ ਮਾਇਆ ਤੇ ਕਰੋ ਸੰਤਾਂ ਮਹਾਂਪੁਰਸ਼ਾਂ ਦੀਆਂ ਖੁਸ਼ੀਆਂ ਪ੍ਰਾਪਤ!...

ਆਹ ਸਭ ਸੁਣ ਕੇ ਇਸ ਸਾਧ ਨੂੰ ਠੱਗ ਨਹੀਂ ਤਾਂ ਹੋਰ ਕੀ ਕਹੋਗੇ? ਗੁਰੂ ਨਾਨਕ ਨੇ 'ਖਰਾ ਸੌਦਾ' ਕਰ ਕੇ ਤਾਂ ਸਾਨੂੰ ਇੱਦਾਂ ਦੇ ਸੰਤਾਂ ਕੋਲੋਂ ਬਚਣ ਦੀ ਰਮਜ਼ ਮਾਰੀ ਸੀ। ਗੁਰੂ ਗ੍ਰੰਥ ਸਾਹਿਬ ਵਿਚ ਇਹੋ ਜਿਹਿਆਂ ਨੂੰ 'ਓਇ ਹਰਿ ਕੇ ਸੰਤਿ ਨਾ ਆਖੀਅਹਿ ਬਨਾਰਸਿ ਕੇ ਠੱਗ' ਕਿਹਾ ਹੋਇਆ ਹੈ; ਪਰ ਇਹ ਡੇਰੇਦਾਰ ਸੰਤ ਬੜੇ ਵੱਡੇ ਕਲਾਕਾਰ ਹਨ। ਉਪਰੋਕਤ ਸ਼ਬਦ ਦੀ ਵਿਆਖਿਆ ਕਰਨਗੇ ਦੂਜੇ ਧਰਮ ਦੇ ਧੋਤੀਆਂ ਤਿਲਕਾਂ ਵਾਲੇ ਸਾਧਾਂ ਦੀ; ਸੁਣਨ ਵਾਲੇ ਸ਼ਰਧਾਵਾਨਾਂ ਨੂੰ ਪੂਰਾ ਜਚਾ ਦਿੰਦੇ ਨੇ ਕਿ ਗੁਰਬਾਣੀ ਨੇ ਦੂਜੇ ਧਰਮ ਦੇ ਸੰਤਾਂ ਨੂੰ ਠੱਗ ਕਿਹਾ, ਉਨ੍ਹਾਂ ਨੂੰ ਨਹੀਂ; ਕਿਉਂਕਿ ਉਹ ਕਿਹੜਾ ਬਨਾਰਸ ਵਿਚ ਰਹਿੰਦੇ ਆ!

ਸੱਚੀ ਗੱਲ ਤਾਂ ਇਹ ਹੈ ਕਿ ਅੱਜ ਸਿੱਖ ਧਰਮ ਵਿਚ ਜ਼ਿਆਦਾ ਗਿਣਤੀ ਉਨ੍ਹਾਂ ਸੰਤਾਂ ਦੀ ਹੋ ਗਈ ਹੈ ਜਿਨ੍ਹਾਂ ਨੂੰ 'ਧਾਰਮਿਕ ਦਹਿਸ਼ਤਗਰਦ' ਕਿਹਾ ਜਾਵੇ ਤਾਂ ਢੁੱਕਵਾਂ ਹੋਵੇਗਾ ਕਿਉਂਕਿ ਇਹ ਜਿਥੇ ਸਿੱਖ ਇਤਿਹਾਸ, ਫਲਸਫੇ ਤੇ ਰਿਵਾਇਤਾਂ ਦਾ ਘਾਣ ਕਰੀ ਜਾਂਦੇ ਹਨ, ਉਥੇ ਗੁਰੂ ਸਾਹਿਬਾਨ ਦੇ ਜੀਵਨ ਬਾਰੇ ਬਹੁਤ ਕੁਝ ਊਲ-ਜਲੂਲ ਬੋਲੀ ਜਾਂਦੇ ਹਨ। ਸਭ ਤੋਂ ਵੱਧ, ਇਹ ਸਿੱਖ ਸੰਗਤਾਂ ਨੂੰ ਰੱਬ ਦੇ ਨਾਂ, ਜਾਂ ਉਹਦੀ ਭਜਨ-ਬੰਦਗੀ ਕਰਨ ਦੇ ਹੋਰ ਤਰੀਕਿਆਂ ਅਤੇ ਸਵਰਗ ਨਰਕ ਦੇ ਨਾਂ ਤੋਂ ਖੌਫਜ਼ਦਾ ਕਰ ਕੇ ਉਨ੍ਹਾਂ ਦੀ ਲੁੱਟ ਕਰਦੇ ਹਨ।

ਹੁਣ ਇਹ ਸ਼ੱਕ ਵੀ ਦੂਰ ਕਰ ਲਈਏ ਕਿ ਸਿੱਖਾਂ ਦੇ ਲੰਗਰ ਗੁਰੂ ਨਾਨਕ ਸਾਹਿਬ ਵੱਲੋਂ ਕਿਹੜੀ ਐਫ. ਡੀ. ਵਿਚੋਂ ਚਲ ਰਹੇ ਹਨ। 20 ਰੁਪਇਆਂ ਵਾਲੀ ਐਫ. ਡੀ. ਵਿਚੋਂ ਤਾਂ ਕਦੇ ਹੋ ਨਹੀਂ ਸਕਦੇ, ਕਿਉਂਕਿ ਉਹ ਬਾਰੇ ਨਾਨਕ ਨੇ ਕਰਵਾਈ ਹੀ ਨਹੀਂ ਸੀ। ਗੁਰੂ ਜੀ ਦੀ ਐਫ. ਡੀ. ਜਿਸ ਵਿਚੋਂ ਸਾਡੇ ਲੰਗਰ ਅੱਜ ਤੱਕ ਚੱਲ ਰਹੇ ਹਨ, ਉਹ ਹੈ ਗੁਰੂ ਨਾਨਕ ਸਾਹਿਬ ਵੱਲੋਂ 18 ਸਾਲ ਕੀਤੀ 'ਸੱਚੀ ਕਿਰਤ'; ਕਰਤਾਰਪੁਰ ਸਾਹਿਬ ਵਿਚ ਹੱਥੀਂ ਖੇਤੀ ਕਰ ਕੇ। ਬਾਬਾ ਨਾਨਕ ਕਦੇ ਕਿਲੋ ਦੇਸੀ ਘਿਓ ਪੀ ਕੇ ਹਲ ਦਾ ਜੋਤਾ ਲਾਉਣ ਨਹੀਂ ਜਾਂਦਾ ਹੋਣਾ। ਖੇਤਾਂ ਵਿਚ ਉਹਦਾ ਤਾਂ ਛਾਹ ਵੇਲਾ ਰੋਟੀ ਤੇ ਆਚਾਰ ਨਾਲ ਹੁੰਦਾ ਹੋਣਾ। ਗੁਰੂ ਨਾਨਕ ਨੇ ਜੇ ਵਿਹਲੀਆਂ ਹੀ ਖਾਣੀਆਂ ਹੁੰਦੀਆਂ ਤਾਂ ਰਾਇ ਬੁਲਾਰ ਨੇ 750 ਮੁਰੱਬਾ ਜ਼ਮੀਨ ਦਾ ਬਾਬੇ ਦੇ ਨਾਂ ਕਰਵਾ ਦਿੱਤੀ ਸੀ ਜਿਹੜਾ ਅੱਜ ਵੀ ਗੁਰਦੁਆਰਾ ਨਨਕਾਣਾ ਸਾਹਿਬ ਦੇ ਨਾਂ ਹੈ। ਸਾਡੇ ਅੱਜ ਦੇ ਡੇਰੇਦਾਰ ਸੰਤ ਜਿਹੜੇ ਕਹਿੰਦੇ ਹਨ ਕਿ ਉਹ ਤਾਂ ਗੁਰੂ ਨਾਨਕ ਦੇ ਧਰਮ ਦਾ ਪ੍ਰਚਾਰ ਕਰਦੇ ਹਨ, ਪਰ ਇਹ ਆਪ ਹੀ ਗਰੀਬ ਕਿਸਾਨਾਂ ਦੀਆਂ ਜ਼ਮੀਨਾਂ ਉਤੇ ਕਬਜ਼ਾ ਕਰੀ ਜਾਂਦੇ ਹਨ। ਇਹ ਸੰਤ ਕਹਾਉਂਦੇ ਠੱਗ ਹੁਣ ਸਿਰਫ ਪੈਸਾ ਹੀ ਨਹੀਂ ਠੱਗਦੇ, ਸਗੋਂ ਸਿੱਖ ਧਰਮ ਦੇ ਫਲਸਫੇ ਨੂੰ ਖੋਰਾ ਲਾ ਕੇ ਸਿੱਖਾਂ ਦੇ ਸਵੈਮਾਣ ਨੂੰ ਢਾਹ ਲਾਉਣ 'ਤੇ ਉਤਰ ਆਏ ਹਨ। ਜੇ ਸਿੱਖ ਅਜੇ ਵੀ ਨਾ ਸੰਭਲੇ ਤਾਂ...!

#

# ਬੂਬਨੇ ਬਾਬਿਆਂ ਦੇ ਕਾਲੇ ਕਾਰੇ...

ਅੱਜ ਕੱਲ੍ਹ ਬੂਬਨੇ ਬਾਬਿਆਂ ਨੇ ਸਿੱਖ ਧਰਮ ਵਿਚ ਵਿਵਾਦ ਖੜ੍ਹੇ ਕਰ ਕੇ ਆਪਣੇ ਢਿੱਡ ਭਰਨ ਵਾਸਤੇ ਨਿਰਾ ਪਖੰਡ ਸ਼ੁਰੂ ਕੀਤਾ ਹੋਇਆ ਹੈ। ਇਹ ਡੇਰੇ ਚਲਾਉਣ ਵਾਸਤੇ ਲੋਕਾਂ ਨੂੰ ਬੁੱਧੂ ਬਣਾ ਕੇ ਆਪਣਾ ਸਾਮਰਾਜ ਕਾਇਮ ਕਰਦੇ ਹਨ ਅਤੇ ਕਿਲਿਆਂ ਵਰਗੇ ਡੇਰਿਆਂ ਵਿਚ ਹਥਿਆਰਬੰਦ ਗੁੰਡਿਆਂ ਦੇ ਦਾਬੇ ਅਤੇ ਬਾਣੀ ਦਾ ਆਸਰਾ ਲੈ ਕੇ ਲੋਕਾਂ ਉਪਰ ਅੱਤਿਆਚਾਰ ਕਰਦੇ ਹਨ। ਅਜਿਹੀ ਕੋਈ ਹੋਰ ਮਿਸਾਲ ਪਿਛਲੇ ਸਮੇਂ ਵਿਚ



**ਗੁਰਿੰਦਰਜੀਤ ਸਿੰਘ (ਨੀਟਾ ਮਾਛੀਕੇ)**
**ਫੋਨ: 559-333-5776**

ਕਿਧਰੇ ਨਹੀਂ ਮਿਲਦੀ। ਮਾਲਵੇ ਵਿਚ ਤਾਂ ਇਹ ਸਾਧ ਇੱਟਾਂ ਦੇ ਉਪਰ ਹੀ ਬੈਠੇ ਹਨ। ਕੋਈ ਸੁਆਹ ਦੀ ਚੁਟਕੀ ਨਾਲ ਮੁਰਾਦਾਂ ਪੂਰੀਆਂ ਕਰ ਰਿਹਾ ਹੈ, ਕੋਈ ਗੁਪਤ ਸ਼ਬਦ ਦੇ ਕੇ। ਕੁਝ ਕੁ ਨੇ ਤਾਂ ਗੁਰਬਾਣੀ ਦੀਆਂ ਤੁਕਾਂ ਤੋੜ-ਮਰੋੜ ਕੇ ਆਪਣੀ ਬਾਣੀ ਅਰੰਭੀ ਹੋਈ ਹੈ। ਧਾਰਮਿਕ ਜਥੇਬੰਦੀਆਂ ਅਤੇ ਅਕਾਲ ਤਖਤ ਦੇ ਜਥੇਦਾਰ, ਸਭ ਨੇ ਇਨ੍ਹਾਂ ਸਾਧਾਂ ਬਾਰੇ ਚੁੱਪ ਧਾਰੀ ਹੋਈ ਹੈ। ਆਪਣੇ ਆਪ ਨੂੰ ਪੰਥਕ ਅਖਵਾਉਣ ਵਾਲੇ ਸਾਡੇ ਅਖੌਤੀ ਸਿੱਖ ਲੀਡਰ ਵੋਟਾਂ ਲਈ ਆਪਣੀ ਜ਼ਮੀਰ ਵੇਚ ਕੇ ਇਨ੍ਹਾਂ ਪਖੰਡੀ ਬਾਬਿਆਂ ਦੇ ਡੇਰਿਆਂ 'ਤੇ ਜਾ ਕੇ ਇਨ੍ਹਾਂ ਦੇ ਪੈਰੀਂ ਡਿੱਗੀ ਜਾਂਦੇ ਹਨ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਦੀ ਸਾਰੀ ਬਾਣੀ ਹੀ ਪਖੰਡ ਅਤੇ ਪਖੰਡੀਆਂ ਨੂੰ ਲਾਹਣਤਾਂ ਪਾਉਂਦੀ ਹੈ। ਪਿਛਲੇ ਸਮੇਂ ਦੌਰਾਨ ਮੀਡੀਆ ਸਾਧਨਾਂ ਦੀ ਕਮੀ ਕਾਰਨ ਇਨ੍ਹਾਂ ਸਾਧਾਂ ਦੇ ਕਾਰੇ ਆਮ ਲੋਕਾਂ ਦੇ ਸਾਹਮਣੇ ਨਹੀਂ ਸਨ ਆਉਂਦੇ, ਪਰ ਅੱਜ 'ਯੂਟਿਊਬ' ਅਤੇ 'ਫੇਸਬੁਕ' ਨੇ ਲੋਕਾਂ ਸਾਹਮਣੇ ਇਨ੍ਹਾਂ ਸਾਧਾਂ ਦੇ ਅਜਿਹੇ ਭੇਤ ਖੋਲ੍ਹੇ ਹਨ ਕਿ ਇਨ੍ਹਾਂ ਦਾ ਭੇੜੀਆ ਰੂਪ ਹੁਣ ਹਰ ਕੋਈ ਦੇਖ ਸਕਦਾ ਹੈ। ਪਿਛੇ ਜਿਹੇ ਕੋਈ ਲੱਖਾ ਬਾਬਾ ਅੰਮ੍ਰਿਤਧਾਰੀ ਸੇਵਕਾਂ ਵਿਚ ਖੜ੍ਹ ਕੇ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਦੱਸ ਰਿਹਾ ਸੀ, ਤੇ ਸਾਰੇ ਕਿਰਪਾਨਾਂ ਉਪਰ ਦੀ ਪਾ ਕੇ ਹੱਥ ਜੋੜ, ਖੜੇ ਤਮਾਸ਼ਾ ਵੇਖ ਰਹੇ ਸਨ। ਕਿਸੇ ਵੀ ਸੰਸਥਾ ਨੇ ਉਸ ਪਖੰਡੀ ਬਾਬੇ ਖਿਲਾਫ ਬੋਲਣ ਦੀ ਜੁਰਅਤ ਨਹੀਂ ਵਿਖਾਈ। ਕਿਤੇ ਕੋਈ ਬਾਬਾ ਬੈਂਡ ਵਾਜਾ ਲਾ ਕੇ, ਸੰਗਤਾਂ ਨੂੰ ਥੱਲੇ ਬਿਠਾ ਆਪ ਸਣੇ ਜੁੱਤੀ ਸੋਫੇ 'ਤੇ ਬਿਰਾਜਮਾਨ ਹੋ ਕੇ ਲੰਗਰ ਛੱਕ ਰਿਹਾ ਹੈ। ਬਾਬਿਆਂ ਅਤੇ ਇਨ੍ਹਾਂ ਦੇ ਸੇਵਕਾਂ ਵੱਲੋਂ ਪਾਏ ਗਾਤਰੇ ਬਾਕਾਇਦਾ ਦਿਸ ਰਹੇ ਹੁੰਦੇ ਹਨ। ਇਨ੍ਹਾਂ ਵਾਸਤੇ ਕੋਈ ਹੁਕਮਨਾਮਾ ਜਾਰੀ ਨਹੀਂ ਹੁੰਦਾ।

ਪਟਿਆਲਾ ਜ਼ਿਲ੍ਹੇ ਵਿਚ ਦੋ ਬਾਬੇ ਅਜਿਹੇ ਹਨ ਜਿਹੜੇ ਆਪਣੇ ਆਪ ਨੂੰ ਵੱਡੇ ਸੰਤ ਕਹਾਉਂਦੇ ਹਨ ਅਤੇ ਸਿੱਖੀ ਦੇ ਬੜੇ ਵੱਡੇ ਪ੍ਰਚਾਰਕ ਵੀ ਸਦਾਉਂਦੇ ਹਨ। ਇਨ੍ਹਾਂ ਵਿਚੋਂ ਇਕ, ਨੌਜੁਆਨ ਉਮਰ ਦਾ ਬਾਬਾ ਵੀ ਅੱਠ-ਦਸ ਚਿਮਟਿਆਂ ਵਾਲਿਆਂ ਨਾਲ ਭੜਕੀਲੇ ਰੰਗ ਦੇ ਕੱਪੜੇ ਪਾ ਕੇ ਸਟੇਜਾਂ ਉਪਰ ਖਰੂਦ ਪਾਉਣ ਕਰ ਕੇ ਕਾਫੀ ਚਰਚਾ ਵਿਚ ਰਿਹਾ ਹੈ। ਉਹ ਵੀ ਅੱਜਕੱਲ੍ਹ 'ਯੂਟਿਊਬ' ਉਤੇ ਸੰਗਤਾਂ ਤੋਂ ਪੈਰੀਂ ਹੱਥ ਲਵਾਉਂਦਾ, ਸੀਸ 'ਤੇ ਕਲਗੀ ਸਜਾ ਕੇ ਜਨਮ ਦਿਨ ਮਨਾਉਂਦਾ ਅਤੇ ਕੁੜੀਆਂ ਨਾਲ ਗਲਤ ਹਰਕਤਾਂ ਕਰਦਾ ਦੇਖਿਆ ਜਾ ਸਕਦਾ ਹੈ। ਦੂਜਾ ਬੂਬਨਾ ਸਾਧ ਜੋ ਪਟਿਆਲੇ ਇਲਾਕੇ ਦਾ ਹੀ ਹੈ, ਜਿਸ ਨੇ ਆਪਣੇ ਡੇਰੇ ਪੂਰੇ ਪੰਜਾਬ ਤੇ ਗੁਆਂਢੀ ਰਾਜ ਹਰਿਆਣੇ ਵਿਚ ਵੀ ਖੋਲ੍ਹੇ ਹੋਏ ਹਨ, ਜਦੋਂ ਕਿਸੇ ਪਾਸੇ ਆਪਣੇ ਪ੍ਰਚਾਰ ਲਈ ਜਾਂਦਾ ਹੈ ਤਾਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਕੋਈ ਰਾਜਾ ਮਹਾਰਾਜਾ ਕਿਸੇ ਮੁਹਿੰਮ 'ਤੇ ਚੱਲਿਆ ਹੋਵੇ। ਇਕ ਗੱਡੀ ਮਗਰ, ਇਕ ਮੂਹਰੇ; ਨਾਲ ਅਨੇਕਾਂ ਹਥਿਆਰਬੰਦ ਸੇਵਕ। ਹੱਥ ਵਿਚ ਕੋਕਿਆਂ ਜੜਿਆ ਵੱਡਾ ਖੂੰਡਾ। ਕੁਝ ਵਰ੍ਹੇ ਪਹਿਲਾਂ ਇਸ ਸਾਧ ਉਤੇ ਬਲਾਤਕਾਰ ਦਾ ਦੋਸ਼ ਇਸੇ ਸਾਧ ਦੁਆਰਾ ਚਲਾਏ ਜਾਂਦੇ ਇਕ ਸਕੂਲ ਦੀ ਅਧਿਆਪਕਾ ਨੇ ਲਾਏ ਸਨ, ਲੇਕਿਨ ਇਸ ਸਾਧ ਦਾ ਤਾਣਾ-ਬਾਣਾ ਇਤਨਾ ਮਜ਼ਬੂਤ ਹੈ ਕਿ ਮਹੀਨਾ ਕੁ ਇਸ ਗੱਲ ਦੀ ਚਰਚਾ ਚੱਲ ਕੇ ਫਿਰ ਆਜ਼ਾਦ ਮਹਾਨ ਭਾਰਤ ਦੇ ਗੰਧਲੇ ਸਿਸਟਮ ਦੀ ਭੇਟ ਚੜ੍ਹ ਗਈ।

ਕੁਝ ਸਮਾਂ ਪਹਿਲਾਂ ਜਲੰਧਰ ਸ਼ਹਿਰ ਦਾ ਡਾ. ਖਹਿਰਾ ਜਿਸ ਨੇ ਪੰਜਾਬ ਪ੍ਰੈਸ ਕਲੱਬ, ਜਲੰਧਰ ਵਿਖੇ ਕਰਨਲ ਸੰਧੂ (ਜਿਸ ਨੇ ਪੂਹਲੇ ਨਿਹੰਗ ਦਾ ਕੇਸ ਚੁੱਕਿਆ ਸੀ) ਦੇ ਸਹਿਯੋਗ ਨਾਲ ਪ੍ਰੈਸ ਕਾਨਫਰੰਸ ਕਰ ਕੇ ਸਾਰੀ ਮਨੁੱਖਤਾ ਨੂੰ ਸੁੰਨ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਉਹ ਬਤੌਰ ਡਾਕਟਰ ਹਰਿਆਣਾ ਵਿਚ ਆਪਣਾ ਕਲੀਨਿਕ ਚਲਾ ਰਹੇ ਸਨ; ਉਹ ਇਸ ਬੂਬਨੇ ਸਾਧ ਦੇ ਸੇਵਕ ਵੀ ਸਨ। ਅਚਾਨਕ ਇਕ ਦਿਨ ਸਾਧ ਨੇ ਡਾ. ਖਹਿਰਾ ਨੂੰ ਕੋਲ ਬੁਲਾਇਆ ਅਤੇ ਕਿਹਾ ਕਿ 'ਮੇਰੇ ਕੋਲ ਕੁਝ ਬੀਬੀਆਂ ਆਉਂਦੀਆਂ ਹਨ ਜੋ ਹੁਣ ਗਰਭਵਤੀ ਹਨ। ਮੈਂ ਇਨ੍ਹਾਂ ਨੂੰ ਮੁੰਡੇ ਹੋਣ ਦਾ ਵਾਅਦਾ ਕੀਤਾ ਹੈ। ਚੈਕਅੱਪ ਦੇ ਬਹਾਨੇ ਇਨ੍ਹਾਂ ਨੂੰ ਤੇਰੇ ਕੋਲ ਭੇਜਾਂਗਾ, ਤੂੰ ਉਨ੍ਹਾਂ ਦਾ ਅਲਟਰਾਸਾਊਂਡ ਕਰ ਕੇ ਵੇਖਣਾ ਹੈ ਕਿ ਕਿਸ ਦੇ ਗਰਭ ਵਿਚ ਮੁੰਡਾ ਹੈ ਤੇ ਕਿਸ ਦੇ ਗਰਭ ਵਿਚ ਕੁੜੀ ਹੈ। ਫਿਰ ਜਿਸ ਔਰਤ ਦੇ ਗਰਭ ਵਿਚ ਕੁੜੀ ਹੋਵੇ, ਤੂੰ ਉਸ ਔਰਤ ਨੂੰ ਦਵਾਈਆਂ ਦੇ ਕੇ ਉਹਦਾ ਗਰਭ ਡੇਗਣਾ ਹੈ।' ਡਾ. ਖਹਿਰਾ ਨੇ ਸਾਧ ਨੂੰ ਐਸੇ ਮਾੜੇ ਕੰਮ ਲਈ ਮਨ੍ਹਾ ਕਰ ਦਿੱਤਾ, ਤੇ ਨਾਲ ਹੀ ਉਨ੍ਹਾਂ ਲੁਕ-ਛਿਪ ਕੇ ਸਾਧ ਦੇ ਮਾੜੇ ਕੰਮਾਂ ਦੀ ਮੂਵੀ ਬਣਾਉਣੀ ਸ਼ੁਰੂ ਕਰ ਦਿਤੀ। ਹੌਲੀ-ਹੌਲੀ ਇਸ ਦੀ ਭਿਣਕ ਸਾਧ ਨੂੰ ਵੀ ਪੈ ਗਈ, ਤੇ ਡਾਕਟਰ ਆਪਣਾ ਬੋਰੀ-ਬਿਸਤਰਾ ਲਪੇਟ ਜਲੰਧਰ ਆ ਗਿਆ। ਇਕ ਦਿਨ



ਦੋ ਅਣਪਛਾਤੇ ਬੰਦੇ ਡਾ. ਖਹਿਰਾ ਦੀ ਜਲੰਧਰ ਸਥਿਤ ਕਲੀਨਿਕ 'ਤੇ ਦਵਾਈ ਲੈਣ ਦੇ ਬਹਾਨੇ ਆਏ ਅਤੇ ਉਨ੍ਹਾਂ ਡਾ. ਖਹਿਰਾ ਨੂੰ ਕੁਰਸੀ ਉਪਰ ਹੀ ਦਬੋਚ ਲਿਆ। ਇਸ ਹੱਥੋਪਾਈ ਵਿਚ ਡਾ. ਖਹਿਰਾ ਨੇ ਉਨ੍ਹਾਂ ਬੰਦਿਆਂ ਦੇ ਮੂੰਹ 'ਤੇ ਬੰਨ੍ਹੇ ਕੱਪੜੇ ਉਤਾਰਨ ਵਿਚ ਸਫਲਤਾ ਹਾਸਲ ਕਰ ਲਈ ਤਾਂ ਡਾਕਟਰ ਹੈਰਾਨ ਸੀ ਕਿ ਇਹ ਬੰਦੇ ਤਾਂ ਉਸੇ ਸਾਧ ਦੇ ਨਜ਼ਦੀਕੀ ਸੇਵਕਾਂ ਵਿਚੋਂ ਸਨ। ਇਨ੍ਹਾਂ ਨੇ ਡਾ. ਖਹਿਰਾ ਦੇ ਚਿਹਰੇ ਉਪਰ ਤੇਜ਼ਾਬ ਦੀ ਬੋਤਲ ਡੋਲ੍ਹ ਦਿੱਤੀ ਅਤੇ ਕਿਹਾ ਕਿ 'ਇਹ ਸੰਤਾਂ ਨਾਲ ਪੰਗਾ ਲੈਣ ਦਾ ਅੰਜਾਮ ਹੈ।'

ਇਸ ਘਟਨਾ ਤੋਂ ਪਿੱਛੋਂ ਡਾ. ਖਹਿਰਾ ਸਦਾ ਲਈ ਆਪਣੀਆਂ ਅੱਖਾਂ ਗੁਆ ਬੈਠੇ। ਕਿਸੇ ਥਾਣੇ ਅੰਦਰ ਡਾ. ਖਹਿਰਾ ਦੀ ਰਿਪੋਰਟ ਤੱਕ ਦਰਜ ਨਹੀਂ ਸੀ ਕੀਤੀ ਜਾ ਰਹੀ। ਜਲੰਧਰ ਵਿਚ ਉਨ੍ਹਾਂ ਦੀ ਰਿਹਾਇਸ਼ੀ ਕੋਠੀ ਨੂੰ ਸਾਧ ਦੇ ਗੁੰਡਿਆਂ ਵੱਲੋਂ ਸਾੜ ਕੇ ਸੁਆਹ ਕਰ ਦਿੱਤਾ ਗਿਆ। ਚੰਗੇ ਭਾਗਾਂ ਨੂੰ ਜਦੋਂ ਕੋਠੀ ਨੂੰ ਅੱਗ ਲਾਈ ਗਈ ਤਾਂ ਡਾਕਟਰ ਦੇ ਪਰਿਵਾਰ ਦਾ ਕੋਈ ਵੀ ਜੀਅ ਘਰ ਨਹੀਂ ਸੀ। ਇਹ ਅੱਗ ਸਾਧ ਦੇ ਡਾਕਟਰ ਕੋਲ ਮੌਜੂਦ ਕਾਲੇ ਕਾਰਨਾਮਿਆਂ ਦੇ ਸਬੂਤ ਮਿਟਾਉਣ ਕਈ ਲਾਈ ਗਈ ਸੀ। ਹੁਣ ਵੀ ਡਾ. ਖਹਿਰਾ ਨੂੰ ਉਸ ਸਾਧ ਦੀਆਂ ਧਮਕੀਆਂ ਆ ਰਹੀਆਂ ਹਨ।

ਡਾ. ਖਹਿਰਾ ਨੇ ਭਾਵੇਂ ਕਰਨਲ ਸੰਧੂ ਦੇ ਸਹਿਯੋਗ ਸਦਕਾ ਪ੍ਰੈਸ ਕਾਨਫਰੰਸ ਕਰ ਕੇ ਇਹ ਸਾਰੀ ਵਿਥਿਆ ਮੀਡੀਏ ਨੂੰ ਦੱਸੀ, ਐਫ.ਆਈ.ਆਰ. ਵੀ ਦਰਜ ਹੋਈ; ਪਰ ਉਹ ਸਾਧ ਅੱਜ ਵੀ ਥਾਣੇ ਅਤੇ ਕਚਹਿਰੀਆਂ ਜੇਬ ਵਿਚ ਪਾਈ ਬੇਖੌਫ ਪੰਜਾਬ ਦੀਆਂ ਸੜਕਾਂ 'ਤੇ ਆਜ਼ਾਦ ਘੁੰਮ ਰਿਹਾ ਹੈ ਅਤੇ ਲੋਕਾਂ ਦੀਆਂ ਜ਼ਿੰਦਗੀਆਂ ਬਚਾਉਣ ਵਾਲਾ ਡਾ. ਖਹਿਰਾ ਆਪ ਆਪਣੀ ਜ਼ਿੰਦਗੀ ਬਚਾਉਣ ਅਤੇ ਇਨਸਾਫ ਲਈ ਦਰ-ਦਰ ਠੋਕਰਾਂ ਖਾ ਰਿਹਾ ਹੈ। ਸਾਡੇ ਧਾਰਮਿਕ ਲੀਡਰਾਂ, ਧਾਰਮਿਕ ਜਥੇਬੰਦੀਆਂ, ਸਿਆਸੀ ਪਾਰਟੀਆਂ ਅਤੇ ਪ੍ਰਸ਼ਾਸਨਕ ਅਧਿਕਾਰੀਆਂ ਨੇ ਅਜਿਹੇ ਸਾਧਾਂ ਬਾਰੇ ਸਭ ਕੁਝ ਪਤਾ ਹੋਣ ਦੇ ਬਾਵਜੂਦ ਚੁੱਪ ਧਾਰੀ ਹੋਈ ਹੈ। ਡਾ. ਖਹਿਰਾ ਦੀ ਇਹ ਦਿਲ ਦਹਿਲਾਉਣ ਵਾਲੀ ਪ੍ਰੈਸ ਕਾਨਫਰੰਸ 'ਯੂਟਿਊਬ' ਉਤੇ ਮੌਜੂਦ ਹੈ।

ਅਜਿਹੇ ਕਾਰਨਾਮਿਆਂ ਕਰ ਕੇ ਲੁਧਿਆਣੇ ਜ਼ਿਲ੍ਹੇ ਦੇ ਦੋ ਬਾਬੇ ਵੀ ਚਰਚਿਤ ਰਹੇ ਹਨ। ਇਕ ਬਾਬਾ ਆਪਣੇ ਆਪ ਨੂੰ 40 ਦਿਨ ਭੋਰੇ ਵਿਚ ਬੰਦ ਰੱਖ ਕੇ ਭਗਤੀ ਕਰਨ ਲਈ ਮਸ਼ਹੂਰ ਹੈ। ਇਹਨੇ ਪਿੰਡ ਮਕਸੂਦੜਾਂ ਵਿਚ ਖਾੜਕੂਵਾਦ ਦੇ ਸਮੇਂ ਬੜਾ ਕਹਿਰ ਮਚਾਇਆ ਸੀ। ਤਕਰੀਬਨ 50-60 ਹਥਿਆਰਬੰਦ ਆਦਮੀ ਇਹ ਆਪਣੇ ਨਾਲ ਰੱਖਦਾ ਸੀ। ਪਿੰਡ ਵਿਚ ਤਕਰੀਬਨ 500 ਵਿੱਘੇ ਜ਼ਮੀਨ 'ਤੇ ਇਸ ਸਾਧ ਨੇ ਨਾਜਾਇਜ਼ ਕਬਜ਼ਾ ਕੀਤਾ ਹੋਇਆ ਹੈ। ਇਸ ਸਾਧ ਨੂੰ ਮਰਹੂਮ ਬੇਅੰਤ ਸਿੰਘ ਦੀ ਸ਼ਹਿ ਸੀ। ਇਹ ਬਲਾਤਕਾਰ ਅਤੇ ਠੱਗੀਆਂ ਦੇ ਕਈ ਕੇਸਾਂ ਵਿਚ ਸ਼ਾਮਲ ਸੀ। 1994 ਵਿਚ ਇਸ ਸਾਧ ਨੇ 300 ਸਾਲਾ ਖਾਲਸਾ ਦਿਵਸ ਮੌਕੇ ਬਾਣੀ ਵਾਲੇ ਗੁਟਕੇ ਖੁਦ ਸਾੜ ਕੇ ਕਾਰਾ ਪਿੰਡ ਵਾਲਿਆਂ ਸਿਰ ਲਾ ਦਿੱਤਾ ਸੀ। ਪਿੰਡ ਨਿਵਾਸੀਆਂ ਨੇ ਇਸ ਸਾਧ ਨਾਲ ਲੋਹਾ ਲੈਂਦਿਆਂ ਆਪਣੀ ਜਾਨ 'ਤੇ ਖੇਡਦਿਆਂ ਇਸ ਸਾਧ ਨਾਲ ਕਾਨੂੰਨੀ ਲੜਾਈ ਅਰੰਭੀ ਜੋ ਅੱਜ ਵੀ ਜਾਰੀ ਹੈ। ਖਾੜਕੂਵਾਦ ਦੇ ਦਿਨਾਂ ਦੌਰਾਨ ਪੰਜਾਬ ਪੁਲਿਸ ਨੇ ਇਸ ਸਾਧ ਦੇ ਡੇਰੇ ਵਿਚੋਂ ਆਧੁਨਿਕ ਹਥਿਆਰ ਬਰਾਮਦ ਕੀਤੇ। ਉਦੋਂ ਇਸ ਸਾਧ ਨੂੰ ਕੁਝ ਸਮੇਂ ਲਈ ਜੇਲ੍ਹ ਵੀ ਹੋਈ, ਪਰ ਇਸ ਸਾਧ ਦਾ ਸਰਕਾਰੇ-ਦਰਬਾਰੇ ਇਤਨਾ ਜ਼ੋਰ ਸੀ ਕਿ ਜੇਲ੍ਹਾਂ ਇਸ ਨੂੰ ਬਹੁਤੀ ਦੇਰ ਡੱਕ ਨਾ ਸਕੀਆਂ।

ਇਕ ਹੋਰ ਸਾਧ ਲੁਧਿਆਣੇ ਬੱਸ ਸਟੈਂਡ ਨੇੜੇ ਇਕ ਬਸਤੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਰੱਖ ਕੇ ਪੰਡਤਾਂ ਵਾਂਗ ਪੁੱਛਾਂ ਦੇ ਰਿਹਾ ਹੈ। ਇਸ ਬਾਬੇ ਨੂੰ ਮਿਲਣ ਵਾਸਤੇ ਨੰਬਰ ਲੈਣੇ ਪੈਂਦੇ ਹਨ। ਇਹ ਬਾਬਾ ਗਾਹਕ ਨੂੰ ਵੇਖ, ਤਰੋੜ-ਮਰੋੜ ਕੇ ਪ੍ਰਸ਼ਨ ਪੁੱਛ ਕੇ ਪ੍ਰੇਸ਼ਾਨੀ ਦਾ ਅੰਦਾਜ਼ਾ ਲਾ ਕੇ ਸਮਾਧਾਨ ਦੱਸਦਾ ਹੈ ਕਿ ਆਪ ਜੀ ਦੇ ਉਪਰ ਸਮਾਂ ਬੜਾ ਮਾੜਾ ਚੱਲ ਰਿਹਾ ਹੈ, ਤੇ ਆਪ ਜੀ ਨੂੰ ਸੁਖਮਨੀ ਸਹਿਬ ਦੇ 12 ਪਾਠ ਕਰਨੇ ਪੈਣਗੇ ਅਤੇ ਐਤਵਾਰ ਵਾਲੇ ਦਿਨ ਚੌਕੀਆਂ ਭਰਨ ਵੀ ਆਉਣਾ ਪਵੇਗਾ। ਇਸ ਸਾਧ ਨੇ ਡੇਰੇ ਦੇ ਉਪਰਲੇ ਹਿੱਸੇ ਵਿਚ ਗੁਰੂ ਮਹਾਰਾਜ ਦੀਆਂ 25-30 ਬੀੜਾਂ ਪ੍ਰਕਾਸ਼ ਕੀਤੀਆਂ ਹੋਈਆਂ ਹਨ ਜਿਥੇ ਸਾਧ ਦੇ ਚੇਲੇ, ਗਾਹਕ ਨੂੰ ਬਾਬਾ ਜੀ ਦੇ ਕਮਰੇ ਤੋਂ ਬਾਹਰ ਆਉਣ ਉਪਰੰਤ ਸਮਾਧਾਨ ਕਰਾਉਣ ਲਈ ਲੈ ਕੇ ਜਾਂਦੇ ਹਨ। ਉਪਰ ਜਾ ਕੇ ਲੋਕਾਂ ਤੋਂ ਪਾਠ ਦੀ ਭੇਟਾ ਲਈ ਜਾਂਦੀ ਹੈ। ਜਿਸ ਜਗ੍ਹਾ ਗੁਰੂ ਮਹਾਰਾਜ ਦੇ ਪ੍ਰਕਾਸ਼ ਕੀਤੇ ਹਨ, ਉਹ ਥਾਂ ਇੰਨੀ ਗੰਦਗੀ ਵਾਲੀ ਹੈ ਕਿ ਤੌਬਾ ਮੇਰੇ ਮਾਲਕਾ!...ਕੋਈ ਮਰਿਆਦਾ ਨਹੀਂ।

ਪਤਾ ਨਹੀਂ ਪੰਜਾਬ ਵਿਚ ਅਜਿਹੇ ਹੋਰ ਕਿੰਨੇ ਡੇਰੇ ਨੇ ਜਿਥੇ ਗੁਰੂ ਮਹਾਰਾਜ ਦੀ ਹਰ ਰੋਜ਼ ਬੇਅਦਬੀ ਹੋ ਰਹੀ ਹੈ। ਸਾਡੇ ਧਰਮ ਦੇ ਪੈਰੋਕਾਰਾਂ, ਜਥੇਦਾਰਾਂ ਨੂੰ ਅਜਿਹੇ ਪਖੰਡੀ ਸਾਧਾਂ ਖਿਲਾਫ ਜ਼ਬਰਦਸਤ ਮੁਹਿੰਮ ਵਿੱਢ ਕੇ ਅਜਿਹੇ ਡੇਰੇ ਬੰਦ ਕਰਵਾਉਣੇ ਚਾਹੀਦੇ ਹਨ ਪਰ ਪਤਾ ਨਹੀਂ ਕਿਉਂ ਅਜਿਹਾ ਨਹੀਂ ਕੀਤਾ ਜਾ ਰਿਹਾ। ਸਾਡੇ ਸਿਆਸੀ ਆਗੂਆਂ ਨੂੰ ਚੰਦ ਵੋਟਾਂ ਲਈ ਸਮੁੱਚੇ ਭਾਈਚਾਰੇ ਨੂੰ ਇਨ੍ਹਾਂ ਸਾਧਾਂ ਕੋਲ ਗਿਰਵੀ ਨਹੀਂ ਰੱਖਣਾ ਚਾਹੀਦਾ। ਆਮ ਜਨਤਾ ਨੂੰ ਵੀ ਅੰਧਵਿਸ਼ਵਾਸ ਵਿਚੋਂ ਨਿੱਕਲ ਕੇ ਗੁਰੂ ਨਾਨਕ ਪਾਤਸ਼ਾਹ ਦੇ ਉਪਦੇਸ਼ਾਂ ਉਤੇ ਪਹਿਰਾ ਦੇਣਾ ਚਾਹੀਦਾ ਹੈ।

# ਪੰਜਾਬੀ ਦਾ ਪਹਿਲਾ ਪੱਤਰਕਾਰ

## .ਗਦਰ ਲਹਿਰ ਦਾ ਚੌਮੁਖੀਆ ਚਿਰਾ.ਗ ਕਰਤਾਰ ਸਿੰਘ ਸਰਾਭਾ



*'.ਗਦਰ ਲਹਿਰ ਦਾ ਚੌਮੁਖੀਆ ਚਿਰਾ.ਗ: ਕਰਤਾਰ ਸਿੰਘ ਸਰਾਭਾ' ਨਾਂ ਦੀ ਲੇਖ ਲੜੀ ਦੇ ਇਸ ਭਾਗ ਵਿਚ ਲੇਖਕ ਵਰਿਆਮ ਸਿੰਘ ਸੰਧੂ ਨੇ ਸਰਾਭੇ ਦੀ ਸ਼ਖ਼ਸੀਅਤ ਦੇ ਕੁਝ ਅਹਿਮ ਪੱਖਾਂ ਦਾ ਖੁਲਾਸਾ ਕੀਤਾ ਹੈ। ਹਵਾਈ ਜਹਾਜ਼ ਉਡਾਉਣਾ ਸਿੱਖਣਾ, .ਗਦਰ ਦੇ ਪ੍ਰਚਾਰ ਲਈ ਪਰਚਾ ਕੱਢਣ ਦਾ ਸੁਝਾਅ ਦੇਣਾ ਅਤੇ ਇੱਦਾਂ ਦੀਆਂ ਹੋਰ ਕਈ ਪਹਿਲਕਦਮੀਆਂ ਦਾ ਜ਼ਿਕਰ ਇਸ ਲੇਖ ਵਿਚ ਆਇਆ ਹੈ। ਇਸ ਲਿਖਤ ਵਿਚ ਵਰਿਆਮ ਨੇ ਸਰਾਭੇ ਬਾਰੇ ਤਾਂ ਦੁਰਲੱਭ ਜਾਣਕਾਰੀ ਦਿੱਤੀ ਹੀ ਹੈ, .ਗਦਰ ਬਾਰੇ ਵੀ ਵਿਸਥਾਰ ਸਹਿਤ ਵੇਰਵੇ ਮੁਹੱਈਆ ਕਰਵਾਏ ਹਨ। ਅਗਲਾ ਵਰ੍ਹਾ 2013, .ਗਦਰ ਲਹਿਰ ਦਾ ਸ਼ਤਾਬਦੀ ਵਰ੍ਹਾ ਹੈ। ਦਰਅਸਲ ਇਹ ਸਮਾਂ ਹੁਣ .ਗਦਰ ਲਹਿਰ ਬਾਰੇ ਨਿੱਠ ਕੇ ਵਿਚਾਰ ਕਰਨ ਦਾ ਵੀ ਹੈ। ਅੱਜ ਤੋਂ ਸੌ ਸਾਲ ਪਹਿਲਾਂ ਅਮਰੀਕੀ ਧਰਤੀ ਉਤੇ ਆਏ ਸਾਡੇ ਪੁਰਖਿਆਂ ਨੇ ਆਜ਼ਾਦੀ ਦਾ ਸੁਫਨਾ ਲਿਆ ਸੀ। ਇਸ ਸੁਫਨੇ ਦੀ ਖੂਬਸੂਰਤੀ ਇਹ ਸੀ ਕਿ ਇਸ ਵਿਚ ਮੁਕੰਮਲ ਇਨਕਲਾਬ ਦਾ ਟੀਚਾ ਮਿਥਿਆ ਗਿਆ। ਇਨ੍ਹਾਂ .ਗਦਰੀਆਂ ਲਈ ਮਸਲਾ ਸਿਰਫ ਅੰਗਰੇਜ਼ਾਂ ਤੋਂ ਦੇਸ਼ ਆਜ਼ਾਦ ਕਰਵਾਉਣ ਦਾ ਨਹੀਂ ਸੀ, ਸਗੋਂ ਇਸ ਤੋਂ ਵੀ ਦੋ ਕਦਮ ਅਗਾਂਹ ਜਾ ਕੇ ਮੁਕੰਮਲ ਬਰਾਬਰੀ ਦਾ ਟੀਚਾ ਰੱਖਿਆ ਗਿਆ। .ਗਦਰ ਸ਼ਤਾਬਦੀ ਦੇ ਪ੍ਰਸੰਗ ਵਿਚ ਇਸ ਲਹਿਰ ਅਤੇ ਇਸ ਲਹਿਰ ਦੇ ਨਾਇਕਾਂ ਬਾਰੇ 'ਪੰਜਾਬ ਟਾਈਮਜ਼' ਨੇ ਪਿਛਲੇ ਸਮੇਂ ਦੌਰਾਨ ਲਗਾਤਾਰ ਲਿਖਤਾਂ ਛਾਪੀਆਂ ਹਨ। ਇਸੇ ਸਿਲਸਿਲੇ ਵਿਚ ਪੰਜਾਬੀ ਦੇ ਨਾਮੀ ਲੇਖਕ ਵਰਿਆਮ ਸਿੰਘ ਸੰਧੂ ਦੀ ਇਹ ਲੰਮੀ ਲਿਖਤ ਛਾਪੀ ਜਾ ਰਹੀ ਹੈ। -ਸੰਪਾਦਕ*

ਕਰਤਾਰ ਸਿੰਘ ਸਰਾਭੇ ਦੇ ਬਚਪਨ ਦੇ ਬਹੁਤੇ ਵੇਰਵੇ ਭਾਵੇਂ ਮਿਲਦੇ ਨਹੀਂ, ਤਦ ਵੀ ਇਹ ਪਤਾ ਜ਼ਰੂਰ ਲੱਗਦਾ ਹੈ ਕਿ 1896 ਵਿਚ, ਲੁਧਿਆਣੇ ਜ਼ਿਲ੍ਹੇ ਦੇ ਪਿੰਡ ਸਰਾਭੇ ਵਿਚ, ਸਰਦਾਰ ਮੰਗਲ ਸਿੰਘ ਤੇ ਬੀਬੀ ਸਾਹਿਬ ਕੌਰ ਦੇ ਘਰ ਜਨਮੇ ਕਰਤਾਰ ਨੂੰ ਛੋਟੀ ਉਮਰ ਵਿਚ ਹੀ ਮਾਂ-ਪਿਓ ਦੀ ਮੌਤ ਦੇ ਵਿਛੋੜੇ ਦਾ ਸੱਲ ਸਹਿਣਾ ਪਿਆ ਤੇ ਉਸ ਦੀ ਪਰਵਰਿਸ਼ ਦੀ ਸਾਰੀ ਜ਼ਿੰਮੇਵਾਰੀ ਉਹਦੇ ਦਾਦਾ ਸਰਦਾਰ ਬਦਨ ਸਿੰਘ ਦੇ ਸਿਰ ਆਣ ਪਈ। ਦਾਦਾ ਉਸ ਨੂੰ ਅਥਾਹ ਪਿਆਰ ਕਰਦਾ ਸੀ। ਉਹ ਕਰਤਾਰ ਨੂੰ ਵਾਹੀ-ਖੇਤੀ ਦੇ ਕੰਮ ਵਿਚ ਨਹੀਂ ਸੀ ਪਾਉਣਾ ਚਾਹੁੰਦਾ। ਉਸ ਦੀ ਇੱਛਾ ਸੀ ਕਿ ਕਰਤਾਰ ਪੜ੍ਹ-ਲਿਖ ਕੇ ਕਿਸੇ ਚੰਗੇ ਰੁਜ਼ਗਾਰ 'ਤੇ



**■ ਵਰਿਆਮ ਸਿੰਘ ਸੰਧੂ**

ਲੱਗ ਜਾਵੇ। ਕਰਤਾਰ ਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਦਾਖ਼ਲ ਕਰਾ ਦਿੱਤਾ ਗਿਆ। ਪ੍ਰਾਇਮਰੀ ਮਗਰੋਂ ਉਹ ਗੁਜਰਵਾਲ ਦੇ ਵਰਨੈਕੁਲਰ ਮਿਡਲ ਸਕੂਲ ਦਾ ਵਿਦਿਆਰਥੀ ਬਣਿਆ ਤੇ ਫਿਰ ਲੁਧਿਆਣੇ ਦੇ ਮਾਲਵਾ ਖ਼ਾਲਸਾ ਹਾਈ ਸਕੂਲ ਵਿਚ ਜਾ ਦਾਖ਼ਲ ਹੋਇਆ। ਸਕੂਲ ਵਿਚ ਪੜ੍ਹਦਿਆਂ ਉਹ ਸਾਥੀਆਂ ਦਾ ਆਗੂ ਤੇ ਹਰਮਨ ਪਿਆਰਾ ਵਿਦਿਆਰਥੀ ਸੀ। ਚੁਸਤ ਚਲਾਕ ਵੀ ਬਹੁਤ ਸੀ। ਹਸਮੁੱਖ ਤੇ ਮਸਖ਼ਰੇ ਸੁਭਾਅ ਦਾ ਵੀ ਸੀ। ਦੂਜੇ ਵਿਦਿਆਰਥੀ ਉਹਦਾ ਸਾਥ ਮਾਨਣ ਲਈ ਉਤਾਵਲੇ ਰਹਿੰਦੇ। ਨੌਵੀਂ ਜਮਾਤ ਵਿਚੋਂ ਉਠ ਕੇ ਉਹ ਉੜੀਸਾ ਵਿਚ ਆਪਣੇ ਚਾਚੇ ਬਖ਼ਸ਼ੀਸ਼ ਸਿੰਘ ਕੋਲ ਚਲਾ ਗਿਆ ਤੇ ਉਥੇ ਨੌਵੀਂ-ਦਸਵੀਂ ਪਾਸ ਕਰ ਲਈ। ਇਥੇ ਉਸ ਨੂੰ ਅੰਗਰੇਜ਼ੀ ਬੋਲਣ ਤੇ ਲਿਖਣ ਦਾ ਚੰਗਾ ਅਭਿਆਸ ਹੋ ਗਿਆ। ਉਹ ਅੰਗਰੇਜ਼ੀ ਸਾਹਿਤ ਪੜ੍ਹਨ ਵਿਚ ਦਿਲਚਸਪੀ ਲੈਣ ਲੱਗਾ। ਉਸ ਵੇਲੇ ਬੰਗਾਲ ਤੇ ਉੜੀਸਾ ਆਦਿ ਇਲਾਕਿਆਂ ਵਿਚ ਬਹੁਤ ਹੱਦ ਤੱਕ ਰਾਜਨੀਤਕ ਚੇਤਨਾ ਪੈਦਾ ਹੋ ਚੁੱਕੀ ਸੀ। ਸਰਾਭਾ ਸਕੂਲੀ ਪੁਸਤਕਾਂ ਤੋਂ ਇਲਾਵਾ ਕਿਉਂਕਿ ਹੋਰ ਸਾਹਿਤ ਵੀ ਪੜ੍ਹਦਾ ਰਹਿੰਦਾ ਸੀ, ਇਸ ਲਈ ਉਸ ਉਤੇ ਇਸ ਰਾਜਨੀਤਕ ਜਾਗ੍ਰਤੀ ਦਾ ਵੀ ਪ੍ਰਭਾਵ ਪੈਣਾ ਸ਼ੁਰੂ ਹੋ ਗਿਆ। ਦੇਸ਼ ਪ੍ਰੇਮ ਤੇ ਦੇਸ਼ ਸੇਵਾ ਦੀ ਭਾਵਨਾ ਉਸ ਅੰਦਰ ਕਲਵਲ ਹੋਣ ਲੱਗੀ। ਉਹਦਾ ਸੋਚਣ ਵਿਚਰਨ ਦਾ ਦਿਸਹੱਦਾ ਵਸੀਹ ਹੋ ਗਿਆ। ਘਰਦਿਆਂ ਦੀ ਸਲਾਹ ਨਾਲ ਉਸ ਨੇ ਅਮਰੀਕਾ ਵਿਚ ਜਾ ਕੇ ਰਸਾਇਣ ਵਿਗਿਆਨ ਵਿਚ ਉਚੀ ਵਿਦਿਆ ਪ੍ਰਾਪਤ ਕਰਨ ਦਾ ਫ਼ੈਸਲਾ ਕਰ ਲਿਆ ਤੇ ਜਨਵਰੀ 1912 ਨੂੰ ਅਮਰੀਕਾ ਦੀ ਬੰਦਰਗਾਹ ਸੈਨ ਫਰਾਂਸਿਸਕੋ ਜਾ ਉਤਰਿਆ।

ਅਮਰੀਕਾ ਵਿਚ ਪੁੱਜਣ 'ਤੇ ਉਸ ਨੂੰ ਹੋਰਨਾਂ ਹਿੰਦੀਆਂ ਵਾਂਗ ਗੁਲਾਮੀ ਦਾ ਅਹਿਸਾਸ ਬੜੀ ਸ਼ਿੱਦਤ ਨਾਲ ਸਤਾਉਣ ਲੱਗਾ। ਛੇਤੀ ਹੀ ਉਸ ਨੇ ਆਪਣਾ ਨਾਤਾ .ਗਦਰ ਪਾਰਟੀ ਨਾਲ ਜੋੜ ਲਿਆ। ਮੌਤ ਤੋਂ ਭੈੜਾ ਗੁਲਾਮੀ ਦਾ ਜੀਵਨ ਜਿਉਣ ਨਾਲੋਂ ਉਸ ਨੇ ਗੁਲਾਮੀ ਤੋਂ ਮੁਕਤੀ ਪਾਉਣ ਲਈ ਸੰਘਰਸ਼ ਕਰਕੇ, ਮੌਕਾ ਆਉਣ 'ਤੇ ਮੌਤ ਨੂੰ ਵੀ ਵਰਨ ਤੇ ਚਿਰ-ਕਾਲ ਤੱਕ ਜਿਉਣ ਦਾ ਫੈਸਲਾ ਕਰ ਲਿਆ।

ਅਸਲ ਵਿਚ ਹੋਣਹਾਰ, ਚੁਸਤ ਅਤੇ ਹੁਸ਼ਿਆਰ ਕਰਤਾਰ ਸਿੰਘ ਵਿਚ ਸ਼ੁਰੂ ਤੋਂ ਹੀ ਲੀਡਰਸ਼ਿੱਪ ਦੇ ਗੁਣ ਸਨ। ਉਹਦੀ ਇਸੇ ਯੋਗਤਾ ਕਰ ਕੇ ਉਹਦੇ ਸਾਥੀ ਉਹਨੂੰ 'ਅਫ਼ਲਾਤੂ' ਕਹਿ ਕੇ ਬੁਲਾਉਂਦੇ ਸਨ। 'ਅਫ਼ਲਾਤੂ' ਤੋਂ ਭਾਵ ਇਹ ਸੀ ਕਿ ਉਹ ਅਜੀਬ ਤੇ ਅਣਹੋਣੀਆਂ ਗੱਲਾਂ ਕਰ ਸਕਣ ਦੀ ਯੋਗਤਾ ਤੇ ਦਲੇਰੀ ਦਾ ਮਾਲਕ ਸੀ। ਉਮਰ ਦੇ ਅਗਲੇ ਪੜਾਅ 'ਤੇ ਉਹਨੇ ਆਪਣੇ ਇਨ੍ਹਾਂ ਗੁਣਾਂ ਦਾ ਭਰਪੂਰ ਪ੍ਰਦਰਸ਼ਨ ਕੀਤਾ। ਕਈ ਸਾਥੀ ਉਹਦੀ ਫੁਰਤੀ ਤੇ ਤੇਜ਼ੀ ਤੋਂ ਪ੍ਰਭਾਵਤ ਹੋ ਕੇ ਮਖ਼ੌਲ ਨਾਲ ਉਹਨੂੰ 'ਉਡਣਾ ਸੱਪ' ਵੀ ਆਖਦੇ। ਅੰਗਰੇਜ਼ ਸਾਮਰਾਜ ਦੇ ਮੱਥੇ ਵਿਚ ਡੰਗ ਮਾਰਨ ਦੀ ਤਿੱਖੀ ਤਾਂਘ ਨੇ ਹੀ ਉਸ ਨੂੰ ਹਵਾਈ ਜਹਾਜ਼ ਉਡਾਉਣ ਦੀ ਸਿੱਖਿਆ ਲੈਣ ਲਈ ਵੀ ਉਤੇਜਤ ਕੀਤਾ। ਉਸ ਅੰਦਰ ਅਜਿਹੀ ਸਮਰੱਥਾ ਨੂੰ ਮਹਿਸੂਸ ਕਰਦਿਆਂ ਹੀ ਉਹਦੇ ਸੀਨੀਅਰ ਸਾਥੀਆਂ ਨੇ ਉਸ ਨੂੰ ਫੌਜੀ ਸਿਖਲਾਈ ਲੈਣ ਤੇ ਹਵਾਈ ਜਹਾਜ਼ ਚਲਾਉਣ ਦੀ ਟਰੇਨਿੰਗ ਲੈਣ ਲਈ ਚੁਣਿਆ ਸੀ। ਬਾਬਾ ਸੋਹਣ ਸਿੰਘ ਭਕਨਾ ਦੀ ਲਿਖਤ ਇਸ ਵੱਲ ਕੁਝ ਇਸ ਪ੍ਰਕਾਰ ਸੰਕੇਤ ਕਰਦੀ ਹੈ, "ਲਾਲਾ ਹਰਦਿਆਲ ਦੇ ਚਲੇ ਜਾਣ ਤੋਂ ਪਿਛੋਂ ਮੈਂ ਬਹੁਤਾ ਵਕਤ ਆਸ਼ਰਮ ਨੂੰ ਹੀ ਦੇਣ ਲੱਗ ਪਿਆ। ਕਮਿਸ਼ਨ ਨੇ ਅਮਲੀ ਤਿਆਰੀ ਵੱਲ ਧਿਆਨ ਦਿੱਤਾ ਤੇ ਆਉਣ ਵਾਲੇ ਸਮੇਂ ਵਿਚ ਹਵਾਈ ਤਾਕਤ ਦੀ ਮਹਾਨਤਾ ਨੂੰ ਮਹਿਸੂਸ ਕੀਤਾ। ਨਾਲ ਹੀ ਫੌਜੀ ਸਿਖਲਾਈ ਦਾ ਪ੍ਰੋਗਰਾਮ ਬਣਾਇਆ। ਦੋ ਜਰਨੈਲ-ਕਰਤਾਰ ਸਿੰਘ ਸਰਾਭਾ ਤੇ ਮਾਸਟਰ ਊਧਮ ਸਿੰਘ ਕਸੇਲ ਚੁਣੇ ਗਏ। ਕਰਤਾਰ ਸਿੰਘ ਨੂੰ ਹਵਾਈ ਜਹਾਜ਼ ਉਡਾਉਣ ਦੀ ਸਿਖਲਾਈ ਲਈ ਇਕ ਜਰਮਨ ਕੰਪਨੀ ਕੋਲ ਸੈਨ ਫਰਾਂਸਿਸਕੋ ਦੇ ਜਰਮਨ ਕੌਂਸਲਰ ਰਾਹੀਂ ਭੇਜਿਆ।"

ਸਰਾਭੇ ਵੱਲੋਂ ਜਹਾਜ਼ ਉਡਾਉਣ ਤੇ ਉਸ ਨੂੰ ਮੁਰੰਮਤ ਕਰਨ ਦੀ ਸਿਖਲਾਈ ਪ੍ਰਾਪਤ ਕਰਨਾ ਇਸ ਗੱਲ ਦਾ ਸੂਚਕ ਹੈ ਕਿ ਉਹ ਵਕਤ ਆਉਣ ਅਤੇ ਲੋੜ ਪੈਣ 'ਤੇ .ਗਦਰ ਕਰਨ ਦੀ ਮੁਹਿੰਮ ਵਿਚ ਆਪਣੀ ਇਸ ਯੋਗਤਾ ਦਾ ਲਾਭ ਉਠਾ ਸਕਦਾ ਸੀ। ਨਾਲ ਹੀ ਇਹ ਤੱਥ ਉਸ ਦੀ ਤਕਨੀਕੀ ਤੇ ਵਿਗਿਆਨਕ ਸੋਝੀ ਵੱਲ ਵੀ ਸੰਕੇਤ ਕਰਦਾ ਹੈ। ਮੇਰੀ ਜਾਣਕਾਰੀ ਤੇ ਅਨੁਮਾਨ ਅਨੁਸਾਰ ਤਾਂ ਉਹ ਪਹਿਲਾ ਭਾਰਤੀ ਹੈ ਜਿਸ ਨੇ ਸਭ ਤੋਂ ਪਹਿਲਾਂ ਹਵਾਈ ਜਹਾਜ਼ ਉਡਾਉਣਾ ਸਿੱਖਿਆ ਹੋਊ।

ਛੋਟੀ ਉਮਰ ਵਿਚ ਹੀ ਉਹ ਆਪਣੇ ਅੰਦਰ ਬਹੁਪੱਖੀ ਵੱਡੀਆਂ ਸੰਭਾਵਨਾਵਾਂ ਲੁਕਾਈ ਬੈਠਾ ਸੀ ਜਿਨ੍ਹਾਂ ਦਾ ਪ੍ਰਗਟਾਵਾ ਸਮੇਂ ਸਮੇਂ ਲੋੜ ਪੈਣ 'ਤੇ ਕਰਦਾ ਰਿਹਾ। .ਗਦਰ ਪਾਰਟੀ ਦੇ ਇਤਿਹਾਸ ਬਾਰੇ ਮੁਢਲੀ ਜਿਹੀ ਜਾਣਕਾਰੀ ਰੱਖਣ ਵਾਲੇ ਪਾਠਕਾਂ ਨੂੰ ਵੀ ਪਤਾ ਹੈ ਕਿ ਇਸ ਦੀ ਉਸਾਰੀ ਵਿਚ '.ਗਦਰ' ਅਖਬਾਰ ਦਾ ਬੜਾ ਭਾਰੀ ਰੋਲ ਸੀ। ਇਸ ਅਖਬਾਰ ਰਾਹੀਂ ਹੀ .ਗਦਰ ਦਾ ਸੁਨੇਹਾ ਦੇਸ਼-ਵਿਦੇਸ਼ ਵਿਚ ਵੱਸਦੇ ਭਾਰਤੀਆਂ ਤੱਕ ਪਹੁੰਚਾ ਕੇ ਉਨ੍ਹਾਂ ਦੀ ਸੁੱਤੀ ਆਤਮਾ ਨੂੰ ਜਗਾਇਆ ਗਿਆ। ਇਸ ਅਖਬਾਰ ਨੇ ਹੀ ਉਨ੍ਹਾਂ ਅੰਦਰ ਆਜ਼ਾਦੀ ਦੇ ਮਹੱਤਵ ਅਤੇ ਦੇਸ਼ ਲਈ ਕੁਰਬਾਨ ਹੋ ਜਾਣ ਦੇ ਪ੍ਰਚੰਡ ਜਜ਼ਬੇ ਨੂੰ ਉਭਾਰਿਆ। ਫ਼ਲਸਰੂਪ ਉਹ ਨੀਂਦਰੇ ਝਾਗ ਕੇ ਤੇ ਕਰੜੀ ਮਿਹਨਤ ਨਾਲ ਬਣਾਈਆਂ ਆਪਣੀਆਂ ਜਾਇਦਾਦਾਂ ਤਿਆਗ ਕੇ .ਗਦਰ ਕਰਨ ਅਤੇ ਦੇਸ਼ ਨੂੰ ਆਜ਼ਾਦ ਕਰਾਉਣ ਦੀ ਤਾਂਘ ਲੈ ਕੇ, ਦੇਸ਼ ਵੱਲ ਧਾਈਆਂ ਕਰ ਗਏ।

ਛੋਟੀ ਉਮਰ ਪਰ ਤੀਖ਼ਣ ਬੁੱਧੀ ਵਾਲੇ ਸਰਾਭੇ ਨੇ ਹੀ ਸਭ ਤੋਂ ਪਹਿਲਾਂ ਪ੍ਰੈਸ ਅਤੇ ਅਖਬਾਰ ਦੀ ਪ੍ਰਕਾਸ਼ਨਾ ਦੇ ਮਹੱਤਵ ਨੂੰ ਪਛਾਣਿਆ। ਉਹ ਜਾਣਦਾ ਸੀ ਕਿ ਅਖਬਾਰ ਉਨ੍ਹਾਂ ਦਾ ਸੁਨੇਹਾ ਦੂਰ ਦੁਰਾਡੇ ਵੱਸਦੇ ਭਾਰਤੀਆਂ ਤੱਕ ਅਪੜਾ ਸਕਦਾ ਹੈ ਅਤੇ ਦੇਸ਼ ਪਹੁੰਚ ਕੇ .ਗਦਰ ਕਰਨ ਦੀ ਉਨ੍ਹਾਂ ਦੀ ਮੁਹਿੰਮ ਨੂੰ ਹੁਲਾਰਾ ਦੇਣ ਵਿਚ ਵੱਡਾ ਰੋਲ ਅਦਾ ਕਰ ਸਕਦਾ ਹੈ। '.ਗਦਰ' ਅਖਬਾਰ ਸ਼ੁਰੂ ਕਰਨ ਵਿਚ ਸਰਾਭੇ ਦੀ ਪਹਿਲਕਦਮੀ ਦਾ ਮੁੱਖ ਯੋਗਦਾਨ ਸੀ। ਇਸ ਤੱਥ ਦੀ ਪੁਸ਼ਟੀ ਕਰਦਿਆਂ ਸਚਿੰਦਰ ਨਾਥ ਸਾਨਿਆਲ ਕਹਿੰਦਾ ਹੈ ਕਿ ਸਰਾਭਾ ਅਤੇ ਉਹਦੇ ਇਕ ਦੋ ਸਾਥੀ ਹੀ ਸਭ ਤੋਂ ਪਹਿਲਾਂ ਜਾ ਕੇ ਲਾਲਾ ਹਰਦਿਆਲ ਕੋਲ 'ਅਜਿਹਾ ਪੱਤਰ ਪ੍ਰਕਾਸ਼ਤ ਕਰਨ ਦਾ ਪ੍ਰਸਤਾਵ ਲੈ ਕੇ ਹਾਜ਼ਰ ਹੋਏ। ਹਰਦਿਆਲ ਤਾਂ ਪਹਿਲਾਂ ਹੀ ਅਜਿਹੇ ਮੌਕੇ ਦੀ ਭਾਲ ਵਿਚ ਸਨ। ਉਨ੍ਹਾਂ ਖ਼ੁਸ਼ੀ-ਖ਼ੁਸ਼ੀ ਇਸ ਕੰਮ ਨੂੰ ਹੱਥ ਵਿਚ ਲੈ ਲਿਆ। ਇਸ ਤਰ੍ਹਾਂ '.ਗਦਰ' ਅਖਬਾਰ ਸ਼ੁਰੂ ਹੋ ਗਿਆ ਅਤੇ ਹੌਲੀ-ਹੌਲੀ ਇਸੇ ਨੇ .ਗਦਰ ਪਾਰਟੀ ਦਾ ਸੰਗਠਨ ਕਰ ਦਿੱਤਾ।'

ਸੱਚੀ ਗੱਲ ਤਾਂ ਇਹ ਹੈ ਕਿ ਸਰਾਭਾ ਲਿਖਤੀ ਸ਼ਬਦ ਦੇ ਮਹੱਤਵ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕਰਦਾ ਸੀ। ਇਸੇ ਲਈ ਭਾਰਤ ਪਹੁੰਚ ਕੇ ਵੀ ਪ੍ਰੈਸ ਲਾ ਕੇ ਇਨਕਲਾਬੀ ਸਾਹਿਤ ਛਾਪਣ ਦੀ ਯੋਜਨਾ ਉਹਦੇ ਏਜੰਡੇ ਉਤੇ ਸੀ ਪਰ ਸਮੇਂ ਤੋਂ ਪਹਿਲਾਂ ਜੰਗ ਲੱਗ ਜਾਣ ਕਰ ਕੇ .ਗਦਰ ਕਰਨ ਦੀ ਕਾਹਲ ਪੈ ਗਈ ਤੇ ਦਿਨ-ਰਾਤ ਦੇ ਅਣਥੱਕ ਰੁਝੇਵਿਆਂ ਕਰਕੇ ਉਹ ਪ੍ਰੈਸ ਲਾਉਣ ਅਤੇ ਪਰਚਾ ਛਾਪਣ ਦਾ ਸੁਫਨਾ ਪੂਰਾ ਨਾ ਕਰ ਸਕਿਆ। ਭਾਰਤ ਆਣ ਕੇ ਯੁਗਾਂਤਰ ਆਸ਼ਰਮ ਵਰਗਾ ਅਦਾਰਾ ਕਾਇਮ ਕਰਨ ਤੇ ਅਖਬਾਰ ਸ਼ੁਰੂ ਕਰਨ ਦੇ ਉਹਦੇ ਯਤਨਾਂ ਦਾ ਖ਼ਾਕਾ ਬਲਵੰਤ (ਸ਼ਹੀਦ ਭਗਤ ਸਿੰਘ) ਨੇ ਕੁਝ ਇਸ ਪ੍ਰਕਾਰ ਖਿੱਚਿਆ ਹੈ, "ਉਹਨੇ ਦੋ ਬੜੇ ਜ਼ਬਰਦਸਤ ਬਿਆਨ ਅਦਾਲਤ ਵਿਚ ਦਿਤੇ ਸਨ। ਉਨ੍ਹਾਂ ਵਿਚ ਉਹਨੇ ਸਭ ਕੁਛ ਬੜੀ ਬਹਾਦਰੀ ਅਤੇ ਦਲੇਰੀ ਨਾਲ ਮੰਨਿਆ ਸੀ। ਕਰਤਾਰ ਸਿੰਘ ਸੂਰਬੀਰ ਸੀ। ਤੇ ਉਹ ਕਾਇਰਾਂ ਦੀ ਮੌਤ ਮਰਨਾ ਨਹੀਂ ਜਾਣਦਾ ਸੀ। ਉਹ ਦੱਸਦਾ ਹੈ, ਮੈਂ ਹਿੰਦੁਸਤਾਨ ਵਿਚ ਇਸ ਕੰਮ 'ਤੇ ਲਾਇਆ ਗਿਆ ਸਾਂ ਕਿ ਮੈਂ ਆਸ਼ਰਮ ਦੀ ਬੁਨਿਆਦ ਰੱਖਾਂ ਜਿਸ ਦਾ ਮੰਤਵ ਯੁਗਾਂਤਰ ਆਸ਼ਰਮ ਵਾਲਾ ਹੀ ਹੋਵੇ ਅਤੇ ਜੇ ਲੋੜ ਪਵੇ ਤਾਂ ਸਾਹਿਤ ਵੰਡ ਕੇ ਪ੍ਰਚਾਰ ਕੀਤਾ ਜਾਵੇ। ਮੈਂ ਕਪੂਰਥਲੇ ਗਿਆ ਸੀ ਅਤੇ ਮੇਰੇ ਨਾਲ ਪਿੰਗਲੇ, ਅਮਰ ਸਿੰਘ ਅਤੇ ਪਰਮਾਨੰਦ (ਦੂਜਾ) ਵੀ ਸਨ। ਉਥੇ ਰਾਮ ਸਰਨ ਦਾਸ ਨਾਲ ਗੱਲਬਾਤ ਹੋਈ ਸੀ ਅਤੇ ਉਸ ਨੂੰ ਆਖਿਆ ਗਿਆ ਸੀ ਕਿ ਉਹ ਅਖਬਾਰ ਦੀ ਸਕੀਮ ਵਿਚ ਹਿੱਸਾ ਲਵੇ ਅਤੇ ਕੁਛ ਸਹਾਇਤਾ ਕਰੇ ਪਰ ਉਸ ਨੇ ਇਨਕਾਰ ਕਰ ਦਿੱਤਾ ਸੀ। ਮੈਂ, ਪਿੰਗਲੇ ਅਤੇ ਪਰਮਾਨੰਦ (ਦੂਜਾ) ਸੰਤ ਗੁਲਾਬ ਸਿੰਘ ਦੀ ਧਰਮਸ਼ਾਲਾ ਵਿਚ ਵੀ ਗਏ ਸਾਂ। ਉਥੇ ਸਾਡੇ ਜਾਣ ਦਾ ਭਾਵ ਇਹ ਸੀ ਕਿ ਅਖਬਾਰ ਕੱਢਣ 'ਤੇ ਵਿਚਾਰ ਕੀਤੀ ਜਾਵੇ। ਜਨਵਰੀ ਵਿਚ ਮੈਂ ਰਾਸ ਬਿਹਾਰੀ ਬੋਸ ਨੂੰ ਵੀ ਮਿਲਿਆ ਸੀ ਅਤੇ ਮੇਰਾ ਪਿੰਗਲੇ ਨੇ ਉਸ ਨਾਲ ਮੇਲ-ਮਿਲਾਪ ਕਰਾਇਆ ਸੀ। ਉਸ ਨਾਲ ਮਿਲਣ ਦਾ ਕਾਰਨ ਇਹ ਸੀ ਕਿ ਅਸੀਂ ਬੰਗਾਲੀ ਵਿਚ ਵੀ ਅਖਬਾਰ ਕੱਢਣਾ ਚਾਹੁੰਦੇ ਸਾਂ।"

ਖ਼ੁਦ ਸਰਾਭੇ ਨੇ ਆਪਣੇ ਬਿਆਨ ਵਿਚ ਯੁਗਾਂਤਰ ਆਸ਼ਰਮ ਬਣਾਉਣ ਤੇ ਅਖਬਾਰ ਕੱਢਣ ਦੇ ਮਨਸ਼ੇ ਦਾ ਇਜ਼ਹਾਰ ਕੀਤਾ ਸੀ, "ਮੈਂ ਪਿਛਲੇ ਸਤੰਬਰ ਵਿਚ ਵਾਪਸ ਆਇਆ ਸਾਂ ਕਿ ਇਸ ਮੁਲਕ ਵਿਚ ਵੀ ਅਮਰੀਕਾ ਜਿਹਾ ਯੁਗਾਂਤਰ ਆਸ਼ਰਮ ਕਾਇਮ ਕਰਾਂਗਾ। ਇਸ ਆਸ਼ਰਮ ਤੋਂ ਇਕ ਖੁਫ਼ੀਆ ਅਖਬਾਰ ਜਾਰੀ ਕੀਤਾ ਜਾਵੇ।"

ਇਹ ਵੱਖਰੀ ਗੱਲ ਹੈ ਕਿ ਉਸ ਦਾ ਅਖਬਾਰ ਕੱਢਣ ਦਾ ਸੁਫਨਾ ਪੂਰਾ ਨਾ ਹੋ ਸਕਿਆ ਪਰ .ਗਦਰੀ ਸੂਰਬੀਰਾਂ ਤੋਂ ਪ੍ਰੇਰਨਾ ਲੈਣ ਵਾਲੇ ਬੱਬਰ ਅਕਾਲੀਆਂ ਤੇ ਸਾਂਝੀਵਾਲ ਪਾਰਟੀ ਵਾਲੇ ਭਾਈ ਸੰਤੋਖ ਸਿੰਘ ਕਿਰਤੀ ਹੁਰਾਂ ਆਪਣੀ ਪ੍ਰੈਸ, ਆਪਣੇ ਪਰਚੇ ਤੇ ਪੰਜਾਬੀ ਭਾਸ਼ਾ ਦੇ ਮਹਤੱਵ ਨੂੰ ਸਵੀਕਾਰਿਆ ਵੀ ਤੇ ਇਨ੍ਹਾਂ ਨੂੰ ਇਨਕਲਾਬੀ ਵਿਚਾਰਾਂ ਦੇ ਪ੍ਰਚਾਰ ਪ੍ਰਸਾਰ ਦਾ ਵਾਹਨ ਵੀ ਬਣਾਇਆ।


.ਗਦਰ ਪਾਰਟੀ ਦਾ ਗਲੇ ਮਿਲਦੀਆਂ ਦੋ ਤਲਵਾਰਾਂ ਵਾਲਾ ਤਿੰਨ-ਰੰਗਾ ਝੰਡਾ ਵੀ ਕਰਤਾਰ ਸਿੰਘ ਸਰਾਭੇ ਦਾ ਹੀ ਡਿਜ਼ਾਈਨ ਕੀਤਾ ਹੋਇਆ ਸੀ। ਇਸ ਦੀ ਪੁਸ਼ਟੀ ਸਰਾਭੇ ਦੇ ਖ਼ਿਲਾਫ਼ ਮੁਕੱਦਮੇ ਵਿਚ ਭੁਗਤਣ ਵਾਲੇ ਸਰਕਾਰੀ ਵਕੀਲ ਮਿ. ਪਿੱਟਮੈਨ ਨੇ ਵੀ ਕੀਤੀ ਹੈ। ਇਹ ਤੱਥ ਇਸ ਹਕੀਕਤ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਸਰਾਭਾ ਰੰਗਾਂ ਦੀ ਪਛਾਣ ਤੇ ਢੁਕਵੀਂ ਵਰਤੋਂ ਕਰਨ ਵਾਲਾ ਚਿਤਰਕਾਰ ਜਾਂ ਕਲਾਕਾਰ ਹੀ ਨਹੀਂ ਸੀ, ਸਗੋਂ ਡੂੰਘੀ ਇਤਿਹਾਸਕ ਤੇ ਰਾਜਨੀਤਕ ਸਮਝ ਤੇ ਉਚੀ ਕਲਪਨਾ ਉਡਾਰੀ ਵਾਲਾ ਦੂਰਦਰਸ਼ੀ ਪ੍ਰਤਿਭਾਵਾਨ ਇਨਕਲਾਬੀ ਸੀ। ਵੱਖ-ਵੱਖ ਲਿਖਤਾਂ ਵਿਚ ਖਿੰਡਰੇ ਹੋਏ ਇਤਿਹਾਸਕ ਹਵਾਲਿਆਂ ਵਿਚੋਂ ਉਹਦੀ ਬਹੁਮੁਖੀ ਪ੍ਰਤਿਭਾ ਦੇ ਸਾਨੂੰ ਅਨੇਕ ਝਲਕਾਰੇ ਮਿਲਦੇ ਹਨ।

ਉਸ ਦੀ ਯੋਗਤਾ ਦਾ ਇਕ ਹੋਰ ਪਸਾਰ ਸੀ ਲੇਖਕ, ਪੱਤਰਕਾਰ ਤੇ ਸ਼ਾਇਰ ਵਜੋਂ ਆਪਣੀ ਪ੍ਰਤਿਭਾ ਨੂੰ .ਗਦਰ ਲਹਿਰ ਦੇ ਪ੍ਰਚਾਰ ਪ੍ਰਸਾਰ ਲਈ ਵਰਤਣਾ। ਪੜ੍ਹਿਆ ਲਿਖਿਆ ਪ੍ਰਤਿਭਾਵਾਨ ਨੌਜਵਾਨ ਹੋਣ ਕਰ ਕੇ ਅਤੇ ਸਭ ਤੋਂ ਪਹਿਲਾਂ '.ਗਦਰ' ਅਖਬਾਰ ਨੂੰ ਪ੍ਰਕਾਸ਼ਤ ਕਰਨ ਦਾ ਪ੍ਰਸਤਾਵ ਲੈ ਕੇ ਲਾਲਾ ਹਰਦਿਆਲ ਕੋਲ ਜਾਣ ਕਾਰਨ ਹੀ ਸ਼ਾਇਦ ਲਾਲਾ ਹਰਦਿਆਲ ਅਤੇ ਉਹਦੇ ਸਾਥੀਆਂ ਨੇ ਅਖਬਾਰ ਚਲਾਉਣ ਲਈ ਮੁਢਲੇ ਸਹਾਇਕ ਵਜੋਂ ਸਰਾਭੇ ਦੀ ਡਿਊਟੀ ਲਾਈ ਸੀ। ਬਾਅਦ ਵਿਚ ਬਾਬਾ ਹਰਨਾਮ ਸਿੰਘ ਟੁੰਡੀਲਾਟ ਨੂੰ ਵੀ ਨਾਲ ਜੋੜ ਲਿਆ ਗਿਆ। ਯੂ.ਪੀ. ਦੇ ਨੌਜਵਾਨ ਸਾਥੀ ਰਘਵੀਰ ਦਿਆਲ ਨਾਲ ਮਿਲ ਕੇ ਮਸ਼ੀਨ ਚਲਾਉਣ ਤੇ ਅਖਬਾਰ ਛਾਪਣ ਵਿਚ ਕਰੜੀ ਮਿਹਨਤ ਕਰਨ ਤੋਂ ਇਲਾਵਾ ਅਖਬਾਰ ਵਿਚ ਛਪਣ ਲਈ ਆਈਆਂ ਬਹੁਤੀਆਂ ਲਿਖਤਾਂ ਦਾ ਉਰਦੂ ਤੋਂ ਪੰਜਾਬੀ ਵਿਚ ਉਲਥਾ ਜਾਂ ਉਤਾਰਾ ਵੀ ਸਰਾਭਾ ਹੀ ਕਰਦਾ ਸੀ। ਬਹੁਤੀ ਵਾਰ ਅਖਬਾਰ ਲਈ ਲੇਖ ਵੀ ਆਪ ਲਿਖਦਾ। ਬਲਵੰਤ ਦੇ ਨਾਂ 'ਤੇ ਛਪੇ ਲੇਖ ਵਿਚ (ਇਸ ਨਾਂ 'ਤੇ ਸ਼ਹੀਦ ਭਗਤ ਸਿੰਘ ਲਿਖਦਾ ਹੁੰਦਾ ਸੀ) ਸਰਾਭੇ ਨੂੰ '.ਗਦਰ' ਅਖਬਾਰ ਦਾ 'ਵੱਡਾ ਲਿਖਾਰੀ' ਕਿਹਾ ਗਿਆ ਹੈ, "ਪਹਿਲਾਂ ਪਹਿਲਾਂ ਇਹ ਅਖਬਾਰ ਗੁਰਮੁਖੀ ਵਿਚ ਛਪਦਾ ਸੀ। ਇਸ ਦਾ ਵੱਡਾ ਲਿਖਾਰੀ ਸਾਡਾ ਬੀਰ ਕਰਤਾਰ ਸਿੰਘ ਹੀ ਸੀ।"

ਜਦੋਂ ਅਜੇ ਰਘਵੀਰ ਦਿਆਲ ਤੇ ਬਾਬਾ ਟੁੰਡੀਲਾਟ ਉਹਦੀ ਸਹਾਇਤਾ ਲਈ ਨਹੀਂ ਸਨ ਪੁੱਜੇ ਅਤੇ ਉਹ ਤੇ ਲਾਲਾ ਹਰਦਿਆਲ ਹੀ ਯੁਗਾਂਤਰ ਆਸ਼ਰਮ ਵਿਚ ਰਹਿੰਦੇ ਸਨ ਤਾਂ ਜ਼ਾਹਿਰ ਹੈ ਸਰਾਭਾ ਇਕੱਲਾ ਹੀ ਮਸ਼ੀਨ ਚਲਾਉਣ, ਅਖਬਾਰ ਲਈ ਲਿਖਣ ਜਾਂ ਅਖਬਾਰ ਛਾਪਣ ਦਾ ਉਪਰਾਲਾ ਕਰਦਾ ਸੀ। ਜਿਸ ਦਿਨ '.ਗਦਰ' ਅਖਬਾਰ ਦਾ ਪਹਿਲਾ ਪਰਚਾ ਪ੍ਰਕਾਸ਼ਤ ਹੋਣਾ ਸੀ, ਉਸ ਤੋਂ ਪਹਿਲੀ ਰਾਤ ਬਾਬਾ ਕਰਮ ਸਿੰਘ ਚੀਮਾ ਤੇ ਉਹਦਾ ਇਕ ਸਾਥੀ 'ਯੁਗਾਂਤਰ ਆਸ਼ਰਮ' ਵਿਚ ਠਹਿਰੇ ਸਨ। ਬਾਬਾ ਚੀਮਾ ਲਿਖਦੇ ਹਨ, 'ਜਦ ਅਸੀਂ ਸਵੇਰੇ ਉਠੇ ਤਾਂ

(ਬਾਕੀ ਅਗਲੇ ਸਫੇ 'ਤੇ)

*'.ਗਦਰ' ਅਖ਼ਬਾਰ ਦੀ ਪ੍ਰਕਾਸ਼ਨਾ ਸ਼ੁਰੂ ਕਰਨ ਵਿਚ ਕਰਤਾਰ ਸਿੰਘ ਸਰਾਭਾ ਦੀ ਪਹਿਲਕਦਮੀ ਦਾ ਮੁੱਖ ਯੋਗਦਾਨ ਸੀ। ਇਸ ਤੱਥ ਦੀ ਪੁਸ਼ਟੀ ਕਰਦਿਆਂ ਸਚਿੰਦਰ ਨਾਥ ਸਾਨਿਆਲ ਕਹਿੰਦਾ ਹੈ ਕਿ ਸਰਾਭਾ ਅਤੇ ਉਹਦੇ ਇਕ ਦੋ ਸਾਥੀ ਹੀ ਸਭ ਤੋਂ ਪਹਿਲਾਂ ਜਾ ਕੇ ਲਾਲਾ ਹਰਦਿਆਲ ਕੋਲ 'ਅਜਿਹਾ ਪੱਤਰ ਪ੍ਰਕਾਸ਼ਤ ਕਰਨ ਦਾ ਪ੍ਰਸਤਾਵ ਲੈ ਕੇ ਹਾਜ਼ਰ ਹੋਏ। ਹਰਦਿਆਲ ਤਾਂ ਪਹਿਲਾਂ ਹੀ ਅਜਿਹੇ ਮੌਕੇ ਦੀ ਭਾਲ ਵਿਚ ਸਨ। ਉਨ੍ਹਾਂ ਖ਼ੁਸ਼ੀ-ਖ਼ੁਸ਼ੀ ਇਸ ਕੰਮ ਨੂੰ ਹੱਥ ਵਿਚ ਲੈ ਲਿਆ। ਇਸ ਤਰ੍ਹਾਂ '.ਗਦਰ' ਨਾਮ ਦੇ ਅਖ਼ਬਾਰ ਦਾ ਪ੍ਰਕਾਸ਼ਨ ਸ਼ੁਰੂ ਹੋ ਗਿਆ ਅਤੇ ਹੌਲੀ-ਹੌਲੀ ਇਸੇ ਨੇ .ਗਦਰ ਪਾਰਟੀ ਦਾ ਸੰਗਠਨ ਕਰ ਦਿੱਤਾ।'...ਪੰਜਾਬੀ ਜ਼ਬਾਨ ਨੂੰ ਮਹੱਤਵ ਦੇਣ ਦੇ ਸਰਾਭੇ ਦੇ ਮਨਸ਼ੇ ਅਤੇ ਮੁਹੱਬਤ ਬਾਰੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਕਹਿੰਦੇ ਹਨ, 'ਉਸ ਪਹਿਲੇ ਪਰਚੇ ਮੇਂ ਕਰਤਾਰ ਸਿੰਘ ਨੇ ਪੁਰਾਣੀ ਮਸ਼ਹੂਰ ਪੰਜਾਬੀ ਨਜ਼ਮ 'ਪਗੜੀ ਸੰਭਾਲ ਜੱਟਾ' ਲਿਖੀ ਥੀ। ਪਹਿਲੇ ਛਪਨੇ ਵਾਲੇ ਉਰਦੂ ਪਰਚੋਂ ਮੇਂ ਲਾਲਾ ਹਰਦਿਆਲ ਕੇ ਇੰਤਜ਼ਾਮ ਸੇ ਦੇਸ਼ ਭਗਤੀ ਕੀ ਨਜ਼ਮ ਛਪ ਜਾਤੀ ਰਹੀ ਥੀ। ਕਰਤਾਰ ਸਿੰਘ ਕੋ ਯਹ ਖਿਆਲ ਪੈਦਾ ਹੂਆ ਥਾ ਕਿ ਪੰਜਾਬੀ ਪਰਚੇ ਮੇਂ ਪੰਜਾਬੀ ਨਜ਼ਮ ਭੀ ਹੋਨੀ ਚਾਹੀਏ। ਯਹ ਨਜ਼ਮ ਉਸੇ ਜ਼ਬਾਨੀ ਯਾਦ ਥੀ, ਔਰ ਯਹ ਪਹਿਲੇ ਪਰਚੇ ਮੇਂ ਛਪੀ ਥੀ।'*


غدر
THE SECRETARY
YUGANTAR ASHRAM
SAN FRANCISCO

# ਪੰਜਾਬੀ ਦਾ ਪਹਿਲਾ ਪੱਤਰਕਾਰ

(ਪਿਛਲੇ ਸਫੇ ਤੋਂ ਜਾਰੀ)


ਕਰਤਾਰ ਸਿੰਘ ਤੇ ਲਾਲਾ ਹਰਦਿਆਲ ਉਹ ਛੋਟੀ ਜਿਹੀ ਹੱਥ ਨਾਲ ਫੇਰਨ ਵਾਲੀ ਮਸ਼ੀਨ ਤਿਆਰ ਕਰ ਰਹੇ ਸੀ ਜਿਸ ਨਾਲ ਅਖ਼ਬਾਰ ਛਾਪਣਾ ਸੀ। ਉਸ ਦਿਨ ਉਨ੍ਹਾਂ 'ਗ਼ਦਰ' ਅਖ਼ਬਾਰ ਦਾ ਪਹਿਲਾ ਪਰਚਾ ਕੱਢਣਾ ਸੀ। ਅਸੀਂ ਬੇਨਤੀ ਕੀਤੀ ਕਿ ਜੇ ਤੁਸੀਂ ਕਹੋ ਤਾਂ ਅਸੀਂ ਮਸ਼ੀਨ ਫੇਰਦੇ ਹਾਂ, ਸਾਨੂੰ ਆਗਿਆ ਦੇਵੋ ਤਾਂ ਹਰਦਿਆਲ ਨੇ ਕਿਹਾ, ਭਈ ਇਹ ਸਾਡਾ ਹੀ ਕੰਮ ਹੈ।'

ਬਲਵੰਤ ਉਰਫ਼ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭੇ ਦੇ ਅਖ਼ਬਾਰ ਛਾਪਣ ਲਈ ਕੀਤੇ ਜਾਣ ਵਾਲੇ ਅਹਿਮ ਯਤਨਾਂ ਬਾਰੇ ਲਿਖਦਾ ਹੈ, "ਇਹ ਅਖ਼ਬਾਰ ਹਜ਼ਾਰਾਂ ਦੀ ਗਿਣਤੀ ਵਿਚ ਛਪਦੇ ਸਨ ਅਤੇ ਹਰ ਇਕ ਨੂੰ ਮੁਫ਼ਤ ਹੀ ਘੱਲੇ ਜਾਂਦੇ ਸਨ। ਕਦੇ ਕਿਸੇ ਕੋਲੋਂ ਚੰਦਾ ਨਹੀਂ ਮੰਗਿਆ ਜਾਂਦਾ ਸੀ। ਇਸ ਸਾਰੇ ਹੀ ਕੰਮ ਕਾਜ ਵਿਚ ਬਹੁਤ ਸਾਰਾ ਪੁਰਸ਼ਾਰਥ ਭਾਈ ਕਰਤਾਰ ਸਿੰਘ ਜੀ ਦਾ ਸੀ। ਉਹ ਬੜੇ ਹੀ ਪ੍ਰੇਮ ਨਾਲ ਅਤੇ ਦਿਲੀ ਲਗਨ ਨਾਲ ਕੰਮ ਕਰਦਾ ਸੀ ਅਤੇ ਉਸ ਦਾ ਚਿਹਰਾ ਹਰ ਵੇਲੇ ਹਸੂੰ-ਹਸੂੰ ਹੀ ਕਰਦਾ ਰਹਿੰਦਾ ਸੀ। ਇਹ ਉਸ ਦੇ ਯਤਨਾਂ ਦਾ ਹੀ ਫਲ ਸੀ ਕਿ ਜਿਥੇ ਕਿਥੇ ਵੀ ਕੋਈ ਹਿੰਦ ਵਾਸੀ ਸੀ, ਉਥੇ ਹੀ ਉਸ ਨੂੰ ਪਰਚਾ ਪਹੁੰਚਾਇਆ ਜਾਂਦਾ ਸੀ।"

'ਗ਼ਦਰ' ਦੇ ਪਹਿਲੇ ਅੰਕ ਵਿਚ ਲਿਖਿਆ ਮੁੱਖ ਲੇਖ ਨਿਸ਼ਚੇ ਹੀ ਕਰਤਾਰ ਸਿੰਘ ਸਰਾਭੇ ਦਾ ਲਿਖਿਆ ਹੋਇਆ ਸੀ। 'ਗ਼ਦਰ-ਗੂੰਜਾਂ' ਦੀਆਂ ਬਹੁਤ ਸਾਰੀਆਂ ਜ਼ਿਕਰਯੋਗ ਤੇ ਉਸ ਦੇ ਨਾਂ ਨਾਲ ਜੋੜ ਕੇ ਵਾਰ-ਵਾਰ ਦੁਹਰਾਈਆਂ ਜਾਣ ਵਾਲੀਆਂ ਕਵਿਤਾਵਾਂ ਦਾ ਜ਼ਿਕਰ ਅਸੀਂ ਅਕਸਰ ਪੜ੍ਹਦੇ ਸੁਣਦੇ ਹਾਂ। ਉਨ੍ਹਾਂ ਦੇਸ਼ ਭਗਤਾਂ ਵਿਚ ਨਿਜ ਪ੍ਰਦਰਸ਼ਨ ਦੀ ਰੁਚੀ ਨਾ ਹੋਣ ਕਰ ਕੇ ਤੇ ਕੁਝ ਸੁਰੱਖਿਆ ਕਾਰਨਾਂ ਦੇ ਰੂ-ਬਰੂ ਵੀ ਲਿਖਤਾਂ ਜਾਂ ਕਵਿਤਾਵਾਂ ਉਤੇ ਲੇਖਕ ਜਾਂ ਕਵੀ ਦਾ ਅਸਲੀ ਨਾਂ ਨਹੀਂ ਸੀ ਛਪਦਾ। ਇਸ ਕਰ ਕੇ ਇਹ ਅਨੁਮਾਨ ਲਾਉਣਾ ਹੁਣ ਬੜਾ ਮੁਸ਼ਕਲ ਹੈ ਕਿ 'ਗ਼ਦਰ' ਅਖ਼ਬਾਰ ਵਿਚ ਛਪਦੇ ਲੇਖਾਂ ਜਾਂ ਕਵਿਤਾਵਾਂ ਵਿਚੋਂ ਕਿਹੜੀਆਂ ਸਰਾਭੇ ਦੀ ਸਿਰਜਣਾ ਸਨ। ਤਦ ਵੀ ਕੁਝ ਲਿਖਤਾਂ ਤੇ ਕਵਿਤਾਵਾਂ ਇਸ ਪੁਸਤਕ ਵਿਚ ਅਜਿਹੀਆਂ ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਬਾਰੇ ਭਰੋਸੇ ਨਾਲ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਦਾ ਕਰਤਾ ਕਰਤਾਰ ਸਿੰਘ ਸਰਾਭਾ ਹੀ ਸੀ। ਸਾਡੇ ਇਸ ਨਿਰਣੇ ਦੀ ਪੁਸ਼ਟੀ ਡਾ. ਹਰੀਸ਼ ਪੁਰੀ ਤੇ ਵੇਦ ਵਟੁਕ ਜਿਹੇ ਇਤਿਹਾਸਕਾਰਾਂ ਦੇ ਹਵਾਲਿਆਂ ਤੋਂ ਵੀ ਹੋ ਜਾਂਦੀ ਹੈ।

ਉਸ ਦੀਆਂ ਲਿਖਤਾਂ ਤੇ ਕਵਿਤਾਵਾਂ ਵਿਚ ਜੋਸ਼ ਤੇ ਵਲਵਲਾ ਹੈ ਤੇ ਦੇਸ਼ ਲਈ ਕੁਰਬਾਨ ਹੋਣ ਦੇ ਜਜ਼ਬੇ ਦਾ ਅਮੋੜ ਵੇਗ ਵੀ। ਵਾਰਤਕ ਰਚਨਾਵਾਂ ਵਿਚੋਂ ਉਸ ਦੀ ਚਿੰਤਨੀ ਸੁਰ ਵੀ ਜਾਹਰ ਹੁੰਦੀ ਹੈ। ਜਦੋਂ ਉਹ ਇਕ ਲੇਖ ਵਿਚ ਅਫ਼ਰੀਕਾ ਵਿਚ ਗੁਜਰਾਤ ਦੀਆਂ ਔਰਤਾਂ ਦੀ ਬਹਾਦਰੀ ਦੀ ਪ੍ਰਸ਼ੰਸਾ ਕਰਦਿਆਂ ਪੰਜਾਬੀ ਸਿੱਖਾਂ ਦੇ ਪ੍ਰਚਲਿਤ ਵਿਹਾਰ ਨੂੰ ਤੁਲਨਾਤਮਕ ਅਧਿਐਨ ਦਾ ਵਿਸ਼ਾ ਬਣਾ ਕੇ ਸਿੱਖੀ ਦੇ ਭੇਖ ਅਤੇ ਤੱਤ ਉਤੇ ਤਿੱਖਾ ਕਟਾਖਸ਼ ਕਰਦਾ ਹੈ ਤਾਂ ਉਸ ਦੀ ਇਤਿਹਾਸ ਪ੍ਰਤੀ ਵਿਸ਼ਲੇਸ਼ਣੀ ਦ੍ਰਿਸ਼ਟੀ ਦਾ ਸਹਿਜ ਪਰਿਚੈ ਹੋ ਜਾਂਦਾ ਹੈ।

ਉਹ ਲਿਖਦਾ ਹੈ, "ਹਿੰਦੁਸਤਾਨੀ ਲੋਕ ਆਮ ਰਿਵਾਜ ਨਾਲ ਆਪਣੀਆਂ ਔਰਤਾਂ ਨੂੰ ਮਰਦਾਂ ਤੋਂ ਹੀਣ ਸਮਝਦੇ ਹਨ ਪਰ ਅਫ਼ਰੀਕਾ ਵਿਚ ਹਿੰਦੁਸਤਾਨ ਦੀਆਂ ਦੇਵੀਆਂ ਜਿਹੜੇ ਕੰਮ ਕਰ ਰਹੀਆਂ ਹਨ, ਇਸ ਤੋਂ ਹਿੰਦੁਸਤਾਨੀਆਂ ਦੇ ਗ਼ਲਤ ਖ਼ਿਆਲ ਦਾ ਖੰਡਨ ਹੁੰਦਾ ਹੈ। ਅਫ਼ਰੀਕਾ ਦੇ ਜ਼ਾਲਮ ਕਾਨੂੰਨ ਨੂੰ ਤੋੜਨ ਦੀ ਖਾਤਿਰ ਉਥੋਂ ਦੀਆਂ ਗੁਜਰਾਤੀ ਔਰਤਾਂ ਨੇ ਮਰਦਾਂ ਨਾਲੋਂ ਚਾਰ ਕਦਮ ਵਧ ਕੇ ਟਾਕਰਾ ਕੀਤਾ ਹੈ। ਗੰਨੇ ਦੇ ਖੇਤਾਂ ਦੇ ਜਲਾਓ ਤੇ ਹੋਰ ਕੰਮਾਂ ਵਿਚ ਮਰਦਾਂ ਦੇ ਬਰਾਬਰ ਕੰਮ ਕੀਤਾ ਹੈ। ਮਰਦਾਂ ਦੇ ਨਾਲ ਹੀ ਜੇਲ੍ਹ ਵਿਚ ਜਾਣ ਦਾ ਡਰ ਨਹੀਂ ਮੰਨਿਆ। ਹੁਣ ਮੈਂ ਸਿੰਘਾਂ ਤੋਂ ਪੁੱਛਦਾ ਹਾਂ ਕਿ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਨੇ ਅੰਮ੍ਰਿਤ ਛਕਾ ਕੇ ਸ਼ੇਰ ਬਣਾਇਆ ਸੀ ਅਤੇ ਇਕ ਇਕ ਸਿੰਘ ਸਵਾ ਸਵਾ ਲੱਖ ਨਾਲ ਲੜਨ ਦਾ ਦਾਅਵਾ ਰੱਖਦੇ ਸਨ, ਪਰ ਹੁਣ ਕੀ ਪੰਜਾਬ ਵਿਚ ਇਸੇ ਤਰ੍ਹਾਂ ਸਿੰਘਾਂ ਨੂੰ ਅੰਮ੍ਰਿਤ ਛਕਾਇਆ ਜਾਂਦਾ ਹੈ, ਪਰ ਉਹ ਪਹਿਲਾਂ ਵਰਗੀ ਕੁੱਵਤ ਤੇ ਬਹਾਦਰੀ ਸਿੰਘਾਂ ਵਿਚ ਕਿਉਂ ਨਹੀਂ ਰਹੀ। ਇਸ ਦੇ ਦੋ ਸਬੱਬ ਹਨ-ਪਹਿਲਾਂ, ਉਹ ਆਦਮੀ ਜਿਹੜੇ ਅੰਮ੍ਰਿਤ ਬਣਾਉਂਦੇ ਹਨ, ਉਹ ਗੁਲਾਮ ਹਨ। ਗੁਰਦੁਆਰਿਆਂ ਦੇ ਗ੍ਰੰਥੀ ਅੰਗਰੇਜ਼ਾਂ ਨੂੰ ਝੁਕ-ਝੁਕ ਕੇ ਸਲਾਮ ਕਰਦੇ ਦੇਖੇ ਜਾਂਦੇ ਹਨ। ਭਲਾ ਅਜਿਹੇ ਨੀਚ ਪੁਰਸ਼ ਜਿਹੜੇ ਮਜ਼ਬੀ ਲੀਡਰ ਬਣੇ ਹੋਏ ਹਨ ਤਾਂ ਕੌਮ ਵਿਚ ਕੀ ਤਾਕਤ ਤੇ ਦਲੇਰੀ ਹੋ ਸਕਦੀ ਹੈ? ਜਦ ਤੱਕ ਗੁਰੂ ਗੋਬਿੰਦ ਸਿੰਘ ਵਰਗੇ ਸ਼ੇਰ ਦਿਲ ਤੇ ਬਹਾਦਰ ਆਦਮੀ ਲੀਡਰ ਨਹੀਂ ਹੁੰਦੇ, ਤਦ ਤੱਕ ਕੋਈ ਅਸਰ ਨਹੀਂ ਹੋਵੇਗਾ। ਅੱਜਕੱਲ੍ਹ ਦੇ ਹਾਲ 'ਤੇ ਅੱਛੀ ਤਰ੍ਹਾਂ ਸਿੰਘਾਂ ਨੂੰ ਨਿਗ੍ਹਾ ਮਾਰਨੀ ਚਾਹੀਦੀ ਹੈ ਅਤੇ ਗੁਲਾਮ ਤੇ ਡਰਾਕਲ ਗ੍ਰੰਥੀਆਂ ਨੂੰ ਨਿਕਾਲ ਦੇਣਾ ਚਾਹੀਦਾ ਹੈ।"



ਗ਼ਦਰ ਪਾਰਟੀ ਦਾ ਗਲੇ ਮਿਲਦੀਆਂ ਦੋ ਤਲਵਾਰਾਂ ਵਾਲਾ ਤਿੰਨ-ਰੰਗਾ ਝੰਡਾ ਵੀ ਕਰਤਾਰ ਸਿੰਘ ਸਰਾਭੇ ਦਾ ਹੀ ਡਿਜ਼ਾਈਨ ਕੀਤਾ ਹੋਇਆ ਸੀ। ਇਸ ਦੀ ਪੁਸ਼ਟੀ ਸਰਾਭੇ ਦੇ ਖ਼ਿਲਾਫ਼ ਮੁਕੱਦਮੇ ਵਿਚ ਭੁਗਤਣ ਵਾਲੇ ਸਰਕਾਰੀ ਵਕੀਲ ਮਿ. ਪਿੱਟਮੈਨ ਨੇ ਵੀ ਕੀਤੀ ਹੈ। ਇਹ ਤੱਥ ਇਸ ਹਕੀਕਤ ਦੀ ਨਿਸ਼ਾਨਦੇਹੀ ਕਰਦਾ ਹੈ ਕਿ ਸਰਾਭਾ ਰੰਗਾਂ ਦੀ ਪਛਾਣ ਤੇ ਢੁਕਵੀਂ ਵਰਤੋਂ ਕਰਨ ਵਾਲਾ ਚਿਤਰਕਾਰ ਜਾਂ ਕਲਾਕਾਰ ਹੀ ਨਹੀਂ ਸੀ, ਸਗੋਂ ਡੂੰਘੀ ਇਤਿਹਾਸਕ ਤੇ ਰਾਜਨੀਤਕ ਸਮਝ ਤੇ ਉਚੀ ਕਲਪਨਾ ਉਡਾਰੀ ਵਾਲਾ ਦੂਰਦਰਸ਼ੀ ਪ੍ਰਤਿਭਾਵਾਨ ਇਨਕਲਾਬੀ ਸੀ। ਵੱਖ-ਵੱਖ ਲਿਖਤਾਂ ਵਿਚ ਖਿੰਡਰੇ ਹੋਏ ਇਤਿਹਾਸਕ ਹਵਾਲਿਆਂ ਵਿਚੋਂ ਉਹਦੀ ਬਹੁਮੁਖੀ ਪ੍ਰਤਿਭਾ ਦੇ ਸਾਨੂੰ ਅਨੇਕ ਝਲਕਾਰੇ ਮਿਲਦੇ ਹਨ।

ਇੰਨਾ ਹੀ ਨਹੀਂ, ਉਹਦਾ ਗ਼ਦਰ ਲਹਿਰ ਦੇ ਉਭਾਰ ਤੇ ਪ੍ਰਚਾਰ ਲਈ ਮਾਤ-ਭਾਸ਼ਾ ਦੇ ਮਹੱਤਵ ਨੂੰ ਸਵੀਕਾਰ ਕਰਨਾ ਉਹਦੀ ਦੂਰਦਰਸ਼ਤਾ ਦਾ ਕਮਾਲ ਹੀ ਹੈ। 'ਗ਼ਦਰ' ਅਖ਼ਬਾਰ ਵਿਚ ਛਪੀ ਉਹਦੀ ਪਹਿਲੀ ਪੰਜਾਬੀ ਲਿਖਤ ਦੀਆਂ ਪਹਿਲੀਆਂ ਸਤਰਾਂ ਵਿਚ ਹੀ ਉਸ ਨੇ ਐਲਾਨ ਕੀਤਾ ਹੈ, "ਅੱਜ ਪਹਿਲੀ ਨਵੰਬਰ ਸੰਨ 1913 ਭਾਰਤ ਦੀ ਤਵਾਰੀਖ਼ ਵਿਚ ਇਕ ਨਵਾਂ ਸੰਮਤ ਚੱਲਦਾ ਹੈ ਕਿਉਂਕਿ ਅੱਜ ਅੰਗਰੇਜ਼ੀ ਰਾਜ ਦੇ ਵਿਰੁਧ ਪਰਦੇਸ ਵਿਚੋਂ ਦੇਸੀ ਜ਼ਬਾਨ ਵਿਚ ਜੰਗ ਛਿੜਦੀ ਹੈ।"

ਮਹਾਤਮਾ ਬੁੱਧ ਵੱਲੋਂ ਬੁੱਧ ਮੱਤ ਦੇ ਪ੍ਰਚਾਰ ਲਈ ਉਸ ਵੇਲੇ ਦੀ ਲੋਕ-ਭਾਸ਼ਾ 'ਪਾਲੀ' ਨੂੰ ਅਪਨਾਏ ਜਾਣ ਅਤੇ ਸਿੱਖ ਗੁਰੂ ਸਾਹਿਬਾਨ ਵੱਲੋਂ ਆਪਣੀ ਬਾਣੀ ਰਚਣ ਲਈ ਵਰਤੀ ਗਈ ਪੰਜਾਬੀ ਰੰਗ ਵਾਲੀ ਪਰ ਪੂਰੇ ਦੇਸ਼ ਵਿਚ ਸਮਝੀ ਜਾਣ ਵਾਲੀ ਲੋਕ-ਮੁਖੀ ਜ਼ਬਾਨ ਦੇ ਹਵਾਲੇ ਦੱਸਦੇ ਹਨ ਕਿ ਲੋਕ-ਲਹਿਰਾਂ ਲੋਕਾਂ ਦੀ ਜ਼ਬਾਨ ਵਿਚ ਹੀ ਲੜੀਆਂ ਜਾ ਸਕਦੀਆਂ ਹਨ। ਇਸ ਪ੍ਰਕਾਰ 'ਦੇਸੀ ਜ਼ਬਾਨ' ਦੇ ਮਹੱਤਵ ਨੂੰ ਸਮਝਣਾ ਸਰਾਭੇ ਦੀ ਭਵਿੱਖਮੁਖੀ ਪਹੁੰਚ ਦਾ ਸਬੂਤ ਹੈ ਜਿਹੜਾ ਇਸ ਪਾਸੇ ਵੱਲ ਵੀ ਸੰਕੇਤ ਕਰਦਾ ਹੈ ਕਿ ਜੇ ਸਾਡੀ ਇਨਕਲਾਬੀ ਤਹਿਰੀਕ ਸਫ਼ਲ ਹੋ ਜਾਂਦੀ ਤਾਂ ਲੋਕਾਂ ਦੀ ਕਿਸਮਤ ਦੇ ਨਾਲ ਨਾਲ, ਹੁਣ ਅੰਗਰੇਜ਼ੀ ਦੇ ਪੈਰਾਂ ਵਿਚ ਰੁਲ ਰਹੀ, ਸਾਡੀ ਜ਼ਬਾਨ ਦੀ ਕਿਸਮਤ ਵੀ ਸੌਰ ਜਾਣੀ ਸੀ।

ਪੰਜਾਬੀ ਜ਼ਬਾਨ ਨੂੰ ਮਹੱਤਵ ਦੇਣ ਦੇ ਸਰਾਭੇ ਦੇ ਮਨਸ਼ੇ ਅਤੇ ਮੁਹੱਬਤ ਬਾਰੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਕਹਿੰਦੇ ਹਨ, "ਉਸ ਪਹਿਲੇ ਪਰਚੇ ਮੇਂ ਕਰਤਾਰ ਸਿੰਘ ਨੇ ਪੁਰਾਣੀ ਮਸ਼ਹੂਰ ਪੰਜਾਬੀ ਨਜ਼ਮ 'ਪਗੜੀ ਸੰਭਾਲ ਜੱਟਾ' ਲਿਖੀ ਥੀ। ਪਹਿਲੇ ਛਪਨੇ ਵਾਲੇ ਉਰਦੂ ਪਰਚੋਂ ਮੇਂ ਲਾਲਾ ਹਰਦਿਆਲ ਕੇ ਇੰਤਜ਼ਾਮ ਸੇ ਦੇਸ਼ ਭਗਤੀ ਕੀ ਨਜ਼ਮ ਛਪ ਜਾਤੀ ਰਹੀ ਥੀ। ਕਰਤਾਰ ਸਿੰਘ ਕੋ ਯਹ ਖ਼ਿਆਲ ਪੈਦਾ ਹੂਆ ਥਾ ਕਿ ਪੰਜਾਬੀ ਪਰਚੇ ਮੇਂ ਪੰਜਾਬੀ ਨਜ਼ਮ ਭੀ ਹੋਨੀ ਚਾਹੀਏ। ਯਹ ਨਜ਼ਮ ਉਸੇ ਜ਼ਬਾਨੀ ਯਾਦ ਥੀ, ਔਰ ਯਹ ਪਹਿਲੇ ਪਰਚੇ ਮੇਂ ਛਪੀ ਥੀ।"

ਜੇ ਵੇਖਿਆ ਜਾਵੇ ਤਾਂ ਕਰਤਾਰ ਸਿੰਘ ਸਰਾਭਾ 'ਗ਼ਦਰ' ਅਖ਼ਬਾਰ ਦਾ ਹੀ ਨਹੀਂ, ਸਗੋਂ ਪੰਜਾਬੀ ਦਾ ਪਹਿਲਾ ਪੱਤਰਕਾਰ ਵੀ ਸੀ। ਉਹ ਅਖ਼ਬਾਰ ਲਈ ਸਮੇਂ-ਸਮੇਂ ਸੰਪਾਦਕੀ ਲੇਖ ਤੇ ਕਵਿਤਾਵਾਂ ਵੀ ਲਿਖਦਾ ਸੀ ਤੇ ਅਖ਼ਬਾਰ ਨੂੰ ਛਾਪਣ ਦਾ ਕਾਰਜ ਵੀ ਕਰਦਾ ਸੀ। ਆਜ਼ਾਦੀ ਦੀ ਸੰਗਰਾਮ ਵਿਚ ਉਸ ਦੇ ਅਹਿਮ ਸਰਗਰਮ ਯੋਗਦਾਨ ਵਿਚ ਉਸ ਦੇ ਪੱਤਰਕਾਰ ਦੇ ਰੋਲ ਨੂੰ ਵੀ ਘਟਾ ਕੇ ਨਹੀਂ ਵੇਖਿਆ ਜਾ ਸਕਦਾ। ਇਹ ਵੀ ਕਹਿ ਸਕਦੇ ਹਾਂ ਕਿ ਉਹ ਪਹਿਲਾ ਪੰਜਾਬੀ ਪੱਤਰਕਾਰ ਸੀ ਜਿਸ ਨੂੰ ਫ਼ਾਂਸੀ ਦੀ ਸਜ਼ਾ ਹੋਈ।

(ਚਲਦਾ)

# ਧੀ ਦੇ ਦੁੱਖ ਵਿਚ ਮਾਂ ਸੰਸਾਰ ਪ੍ਰਸਿੱਧ ਲੇਖਿਕਾ ਬਣ ਗਈ!

ਗੁਰਚਰਨ ਸਿੰਘ ਜੈਤੋ, ਸ਼ਿਕਾਗੋ
ਫੋਨ: 630-800-9068


ਮਾਂਵਾਂ ਜਦੋਂ ਕੁਝ ਕਰਨ ਲਈ ਪੱਕਾ ਇਰਾਦਾ ਕਰ ਲੈਂਦੀਆਂ ਨੇ ਤਾਂ ਦੁਨੀਆਂ ਦੀ ਕੋਈ ਤਾਕਤ ਉਨ੍ਹਾਂ ਨੂੰ ਰੋਕ ਨਹੀਂ ਸਕਦੀ। ਮਾਤਾ ਗੁਜਰੀ ਨੇ ਜਦੋਂ ਆਪਣੇ ਸੱਤ ਸਾਲ ਤੇ ਪੰਜ ਸਾਲ ਦੇ ਪੋਤਰਿਆਂ ਨੂੰ ਸਿੱਖਿਆ ਦਿੱਤੀ ਤਾਂ ਉਹ ਧਰਮ ਦੀ ਖਾਤਰ ਸ਼ਹੀਦ ਹੋ ਕੇ ਦੁਨੀਆਂ ਦੇ ਸਭ ਤੋਂ ਛੋਟੀ ਉਮਰ ਦੇ ਸ਼ਹੀਦ ਬਣ ਗਏ ਤੇ ਦੁਨੀਆਂ 'ਤੇ ਇਕ ਅਦੁੱਤੀ ਮਿਸਾਲ ਕਾਇਮ ਕਰ ਗਏ। ਮਮਤਾ ਨੇ ਇਕ ਵੱਖਰਾ ਇਤਿਹਾਸ ਸਿਰਜਿਆ ਹੈ ਜਿਸ ਅੱਗੇ ਹਰ ਇਨਸਾਨ ਦਾ ਸਿਰ ਝੁਕ ਜਾਂਦਾ ਹੈ। ਅੱਜ ਇਕ ਅਜਿਹੀ ਔਰਤ ਦੀ ਗੱਲ ਕਰਦੇ ਹਾਂ ਜਿਸ ਨੇ ਮਮਤਾ ਦੇ ਇਤਿਹਾਸ ਵਿਚ ਇਕ ਸੁਨਹਿਰੀ ਪੰਨਾ ਜੋੜਿਆ।

ਅਮਰੀਕਾ ਦੇ ਦੱਖਣੀ ਹਿੱਸੇ ਵਿਚ 17ਵੀਂ ਸਦੀ ਤੋਂ ਲੈ ਕੇ ਢਾਈ ਸਦੀਆਂ ਤਕ ਗੋਰੇ ਲੋਕਾਂ ਨੇ ਕਾਲੇ ਅਫ਼ਰੀਕਨਾਂ ਨੂੰ ਗੁਲਾਮ ਬਣਾ ਕੇ ਰੱਖਿਆ ਅਤੇ ਉਨ੍ਹਾਂ 'ਤੇ ਅਜਿਹੇ ਜ਼ੁਲਮ ਕੀਤੇ ਕਿ ਮਨੁੱਖਤਾ ਸ਼ਰਮਸਾਰ ਹੋ ਕੇ ਰਹਿ ਗਈ। ਮਨੁੱਖਤਾ ਦੇ ਭਲੇ ਲਈ ਸਹੀ ਸੋਚ ਵਾਲੇ ਲੋਕ, ਪਹਿਲਾਂ ਉਨ੍ਹਾਂ ਜ਼ੁਲਮਾਂ ਦੇ ਵਿਰੁਧ ਸੋਚਣ ਲਈ ਮਜਬੂਰ ਹੋਏ ਤੇ ਫੇਰ ਉਨ੍ਹਾਂ ਜ਼ੁਲਮਾਂ ਨੂੰ ਰੋਕਣ ਲਈ ਇਕੱਠੇ ਹੋਣੇ ਸ਼ੁਰੂ ਹੋ ਗਏ। ਜ਼ੁਲਮਾਂ ਦੀਆਂ ਸੱਚੀਆਂ ਤੇ ਹਿਰਦੇਵੇਧਕ ਘਟਨਾਵਾਂ ਦੇਖ/ਸੁਣ ਕੇ ਲੋਕਾਂ ਦੇ ਦਿਲ ਪਸੀਜ ਗਏ। ਲੋਕ ਡਰ ਗਏ ਹੌਲੀ ਹੌਲੀ ਗੁਲਾਮਾਂ ਨੂੰ ਆਜ਼ਾਦ ਕਰਨ ਲਈ ਅੰਡਰਗਰਾਊਂਡ ਰੇਲ ਰੋਡ ਵਰਗੀਆਂ ਸੰਸਥਾਵਾਂ ਹੋਂਦ ਵਿਚ ਆਈਆਂ ਜਿਨ੍ਹਾਂ ਨੇ ਗੁਲਾਮੀ ਦੇ ਸੰਗਲ ਤੋੜ ਕੇ ਭੱਜੇ ਹੋਏ ਭਗੌੜੇ ਗੁਲਾਮਾਂ ਨੂੰ ਅਮਰੀਕਾ ਦੀਆਂ ਹੱਦਾਂ ਪਾਰ ਕਰਵਾ ਕੇ ਕੈਨੇਡਾ ਪਹੁੰਚਾਇਆ, ਜਿੱਥੇ ਜਾ ਕੇ ਗੁਲਾਮ ਆਜ਼ਾਦ ਹੋ ਜਾਇਆ ਕਰਦੇ ਸਨ। ਇਹ ਸਿਲਸਿਲਾ 17ਵੀਂ-18ਵੀਂ ਸਦੀ ਵਿਚ ਚਲਦਾ ਰਿਹਾ ਤੇ ਅਖੀਰ ਕਿਧਰੇ ਜਾ ਕੇ 19ਵੀਂ ਸਦੀ ਵਿਚ ਖਤਮ ਹੋਇਆ।

ਰਾਸ਼ਟਰਪਤੀ ਅਬਰਾਹਮ ਲਿੰਕਨ ਨੇ ਸਥਿਤੀ ਨੂੰ ਸੰਭਾਲਦਿਆਂ 1863 ਵਿਚ ਆਜ਼ਾਦੀ ਦਾ ਐਲਾਨਨਾਮਾ ਜਾਰੀ ਕੀਤਾ ਜਿਸ ਰਾਹੀਂ ਅਮਰੀਕਾ ਵਿਚ ਰਹਿਣ ਵਾਲੇ ਗੋਰੇ-ਕਾਲੇ ਨਾਗਰਿਕਾਂ ਦੇ ਹੱਕ ਬਰਾਬਰ ਹੋ ਗਏ ਤੇ ਗੁਲਾਮ ਪ੍ਰਥਾ ਖਤਮ ਹੋ ਗਈ। ਪਰ ਅਮਰੀਕਾ ਦੇ ਦੱਖਣੀ ਹਿੱਸੇ ਵਿਚ ਗੁਲਾਮਾਂ ਦੇ ਮਾਲਕ ਇਸ ਐਲਾਨਨਾਮੇ ਨੂੰ ਲਾਗੂ ਕਰਨਾ ਨਹੀਂ ਸੀ ਚਾਹੁੰਦੇ। ਇਹ ਵਿਰੋਧ ਪਿੱਛੋਂ ਜਾ ਕੇ ਘਰੇਲੂ ਖਾਨਾਜੰਗੀ ਵਿਚ ਬਦਲ ਗਿਆ ਜਿਸ ਰਾਹੀਂ ਕਾਫ਼ੀ ਜਾਨੀ ਨੁਕਸਾਨ ਹੋਇਆ। ਗੁਲਾਮ ਪ੍ਰਥਾ ਦੇ ਵਿਰੋਧੀ ਗੋਰੇ ਬੁੱਧੀਜੀਵੀ ਤੇ ਫ਼ਰੈਡਰਿਕ ਡਗਲਸ ਵਰਗੇ ਭਗੌੜੇ ਗੁਲਾਮ ਜਿਨ੍ਹਾਂ ਨੇ ਜਾਨ 'ਤੇ ਖੇਡ ਕੇ ਆਪਣੀ ਆਜ਼ਾਦੀ ਹਾਸਲ ਕੀਤੀ, ਇਕੱਠੇ ਹੋਣੇ ਸ਼ੁਰੂ ਹੋ ਗਏ ਜਿਸ ਨਾਲ ਗੁਲਾਮੀ ਵਿਰੋਧੀ ਲਹਿਰ ਸਾਰੇ ਦੇਸ਼ ਵਿਚ ਚਲ ਪਈ। ਲੇਖਕਾਂ ਤੇ ਕਵੀਆਂ ਨੇ ਵੀ ਆਪਣਾ ਯੋਗਦਾਨ ਪਾਇਆ ਤੇ ਇਹ ਲਹਿਰ ਹੋਰ ਤੇਜ਼ ਹੋਈ।

ਮੀਰੋਪੋਲ ਨਾਂ ਦੇ ਇਕ ਅਧਿਆਪਕ ਨੇ ਜਦੋਂ ਦੋ ਕਾਲੇ ਗੁਲਮਾਂ ਨੂੰ ਮਾਰ ਕੇ ਰੁੱਖ 'ਤੇ ਟੰਗੇ ਹੋਇਆਂ ਦੀ ਤਸਵੀਰ ਦੇਖੀ, ਜਿਸ ਵਿਚ ਲਾਸ਼ਾਂ ਅੱਗੇ ਗੋਰੇ ਖੜ੍ਹੇ ਮੁਸਕਰਾ ਰਹੇ ਸਨ, ਤਾਂ ਉਸ ਦਾ ਅੰਦਰ ਜ਼ਖ਼ਮੀ ਹੋ ਗਿਆ। ਉਸ ਨੇ ਅਜੀਬ ਫ਼ਲ (ੰਟਰਅਨਗਏ ਾਰੁਟਿ) ਨਾਂ ਦੀ ਕਵਿਤਾ ਲਿਖੀ ਜਿਸ ਦਾ ਪਿਛੋਕੜ ਬੜਾ ਦੁਖਦਾਈ ਸੀ। ਇਸ ਕਵਿਤਾ ਨੂੰ ਜਦੋਂ ਬਿਲੀ ਹੌਲੀਡੇਅ ਨਾਂ ਦੀ ਗਾਇਕਾ ਨੇ ਗਾਇਆ ਤਾਂ ਸੁਣਨ ਵਾਲੇ ਲੋਕਾਂ ਦੀਆਂ ਅੱਖਾਂ ਵਿਚੋਂ ਅੱਥਰੂਆਂ ਦੇ ਦਰਿਆ ਵਹਿ ਤੁਰੇ। ਇਹ ਗੀਤ ਇਕ ਇਨਕਲਾਬੀ ਗੀਤ ਸਾਬਤ ਹੋਇਆ ਜਿਸ ਨੇ ਲੋਕਾਂ ਦੀ ਆਤਮਾ ਨੂੰ ਹਲੂਣਿਆ ਤੇ ਗੁਲਾਮੀ ਵਿਰੋਧੀ ਲਹਿਰ ਨੂੰ ਹੋਰ ਤੇਜ਼ ਕੀਤਾ।

1852 ਵਿਚ ਇਕ ਕਿਤਾਬ ਛਪੀ ਜਿਸ ਨੇ ਇਸ ਲਹਿਰ ਨੂੰ ਅਗੇ ਤੋਰਿਆ। ਹੈਰੀਅਟ ਬੀਚਰ ਸਟੋਵੇ (ਅਰਰਇਟ ਭਏਚਹਰਰ ੰਟੋਾੲ) ਨਾਂ ਦੀ ਇਕ ਔਰਤ ਦੀ ਛੋਟੀ ਜਿਹੀ ਧੀ ਹੈਜ਼ੇ ਨਾਲ ਮਰ ਗਈ। ਉਸ ਮਾਂ ਨੂੰ ਬੱਚੀ ਦੀ ਮੌਤ ਨੇ ਬਹੁਤ ਦੁਖੀ ਕੀਤਾ। ਜਦੋਂ ਉਹ ਆਪਣੀ ਬੱਚੀ ਦੀ ਕਬਰ 'ਤੇ ਗਈ ਤਾਂ ਉਹਨੂੰ ਇਲਹਾਮ ਵਰਗਾ ਅਹਿਸਾਸ ਹੋਇਆ ਕਿ ਅਮਰੀਕਾ ਦੇ ਦੱਖਣੀ ਹਿੱਸੇ ਵਿਚ ਜਦੋਂ ਗੁਲਾਮ ਮਾਂਵਾਂ ਦੀਆਂ ਗੋਦੀਆਂ ਵਿਚੋਂ ਉਨ੍ਹਾਂ ਦੇ ਬੱਚੇ ਖੋਹ ਕੇ ਵਪਾਰੀਆਂ ਨੂੰ ਵੇਚ ਦਿੱਤੇ ਜਾਂਦੇ ਨੇ ਤਾਂ ਉਨ੍ਹਾਂ ਦੇ ਦਿਲਾਂ 'ਤੇ ਕੀ ਗੁਜ਼ਰਦੀ ਹੋਵੇਗੀ! ਗੁਲਾਮੀ ਦੀ ਪ੍ਰਥਾ ਵਿਚ ਗੁਲਾਮ ਆਪਣੇ ਮਾਲਕ ਲਈ ਕਿਸੇ ਫ਼ਰਨੀਚਰ, ਪਸ਼ੂ ਜਾਂ ਘਰ ਦੇ ਕਿਸੇ ਸਾਮਾਨ ਤੋਂ ਵੱਧ ਕੁਝ ਵੀ ਨਹੀਂ ਸੀ ਹੁੰਦੇ। ਜਦੋਂ ਮਾਲਕ ਆਪਣੀ ਜਾਇਦਾਦ ਦਾ ਪਰਿਵਾਰਕ ਬਟਵਾਰਾ ਕਰਦੇ ਤਾਂ ਉਹ ਗੁਲਾਮਾਂ ਨੂੰ ਘੋੜਿਆਂ, ਗਾਂਵਾਂ, ਸੂਰਾਂ ਅਤੇ ਬਾਕੀ ਘਰ ਦੇ ਸਾਮਾਨ ਵਾਂਗ ਕੀਮਤ ਮਿੱਥ ਕੇ ਆਪਸ ਵਿਚ ਵੰਡ ਲਿਆ ਕਰਦੇ ਸਨ। ਕਿਸੇ ਦੇ ਹਿੱਸੇ ਗੁਲਾਮ ਮਰਦ ਆ ਜਾਂਦਾ, ਕਿਸੇ ਦੇ ਉਹਦੀ ਪਤਨੀ ਤੇ ਕੋਈ ਬੱਚੇ ਲੈ ਜਾਂਦਾ। ਗੁਲਾਮ ਦਾ ਵਸਦਾ ਘਰ ਉਜੜ ਜਾਂਦਾ। ਫੇਰ ਉਹ ਪਰਿਵਾਰ ਦੇ ਜੀਅ ਸਾਰੀ ਉਮਰ ਲਈ ਕਦੇ ਵੀ ਨਾ ਮਿਲਣ ਲਈ ਵਿੱਛੜ ਜਾਂਦੇ। ਜੇ ਕੋਈ ਮਿਲਣ ਦੀ ਕੋਸ਼ਿਸ਼ ਵੀ ਕਰਦਾ ਤਾਂ ਕੋੜਿਆਂ ਦੀ ਮਾਰ ਨਾਲ ਉਸ ਦੀ ਚਮੜੀ ਉਧੇੜ ਦਿੱਤੀ ਜਾਂਦੀ।



ਮਾਲਕ ਗੁਲਾਮਾਂ ਨੂੰ ਗੁਲਾਮਾਂ ਦੇ ਵਪਾਰੀਆਂ ਨੂੰ ਵੇਚ ਦਿੰਦੇ ਜਿਹੜੇ ਉਨ੍ਹਾਂ ਨੂੰ ਅਗੇ ਹੱਥਕੜੀਆਂ ਤੇ ਸੰਗਲ ਲਾ ਕੇ ਲੈ ਜਾਂਦੇ। ਗੁਲਾਮਾਂ ਨੂੰ ਕੋੜਿਆਂ ਦੀ ਮਾਰ ਅਜਿਹੀ ਮਾਰੀ ਜਾਂਦੀ ਕਿ ਪੈਰਾਂ ਤੱਕ ਖ਼ੂਨ ਵਹਿ ਤੁਰਦਾ। ਕਦੇ ਕਦੇ ਤਾਂ ਗੁਲਾਮ ਦੀ ਨਿੱਕੀ ਜਿਹੀ ਗਲਤੀ ਕਰਕੇ ਉਸ ਨੂੰ ਜਾਨੋਂ ਮਾਰ ਦਿੱਤਾ ਜਾਂਦਾ। ਮਾਰਨ ਵਾਲੇ ਨੂੰ ਕੋਈ ਸਜ਼ਾ ਹੋਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਜਿਮ ਕਰੋਅ ਦੇ ਨਾਂ ਵਰਗੇ ਅਜਿਹੇ ਕਾਲੇ ਕਾਨੂੰਨ ਮਾਲਕਾਂ ਨੇ ਆਪਣੇ ਹੱਕ ਵਿਚ ਬਣਾ ਲਏ ਸਨ ਜਿਹੜੇ ਕਾਲੇ ਅਮਰੀਕਨ ਇਤਿਹਾਸ ਦਾ ਹਿੱਸਾ ਬਣ ਚੁੱਕੇ ਹਨ ਤੇ ਜਿਨ੍ਹਾਂ ਰਾਹੀਂ ਗੁਲਾਮਾਂ ਨੂੰ ਕਈ ਪੀੜ੍ਹੀਆਂ ਤਕ ਗੁਲਾਮੀ ਸਹਿਣੀ ਪਈ। ਇਹੋ ਜਿਹੀਆਂ ਘਟਨਾਵਾਂ ਨੇ ਸਟੋਵੇ ਦੇ ਦਿਲ 'ਤੇ ਅਜਿਹਾ ਡੂੰਘਾ ਅਸਰ ਕੀਤਾ ਕਿ ਉਸ ਨੇ ਇਕ ਨਾਵਲ ਲਿਖਿਆ ਜਿਹੜਾ ਅੰਕਲ ਟੌਮਜ਼ ਕੈਬਿਨ (ਨਚਲਏ ਠੋਮ'ਸ ਚਅਬਨਿ) ਦੇ ਨਾਂ ਨਾਲ ਬਹੁਤ ਮਸ਼ਹੂਰ ਹੋਇਆ। ਲੇਖਿਕਾ ਨੇ ਇਹ ਨਾਵਲ ਲਿਖਣ ਪਿੱਛੋਂ ਇਹ ਮਹਿਸੂਸ ਕਰਦਿਆਂ ਲਿਖਿਆ ਕਿ ਇਸ ਨੂੰ ਸ਼ਾਇਦ ਕੋਈ ਪੜ੍ਹੇਗਾ ਨਹੀਂ ਤੇ ਜੇ ਕੋਈ ਪੜ੍ਹੇਗਾ ਵੀ ਤਾਂ ਉਸ ਨੇ ਕੁਝ ਕਰ ਨਹੀਂ ਸਕਣਾ। ਪਰ ਹੋਇਆ ਉਲਟ! ਪਹਿਲੇ ਚੌਵੀ ਘੰਟਿਆਂ ਵਿਚ ਨਾਵਲ ਦੀਆਂ ਤਿੰਨ ਹਜ਼ਾਰ ਕਾਪੀਆਂ ਤੇ ਬਾਕੀ ਇਕ ਹਫ਼ਤੇ ਦੇ ਅੰਦਰ ਹੀ ਵਿਕ ਗਈਆਂ ਤੇ ਉਸ ਪਿੱਛੋਂ ਇਕ ਲੱਖ ਕਾਪੀਆਂ ਗਿਆਰਾਂ ਹਫ਼ਤਿਆਂ ਵਿਚ ਵਿਕ ਗਈਆਂ। ਇਹ ਨਾਵਲ ਛਾਪਣ ਲਈ ਅੱਠ ਪ੍ਰੈਸਾਂ ਦਿਨ ਰਾਤ ਚਲਦੀਆਂ ਰਹੀਆਂ ਪਰ ਫੇਰ ਵੀ ਇਸ ਨਾਵਲ ਦੀ ਮੰਗ ਲਈ ਲੋਕਾਂ ਦੀ ਲੋੜ ਪੂਰੀ ਨਾ ਕਰ ਸਕੀ।

ਨਾਵਲ ਜਰਮਨੀ, ਇਟਲੀ, ਰੂਸ ਤੇ ਫ਼ਰਾਂਸ ਵਰਗੇ ਦੇਸ਼ਾਂ ਵਿਚ ਅਨੁਵਾਦ ਹੋ ਕੇ ਪਹੁੰਚ ਗਿਆ ਤੇ ਬਜ਼ਾਰਾਂ, ਚਰਚਾਂ, ਹੋਟਲਾਂ, ਘਰਾਂ ਤੇ ਕੈਫ਼ਿਆਂ ਵਿਚ ਇਸ ਦੇ ਚਰਚੇ ਹੋਣ ਲੱਗ ਪਏ। ਅਸਲ ਵਿਚ ਲਿਬਰੇਟਰ ਨਾਂ ਦੇ ਇਕ ਮਸ਼ਹੂਰ ਅਮਰੀਕਨ ਅਖ਼ਬਾਰ ਨੇ ਪਹਿਲਾਂ ਇਸ ਨੂੰ ਛਾਪਣ ਤੋਂ ਇਨਕਾਰ ਕਰ ਦਿੱਤਾ, ਪਰ ਜਦੋਂ ਇਸ ਦੇ ਵਿਰੋਧੀ ਨੈਸ਼ਨਲ ਇਰਾ ਨਾਂ ਦੇ ਅਖ਼ਬਾਰ ਨੇ ਇਸ ਨੂੰ ਛਾਪਣਾ ਸ਼ੁਰੂ ਕੀਤਾ ਤਾਂ ਲੋਕ ਆਪਸ ਵਿਚ ਇਸ ਦੇ ਪਾਤਰਾਂ ਬਾਰੇ ਏਨੀ ਗੰਭੀਰਤਾ ਨਾਲ ਸੋਚਣ ਲੱਗ ਪਏ ਤੇ ਇਕ ਦੂਜੇ ਨੂੰ ਸਵਾਲ ਕਰਨ ਲੱਗ ਪਏ ਕਿ ਕੀ ਸੱਚ ਮੁੱਚ ਅੰਕਲ ਟੌਮ ਨਾਂ ਦਾ ਬੰਦਾ ਹੈ? ਜੇ ਹੈ ਤਾਂ ਅਸੀਂ ਉਸ ਨੂੰ ਮਿਲਣਾ ਚਾਹਾਂਗੇ ਤੇ ਜੇ ਐਲਿਜ਼ਾ ਨਾਂ ਦੀ ਕਾਲੀ ਔਰਤ ਤੇ ਉਸ ਦੀ ਬੱਚੀ ਅਜੇ ਜਿਉਂਦੇ ਨੇ ਤਾਂ ਉਹ ਕਿਥੇ ਨੇ? ਨਾਵਲ ਵਿਚ ਐਲਿਜ਼ਾ ਆਪਣੀ ਨਿੱਕੀ ਬੱਚੀ ਨੂੰ ਲੈ ਕੇ ਗੁਲਾਮੀ ਦੀ ਮਾਰ ਦੀ ਭੰਨੀ ਹੋਈ ਆਪਣੇ ਮਾਲਕ ਦੇ ਘਰੋਂ ਭੱਜ ਜਾਂਦੀ ਹੈ। ਮਾਲਕ ਨੇ ਉਸ ਨੂੰ ਫੜ ਕੇ ਲਿਆਉਣ ਲਈ ਘੋੜਿਆਂ 'ਤੇ ਬੰਦੇ ਭੇਜੇ। ਉਨ੍ਹਾਂ ਨੂੰ ਦੇਖ ਕੇ ਐਲਿਜ਼ਾ ਆਪਣੀ ਬੱਚੀ ਨੂੰ ਗੋਦੀ ਵਿਚ ਲੈ ਕੇ ਦਰਿਆ ਵਿਚ ਠਿੱਲ ਪਈ। ਸਰਦੀਆਂ ਦੀ ਰੁੱਤ ਵਿਚ ਦਰਿਆ ਵਿਚ ਪਾਣੀ ਜੰਮ ਕੇ ਬਰਫ਼ ਦੇ ਵੱਡੇ ਵੱਡੇ ਢੇਲਿਆਂ ਵਿਚ ਬਦਲ ਚੁੱਕਾ ਸੀ। ਐਲਿਜ਼ਾ ਇਕ ਤੋਂ ਦੂਜੇ ਢੇਲੇ ਤੇ ਛਾਲ ਮਾਰਦੀ ਰਹੀ। ਕਦੇ ਉਹ ਦਰਿਆ ਦੇ ਠੰਢੇ ਪਾਣੀ ਵਿਚ ਡਿੱਗ ਪੈਂਦੀ ਪਰ ਆਪਣੀ ਬੱਚੀ ਨੂੰ ਹੱਥਾਂ ਤੇ ਚੁੱਕੀ ਰਖਿਆ ਤੇ ਪਾਣੀ ਵਿਚ ਨਹੀਂ ਸੀ ਡੁੱਬਣ ਦਿੱਤਾ। ਉਹਦਾ ਪਿੱਛਾ ਕਰਨ ਵਾਲੇ ਕੰਢੇ 'ਤੇ ਖੜ੍ਹੇ ਹੈਰਾਨ ਹੋ ਕੇ ਦੇਖਦੇ ਰਹੇ ਤੇ ਉਨ੍ਹਾਂ ਵਿਚੋਂ ਕਿਸੇ ਦੀ ਵੀ ਹਿੰਮਤ ਨਹੀਂ ਪਈ ਕਿ ਉਹ ਬਰਫ਼ੀਲੇ ਪਾਣੀਆਂ ਵਿਚ ਐਲਿਜ਼ਾ ਦਾ ਪਿੱਛਾ ਕਰ ਸਕੇ। ਦੂਜੇ ਪਾਸੇ ਅਗਲੇ ਕੰਢੇ 'ਤੇ ਖੜ੍ਹਾ ਇਕ ਅਜਨਬੀ ਇਹ ਭਿਆਨਕ ਨਜ਼ਾਰਾ ਦੇਖ ਕੇ ਐਲਿਜ਼ਾ ਨੂੰ ਬਚਾਉਣ ਲਈ ਤਿਆਰ ਹੋ ਗਿਆ। ਇਸੇ ਤਰ੍ਹਾਂ ਅੰਕਲ ਟੌਮ ਵੀ ਅਜਿਹਾ ਭਲਾ ਬੰਦਾ ਸੀ ਕਿ ਉਸ ਨੇ ਆਪਣੀ ਜਾਨ 'ਤੇ ਖੇਡ ਕੇ ਇਸ ਬੱਚੀ ਨੂੰ ਬਚਾ ਲਿਆ। ਪਰ ਫੇਰ ਉਸ ਨੂੰ ਕਿਸੇ ਅਜਿਹੇ ਮਾਲਕ ਕੋਲ ਵੇਚ ਦਿੱਤਾ ਗਿਆ ਜਿਸ ਨੇ ਉਸ ਨੂੰ ਹਿਰਦੇਵੇਧਕ ਤਸੀਹੇ ਦੇ ਕੇ ਮਾਰ ਦਿੱਤਾ। ਪਰ ਅੰਕਲ ਟੌਮ ਨੇ ਚੰਗਿਆਈ ਦਾ ਸਾਥ ਕਦੇ ਵੀ ਨਾ ਛੱਡਿਆ।

ਸਟੋਵੇ ਅਸਲੀ ਅੰਕਲ ਟੌਮ ਨੂੰ ਮਿਲੀ ਸੀ ਜਿਸ ਦਾ ਨਾਂ ਜੋਸਿਆ ਹੈਨਸਨ ਸੀ ਜਿਸ ਨੇ ਅਸਲੀ ਐਲਿਜ਼ਾ ਬਾਰੇ ਉਸ ਨੂੰ ਦੱਸਿਆ ਸੀ ਜੋ ਅਮਰੀਕਾ ਤੋਂ ਭੱਜ ਕੇ ਕੈਨੇਡਾ ਜਾ ਕੇ ਆਜ਼ਾਦ ਹੋ ਗਈ ਸੀ। ਸਟੋਵੇ ਦੇ ਇਸ ਨਾਵਲ ਨੇ ਗੁਲਾਮੀ ਵਿਰੋਧੀ ਲਹਿਰ ਨੂੰ ਹੋਰ ਤਿੱਖਾ ਕੀਤਾ ਜਿਸ ਰਾਹੀਂ ਹਜ਼ਾਰਾਂ ਗੁਲਾਮ ਅਮਰੀਕਾ ਦੇ ਦੱਖਣੀ ਭਾਗ ਵਿਚੋਂ ਭੱਜ ਕੇ ਕੈਨੇਡਾ ਪਹੁੰਚ ਕੇ ਆਜ਼ਾਦ ਹੋ ਗਏ। ਗੁਲਾਮਾਂ ਨੂੰ ਆਜ਼ਾਦ ਕਰਨ ਲਈ ਜਿਨ੍ਹਾਂ ਕਾਲੇ ਤੇ ਗੋਰੇ ਲੋਕਾਂ ਨੇ ਆਪਣਾ ਯੋਗਦਾਨ ਪਾਇਆ, ਉਨ੍ਹਾਂ ਦੇ ਕਿੱਸੇ ਬੜੇ ਦਿਲਚਸਪ ਤੇ ਲੂੰ-ਕੰਡੇ ਖੜ੍ਹੇ ਕਰਨ ਵਾਲੇ ਹਨ।

ਕਹਾਣੀ

# ਤਿੰਨ ਰੰਗ ਨਹੀਓਂ ਲੱਭਣੇ...

***ਪੰਜਾਬ ਟਾਈਮਜ਼ ਦੇ ਪਾਠਕ ਮੇਜਰ ਕੁਲਾਰ ਦੇ ਸਥਾਈ ਕਾਲਮ 'ਮੂੰਹ ਆਈ ਬਾਤ' ਕਰਕੇ ਉਸ ਤੋਂ ਚੰਗੀ ਤਰ੍ਹਾਂ ਜਾਣੂ ਹਨ। ਇਸ ਵਾਰ ਇਹ ਕਹਾਣੀ 'ਤਿੰਨ ਰੰਗ ਨਹੀਓਂ ਲੱਭਣੇ' ਪਾਠਕਾਂ ਦੀ ਨਜ਼ਰ ਹੈ। ਇਸ ਵਿਚ ਮੇਜਰ ਕੁਲਾਰ ਨੇ ਅੱਜ ਦੇ ਬੇਕਿਰਕ ਜ਼ਮਾਨੇ ਦਾ ਹਾਲ ਬਿਆਨ ਕੀਤਾ ਹੈ। ਇਸ ਵਿਚ ਪਰਵਾਸ ਹੰਢਾਉਂਦੇ ਲੋਕਾਂ ਦੇ ਦਿਲਾਂ ਵਿਚ ਦੱਬਿਆ ਪਿਆ ਦਰਦ ਚੀਸ ਬਣ-ਬਣ ਨਿਕਲਦਾ ਹੈ। ਜ਼ਿੰਦਗੀ ਦੀਆਂ ਗੁੰਝਲਾਂ ਖੋਲ੍ਹਦਾ ਬੰਦਾ ਕਿਸ ਤਰ੍ਹਾਂ ਆਪ ਹੋਰ ਗੁੰਝਲਾਂ ਵਿਚ ਫਸ ਜਾਂਦਾ ਹੈ, ਇਸ ਕਹਾਣੀ ਵਿਚ ਬਾਖੂਬ ਦੱਸਿਆ ਗਿਆ ਹੈ। ਕਹਾਣੀ ਵਿਚ ਆਏ ਪਾਤਰ ਉਨ੍ਹਾਂ ਬਾਰੇ ਪਾਠਕਾਂ ਦੇ ਮਨਾਂ ਵਿਚ ਕਈ ਤਰ੍ਹਾਂ ਦੇ ਪ੍ਰਭਾਵ ਪੈਦਾ ਕਰਦੇ ਹਨ ਪਰ ਲੇਖਕ ਨੇ ਕਹਾਣੀ ਦੇ ਅੰਤ ਵਿਚ ਜਿਸ ਤਰ੍ਹਾਂ ਸਮੁੱਚੇ ਮਾਹੌਲ ਨੂੰ ਮੋੜਾ ਦਿੱਤਾ ਹੈ, ਉਸ ਨਾਲ ਇਨ੍ਹਾਂ ਪਾਤਰਾਂ ਬੇਵਸੀ ਝਲਕਾਰੇ ਮਾਰਨ ਲਗਦੀ ਹੈ। -ਸੰਪਾਦਕ***

ਅੱਜ ਜਿੱਥੇ ਵੀ ਪਿੰਡ ਦੇ ਚਾਰ ਬੰਦੇ ਇਕੱਠੇ ਹੁੰਦੇ, ਭਾਗ ਸਿੰਘ ਦੇ ਮੁੰਡਿਆਂ ਦੀ ਹੀ ਚਰਚਾ ਛਿੜਦੀ।

"ਲੈ, ਆ ਗਿਆ ਹੁਣ ਅਮਰੀਕਾ ਤੋਂ ਬਾਪੂ ਦੀ ਬਰਸੀ ਮਨਾਉਣ। ਮਰਨ ਵੇਲੇ ਬਾਤ ਨ੍ਹੀਂ ਪੁੱਛੀ। ਹੁਣ ਉਹਦੇ ਨਾਂ 'ਤੇ ਦਾਨ ਕਰਦੇ ਨੇ। ਵਿਚਾਰਾ ਭਾਗ ਸਿੰਘ ਕਿਵੇਂ ਰੁਲ-ਰੁਲ ਕੇ ਮਰਿਆ।"

"ਨੀ, ਕੀ ਕਰਾਉਣਾ ਇਹੋ ਜਿਹੀ ਔਲਾਦ ਤੋਂ, ਜਿਹੜੀ ਬੁੱਢੇ ਮਾਪਿਆਂ ਦੀ ਡੰਗੋਰੀ ਵੀ ਨਾ ਬਣੇ। ਸਾਰੀ ਦੁਨੀਆਂ ਕਮਲੀ ਹੋਈ ਫਿਰਦੀ ਆ ਕਿ ਬੱਸ, ਪੁੱਤਰ



**ਮੇਜਰ ਕੁਲਾਰ ਬੋਪਾਰਾਏਕਲਾਂ**
**ਫੋਨ:916-273-2856**

ਹੀ ਹੋਵੇ...ਧੀਆਂ ਤਾਂ ਪਰਾਇਆ ਧਨ ਹੁੰਦੀਆਂ ਨੇ ਪਰ...।"

"ਲੈ ਭਾਗ ਸਿੰਘ ਨੂੰ ਰੱਬ ਨੇ ਜੋੜੇ ਪੁੱਤ ਦਿੱਤੇ ਸੀ, ਸੇਵਾ ਤਾਂ ਕੀ ਕਰਨੀ ਸੀ, ਮਰਨ ਵੇਲੇ ਮੂੰਹ ਦੇਖਣ ਵੀ ਨਾ ਪਹੁੰਚੇ। ਬੰਦਾ ਸਾਰੀ ਉਮਰ ਔਲਾਦ ਖਾਤਰ ਕਿੰਨੇ ਦੁੱਖ-ਸੁੱਖ ਝੱਲਦਾ, ਪਰ ਆਹ ਵੀ ਕੋਈ ਗੱਲ ਹੋਈ, ਮਰਨ ਵੇਲੇ ਬੰਦਾ ਸ਼ਰੀਕਾਂ ਦੇ ਮੋਢਿਆਂ 'ਤੇ ਚੜ੍ਹ ਕੇ ਜਾਵੇ।"

ਅੱਜ ਤਾਂ ਜਿਵੇਂ ਹਰ ਘਰ, ਹਰ ਮੋੜ 'ਤੇ ਇਹੋ ਚੁੰਝ ਚਰਚਾ ਛਿੜੀ ਰਹੀ।

ਭਾਗ ਸਿੰਘ ਆਪਣੇ ਮਾਪਿਆਂ ਦਾ ਇਕੱਲਾ ਪੁੱਤਰ ਸੀ। ਬੇਹਦ ਸ਼ਰੀਫ। ਰੱਬ ਦੀਆਂ ਦਿੱਤੀਆਂ ਖਾਣ ਵਾਲਾ। ਭਾਗ ਸਿੰਘ ਦੀ ਪਤਨੀ ਤੇਜ ਕੌਰ ਵੀ ਖਾਂਦੇ-ਪੀਂਦੇ ਘਰ ਦੀ ਧੀ, ਚਾਰ ਭਰਾਵਾਂ ਦੀ ਇਕਲੌਤੀ ਭੈਣ ਸੀ ਜਿਸ ਨੇ ਸਹੁਰਿਆਂ ਦੀ ਸਰਦਲ 'ਤੇ ਮੁਬਾਰਕ ਕਦਮ ਰੱਖਦਿਆਂ ਹੀ ਘਰ ਦੇ ਭਾਗ ਤੇਜ਼ ਕਰ ਦਿੱਤੇ ਸਨ। ਉਸ ਨੇ ਘਰ ਵਿਚ ਆਉਂਦੇ ਸਾਰ ਆਪਣੀ ਸੱਸ ਚੰਦ ਕੌਰ ਦੀ ਕੰਮ ਤੋਂ ਛੁੱਟੀ ਕਰਵਾ ਦਿੱਤੀ। ਤੇਜ ਕੌਰ ਦੇ ਸਹੁਰਾ ਸਾਹਿਬ ਸੂਬੇਦਾਰ ਬਚਨ ਸਿੰਘ ਗੁਰਮੁਖ ਬਿਰਤੀ ਵਾਲੇ ਸਨ। ਨਿਤਨੇਮ ਨਾਲ ਗੁਰਦੁਆਰੇ ਜਾਂਦੇ, ਸਿਆਲਾਂ ਦੇ ਦਿਨੀਂ ਗੁਰਦੁਆਰੇ ਤੋਂ ਆ ਕੇ ਘਰ ਅੱਗੇ ਧੂਣੀ ਬਾਲ ਕੇ ਬੈਠ ਜਾਂਦੇ। ਆਉਂਦੇ ਜਾਂਦੇ ਪਿੰਡ ਦੇ ਲੋਕ ਵੀ ਕੋਲ ਆ ਬੈਠਦੇ ਤੇ ਸੂਬੇਦਾਰ ਪਾਸੋਂ ਫੌਜ ਦੇ ਕਿੱਸੇ ਕਹਾਣੀਆਂ ਸੁਣਦੇ। ਦਿਨ ਸਵਰਗਾਂ ਵਾਂਗ ਲੰਘ ਰਹੇ ਸਨ।

ਅੱਖ ਦੇ ਫੋਰ ਵਿਚ, ਜਾਣੀ ਪੰਜ ਵਰ੍ਹੇ ਬੀਤ ਗਏ ਪਰ ਤੇਜ ਕੌਰ ਤੇ ਭਾਗ ਸਿੰਘ ਔਲਾਦ ਤੋਂ ਵਿਰਵੇ ਹੀ ਬੈਠੇ ਸਨ। ਸੂਬੇਦਾਰ ਸਾਹਿਬ ਪੋਤਰੇ ਦਾ ਮੂੰਹ ਦੇਖਣਾ ਚਾਹੁੰਦੇ ਸਨ। ਚੰਦ ਕੌਰ ਨੇ ਨੂੰਹ ਦਾ ਚੈਕਅਪ ਕਈ ਡਾਕਟਰਾਂ ਤੋਂ ਕਰਵਾਇਆ। ਕਈ ਤੀਰਥ ਇਸ਼ਨਾਨ ਕਰਵਾਏ ਤੇ ਪੀਰਾਂ-ਫਕੀਰਾਂ ਨੂੰ ਧਿਆਇਆ। ਆਖਰ ਪਰਮਾਤਮਾ ਨੇ ਨੇੜੇ ਹੋ ਕੇ ਸੁਣ ਲਈ ਤੇ ਚੰਦ ਕੌਰ ਦੇ ਵਿਹੜੇ ਦੋ ਜੌੜੇ ਪੋਤਰਿਆਂ ਨੇ ਆਣ ਰੌਣਕ ਲਾਈ। ਸੂਬੇਦਾਰ ਸਾਹਿਬ ਤਾਂ ਜਾਣੀ ਇੰਡੀ ਵੱਡੀ ਖੁਸ਼ੀ ਨਾਲ ਮੁੜ ਕੇ ਜਵਾਨ ਹੋ ਗਏ। ਉਨ੍ਹਾਂ ਆਪਣੀ ਖੂੰਡੀ ਪਰ੍ਹੇ ਵਗ੍ਹਾ ਮਾਰੀ। ਗੁਰ-ਮਰਿਯਾਦਾ ਅਨੁਸਾਰ ਬੱਚਿਆਂ ਦਾ ਨਾਮਕਰਨ ਕੀਤਾ ਗਿਆ-ਗੁਰਮੁਖ ਸਿੰਘ ਤੇ ਗੁਰਦੇਵ ਸਿੰਘ। ਲੋਹੜੀ ਵੇਲੇ ਪਰਮਾਤਮਾ ਦੇ ਸ਼ੁਕਰਾਨੇ ਲਈ ਅਖੰਡ ਪਾਠ ਕਰਵਾਇਆ ਤੇ ਸਾਰੇ ਰਿਸ਼ਤੇਦਾਰ ਤੇ ਸਾਕ-ਸਬੰਧੀਆਂ ਨੂੰ ਸੱਦਿਆ।

ਆਂਹਦੇ ਨੇ, ਮੂਲ ਨਾਲੋਂ ਵਿਆਜ ਪਿਆਰਾ ਹੁੰਦਾ। ਦਾਦਾ-ਦਾਦੀ ਸਾਰਾ ਦਿਨ ਬੱਚਿਆਂ ਨਾਲ ਚਾਅ-ਲਾਡ ਕਰਦੇ ਰਹਿੰਦੇ ਤੇ ਪਰਮਾਤਮਾ ਦਾ ਸ਼ੁਕਰ ਕਰਦੇ ਕਿ ਪਰਮਾਤਮਾ ਨੇ ਕਿੱਡੀ ਮਿਹਰਬਾਨੀ ਕੀਤੀ ਹੈ। ਦਾਦਾ-ਦਾਦੀ ਦੀਆਂ ਲੋਰੀਆਂ ਤੇ ਬਾਤਾਂ ਕਹਾਣੀਆਂ ਸੁਣਦੇ ਬੱਚੇ ਵੱਡੇ ਹੋ ਗਏ। ਹੁਣ ਤਾਂ ਗੁਰਮੁਖ ਤੇ ਗੁਰਦੇਵ ਸਕੂਲ ਤੋਂ ਆ ਕੇ ਆਪਣੇ ਪਿਤਾ ਨਾਲ ਕੰਮ 'ਚ ਵੀ ਹੱਥ ਵਟਾਉਣ ਲੱਗੇ।

ਇਕ ਦਿਨ ਸ਼ਾਮ ਵੇਲੇ ਅਚਾਨਕ ਮਾਤਾ ਚੰਦ ਕੌਰ ਬੇਹੋਸ਼ ਹੋ ਗਈ। ਚੁੱਕ ਕੇ ਡਾਕਟਰ ਦੇ ਲੈ ਗਏ ਤਾਂ ਪਤਾ ਲੱਗਾ ਕਿ ਮਾਤਾ ਨੂੰ ਤਾਂ ਨਾਮੁਰਾਦ ਬਿਮਾਰੀ ਕੈਂਸਰ ਹੈ। ਪਰਿਵਾਰ 'ਤੇ ਜਿਵੇਂ ਦੁੱਖਾਂ ਦਾ ਪਹਾੜ ਟੁੱਟ ਪਿਆ। ਜਦੋਂ ਗੁਰਮੁਖ ਤੇ ਗੁਰਦੇਵ ਮਾਤਾ ਕੋਲ ਆ ਕੇ ਬਹਿੰਦੇ ਤਾਂ ਉਹ ਇਕੋ ਹੀ ਗੱਲ ਸਮਝਾਉਂਦੀ, "ਪੁੱਤਰੋ, ਤੁਹਾਡੇ ਮਾਂ-ਬਾਪ ਨੇ ਸਾਡੀ ਬਹੁਤ ਸੇਵਾ ਕੀਤਾ ਹੈ, ਤੁਸੀਂ ਵੀ ਇਨ੍ਹਾਂ ਦੀ ਬੁਢਾਪੇ ਵਿਚ ਉਸੇ ਤਰ੍ਹਾਂ ਸੇਵਾ ਕਰਨਾ। ਤੁਹਾਡੇ ਮਾਂ-ਪਿਉ ਨੇ ਬੜੀਆਂ ਘਾਲਣਾਂ ਤੇ ਅਰਦਾਸਾਂ ਬਾਅਦ ਤੁਹਾਡਾ ਮੂੰਹ ਦੇਖਿਆ ਹੈ।" ਇੰਜ ਹੀ ਇਕ ਦਿਨ ਮਾਲਾ ਫੇਰਦੇ-ਫੇਰਦੇ ਮਾਤਾ ਜੀ ਸਦਾ ਲਈ ਅੱਖਾਂ ਮੀਟ ਗਏ।

ਗੁਰ-ਮਰਿਆਦਾ ਅਨੁਸਾਰ ਮਾਤਾ ਦਾ ਸਾਰਾ ਕ੍ਰਿਆਕ੍ਰਮ ਕਰ ਦਿੱਤਾ ਗਿਆ। ਮਾਤਾ ਦੇ ਵਿਛੋੜੇ ਨੂੰ ਸਾਰੇ ਗਰਾਂ ਨਿਵਾਸੀਆਂ ਨੇ ਬੇਹੱਦ ਮਹਿਸੂਸ ਕੀਤਾ। ਜਿੱਥੇ ਲੋਕ ਮਾਤਾ ਦਾ ਅਫਸੋਸ ਕਰਨ ਆਉਂਦੇ, ਉਥੇ ਭਾਗ ਸਿੰਘ ਤੇ ਤੇਜ ਕੌਰ ਦੀਆਂ ਸਿਫਤਾਂ ਵੀ ਕਰਦੇ। ਕੋਈ ਆਖਦਾ, ਜਿਹਦੇ ਘਰ ਬਜ਼ੁਰਗ ਹੋਣ, ਉਨ੍ਹਾਂ ਨੂੰ ਤੀਰਥਾਂ 'ਤੇ ਨਹਾਉਣ ਦੀ ਲੋੜ ਨ੍ਹੀਂ ਹੁੰਦੀ। ਉਸ ਦਾ ਤਾਂ ਘਰੇ ਹੀ ਤੀਰਥ ਹੁੰਦਾ। ਬਜ਼ੁਰਗਾਂ ਦੀ ਸਾਂਭ-ਸੰਭਾਲ ਤੇ ਸੇਵਾ ਦਾ ਵੀ ਤੀਰਥਾਂ ਜਿੰਨਾ ਪੁੰਨ ਹੁੰਦਾ, ਜੋ ਭਾਗ ਸਿੰਘ ਨੇ ਖੱਟ ਲਿਆ ਹੈ।

ਸੂਬੇਦਾਰ ਨੇ ਅੰਦਰੋਂ ਅੰਦਰੀਂ ਆਪਣੇ ਜੀਵਨ ਸਾਥੀ ਦੇ ਟੁਰ ਜਾਣ ਦਾ ਬਹੁਤ ਝੋਰਾ ਕੀਤਾ। ਭਾਗ ਸਿੰਘ ਵੱਧ ਤੋਂ ਵੱਧ ਸਮਾਂ ਆਪਣੇ ਪਿਤਾ ਕੋਲ ਗੁਜ਼ਾਰਦਾ। ਗੁਰਮੁਖ ਸਿੰਘ ਤੇ ਗੁਰਦੇਵ ਸਿੰਘ ਜਵਾਨ ਹੋ ਚੁੱਕੇ ਸਨ। ਲੋਕ ਰਿਸ਼ਤੇ ਵਾਸਤੇ ਪੁੱਛਣ ਲੱਗੇ। ਹਾਲੇ ਦੋਵੇਂ ਵਿਆਹ ਲਈ ਆਨਾ-ਕਾਨੀ ਕਰਦੇ ਸਨ ਪਰ ਤੇਜ ਕੌਰ ਚਾਹੁੰਦੀ ਸੀ ਕਿ ਇਹ ਕਾਰਜ ਵੇਲੇ ਸਿਰ ਹੋ ਜਾਵੇ ਤਾਂ ਚੰਗਾ ਹੈ। ਆਖਰ ਤੇਜ ਕੌਰ ਨੇ ਆਪਣੇ ਭਰਾ ਨੂੰ ਸੁਨੇਹਾ ਘੱਲਿਆ ਕਿ ਇਨ੍ਹਾਂ ਨੂੰ ਸਮਝਾਵੇ।

ਮਾਮਾ ਜੀ ਦੂਜੇ ਦਿਨ ਹੀ ਆ ਗਏ ਤੇ ਨਾਲ ਸ਼ਿਕਾਰੀ ਕੁੱਤੀ ਦਾ ਕਤੂਰਾ ਲੈ ਆਏ। ਇਸ ਕੁੱਤੀ ਦੀ ਨਸਲ ਪੀੜ੍ਹੀ-ਦਰ-ਪੀੜ੍ਹੀ ਚਲੀ ਆਉਂਦੀ ਸੀ। ਮਾਮਾ ਜੀ ਨੇ ਵਿਆਹ ਬਾਰੇ ਗੱਲ ਚਲਾਈ ਤਾਂ ਗੁਰਮੁਖ ਨੇ ਜਵਾਬ ਦੇ ਦਿੱਤਾ ਕਿ ਉਹ ਤਾਂ ਬਾਹਰ ਜਾਣਾ ਚਾਹੁੰਦਾ ਹੈ। ਮਾਮੇ ਨੇ ਜ਼ੋਰ ਦੇ ਕੇ ਗੁਰਦੇਵ ਨੂੰ ਰਾਜ਼ੀ ਕਰ ਲਿਆ ਤੇ ਗੁਰਮੁਖ ਨੂੰ ਉਹਦੇ ਦੂਜੇ ਮਾਮੇ ਕੋਲ ਦੁਬਈ ਭੇਜਣ ਦਾ ਫੈਸਲਾ ਕਰ ਲਿਆ। ਇਸ ਫੈਸਲੇ ਬਾਰੇ ਸੂਬੇਦਾਰ ਸਮੇਤ ਸਭ ਨੂੰ ਰਾਜ਼ੀ ਹੋਣਾ ਪਿਆ।

ਗੁਰਦੇਵ ਦਾ ਵਿਆਹ ਹੋ ਗਿਆ ਤੇ ਗੁਰਮੁਖ ਦੁਬਈ ਚਲਾ ਗਿਆ। ਭਾਗ ਸਿੰਘ ਨੇ ਨਵਾਂ ਟਰੈਕਟਰ ਲੈ ਲਿਆ। ਤੇਜ ਕੌਰ ਆਪਣੀ ਨੂੰਹ ਸੁਰਿੰਦਰ ਕੌਰ ਨਾਲ ਖੁਸ਼ ਸੀ। ਭਾਗ ਸਿੰਘ ਦੀ ਕਬੀਲਦਾਰੀ ਦੀ ਗੱਡੀ ਵੀ ਚਾਈਂ-ਚਾਈਂ ਟੁਰਦੀ ਗਈ ਤੇ ਸਮਾਂ ਵੀ ਟੁਰਦਾ ਗਿਆ। ਡੇਢ ਕੁ ਸਾਲ ਬਾਅਦ ਗੁਰਦੇਵ ਦੇ ਘਰ ਪੁੱਤਰ ਬਹੁੜ ਪਿਆ ਤੇ ਸਾਰਾ ਪਿੰਡ ਵਧਾਈਆਂ ਦੇਣ ਢੁੱਕਿਆ। ਸੂਬੇਦਾਰ ਸਾਹਿਬ ਪੜਦਾਦਾ ਜੀ ਬਣ ਗਏ ਸਨ। ਪੜਪੋਤਰੇ ਦਾ ਵੀ ਗੁਰੂਘਰ ਜਾ ਕੇ ਨਾਮਕਰਨ ਕੀਤਾ ਗਿਆ ਤੇ ਉਹਦਾ ਨਾਮ ਸ਼ਮਸ਼ੇਰ ਸਿੰਘ ਰੱਖਿਆ ਗਿਆ।

ਹੁਣ ਤੇਜ ਕੌਰ ਪੋਤਰਾ ਖਿਡਾਉਂਦੀ ਤੇ ਸੁਰਿੰਦਰ ਘਰ ਦਾ ਸਾਰਾ ਕੰਮ ਕਰਦੀ। ਗੁਰਦੇਵ ਤੇ ਭਾਗ ਸਿੰਘ ਖੇਤੀਬਾੜੀ ਸਾਂਭੀ ਜਾਂਦੇ। ਗ੍ਰਹਿਸਥੀ ਵਧੀਆ ਚੱਲ ਰਹੀ ਸੀ। ਕਦੀ-ਕਦੀ ਗੁਰਮੁਖ ਵੀ ਪੈਸੇ ਭੇਜ ਛੱਡਦਾ। ਉਹ ਖੇਤਾਂ ਨਾਲ ਲਗਦੀ ਥੋੜ੍ਹੀ-ਬਹੁਤ ਜ਼ਮੀਨ ਵੀ ਮੌਕਾ ਦੇਖ ਕੇ ਖਰੀਦ ਲੈਂਦੇ। ਗੁਰਮੁਖ ਨੇ ਆਪਣੇ ਮਾਮਾ ਜੀ ਨਾਲ ਸਲਾਹ ਕਰ ਕੇ ਦੁਬਈ ਤੋਂ ਅਮਰੀਕਾ ਜਾਣ ਦਾ ਮਨ ਬਣਾ ਲਿਆ। ਇਕ ਏਜੰਟ ਨੇ ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ ਪਹੁੰਚਾ ਦਿੱਤਾ। ਘਰਦਿਆਂ ਲਈ ਇਹ ਖਬਰ ਇਕ ਹੋਰ ਤਰੱਕੀ ਭਰੀ ਉਡਾਣ ਸੀ। ਪਰਮਾਤਮਾ ਦੇ ਸ਼ੁਕਰਾਨੇ ਵਜੋਂ ਅਰਦਾਸ ਕਰਵਾਈ ਗਈ।

ਗੁਰਮੁਖ ਨੂੰ ਛੇਤੀ ਹੀ ਇਕ ਇੰਡੀਅਨ ਰੈਸਟੋਰੈਂਟ 'ਤੇ ਕੰਮ ਮਿਲ ਗਿਆ। ਉਥੇ ਕੁਝ ਹੋਰ ਇੰਡੀਅਨ ਮੁੰਡੇ ਵੀ ਕੰਮ ਕਰਦੇ ਸਨ। ਗੁਰਮੁਖ ਉਨ੍ਹਾਂ ਨਾਲ ਘੁਲ ਮਿਲ ਗਿਆ ਤੇ ਉਨ੍ਹਾਂ ਦੇ ਨਾਲ ਹੀ ਰਹਿਣ ਲੱਗ ਪਿਆ। ਇਕ ਦਿਨ ਇਕ ਪੰਜਾਬਣ ਕੁੜੀ ਰੈਸਟੋਰੈਂਟ ਤੋਂ ਆਪਣਾ ਆਰਡਰ ਕੀਤਾ ਖਾਣਾ ਫੜਨ ਆਈ ਤਾਂ ਵਾਪਸੀ 'ਤੇ ਉਸ ਦੀ ਕਾਰ ਸਟਾਰਟ ਨਾ ਹੋਈ। ਉਹਨੇ ਵਾਪਸ ਆ ਕੇ ਗੁਰਮੁਖ ਤੋਂ ਮੱਦਦ ਮੰਗੀ। ਗੁਰਮੁਖ ਉਹਦੇ ਨਾਲ ਜਾ ਕੇ ਮੱਦਦ ਕਰਨ ਲੱਗਾ ਤੇ ਰਸਮੀ ਜਾਣ-ਪਛਾਣ ਵੀ ਕੀਤੀ।

ਉਸ ਕੁੜੀ ਨੇ ਦੱਸਿਆ ਕਿ ਉਸ ਦਾ ਨਾਂ ਕੁਲਦੀਪ ਕੌਰ ਹੈ ਤੇ ਪਿੰਡ ਮੋਗੇ ਕੋਲ ਹੈ। ਗਰੀਬ ਮਾਪਿਆਂ ਨੇ ਲਾਲਚ ਵੱਸ ਅਮਰੀਕਾ ਤੋਂ ਗਏ ਵੱਡੀ ਉਮਰ ਦੇ ਮਰਦ ਨਾਲ ਉਸ ਦੀ ਸ਼ਾਦੀ ਕਰ ਦਿੱਤੀ। ਉਹ ਉਹਨੂੰ ਅਮਰੀਕਾ ਲੈ ਆਇਆ, ਪਰ ਉਹਨੇ ਪਹਿਲਾਂ ਹੀ ਮੈਕਸੀਕਨ ਰੱਖੀ ਹੋਈ ਸੀ। ਉਹ ਆਪ ਵੀ ਨਿੱਤ ਦਾ ਸ਼ਰਾਬੀ ਸੀ। ਗੁਰਮੁਖ ਨੇ ਕਾਰ ਠੀਕ ਕਰਦੇ ਹੋਏ ਪੁੱਛਿਆ, "ਹੁਣ ਵੀ ਤੁਸੀਂ ਉਸ ਨਾਲ ਹੀ ਰਹਿੰਦੇ ਹੋ?"

"ਉਹ ਮੈਨੂੰ ਰੋਜ਼ ਕੁੱਟਦਾ ਸੀ, ਨਿੱਤ ਲੜਾਈ



ਹੁੰਦੀ ਸੀ ਪਰ ਮੈਂ ਸਾਰਾ ਕੁਝ ਸਹਿੰਦੀ ਰਹੀ। ਜਦੋਂ ਮੈਨੂੰ ਗਰੀਨ ਕਾਰਡ ਮਿਲ ਗਿਆ ਤਾਂ ਮੈਂ ਤਲਾਕ ਕਰ ਲਿਆ। ਹੁਣ ਮੈਂ ਕੁੜੀਆਂ ਨਾਲ ਰਹਿੰਦੀ ਹਾਂ ਤੇ ਲਾਗੇ ਪੀਜ਼ਾ ਹੱਟ 'ਤੇ ਕੰਮ ਕਰਦੀ ਹਾਂ। ਗੁਜ਼ਾਰਾ ਵਧੀਆ ਹੋ ਰਿਹਾ ਹੈ। ਪਿੰਡ ਵੀ ਪੈਸੇ ਭੇਜ ਦਿੰਦੀ ਹਾਂ ਤਾਂ ਕਿ ਮੇਰੀਆਂ ਛੋਟੀਆਂ ਭੈਣਾਂ ਪੜ੍ਹ-ਲਿਖ ਕੇ ਪੈਰਾਂ ਸਿਰ ਹੋ ਜਾਣ।"

ਕੁਲਦੀਪ ਨੇ ਗੁਰਮੁਖ ਦਾ ਥਾਂ ਟਿਕਾਣਾ ਪੁੱਛਿਆ ਤਾਂ ਗੁਰਮੁਖ ਨੇ ਕਿਹਾ ਕਿ ਉਹ ਲੁਧਿਆਣੇ ਦੇ ਲਾਗੇ ਦਾ ਹੈ। ਕਾਰ ਸਟਾਰਟ ਹੋ ਚੁੱਕੀ ਸੀ ਤੇ ਗੁਰਮੁਖ ਨੂੰ ਵੀ ਆਵਾਜ਼ ਪੈ ਗਈ, ਉਹ ਖਿਮਾ ਮੰਗ ਕੇ ਅੰਦਰ ਚਲਾ ਗਿਆ।

ਅਗਲੇ ਹਫਤੇ ਕੁਲਦੀਪ ਫਿਰ ਆਈ। ਗੁਰਮੁਖ ਨੇ ਕੌਫੀ ਪੀਣ ਦੀ ਪੇਸ਼ਕਸ਼ ਕੀਤੀ ਤੇ ਦੋਵੇਂ ਸਟਾਰਬੱਕਸ ਜਾ ਕੇ ਕੌਫੀ ਬਹਾਨੇ ਦੁੱਖ-ਸੁੱਖ ਸਾਂਝੇ ਕਰਨ ਲੱਗੇ। ਦੋਵਾਂ ਦੀਆਂ ਮੁਲਾਕਾਤਾਂ ਵਧੀਆਂ ਅਤੇ ਫਿਰ ਪਿਆਰ 'ਚ ਤਬਦੀਲ ਹੋ ਗਈਆਂ। ਦੋਵਾਂ ਨੇ ਇਕੱਠੇ ਜਿਉਣ-ਮਰਨ ਦੇ ਕੌਲ-ਕਰਾਰ ਕਰ ਲਏ।

ਅਚਾਨਕ ਇੰਡੀਆ ਤੋਂ ਖ਼ਬਰ ਆਈ ਕਿ ਸੂਬੇਦਾਰ ਸਾਹਿਬ ਸੰਸਾਰਕ ਯਾਤਰਾ ਪੂਰੀ ਕਰ ਗਏ ਹਨ। ਸੂਬੇਦਾਰ ਪੜਦਾਦਾ ਬਣ ਕੇ ਗੁਜ਼ਰੇ ਸਨ। ਸੋ, ਉਨ੍ਹਾਂ ਨੂੰ 'ਵੱਡੇ' ਕੀਤਾ ਗਿਆ। ਨਗਰ ਭਰ ਵਿਚ ਜਲੇਬੀਆਂ ਦਾ ਲੰਗਰ ਚਲਾਇਆ। ਗੁਰਮੁਖ ਤਾਂ ਚਾਹੁੰਦੇ ਹੋਏ ਵੀ ਗਰੀਨ ਕਾਰਡ ਨਾ ਹੋਣ ਕਾਰਨ ਇੰਡੀਆ ਬਾਪੂ ਦੀ ਅੰਤਮ ਅਰਦਾਸ ਵਿਚ ਸ਼ਾਮਲ ਨਾ ਹੋ ਸਕਿਆ।

ਗੁਰਦੇਵ ਨੇ ਭਾਗ ਸਿੰਘ ਨੂੰ ਕੰਮ ਦੀ ਜ਼ਿੰਮੇਵਾਰੀ ਤੋਂ ਰਿਟਾਇਰ ਕਰ ਦਿੱਤਾ ਸੀ। ਗੁਰਮੁਖ ਨੇ ਇਕ ਦਿਨ ਘਰ ਕੁਲਦੀਪ ਬਾਰੇ ਗੱਲ ਕੀਤੀ। ਸਾਰਿਆਂ ਨੇ ਸਲਾਹ ਕਰਕੇ ਮਨਜ਼ੂਰੀ ਦੇ ਦਿੱਤੀ। ਕੁਲਦੀਪ ਇਹ ਜਾਣ ਕੇ ਬੇਹੱਦ ਖੁਸ਼ ਹੋਈ। ਦੋਵਾਂ ਨੇ ਪਹਿਲਾ ਗੁਰ-ਮਰਿਆਦਾ ਅਨੁਸਾਰ ਵਿਆਹ ਕਰਵਾਇਆ, ਫਿਰ ਵਿਆਹ ਰਜਿਸਟਰ ਕਰਵਾ ਲਿਆ। ਪਿੰਡ ਵਿਚ ਵੀ ਵਿਆਹ ਦੀ ਖੁਸ਼ੀ 'ਚ ਮਿਠਾਈ ਵੰਡੀ ਗਈ। ਭਾਗ ਸਿੰਘ ਖੁਸ਼ ਸੀ ਕਿ ਇਕ ਲੜਕਾ ਬਾਹਰ ਸੈਟਲ ਹੋ ਗਿਆ ਹੈ ਤੇ ਇਕ ਉਨ੍ਹਾਂ ਦੇ ਕੋਲ ਹੈ ਜਿਸ ਦੇ ਸਹਾਰੇ ਉਨ੍ਹਾਂ ਨੂੰ ਆਪਣਾ ਬੁਢਾਪਾ ਸੌਖਾ ਪ੍ਰਤੀਤ ਹੁੰਦਾ ਸੀ।

ਪਰ ਚੰਗਾ ਸਮਾਂ ਵੀ ਬਹੁਤ ਚਿਰ ਨਹੀਂ ਠਹਿਰਦਾ। ਗੁਰਦੇਵ ਨੂੰ ਹੁਣ ਅਮਰੀਕਾ ਜਾਣ ਦਾ ਝੱਲ ਚੜ੍ਹ ਗਿਆ। ਕਹਿਣ ਲੱਗਾ, "ਇੱਥੇ ਖੇਤੀ ਵਿਚ ਕੁਝ ਨਹੀਂ ਬਣਦਾ। ਕਦੇ ਸੋਕਾ ਮਾਰ ਜਾਂਦਾ, ਕਦੇ ਹੜ੍ਹ ਡੋਬ ਜਾਂਦੇ ਨੇ। ਸਾਰਾ ਦਿਨ ਮਿੱਟੀ 'ਚ ਮਿੱਟੀ ਹੋਏ ਰਹੀਦੈ। ਫਿਰ ਵੀ ਕੁਝ ਨਹੀਂ ਜੁੜਦਾ।" ਗੁਰਮੁਖ ਨੇ ਵੀ ਗੁਰਦੇਵ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਗੁਰਦੇਵ ਨੇ ਜ਼ਿੱਦ ਨਹੀਂ ਛੱਡੀ। ਮਾਂ ਮਿੰਨਤਾਂ ਕਰ ਕਰ ਥੱਕ ਲੱਥੀ, ਪਰ ਸਭ ਵਿਅਰਥ। ਆਖਰ ਗੁਰਮੁਖ ਨੇ ਏਜੰਟ ਨੂੰ ਪੈਸੇ ਭੇਜ ਕੇ ਟੂਰਿਸਟ ਵੀਜ਼ਾ ਲਵਾ ਦਿੱਤਾ।

ਰੋਂਦੇ-ਕੁਰਲਾਉਂਦੇ ਪਰਿਵਾਰ ਨੂੰ ਛੱਡ ਕੇ ਗੁਰਦੇਵ ਦਿੱਲੀ ਜਾਣ ਵਾਸਤੇ ਕਾਰ ਵਿਚ ਬੈਠ ਗਿਆ। ਭਾਗ ਸਿੰਘ ਨੇ ਕਾਰ ਵਿਚ ਬੈਠੇ ਨੂੰ ਥਾਪੀ ਦਿੱਤੀ ਤੇ ਕਿਹਾ, "ਪੁੱਤਰਾ, ਆਪਣਾ ਖਿਆਲ ਰੱਖੀਂ। ਜਿਉਂਦਾ ਵਸਦਾ ਰਹੁ।" ਆਖ ਕੇ ਭਾਗ ਸਿੰਘ ਅੰਦਰ ਵੜ ਗਿਆ। ਸੁਰਿੰਦਰ, ਸ਼ੇਰਾ ਤੇ ਤੇਜ ਕੌਰ ਤਾਂ ਧਾਹੀਂ ਰੋ ਰਹੇ ਸਨ। ਪੁੱਤਰ ਦੇ ਟੁਰ ਜਾਣ ਬਾਅਦ ਤੇਜ ਕੌਰ ਨੇ ਤਾਂ ਵਿਛੋੜੇ ਦਾ ਸੱਲ ਨਾ ਝੱਲਦਿਆਂ ਮੰਜਾ ਸਾਂਭ ਲਿਆ। ਗੁਰਦੇਵ ਦੇ ਰਾਜ਼ੀ ਖੁਸ਼ੀ ਪਹੁੰਚਣ ਦਾ ਫੋਨ ਆਇਆ ਤਾਂ ਤੇਜ ਕੌਰ ਨੇ ਓਪਰਾ ਜਿਹਾ ਮੁਸਕਰਾ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।

ਗੁਰਦੇਵ ਅਮਰੀਕਾ ਪਹੁੰਚ ਕੇ ਬਹੁਤ ਖੁਸ਼ ਹੋਇਆ। ਅਮਰੀਕਾ ਦੀ ਚਹਿਲ-ਪਹਿਲ ਨੇ ਉਸ ਨੂੰ ਪਰਿਵਾਰ ਵੀ ਜ਼ਿਆਦਾ ਚੇਤੇ ਨਾ ਆਉਣ ਦਿੱਤਾ। ਗੁਰਮੁਖ ਨੇ ਇਕ ਪੰਜਾਬੀ ਵਕੀਲ ਨਾਲ ਗੱਲ ਕਰ ਕੇ ਰਿਫਿਊਜੀ ਕੇਸ ਵੀ ਅਪਲਾਈ ਕਰ ਦਿੱਤਾ ਤੇ ਪਹਿਲੀ ਹੀ ਤਰੀਕੇ ਸਟੇਅ ਵੀ ਮਿਲ ਗਈ। ਕੁਲਦੀਪ ਨੇ ਪਿੰਡ ਫੋਨ ਕਰ ਕੇ ਵਧਾਈ ਦਿੱਤੀ। ਗੁਰਦੇਵ ਨੇ ਵੀ ਦੱਸਿਆ ਕਿ ਉਹਦਾ ਕੰਮ ਬਣ ਗਿਆ ਹੈ, ਹੁਣ ਸੁਰਿੰਦਰ ਤੇ ਸ਼ਮਸ਼ੇਰ ਵੀ ਮੇਰੇ ਕੋਲ ਛੇਤੀ ਆ ਜਾਣਗੇ।

ਤੇਜ ਕੌਰ ਨੂੰ ਪੁੱਤਰ ਦੇ ਪੱਕੇ ਹੋਣ ਦੀ ਖੁਸ਼ੀ ਤਾਂ ਹੋਈ, ਪਰ ਨੂੰਹ ਤੇ ਪੋਤਰੇ ਦੇ ਜਾਣ ਬਾਰੇ ਸੋਚ ਕੇ ਉਹਨੂੰ ਡੋਬੂ ਪੈਣ ਲਗਦੇ। ਬੁਢਾਪੇ ਦੀ ਇਕੱਲ ਦਾ ਡਰ ਉਹਨੂੰ ਵੱਢ-ਵੱਢ ਖਾਂਦਾ। ਕਦੀ ਰੱਬ ਨੂੰ ਨਹੋਰੇ ਨਾਲ ਕਹਿੰਦੀ ਕਿ ਆਹ ਦਿਨ ਦੇਖਣ ਲਈ ਪੁੱਤਰਾਂ ਦੀ ਦਾਤ ਮੰਗੀ ਸੀ। ਪੁੱਤਰਾਂ ਦੀ ਅਮਰੀਕਾ ਦੀ ਖੁਸ਼ੀ ਮਨਾਵਾਂ ਕਿ ਸੁੰਨੇ ਹੋ ਰਹੇ ਘਰ ਦਾ ਗਮ ਕਰਾਂ, ਉਹਨੂੰ ਕੁਝ ਸਮਝ ਨਾ ਪੈਂਦਾ।

ਸੁਰਿੰਦਰ ਤਾਂ ਦੋ ਵਕਤ ਅਰਦਾਸ ਕਰਦੀ ਕਿ ਉਨ੍ਹਾਂ ਦਾ ਕੰਮ ਛੇਤੀ ਬਣ ਜਾਵੇ ਪਰ ਦੋਵੇਂ ਬਜ਼ੁਰਗ ਅੰਦਰੋਂ ਅੰਦਰੀ ਗਿੱਲੇ ਗੋਹੇ ਵਾਂਗ ਧੁਖਦੇ ਰਹਿੰਦੇ। ਸੁਰਿੰਦਰ ਤੇ ਸ਼ਮਸ਼ੇਰ ਦੇ ਪੇਪਰ ਤਿਆਰ ਹੋ ਚੁੱਕੇ ਸਨ, ਵੀਜ਼ਾ ਮਿਲ ਚੁੱਕਾ ਸੀ। ਭਾਗ ਸਿੰਘ ਕਈ ਵਾਰੀ ਉਦਾਸ ਹੋ ਕੇ ਸ਼ਮਸ਼ੇਰ ਨੂੰ ਗੋਦ 'ਚ ਚੁੱਕ ਕੇ ਘੁੱਟ ਕੇ ਪਿਆਰ ਕਰਦਾ ਸੋਚਦਾ ਕਿ ਮੁੜ ਕੇ ਪਤਾ ਨਹੀਂ ਮੇਲੇ ਹੋਣੇ ਹਨ ਕਿ ਨਹੀਂ।

ਆਖਰ ਉਨ੍ਹਾਂ ਦੇ ਟੁਰਨ ਦਾ ਦਿਨ ਵੀ ਆ ਗਿਆ। ਸ਼ੇਰੇ ਨੇ ਤਾਂ ਰੋ ਰੋ ਕੇ ਅਸਮਾਨ ਸਿਰ 'ਤੇ ਚੁੱਕ ਲਿਆ। ਕਹੀ ਜਾਵੇ ਕਿ 'ਮੈਂ ਬੇਬੇ ਨੂੰ ਛੱਡ ਕੇ ਨ੍ਹੀਂ ਜਾਣਾ। ਮੇਰੀ ਬੇਬੇ ਤਾਂ ਮੇਰੇ ਬਿਨਾਂ ਮਰ ਜਾਏਗੀ।' ਤੇਜ ਕੌਰ ਨੇ ਵੀ ਬੜਾ ਵਿਰਲਾਪ ਕੀਤਾ ਕਿ ਮੇਰੇ ਬੱਚੇ ਨੂੰ ਨਾ ਲਿਜਾਉ। ਇਸ ਬਿਨਾਂ ਮੈਂ ਕਿੱਦਾਂ ਜੀਆਂਗੀ ਪਰ ਭਾਗ ਸਿੰਘ ਨੇ ਹੌਂਸਲਾ ਜਿਹਾ ਕਰ ਕੇ ਸ਼ੇਰਾ ਸੁਰਿੰਦਰ ਨੂੰ ਫੜਾ ਦਿੱਤਾ ਤੇ ਤੇਜ ਕੌਰ ਨੂੰ ਹੌਂਸਲਾ ਦਿੰਦਾ ਅੰਦਰ ਵੱਲ ਲੈ ਗਿਆ। ਗੱਡੀ ਆਪਣੀ ਮੰਜ਼ਿਲ ਵੱਲ ਟੁਰ ਪਈ ਸੀ।

ਭਾਗ ਸਿੰਘ ਆਪਣੇ ਦਿਲ 'ਤੇ ਪੱਥਰ ਰੱਖ ਕੇ ਤੇਜ ਕੌਰ ਨੂੰ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਮਿਲਣ ਆਏ ਰਿਸ਼ਤੇਦਾਰ ਵੀ ਇਕ ਇਕ ਕਰ ਕੇ ਘਰੋਂ ਟੁਰ ਗਏ। ਸਿਰਫ਼ ਤੇਜ ਕੌਰ ਦਾ ਭਰਾ ਰਹਿ ਗਿਆ ਸੀ। ਭਾਗ ਸਿੰਘ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਤੇ ਖਾਲੀ ਘਰ ਵੱਲ ਵੇਖ ਕੇ ਧਾਹੀਂ ਰੋ ਪਿਆ। ਘਰ ਕਿਸੇ ਉਜੜੀ ਸਰਾਂ ਵਾਂਗ ਜਾਪਣ ਲੱਗਾ। ਬਿਮਾਰ ਤੇਜ ਕੌਰ ਮੰਜੇ 'ਤੇ ਪਈ ਇਕ ਟੱਕ ਛੱਤ ਵੱਲ ਝਾਕੀ ਜਾ ਰਹੀ ਸੀ। ਗੁਆਂਢਣ ਅਮਰੋ ਰੋਟੀ ਲੈ ਕੇ ਆਈ, ਪਰ ਕਿਸੇ ਨੇ ਬੁਰਕੀ ਮੂੰਹ ਨਹੀਂ ਪਾਈ। ਇੱਥੋਂ ਤੱਕ ਕਿ ਡੱਬੂ ਨੇ ਵੀ ਰੋਟੀ ਨਾ ਖਾਧੀ। ਸ਼ਾਇਦ ਉਹ ਤੇਜ਼ ਕੌਰ ਦੀ ਉਦਾਸੀ ਨੂੰ ਸਮਝਦਾ ਸੀ। ਭਾਗ ਸਿੰਘ ਸੋਚਦਾ, ਇਨਸਾਨਾਂ ਨਾਲੋਂ ਵਧ ਤਾਂ ਡੱਬੂ ਸਾਡਾ ਦੁੱਖ-ਸੁੱਖ ਸਮਝਦਾ ਹੈ।

ਸੁਰਿੰਦਰ ਤੇ ਸ਼ਮਸ਼ੇਰ ਠੀਕ-ਠਾਕ ਅਮਰੀਕਾ ਪਹੁੰਚ ਗਏ। ਗੁਰਦੇਵ, ਗੁਰਮੁੱਖ ਤੇ ਕੁਲਦੀਪ ਉਨ੍ਹਾਂ ਨੂੰ ਮਿਲ ਕੇ ਬਹੁਤ ਖੁਸ਼ ਹੋਏ। ਸੁਰਿੰਦਰ ਨੂੰ ਤਾਂ ਅਮਰੀਕਾ ਬਹੁਤ ਵਧੀਆ ਲੱਗਿਆ ਪਰ ਸ਼ੇਰਾ ਰੋਣੋਂ ਨਹੀਂ ਹਟਦਾ ਸੀ। ਉਹਦੀ ਤਾਂ ਇਕੋ ਹੀ ਰਟ ਸੀ, 'ਬਾਪੂ ਜੀ, ਬੇਬੇ ਜੀ ਕੋਲ ਜਾਣਾ ਹੈ।' ਉਹਦੀ ਉਦਾਸੀ ਦੇਖ ਕੇ ਇਕ ਵਾਰੀ ਤਾਂ ਗੁਰਦੇਵ ਦਾ ਦਿਲ ਵੀ ਡੁੱਬ ਜਿਹਾ ਗਿਆ। ਸੋਚਣ ਲੱਗਾ ਕਿ ਅਮਰੀਕਾ ਆ ਕੇ ਗਲਤੀ ਕੀਤੀ ਹੈ, ਨਾ ਮੈਂ ਅਮਰੀਕਾ ਆਉਂਦਾ ਤੇ ਨਾ ਸੁਰਿੰਦਰ ਤੇ ਸ਼ੇਰੇ ਨੂੰ ਆਉਣਾ ਪੈਂਦਾ ਪਰ 'ਅਬ ਪਛਤਾਏ ਕਿਆ ਹੋਤ, ਜਬ ਚਿੜੀਆ ਚੁਗ ਗਈ ਖੇਤ।'

ਸੁਰਿੰਦਰ ਤੇ ਸ਼ੇਰੇ ਦੇ ਘਰੋਂ ਟੁਰ ਜਾਣ ਦਾ ਸਦਮਾ ਤਾਂ ਤੇਜ ਕੌਰ ਨੂੰ ਜਹਾਨੋਂ ਹੀ ਲੈ ਟੁਰਿਆ। ਡੱਬੂ ਨੇ ਭੌਂਕ-ਭੌਂਕ ਕੇ ਆਂਢੀ-ਗੁਆਂਢੀ ਇਕੱਠੇ ਕਰ ਲਏ। ਭਾਗ ਸਿੰਘ ਤੇਜ ਕੌਰ ਦੀ ਦਵਾਈ ਲੈਣ ਪਿੰਡ ਵਿਚ ਗਿਆ ਹੋਇਆ ਸੀ। ਡੱਬੂ ਨੇ ਜਾ ਕੇ ਭਾਗ ਸਿੰਘ ਦਾ ਪਜਾਮਾ ਖਿੱਚ ਲਿਆ, ਜਿਵੇਂ ਆਖ ਰਿਹਾ ਹੋਵੇ, "ਮਾਲਕਾ, ਛੇਤੀ ਘਰ ਚੱਲ। ਤੇਰਾ ਘਰ ਉਜੜ ਗਿਆ ਹੈ।" ਭਾਗ ਸਿੰਘ ਡੱਬੂ ਦਾ ਇਸ਼ਾਰਾ ਸਮਝ ਗਿਆ, ਘਰ ਜਾ ਕੇ ਦੇਖਿਆ ਤਾਂ ਭਾਣਾ ਵਰਤ ਚੁੱਕਾ ਸੀ।

ਭਾਗ ਸਿੰਘ ਬਿਲਕੁਲ ਟੁੱਟ ਚੁੱਕਾ ਸੀ। ਜਿਹੜੇ ਲੋਕ ਆਂਹਦੇ ਸੀ ਕਿ ਭਾਗ ਸਿੰਘ ਦੀ ਰੱਬ ਨਾਲ ਸਿੱਧੀ ਗੱਲਬਾਤ ਹੈ, ਉਹ ਹੀ ਹੁਣ ਘੁਸਰ-ਮੁਸਰ ਕਰਦੇ, "ਵਿਚਾਰੇ ਦੇ ਕਰਮਾਂ ਵਿਚ ਇਹੋ ਲਿਖਿਆ ਸੀ।"

ਤੇਜ ਕੌਰ ਦੇ ਅਕਾਲ ਚਲਾਣੇ ਦਾ ਪਤਾ ਗੁਰਮੁਖ ਤੇ ਗੁਰਦੇਵ ਨੂੰ ਵੀ ਕਰ ਦਿੱਤਾ ਗਿਆ ਪਰ ਦੋਵਾਂ ਕੋਲ ਪੇਪਰ ਨਾ ਹੋਣ ਕਰ ਕੇ ਉਹ ਪਿੰਡ ਨਾ ਆ ਸਕੇ। ਫੋਨ 'ਤੇ ਹੀ ਬਾਪੂ ਨੂੰ ਦਿਲਾਸੇ ਦੇਣ ਦਾ ਯਤਨ ਕਰਦੇ ਰਹੇ ਪਰ ਭਾਗ ਸਿੰਘ ਖੁਦ ਉਦਾਸੀ ਦੇ ਆਲਮ ਵਿਚ ਸੀ। ਉਸ ਨੂੰ ਪੁੱਤਰਾਂ 'ਤੇ ਗੁੱਸਾ ਆਉਂਦਾ ਤੇ ਉਨ੍ਹਾਂ ਨੂੰ ਲਾਹਣਤ ਪਾਉਂਦਾ ਆਖਦਾ ਕਿ 'ਤੁਹਾਡੇ ਨਾਲੋਂ ਤਾਂ ਡੱਬੂ ਚੰਗਾ ਹੈ ਜਿਹੜਾ ਦੁੱਖ ਦੀ ਘੜੀ ਵਿਚ ਮੇਰੇ ਨਾਲ ਤਾਂ ਹੈ।' ਗੁਰਮੁਖ ਤੇ ਗੁਰਦੇਵ ਬਾਪੂ ਦੀਆਂ ਗੱਲਾਂ ਸੁਣ ਕੇ ਡੋਲ ਜਾਂਦੇ ਤੇ ਪਛਤਾਉਂਦੇ ਵੀ, ਪਰ ਇਸ ਘੜੀ ਦਾ ਉਦੋਂ ਜੋਸ਼ ਵਿਚ ਅਹਿਸਾਸ ਹੀ ਨਹੀਂ ਕੀਤਾ ਸੀ।

ਤੇਜ ਕੌਰ ਦੀ ਅੰਤਮ ਰਸਮ ਪੂਰੀ ਹੋ ਗਈ। ਪੁੱਤਰ ਆਪ ਤਾਂ ਨਹੀਂ ਆ ਸਕੇ, ਪਰ ਦਾਨ ਲਈ ਜੀਅ ਖੋਲ੍ਹ ਕੇ ਰਕਮ ਭੇਜੀ...ਪਰ ਪੈਸਾ ਬੰਦਿਆਂ ਦੀ ਘਾਟ ਥੋੜ੍ਹੋ ਪੂਰ ਸਕਦਾ ਹੈ। ਭਾਗ ਸਿੰਘ ਨੂੰ ਦਾਨ ਦਾ ਸਕੂਨ ਮਿਲਣ ਨਾਲੋਂ ਆਪ ਰੁਲ ਕੇ ਮਰਨ ਦਾ ਵਧੇਰੇ ਖੌਫ ਸੀ। ਇੱਡੇ ਵੱਡੇ ਘਰ ਵਿਚ ਉਹ ਇਕੱਲਾ ਰਹਿ ਗਿਆ ਸੀ। ਸਭ ਆਪੋ-ਆਪਣੇ

ਟਿਕਾਣੇ ਟੁਰ ਗਏ ਸਨ। ਡੱਬੂ ਭਾਗ ਸਿੰਘ ਦੇ ਮੰਜੇ ਕੋਲ ਬੈਠਾ ਰਹਿੰਦਾ। ਭਾਗ ਸਿੰਘ ਨੇ ਖੇਤੀਬਾੜੀ ਦੇ ਸੰਦ ਤੇ ਸਭ ਡੰਗਰ ਪਸ਼ੂ ਵੇਚ ਦਿੱਤੇ। ਉਹ ਹੁਣ ਕਿਸੇ ਨਾਲ ਵੱਧ-ਘੱਟ ਹੀ ਬੋਲਦਾ। ਕਦੀ-ਕਦਾਈਂ ਦਿਲ ਕਰਦਾ ਤਾਂ ਗੁਰਦੁਆਰੇ ਜਾ ਆਉਂਦਾ, ਨਹੀਂ ਤਾਂ ਘਰ ਮੰਜੀ 'ਤੇ ਪਿਆ ਰਹਿੰਦਾ। ਗੁਆਂਢੀਆਂ ਦੀ ਨਿੱਕੀ ਜਿਹੀ ਕੁੜੀ ਰੋਟੀ ਫੜਾ ਜਾਂਦੀ। ਕਦੀ ਦਿਲ ਕਰਦਾ ਤਾਂ ਖਾ ਲੈਂਦਾ, ਕਦੀ ਭੋਰ ਕੇ ਚਿੜੀਆਂ ਨੂੰ ਪਾ ਦਿੰਦਾ। ਜੇ ਭਾਗ ਸਿੰਘ ਰੋਟੀ ਨਾ ਖਾਂਦਾ ਤਾਂ ਡੱਬੂ ਵੀ ਨਾ ਖਾਂਦਾ। ਇਹ ਦੇਖ ਕੇ ਭਾਗ ਸਿੰਘ ਦੀਆਂ ਅੱਖਾਂ ਭਰ ਆਉਂਦੀਆਂ। ਭਾਗ ਸਿੰਘ ਉਹਦੀ ਪਿੱਠ 'ਤੇ ਪਿਆਰ ਨਾਲ ਹੱਥ ਫੇਰਦਾ। ਡੱਬੂ ਆਪਣਾ ਅਗਲਾ ਪੈਰ ਚੁੱਕ ਕੇ ਭਾਗ ਸਿੰਘ ਦੇ ਹੱਥਾਂ 'ਤੇ ਰੱਖ ਦਿੰਦਾ।

ਗੁਰਮੁਖ ਤੇ ਗੁਰਦੇਵ ਤਾਂ ਮਿੱਠੀ ਜੇਲ੍ਹ ਵਿਚ ਕੈਦ ਸਨ। ਦੋਵੇਂ ਅਲੱਗ-ਅਲੱਗ ਰਹਿਣ ਲੱਗ ਪਏ। ਦੀਪੀ ਮਾਂ ਬਣਨ ਵਾਲੀ ਸੀ। ਗੁਰਮੁਖ ਦੀ ਗਰੀਨ ਕਾਰਡ ਦੀ ਇੰਟਰਵਿਊ ਹੋ ਚੁੱਕੀ ਸੀ। ਹੁਣ ਤਾਂ ਉਹ ਆਪਣਾ ਗਰੀਨ ਕਾਰਡ ਉਡੀਕਦਾ ਸੀ। ਗਰੀਨ ਕਾਰਡ ਉਹਨੂੰ ਪੁੱਤਰ ਦੇ ਜੰਮਣ ਤੋਂ ਪਹਿਲਾਂ ਹੀ ਮਿਲ ਗਿਆ। ਚਾਅ ਵਿਚ ਬਾਪੂ ਨੂੰ ਫੋਨ ਕੀਤਾ। ਭਾਗ ਸਿੰਘ ਨੇ ਸਿਰਫ਼ ਇੰਨਾ ਹੀ ਕਿਹਾ, "ਪੁੱਤਰ, ਜਿਥੇ ਰਹੋ, ਸਲਾਮਤ ਰਹੋ। ਇਹ ਹਰਾ ਪੱਤਾ ਤੇਰੇ ਖੇਤਾਂ ਦੀ ਹਰਿਆਲੀ ਨਾਲੋਂ ਵੱਡਾ ਹੋ ਗਿਆ।" ਭਾਗ ਸਿੰਘ ਦੇ ਬੋਲਾਂ 'ਚ ਨਿਰਾਸ਼ਾ ਸਾਫ਼ ਝਲਕਦੀ ਸੀ।

ਫਿਰ ਇਕ ਦਿਨ ਭਾਗ ਸਿੰਘ ਨਲਕੇ ਤੋਂ ਪਾਣੀ ਲੈਣ ਗਿਆ ਫਰਸ਼ 'ਤੇ ਡਿੱਗ ਪਿਆ। ਡੱਬੂ ਗੁਆਂਢੀਆਂ ਦੇ ਘਰ ਜਾ ਕੇ ਭੌਂਕਣ ਲੱਗਾ ਤਾਂ ਗੁਆਂਢੀਆਂ ਨੇ ਆ ਕੇ ਭਾਗ ਸਿੰਘ ਨੂੰ ਚੁੱਕਿਆ। ਉਹਦੀ ਤਾਂ ਸਵਾਸਾਂ ਦੀ ਪੂੰਜੀ ਮੁੱਕ ਚੁੱਕੀ ਸੀ। ਆਂਢੀ-ਗੁਆਂਢੀ, ਰਿਸ਼ਤੇਦਾਰਾਂ ਨੇ ਇਕੱਠੇ ਹੋ ਕੇ ਕ੍ਰਿਆਕ੍ਰਮ ਕਰ ਦਿੱਤਾ। ਅਮਰੀਕਾ ਫੋਨ ਕੀਤਾ। ਸੁਣ ਕੇ ਗੁਰਮੁਖ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਗੁਰਦੇਵ ਨੂੰ ਪਤਾ ਲੱਗਾ, ਉਹ ਸੁਰਿੰਦਰ ਤੇ ਸ਼ਮਸ਼ੇਰ ਨੂੰ ਲੈ ਕੇ ਗੁਰਮੁੱਖ ਕੋਲ ਆ ਗਿਆ। ਦੋਵੇਂ ਭਰਾ ਇਕ-ਦੂਜੇ ਦੇ ਗਲ ਲਗ ਕੇ ਮਛੋਹਰਾਂ ਵਾਂਗ ਰੋਂਦੇ ਰਹੇ। ਪਰਦੇਸ 'ਚ ਕੀ ਬਣਨਾ ਸੀ। ਆਪੇ ਸਬਰ ਕਰ ਕੇ ਚੁੱਪ ਹੋ ਗਏ। ਇਕ ਕੋਲ ਗਰੀਨ ਕਾਰਡ ਨਹੀਂ ਸੀ ਤੇ ਇਕ ਨੇ ਪਾਸਪੋਰਟ ਵੀ ਨਹੀਂ ਬਣਾਇਆ ਸੀ। ਦੋਵੇਂ ਪਿੰਡ ਨਾ ਜਾ ਸਕੇ। ਜਿਸ ਦਿਨ ਭਾਗ ਸਿੰਘ ਦਾ ਭੋਗ ਪੈਣਾ ਸੀ, ਉਸ ਦਿਨ ਕੁਲਦੀਪ ਨੇ ਪੁੱਤਰ ਨੂੰ ਜਨਮ ਦਿੱਤਾ। ਗੁਰਮੁਖ ਪੁੱਤਰ ਦੀ ਖ਼ੁਸ਼ੀ ਵੀ ਨਾ ਮਨਾ ਸਕਿਆ, ਉਹ ਤਾਂ ਪਛਤਾਵੇ ਦੀ ਅੱਗ ਵਿਚ ਸੜ ਰਿਹਾ ਸੀ।

ਪਿੰਡ ਤਾਂ ਉਹ ਫੋਨ ਕਰਨ ਤੋਂ ਸਿਵਾ ਹੋਰ ਕੁਝ ਨਹੀਂ ਸੀ ਕਰ ਸਕਦੇ। ਸਾਰੇ ਪਿੰਡ ਨੇ ਮਿਲ-ਜੁਲ ਕੇ ਭਾਗ ਸਿੰਘ ਦੀਆਂ ਅੰਤਿਮ ਰਸਮਾਂ ਫੁੱਲ ਚੁਗਣ ਤੱਕ ਨਿਭਾਈਆਂ ਸਨ। ਜਿਸ ਦਿਨ ਦਾ ਭਾਗ ਸਿੰਘ ਸਵਰਗਵਾਸ ਹੋਇਆ ਸੀ, ਡੱਬੂ ਉਸੇ ਦਿਨ ਦਾ ਗਾਇਬ ਸੀ, ਪਰ ਜਿਸ ਦਿਨ ਭਾਗ ਸਿੰਘ ਦੀ ਰਾਖ ਇਕੱਠੀ ਕਰਨ ਸ਼ਮਸ਼ਾਨਘਾਟ ਗਏ, ਡੱਬੂ ਉਥੇ ਪ੍ਰਾਣ ਤਿਆਗ ਚੁੱਕਾ ਸੀ। ਇਸ ਘਟਨਾ ਨੇ ਸਾਰੇ ਪਿੰਡ ਨੂੰ ਦੰਗ ਕਰ ਦਿੱਤਾ। ਸਾਰੇ ਪਿੰਡ ਵਿਚ ਭਾਗ ਸਿੰਘ ਦੇ ਬਰਾਬਰ ਹੀ ਡੱਬੂ ਦੇ ਅਫਸੋਸ ਦੀਆਂ ਗੱਲਾਂ ਵੀ ਚਲਦੀਆਂ ਰਹੀਆਂ।

ਗੁਰਮੁਖ ਤੇ ਗੁਰਦੇਵ ਨੂੰ ਜਦੋਂ ਡੱਬੂ ਵਾਲੀ ਘਟਨਾ ਦਾ ਪਤਾ ਲੱਗਿਆ ਤਾਂ ਉਹ ਹੈਰਾਨ ਹੋਣ ਦੇ ਨਾਲ-ਨਾਲ ਸ਼ਰਮਿੰਦਗੀ ਵੀ ਬਹੁਤ ਮਹਿਸੂਸ ਕਰ ਰਹੇ ਸਨ। ਅੱਜ ਅਮਰੀਕਾ ਤਾਂ ਉਨ੍ਹਾਂ ਨੂੰ ਤਿਹਾੜ ਜੇਲ੍ਹ ਤੋਂ ਵੀ ਭੈੜੀ ਲੱਗ ਰਹੀ ਸੀ। ਭਾਗ ਸਿੰਘ ਦੇ ਘਰ ਨੂੰ ਜਿੰਦਰਾ ਲੱਗ ਗਿਆ। ਬੂਹੇ ਅੱਗੇ ਘਾਹ ਉੱਗ ਆਇਆ। ਘਰ 'ਚ ਕਬੂਤਰਾਂ ਅਤੇ ਉੱਲੂਆਂ ਦਾ ਵਾਸਾ ਹੋ ਗਿਆ। ਬੱਸ, ਗੁਰਮੁਖ ਦਾ ਮਾਮਾ ਆ ਕੇ ਦੋ-ਚਹੁੰ ਮਹੀਨਿਆਂ ਬਾਅਦ ਸਫ਼ਾਈ ਕਰਵਾ ਜਾਂਦਾ। ਕਈ ਵਾਰ ਉਹਨੂੰ ਲੋਕਾਂ ਦੇ ਨਹੋਰੇ ਵੀ ਸੁਣਨੇ ਪੈਂਦੇ ਪਰ ਉਹ ਸਬਰ ਦਾ ਘੁੱਟ ਭਰ ਕੇ ਸਭ ਬਰਦਾਸ਼ਤ ਕਰ ਲੈਂਦਾ।

ਭਾਗ ਸਿੰਘ ਨੂੰ ਸੁਰਗਵਾਸ ਹੋਇਆਂ ਸਾਲ ਹੋਣ ਵਾਲਾ ਸੀ। ਗੁਰਮੁਖ ਨੇ ਗੁਰਦੇਵ ਨਾਲ ਸਲਾਹ ਕੀਤੀ ਕਿ ਪਿੰਡ ਜਾ ਕੇ ਬਾਪੂ ਦੀ ਬਰਸੀ ਮਨਾ ਆਵਾਂ। ਕੁਲਦੀਪ ਵੀ ਨਾਲ ਜਾਣਾ ਚਾਹੁੰਦੀ ਸੀ, ਪਰ ਕੈਵਿਨ ਦੇ ਬਹੁਤ ਛੋਟਾ ਹੋਣ ਕਰ ਕੇ ਉਸ ਨੇ ਇਕ ਹੀ ਟਿਕਟ ਖਰੀਦੀ। ਮਾਮੇ ਨੇ ਘਰ ਦੀ ਸਫਾਈ ਵਗੈਰਾ ਕਰਵਾ ਦਿੱਤੀ। ਜਿਸ ਦਿਨ ਗੁਰਮੁਖ ਪਿੰਡ ਵੜਿਆ, ਉਸ ਦੇ ਕਦਮ ਮਣ-ਮਣ ਦੇ ਹੋ ਰਹੇ ਸਨ। ਪਿੱਤਰਾਂ ਦਾ ਪਿੰਡ ਜਿਹਨੂੰ ਹਰਿਆ-ਭਰਿਆ ਛੱਡ ਕੇ ਗਿਆ ਸੀ, ਅੱਜ ਉਜਾੜ ਜਾਪਦਾ ਸੀ। ਧਾਹਾਂ ਮਾਰਦਾ ਗੁਰਮੁਖ ਗੱਡੀ 'ਚੋਂ ਉਤਰ ਕੇ ਮਾਮੇ ਦੇ ਗਲ ਜਾ ਲੱਗਿਆ। ਅੰਦਰ ਵੜ ਕੇ ਬੇਬੇ ਨੂੰ ਆਵਾਜ਼ਾਂ ਮਾਰਨ ਲੱਗ ਪਿਆ। ਬਾਪੂ ਤੋਂ ਮੁਆਫੀਆਂ ਮੰਗੀ ਜਾਵੇ, 'ਬਾਪੂ ਮੈਨੂੰ ਮੁਆਫ਼ ਕਰ ਦੇ।' ਆਂਢੀ-ਗੁਆਂਢੀ ਤੇ ਮਾਮੇ ਹੌਂਸਲਾ ਦੇਣ ਦੀ ਕੋਸ਼ਿਸ਼ ਕਰਦੇ ਰਹੇ।

ਹੌਲੀ-ਹੌਲੀ ਪਿੰਡ ਦੇ ਲੋਕ ਅਫਸੋਸ ਲਈ ਜੁੜਨੇ ਸ਼ੁਰੂ ਹੋ ਗਏ। ਭਾਗ ਸਿੰਘ ਦਾ ਅਫਸੋਸ ਕਰ ਦੇ ਅਚਾਨਕ ਗੁਰਮੁਖ ਨੂੰ ਨਸ਼ਤਰ ਚੁਭੋ ਜਾਂਦੇ। ਸਾਰਿਆਂ ਦੀ ਸਲਾਹ ਨਾਲ ਬਾਪੂ ਜੀ ਦੀ ਯਾਦ ਵਿਚ ਅਖੰਡ ਪਾਠ ਕਰਵਾਇਆ ਗਿਆ। ਗੁਰਮੁਖ ਬੇਬੇ ਬਾਪੂ ਨੂੰ ਯਾਦ ਕਰਦਾ ਤਨੋਂ-ਮਨੋਂ ਸੇਵਾ ਕਰ ਰਿਹਾ ਸੀ ਤਾਂ ਜੋ ਗਲਤੀ ਦਾ ਪਸ਼ਚਾਤਾਪ ਕਰ ਸਕੇ। ਸਾਰੇ ਰਿਸ਼ਤੇਦਾਰਾਂ ਨੂੰ ਭੋਗ 'ਤੇ ਬੁਲਾਇਆ ਗਿਆ। ਲੋਕ ਗੁਰਮੁਖ ਦੇ ਮਾਂ-ਬਾਪ ਦੀਆਂ ਤਰੀਫ਼ਾਂ ਵੀ ਕਰਦੇ ਤੇ ਗੁਰਮੁਖ ਨੂੰ ਬੁਰਾ ਭਲਾ ਵੀ ਕਹਿੰਦੇ ਰਹੇ। ਗੁਰਮੁਖ ਨੇ ਭੋਗ ਵਾਲੇ ਦਿਨ ਰੱਜ ਕੇ ਦਾਨ ਕੀਤਾ। ਗੁਰੂਘਰ ਵਾਸਤੇ, ਸਕੂਲ ਵਾਸਤੇ, ਸ਼ਮਸ਼ਾਨਘਾਟ ਦੀ ਨਵੀਂ ਉਸਾਰੀ ਵਾਸਤੇ, ਗਰੀਬਾਂ ਦੀਆਂ ਧੀਆਂ ਦੇ ਵਿਆਹਾਂ ਦੇ ਨਾਂ 'ਤੇ ਰਕਮ ਦਿੱਤੀ। ਲੋਕ ਇਹ ਐਲਾਨ ਗੌਰ ਨਾਲ ਸੁਣਦੇ ਰਹੇ।

ਸਮਾਪਤੀ ਬਾਅਦ ਤਾਏ ਕਰਤਾਰੇ ਨੇ ਗੁਰਮੁਖ ਦੇ ਮੋਢਿਆਂ 'ਤੇ ਹੱਥ ਰੱਖ ਕੇ ਕਿਹਾ, "ਬਹੁਤ ਦਾਨ ਕੀਤਾ, ਚੰਗੀ ਗੱਲ ਹੈ, ਪਰ ਮਾਪਿਆਂ ਦੀ ਸੇਵਾ ਦਾ ਦਾਨ ਨਹੀਂ ਕੀਤਾ। ਆਹ ਬਰਸੀ ਮਨਾਉਣ ਨਾਲੋਂ ਤਾਂ ਪਿਛਲੇ ਸਾਲ ਆ ਜਾਂਦਾ...।" ਗੱਲ ਵਿਚਾਲੇ ਹੀ ਸੀ। ਸਵੇਰ ਦਾ ਸਬਰ ਕਰੀ ਬੈਠਾ ਮਾਮਾ ਆਖਰ ਬੋਲ ਹੀ ਪਿਆ, "ਕਿਉਂ ਭਾਈ ਸਾਹਿਬ, ਹੁਣ ਜਲੀਲ ਕਰਨੋਂ ਹਟਦੇ ਹੀ ਨਹੀਂ, ਇਹਨੂੰ ਕਿਤੇ ਘੱਟ ਪਛਤਾਵਾ। ਜੇ ਸਾਡੀ ਸਰਕਾਰ ਨੌਜਵਾਨਾਂ ਨੂੰ ਚੰਗੀ ਵਿੱਦਿਆ, ਰੁਜ਼ਗਾਰ ਦੇ ਚੰਗੇ ਸਾਧਨ ਦੇਵੇ ਤਾਂ ਇਹ ਮਾਂ-ਭੂਮੀ ਛੱਡ ਕੇ ਕਾਹਨੂੰ ਦੌੜਦੇ? ਪਛਤਾਵੇ ਦੀ ਦਾਤੀ ਨੇ ਸਾਰੀ ਉਮਰ ਇਨ੍ਹਾਂ ਨੂੰ ਅੰਦਰੋਂ-ਅੰਦਰੀਂ ਚੀਰਨਾ ਹੈ। ਕੀ ਇਹ ਘੱਟ ਸਜ਼ਾ ਨਹੀਂ।"

ਮਾਮੇ ਦੇ ਸ਼ਬਦਾਂ ਨੇ ਸਭ ਨੂੰ ਨਿਰਉੱਤਰ ਕਰ ਦਿੱਤਾ ਸੀ।

---

# ਬੇਨਾਮ ਰਿਸ਼ਤਾ

**ਨਿਸ਼ਾਨ ਸਿੰਘ ਰਾਠੌਰ**
nishanrathaur@gmail.com

ਜਗਬੀਰ ਪਿੰਡ ਦੀ ਫ਼ਿਰਨੀ ਲੰਘ ਕੇ ਆਪਣੇ ਘਰ ਵੱਲ ਨੂੰ ਵਧਿਆ ਤਾਂ ਉਸ ਦੇ ਪੁਰਾਣੇ ਜਿਹੇ ਘਰ ਦੀ ਜਗ੍ਹਾ 'ਤੇ ਬਣੀ ਆਲੀਸ਼ਾਨ ਕੋਠੀ ਵੇਖ ਕੇ ਇਕ ਪਲ ਲਈ ਉਸ ਦੇ ਕਦਮ ਰੁਕ ਗਏ। ਉਹ ਸੋਚਣ ਲੱਗਾ ਕਿ ਉਸ ਦੇ ਪਰਿਵਾਰ ਕੋਲ ਇੰਨੇ ਪੈਸੇ ਕਿੱਥੋਂ ਆ ਗਏ ਕਿ ਇਹ ਮਹਿਲ ਛੱਤ ਲਿਆ?

ਗਲੀ ਵਿਚੋਂ ਲੰਘਦੇ ਇਕ ਮੁੰਡੇ ਨੂੰ ਉਸ ਨੇ ਪੁੱਛਿਆ, "ਕਾਕਾ, ਬਾਵਰ ਦਾ ਘਰ ਆਹ ਹੀ ਹੈ?"

ਮੁੰਡਾ ਇਕਦਮ ਰੁਕ ਗਿਆ ਅਤੇ ਜਗਬੀਰ ਨੂੰ ਉਪਰ ਤੋਂ ਲੈ ਕੇ ਪੈਰਾਂ ਤੀਕ ਧਿਆਨ ਨਾਲ ਦੇਖਣ ਲੱਗਾ। ਕੁੱਝ ਦੇਰ ਸੋਚਣ ਤੋਂ ਬਾਅਦ ਉਹ ਬੋਲਿਆ, "ਕੀ ਤੁਸੀਂ ਬਾਪੂ ਬਾਵਰ ਸਿੰਘ ਦੇ ਘਰ ਬਾਰੇ ਪੁੱਛ ਰਹੇ ਹੋ?"

ਆਪਣੇ ਛੋਟੇ ਭਰਾ ਬਾਵਰ ਦੇ ਨਾਂ ਨਾਲ 'ਬਾਪੂ' ਸ਼ਬਦ ਸੁਣ ਕੇ ਜਗਬੀਰ ਨੂੰ ਅਹਿਸਾਸ ਹੋਇਆ ਕਿ ਉਹ ਅੱਜ 30 ਸਾਲਾਂ ਬਾਅਦ ਆਪਣੇ ਪਿੰਡ, ਆਪਣੇ ਘਰ ਆਇਆ ਹੈ। ਜਗਬੀਰ ਕੋਲ ਖੜੇ ਉਸ ਮੁੰਡੇ ਨੂੰ ਭੁੱਲ ਗਿਆ ਅਤੇ ਯਾਦਾਂ ਦੇ ਸੰਸਾਰ ਵਿਚ ਗੁਆਚ ਗਿਆ। ਉਸ ਨੂੰ ਯਾਦ ਆਈ ਆਪਣੀ ਜਵਾਨੀ, ਆਪਣੇ ਹਾਣੀ, ਆਪਣਾ ਸਕੂਲ, ਆਪਣੇ ਬਾਪੂ ਦੀਆਂ ਝਿੜਕਾਂ, ਮਾਂ ਦਾ ਪਿਆਰ, ਭਰਜਾਈਆਂ ਦੇ ਸ਼ੁਗਲ, ਆਪਣੇ ਪਿੰਡ ਦੇ ਬਾਬੇ ਤੇ ਅੱਜ ਉਸ ਨੂੰ ਬੱਚੇ ਬਾਬਾ ਆਖ ਰਹੇ ਸਨ। ਜਗਬੀਰ ਨੂੰ ਵਿਸ਼ਵਾਸ ਨਾ ਹੋਇਆ ਕਿ ਹੁਣ ਉਹ ਵੀ 'ਬਾਬਾ' ਹੋ ਗਿਆ ਹੈ।

ਜਗਬੀਰ ਨੂੰ ਜਾਪਿਆ ਜਿਵੇਂ ਕੁੱਝ ਹੀ ਪਲਾਂ ਵਿਚ ਉਸ ਨੇ ਆਪਣੀ ਸਾਰੀ ਜ਼ਿੰਦਗੀ ਬਤੀਤ ਕਰ ਲਈ ਹੋਵੇ। ਫ਼ਿਲਮ ਦੀ ਰੀਲ ਵਾਂਗ ਉਸ ਦੀਆਂ ਅੱਖਾਂ ਸਾਹਮਣੇ ਪੁਰਾਣੀਆਂ ਯਾਦਾਂ ਆਉਣ ਲੱਗੀਆਂ। ਯਾਦ ਆਇਆ ਕਿ ਕਿਸ ਤਰ੍ਹਾਂ ਉਹ ਪਿੰਡ ਦੇ ਮੁੰਡਿਆਂ ਦੀ ਟੋਲੀ ਦਾ ਸਰਦਾਰ ਹੁੰਦਾ ਸੀ। ਸਾਰੇ ਪਿੰਡ ਵਿਚੋਂ ਉਹ ਅਜਿਹਾ ਪਹਿਲਾਂ ਮੁੰਡਾ ਸੀ ਜਿਹੜਾ ਦੱਸਵੀਂ ਜਮਾਤ ਵਿਚੋਂ ਪਾਸ ਹੋਇਆ ਸੀ ਤੇ ਖ਼ੁਸ਼ੀ 'ਚ ਖੀਵੇ ਹੋਏ ਜੱਗੀ ਦੇ ਬਾਪੂ ਦੇ ਪੈਰ ਧਰਤੀ 'ਤੇ ਨਹੀਂ ਸਨ ਲੱਗ ਰਹੇ। ਜੱਗੀ ਵੀ ਆਪਣੇ ਦੋਸਤਾਂ ਵਿਚ ਆਪਣੀ ਕਾਬਲੀਅਤ ਦੀਆਂ ਫੜਾਂ ਮਾਰ ਰਿਹਾ ਸੀ।

"ਕਿਉਂ ਬਈ ਨਾਜਰ ਸਿਆਂ, ਦੇਖਿਆ ਯਾਰਾਂ ਦਾ ਦਿਮਾਗ, ਹੋ ਗਿਆ ਨਾ ਪਾਸ ਦੱਸਵੀਂ ਵਿਚੋਂ, ਪਿੰਡ ਦਾ ਰਿਕਾਰਡ ਤੋੜ'ਤਾ ਯਾਰਾਂ ਨੇ।" ਜੱਗੀ ਨੇ ਆਪਣੇ ਦੋਸਤ ਨਾਜਰ ਸਿੰਘ ਨੂੰ ਕਿਹਾ।

"ਸੱਚੀਂ ਯਾਰਾ... ਮੰਨ ਗਏ ਤੈਨੂੰ।" ਨਾਜਰ ਨੇ ਵੀ ਜੱਗੀ ਦੀ ਸਿਫ਼ਤ ਕਰਦਿਆਂ ਕਿਹਾ।

ਸਮਾਂ ਆਪਣੀ ਚਾਲ ਚੱਲਦਾ ਗਿਆ ਤੇ ਘਰ ਵਿਚ ਵੱਡਾ ਹੋਣ ਕਾਰਨ ਜੱਗੀ ਦਾ ਵਿਆਹ ਉਸ ਦੇ ਬਾਪੂ ਨੇ ਛੇਤੀ ਹੀ ਕਰ ਦਿੱਤਾ ਕਿਉਂਕਿ ਉਸ ਦੀ ਮਾਂ ਦੇ ਸਾਹਮਣੇ ਜਦੋਂ ਪਿੰਡ ਦੀਆਂ ਤੀਵੀਆਂ ਆਪਣੀਆਂ ਨੂੰਹਾਂ ਦੀਆਂ ਗੱਲਾਂ ਕਰਦੀਆਂ ਤਾਂ ਉਸ ਨੂੰ ਚੰਗਾ ਨਾ ਲੱਗਦਾ। ਉਸ ਨੂੰ ਆਪਣੇ ਵਿਹੜੇ ਵਿਚ ਘੁੰਮਦੀ ਨੂੰਹ ਚਾਹੀਦੀ ਸੀ ਜਿਸ ਨਾਲ ਉਹ ਆਪਣੇ ਦਿਲ ਦੀਆਂ ਗੱਲਾਂ ਕਰ ਸਕੇ।

ਮਾਂ ਦੇ ਇਸੇ ਚਾਅ ਵਿਚ ਜੱਗੀ ਦਾ ਵਿਆਹ ਹੋ ਗਿਆ। ਮਾਂ ਨੇ ਸਾਰੇ ਪਿੰਡ ਵਿਚ ਲੱਡੂ ਵੰਡੇ ਤੇ ਖ਼ੁਸ਼ੀ ਮਨਾਈ। ਚੰਨ ਜਿਹੀ ਨੂੰਹ ਦੇਖ ਕੇ ਜੱਗੀ ਦੀ ਮਾਂ ਦੀ ਖ਼ੁਸ਼ੀ ਦਾ ਕੋਈ ਅੰਤ ਨਾ ਰਿਹਾ। ਹੁਣ ਉਹ ਵੀ ਆਪਣੀ ਨੂੰਹ ਦੀਆਂ ਸਿਫ਼ਤਾਂ ਪਿੰਡ ਦੀਆਂ ਤੀਵੀਆਂ ਵਿਚ ਬੈਠ ਕੇ ਕਰ ਸਕਦੀ ਸੀ। ਜੱਗੀ ਵੀ ਖ਼ੁਸ਼ ਸੀ ਕਿ ਨਿਰਮਲ ਜਿਹੀ ਪੜ੍ਹੀ-ਲਿਖੀ ਪਤਨੀ ਉਸ ਨੂੰ ਮਿਲੀ ਸੀ।

ਵਿਆਹ ਤੋਂ ਕੁੱਝ ਮਹੀਨਿਆਂ ਬਾਅਦ ਜੱਗੀ ਫੌਜ ਵਿਚ ਭਰਤੀ ਹੋ ਗਿਆ। ਜੱਗੀ ਦੇ ਬਾਪੂ ਨੂੰ ਆਪਣੇ ਪੁੱਤ 'ਤੇ ਮਾਣ ਸੀ।

ਆਪਣੀ ਪਤਨੀ ਨਿਰਮਲ ਨੂੰ ਛੇਤੀ ਮੁੜ ਆਉਣ ਦਾ ਦਿਲਾਸਾ ਦੇ ਕੇ ਉਹ ਫੌਜ ਲਈ ਰਵਾਨਾ ਹੋ ਗਿਆ ਤੇ ਮੁੜ ਕੇ ਅੱਜ ਆ ਰਿਹਾ ਸੀ, 30 ਸਾਲ ਬਾਅਦ। ਉਸ ਨੂੰ ਆਪਣੀ ਪਿਛਲੀ ਜ਼ਿੰਦਗੀ ਕਿਸੇ ਫ਼ਿਲਮ ਵਾਂਗ ਯਾਦ ਆ ਰਹੀ ਸੀ ਕਿ ਇਤਨੇ ਨੂੰ ਕਿਸੇ ਨੇ ਉਸ ਨੂੰ ਪਿੱਛੋਂ ਆਵਾਜ਼ ਮਾਰੀ।

"ਕੀ ਗੱਲ ਬਜ਼ੁਰਗੋ...ਕੀ ਸੋਚ ਰਹੇ ਹੋ?"

ਜੱਗੀ ਦੀਆਂ ਯਾਦਾਂ ਦੀ ਤੰਦ ਅਚਾਨਕ ਟੁੱਟ ਗਈ। ਉਸ ਨੇ ਸਾਹਮਣੇ ਖੜੇ ਨੌਜਵਾਨ ਦੇ ਪ੍ਰਸ਼ਨ ਦਾ ਉਤਰ ਦੇਣ ਦੀ ਥਾਂ ਪੁੱਛਿਆ, "ਕਾਕਾ, ਕੀ ਨਾਂ ਏ ਤੇਰਾ?"

"ਜੀ...ਇੰਦਰਜੀਤ।"

"ਤੇਰੇ ਬਾਪੂ ਦਾ ਕੀ ਨਾਂ ਏਂ?" ਜੱਗੀ ਨੇ ਪੁੱਛਿਆ।

"ਸਰਦਾਰ ਨਛੱਤਰ ਸਿੰਘ।"

"ਅੱਛਾ...ਤੂੰ ਨਛੱਤਰ ਦਾ ਮੁੰਡਾ ਏਂ।" ਜੱਗੀ ਨੇ ਉਸ ਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ।

"ਹਾਂ ਜੀ।"

"ਕਿੱਥੇ ਹੈ ਤੇਰਾ ਬਾਪੂ?"

"ਜੀ ਉਹ ਖੇਤਾਂ ਵਿਚ ਹਨ ਪਰ ਤੁਸੀਂ ਕੌਣ ਹੋ?" ਮੁੰਡੇ ਨੇ ਜੱਗੀ ਨੂੰ ਪਛਾਣਿਆ ਨਹੀਂ ਸੀ।

"ਮੈਂ ਤੇਰੇ ਬਾਪੂ ਦਾ ਯਾਰ ਜੱਗੀ ਹਾਂ।" ਉਸ ਨੇ ਹੱਸਦਿਆਂ ਮੁੰਡੇ ਨੂੰ ਉਤਰ ਦਿੱਤਾ।

"ਚੱਲ ਤੇਰੇ ਬਾਪੂ ਨੂੰ ਮਿਲਦੇ ਹਾਂ ਪਹਿਲਾਂ।" ਜੱਗੀ ਨੇ ਮੁੰਡੇ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ।

ਨੌਜਵਾਨ ਨਾਲ ਜੱਗੀ ਉਨ੍ਹਾਂ ਦੇ ਖੇਤਾਂ ਵਿਚ ਪਹੁੰਚ ਗਿਆ। ਸਾਹਮਣੇ ਦੇਖਦਾ ਹੈ ਕਿ ਇਕ ਬਜੁਰਗ ਕਹੀ ਨਾਲ ਖੇਤ ਵਿਚ ਕੰਮ ਕਰ ਰਿਹਾ ਹੈ।

"ਉਏ ਛੱਤਿਆ...ਕੀ ਹਾਲ ਏ ਤੇਰਾ?" ਜੱਗੀ ਨੇ ਉਚੀ ਆਵਾਜ਼ ਵਿਚ ਕਿਹਾ ਤਾਂ ਕੰਮ ਕਰ ਰਿਹਾ ਬਜ਼ੁਰਗ ਅਚਾਨਕ ਰੁਕ ਗਿਆ ਅਤੇ ਜੱਗੀ ਵੱਲ ਦੇਖਣ ਲੱਗਾ।

ਨਛੱਤਰ ਸਿੰਘ ਕੁੱਝ ਦੇਰ ਤੱਕ ਆਉਣ ਵਾਲੇ ਉਸ ਵਿਅਕਤੀ ਨੂੰ ਪਛਾਨਣ ਦਾ ਯਤਨ ਕਰਦਾ ਰਿਹਾ ਅਤੇ ਜਦੋਂ ਉਸ ਨੂੰ ਆਪਣੇ ਬਚਪਨ ਦੇ ਯਾਰ ਦੀ ਸ਼ਕਲ ਚੇਤੇ ਆਈ ਤਾਂ ਉਸ ਦੇ ਮੂੰਹੋਂ ਝੱਟ ਨਿਕਲਿਆ, "ਉਏ ਜੱਗੀ ਤੂੰ...ਪਰ ਤੂੰ ਤਾਂ...?" ਉਹ ਚੁੱਪ ਕਰ ਗਿਆ ਤੇ ਆਪਣਾ ਵਾਕ ਉਸ ਨੇ ਪੂਰਾ ਨਾ ਕੀਤਾ।

"ਪਰ ਮੈਂ ਕੀ?" ਜੱਗੀ ਨੇ ਕਾਹਲੀ ਨਾਲ ਪੁੱਛਿਆ।

"ਤੂੰ ਤਾਂ ਜੰਗ ਵਿਚ ਸ਼ਹੀਦ ਹੋ ਗਿਆ ਸੀ ਤੇ ਸਾਰਾ ਪਿੰਡ ਤੈਨੂੰ ਸ਼ਹੀਦ ਹੀ ਸਮਝ ਰਿਹਾ ਹੈ।" ਨੱਛਤਰ ਸਿੰਘ ਨੇ ਇਕ ਵਾਕ ਵਿਚ ਹੀ ਆਪਣੀ ਗੱਲ ਪੂਰੀ ਕਰਦਿਆਂ ਕਿਹਾ।

"ਨਹੀਂ ਯਾਰਾ, ਜਦੋਂ ਮੇਰੀ ਟ੍ਰੇਨਿੰਗ ਮੁੱਕੀ ਤਾਂ ਕੁੱਝ ਦਿਨਾਂ ਬਾਅਦ ਹੀ ਪਾਕਿਸਤਾਨ ਨਾਲ ਜੰਗ ਛਿੜ ਪਈ। ਮੈਨੂੰ ਜੰਗ ਵਿਚ ਭੇਜਿਆ ਗਿਆ ਤੇ ਜੰਗ ਵਿਚ ਮੈਂ ਦੁਸ਼ਮਣ ਦੇ ਹੱਥ ਆ ਗਿਆ।

ਉਨ੍ਹਾਂ ਦੀ ਕੈਦ ਵਿਚੋਂ ਹੁਣ ਰਿਹਾ ਹੋਇਆਂ, ਮੇਰੀ ਪਲਟੂਨ ਨੇ ਮੇਰੀ ਬਥੇਰੀ ਭਾਲ ਕੀਤੀ ਪਰ ਅਸੀਂ 3 ਜਵਾਨ ਦੁਸ਼ਮਣ ਸੈਨਾ ਦੇ ਹੱਥ ਆ ਗਏ। ਮੇਰੀ ਪਲਟੂਨ ਦੇ ਜਿਹੜੇ ਜਵਾਨ ਸ਼ਹੀਦ ਹੋ ਗਏ ਸਨ ਉਨ੍ਹਾਂ ਵਿਚੋਂ ਕਈਆਂ ਦੀਆਂ ਲੋਥਾਂ ਨਹੀਂ ਸਨ ਮਿਲੀਆਂ, ਇਸ ਲਈ ਮੈਨੂੰ ਅਤੇ ਮੇਰੇ 2 ਸਾਥੀਆਂ ਨੂੰ ਵੀ ਸ਼ਹੀਦ ਮੰਨ ਲਿਆ ਗਿਆ ਹੋਣਾ ਏ।" ਜੱਗੀ ਇਕੋ ਸਾਹੇ ਸਾਰੀ ਗੱਲ ਨੱਛਤਰ ਸਿੰਘ ਨੂੰ ਕਹਿ ਗਿਆ।

ਕੁੱਝ ਦੇਰ ਇਸੇ ਤਰ੍ਹਾਂ ਚੁੱਪ ਵਰਤੀ ਰਹੀ ਅਤੇ ਫਿਰ ਜੱਗੀ ਨੇ ਪੁੱਛਿਆ, "ਪਰ ਕਿਸੇ ਨੇ ਮੇਰੀ ਭਾਲ ਨੀਂ ਕੀਤੀ?"

"ਕੀਤੀ ਕਿਉਂ ਨਹੀਂ, ਤੇਰੇ ਭਰਾ ਬਾਵਰ ਨੇ ਬਹੁਤ ਭਾਲ ਕੀਤੀ ਪਰ ਤੇਰਾ ਕੁੱਝ ਵੀ ਪਤਾ ਨਹੀਂ ਲੱਗਿਆ।"

"ਮੇਰੀ ਘਰਵਾਲੀ ਨਿਰਮਲ ਦਾ ਕੀ ਹਾਲ ਹੈ?" ਇਹ ਗੱਲ ਪੁੱਛਣ 'ਤੇ ਜੱਗੀ ਦਾ ਦਿਲ ਜ਼ੋਰ-ਜ਼ੋਰ ਨਾਲ ਧੜਕ ਰਿਹਾ ਸੀ। ਉਸ ਦੇ ਮਨ ਵਿਚ ਅਜੀਬ ਜਿਹੇ ਵਿਚਾਰ ਆ ਰਹੇ ਸਨ ਪਰ ਦਲੇਰੀ ਕਰਕੇ ਪੁੱਛ ਹੀ ਲਿਆ।

ਸਵਾਲ ਸੁਣ ਕੇ ਨੱਛਤਰ ਸਿੰਘ ਚੁੱਪ ਕਰ ਗਿਆ। ਜਗਬੀਰ ਉਸ ਦੇ ਜਵਾਬ ਦੀ ਉਡੀਕ ਵਿਚ ਸੀ। ਜਦੋਂ ਨੱਛਤਰ ਸਿੰਘ ਕੁੱਝ ਦੇਰ ਤੱਕ ਇਸੇ ਤਰ੍ਹਾਂ ਚੁੱਪ ਵੱਟੀ ਖੜਾ ਰਿਹਾ ਤਾਂ ਉਸ ਨੇ ਕਾਹਲੀ ਨਾਲ ਫੇਰ ਪੁੱਛਿਆ, "ਕੀ ਗੱਲ ਨੱਛਤਰ ਸਿਆਂ, ਮੇਰੀ ਗੱਲ ਦਾ ਜਵਾਬ ਨੀਂ ਦਿੱਤਾ?"

"ਜਵਾਬ ਕੀ ਦੇਵਾਂ ਯਾਰਾਂ...ਮੈਂ ਕੁੱਝ ਕਹਿਣ ਲਈ ਸ਼ਬਦਾਂ ਦੀ ਭਾਲ ਕਰ ਰਿਹਾ ਹਾਂ।"

"ਪਰ ਕੁੱਝ ਤਾਂ ਦੱਸ?"

"ਤੇਰੀ ਮੌਤ ਦੀ ਖ਼ਬਰ ਸੁਣਦਿਆਂ ਉਸ ਵਿਚਾਰੀ 'ਤੇ ਮੁਸੀਬਤਾਂ ਦੇ ਪਹਾੜ ਟੁੱਟ ਪਏ, ਕਈ ਸਾਲ ਤੇਰੀ ਉਡੀਕ ਵਿਚ ਲੰਘਾ ਦਿੱਤੇ ਪਰ ਫ਼ਿਰ ਲੋਕਾਂ ਦੇ ਕਹਿਣ 'ਤੇ ਉਸ ਨੇ ਤੇਰੇ ਭਰਾ ਬਾਵਰ ਨਾਲ ਵਿਆਹ...।"

ਇਸ ਤੋਂ ਅੱਗੇ ਨੱਛਤਰ ਸਿੰਘ ਕੁੱਝ ਨਾ ਬੋਲ ਸਕਿਆ। ਜੱਗੀ ਨੂੰ ਹੁਣ ਕੁੱਝ ਨਹੀਂ ਸੀ ਸੁਣ ਰਿਹਾ। ਉਹ ਚੁੱਪਚਾਪ ਖੜਾ ਇਕ ਪਲ ਵਿਚ ਆਪਣੀ ਪਤਨੀ ਨਿਰਮਲ ਨਾਲ ਬਣੇ ਇਸ 'ਬੇਨਾਮ ਰਿਸ਼ਤੇ' ਬਾਰੇ ਸੋਚ ਰਿਹਾ ਸੀ ਕਿ ਇਸ 'ਹੋਣੀ' ਪਿੱਛੇ ਕਸੂਰ ਕਿਸ ਦਾ ਹੈ? ਮੇਰਾ? ਨਿਰਮਲ ਦਾ? ਬਾਵਰ ਦਾ? ਜਾਂ ਫ਼ਿਰ ਸਮਾਜ ਦਾ? ਪਰ ਉਸ ਨੂੰ ਕੋਈ ਜਵਾਬ ਨਹੀਂ ਸੀ ਮਿਲ ਰਿਹਾ।

ਜੱਗੀ ਹੌਲੀ-ਹੌਲੀ ਮੁੜ ਪਿੰਡ ਦੀਆਂ ਗਲੀਆਂ ਤੋਂ ਬਾਹਰ ਵੱਲ ਨੂੰ ਚੱਲ ਪਿਆ। ਦੂਰ ਕਿਸੇ ਗੁਮਨਾਮ ਜ਼ਿੰਦਗੀ ਵੱਲ, ਜਿੱਥੇ ਨਾ ਇਹ ਬੇਨਾਮ ਰਿਸ਼ਤੇ ਅੱਪੜ ਸਕਣ ਤੇ ਨਾ ਹੀ ਉਸ ਦੇ ਆਪਣੇ!

ਨੱਛਤਰ ਸਿੰਘ ਤੁਰੇ ਜਾਂਦੇ ਜੱਗੀ ਨੂੰ ਪਿੱਛੋਂ ਆਵਾਜਾਂ ਮਾਰ ਰਿਹਾ ਸੀ, "ਜੱਗੀ...ਉਏ ਜੱਗੀ, ਗੱਲ ਤਾਂ ਸੁਣ, ਘਰ ਤਾਂ ਚੱਲ, ਤੇਰਾ ਭਰਾ ਬਾਵਰ ਤੈਨੂੰ ਉਡੀਕ...? ਜੱਗੀ, ਜੱਗੀ ਗੱਲ ਤਾਂ ਸੁਣ..., ਤੇਰੀ ਘਰਵਾਲੀ! ਜੱਗੀ, ਜੱਗੀ...!"

ਪਰ ਜੱਗੀ ਹੌਲੀ-ਹੌਲੀ ਪਿੰਡ ਤੋਂ ਬਾਹਰ ਜਾ ਚੁੱਕਾ ਸੀ। ਕਿਸੇ ਅਨਜਾਣ ਮੰਜ਼ਲ ਵੱਲ, ਜਿਸ ਦਾ ਪਤਾ ਉਸ ਨੂੰ ਖ਼ੁਦ ਵੀ ਨਹੀਂ ਸੀ।

---

## ਕਾਵਿ-ਜਗਤ

### ਜੇ ਆਈ ਪੱਤਝੜ

**ਸੁਰਜੀਤ ਪਾਤਰ**

ਜੇ ਆਈ ਪੱਤਝੜ ਤਾਂ ਫੇਰ ਕੀ ਹੈ,
ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ।
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ,
ਤੂੰ ਫੁਲਾਂ ਜੋਗੀ ਜ਼ਮੀਨ ਰੱਖੀਂ।

ਕਿਸੇ ਵੀ ਸ਼ੀਸ਼ੇ 'ਚ ਅਕਸ਼ ਆਪਣਾ,
ਗੰਧਲਦਾ ਤੱਕ ਉਦਾਸ ਨਾ ਹੋਵੀਂ,
ਸੱਜਣ ਦੀ ਨਿਰਮਲ ਨਦਰ 'ਚ ਹਰਦਮ,
ਤੂੰ ਧਿਆਨ ਆਪਣੇ ਨੂੰ ਲੀਨ ਰੱਖੀਂ।

ਕਿਸੇ ਨੂੰ ਮਾਰਨ ਦਾ ਢੰਗ ਇਹ ਵੀ,
ਕਿ ਸ਼ੀਸ਼ਿਆਂ 'ਚ ਵਿਕਾਰ ਪਾਵੋ,
ਤੇ ਸ਼ਖਸੋਂ ਪਹਿਲਾਂ ਹੀ ਅਕਸ ਮਾਰੋ,
ਸੋ ਖ਼ੁਦਾ 'ਚ ਪੂਰਾ ਯਕੀਨ ਰਖੀਂ।

ਲਿਬਾਸ ਮੰਗਾਂ ਨਾ ਓਟ ਮੰਗਾਂ,
ਨਾ ਪਰਦਾਦਾਰੀ ਦਾ ਖੋਟ ਮੰਗਾਂ,
ਬੱਸ ਆਪਣੀ ਉਲਫਤ ਦੇ ਓਹਲਿਆਂ ਵਿਚ,
ਤੂੰ ਮੈਨੂੰ ਪਰਦਾਨਸ਼ੀਨ ਰੱਖੀਂ।

ਪਤਾ ਨਾ ਲੱਗੇ ਇਹ ਚੰਨ ਤਾਰੇ,
ਬਦਨ ਹੈ ਜਾਂ ਕਿ ਲਿਬਾਸ ਤੇਰਾ,
ਤੂੰ ਆਪਣੀ ਕੁਦਰਤ ਤੇ ਆਪਣੇ ਵਿਚਲਾ,
ਇਹ ਪਰਦਾ ਇਓਂ ਹੀ ਮਹੀਨ ਰੱਖੀਂ।

ਮਿਲਾਪ ਵਿਚ ਵੀ ਕੋਈ ਵਿਛੋੜਾ,
ਹਮੇਸ਼ ਰਹਿੰਦਾ ਏ ਥੋੜ੍ਹਾ ਥੋੜ੍ਹਾ,
ਘੁਲੇ ਪਲਾਂ 'ਚ ਕਹੇ ਕੋਈ,
ਨਾ ਘੁਲੇ ਰਹਿਣ ਦਾ ਯਕੀਨ ਰਖੀਂ।

ਅਗਨ 'ਚ ਬਲ ਕੇ ਹਵਾ 'ਚ ਰਲ ਕੇ,
ਨਾ ਆਉਣਾ ਦੇਖਣ ਅਸਾਂ ਨੇ ਭਲਕੇ,
ਅਸਾਡੇ ਮਗਰੋਂ ਤੂੰ ਨਾਮ ਸਾਡੇ ਨੂੰ,
ਪਾਕ ਰੱਖੀਂ ਮਲੀਨ ਰੱਖੀਂ।

ਹਨ੍ਹੇਰਿਆਂ ਦਾ ਇਲਾਜ ਕੀ ਹੈ,
ਇਹ ਬੁਝ ਕੇ ਜੀਣਾ ਰਿਵਾਜ਼ ਕੀ ਹੈ,
ਬਲਣ ਬਿਨਾਂ ਹੀ ਮਿਲੇਗਾ ਚਾਨਣ,
ਇਹ ਆਸ ਦਿਲ ਵਿਚ ਕਦੀ ਨਾ ਰੱਖੀਂ।

ਵਫ਼ਾ ਦੇ ਵਾਅਦੇ ਇਹ ਅਹਿਦ ਇਰਾਏ,
ਰਹੀ ਨਾ ਸ਼ਿੱਦਤ ਤਾਂ ਫੇਰ ਕਾਹਦੇ,
ਇਹ ਰੀਤਾਂ ਰਸਮਾਂ ਇਹ ਕੌਲ ਕਸਮਾਂ,
ਤੂੰ ਸ਼ਿੱਦਤਾਂ ਦੇ ਅਧੀਨ ਰੱਖੀਂ।

ਮੈਂ ਤੇਰੇ ਬਾਝੋਂ ਕੀ ਪੁੱਗਣਾ ਹੈ,
ਖਿਲਾਵਾਂ ਅੰਦਰ ਕੀ ਉਗਣਾ ਹੈ,
ਮੈਂ ਅੰਤ ਕਿਰਨਾ ਹੈ ਬੀਜ ਬਣ ਕੇ,
ਜ਼ਰਾ ਕੁ ਸਿੱਲੀ ਜ਼ਮੀਨ ਰੱਖੀਂ।

ਬੁਰੇ ਦਿਨਾਂ ਤੋਂ ਡਰੀਂ ਨਾ ਪਾਤਰ,
ਭਲੇ ਦਿਨਾਂ ਨੂੰ ਲਿਆਉਣ ਖਾਤਰ,
ਤੂੰ ਸਿਦਕ ਦਿਲ ਵਿਚ ਤੇ ਆਸ ਰੂਹ ਵਿਚ,
ਨਜ਼ਰ 'ਚ ਸੁਪਨੇ ਹਸੀਨ ਰੱਖੀਂ।

### ਦੋ ਗਜ਼ਲਾਂ

**ਗੁਰਭਜਨ ਗਿੱਲ**

ਮਿੱਟੀ ਦਾ ਭਗਵਾਨ ਬਣਾ ਕੇ ਡਰੀ ਗਏ।
ਉਸ ਦੇ ਚਰਨੀਂ ਦੀਪ ਜਗਾ ਕੇ ਧਰੀ ਗਏ।

ਨੇਰ੍ਹੇ ਅੰਦਰ ਬੈਠ ਗਏ ਆਂ ਚੁੱਪ ਕਰ ਕੇ,
ਚੁੱਪ ਦੇ ਸ਼ੋਰ ਭਿਆਨਕ ਹੱਥੋਂ ਮਰੀ ਗਏ।

ਸਾਡੇ ਉਲਟ ਗਵਾਹੀ ਸਾਥੋਂ ਲੈ ਗਏ ਉਹ,
ਘੂਕੀ ਅੰਦਰ ਅਸੀਂ ਹੁੰਗਾਰਾ ਭਰੀ ਗਏ।

ਸੋਚ ਬੋਲਣ ਦੀ ਕੀਮਤ ਸੁਣ ਕੇ ਡਰ ਗਏ ਸਾਂ,
ਮਨ ਦੇ ਕਾਂਬੇ ਕਾਰਨ ਆਪਾਂ ਠਰੀ ਗਏ।

ਜਿਨ੍ਹਾਂ ਤੋਂ ਰਖਵਾਲੀ ਖਾਤਰ ਬੈਠੇ ਸਾਂ,
ਸਾਡੇ ਹੁੰਦਿਆਂ ਹਰੀ ਅੰਗੂਰੀ ਚਰੀ ਗਏ।

ਏਸ ਨਮੋਸ਼ੀ ਦਾ ਡਰ ਸਾਨੂੰ ਡੋਬ ਗਿਆ,
ਸੁਪਨੇ ਦੇ ਵਿਚ ਬਿਨ ਪਾਣੀ ਤੋਂ ਤਰੀ ਗਏ।

---

ਤੂੰ ਮਿਲੀ ਮੁੱਦਤ ਪਿਛੋਂ ਅੱਜ ਮੈਨੂੰ।
ਰੂਹ ਖਿੜੀ ਹੈ, ਹੋ ਗਿਆ ਏ ਰੱਜ ਮੈਨੂੰ।

ਜਿਸ ਤਰ੍ਹਾਂ ਤੀਰਥ ਪਵਿੱਤਰ ਯਾਤਰੂ ਨੂੰ,
ਤੇਰਾ ਮਿਲਣਾ ਇਓਂ ਮੁਕੰਮਲ ਹੱਜ ਮੈਨੂੰ।

ਆ ਕਿ ਮੇਰੇ ਦਿਲ ਦੀ ਧੜਕਣ ਤੇਜ਼ ਹੋਵੇ,
ਆ ਮੇਰੇ ਸੀਨੇ 'ਚ ਆ ਕੇ ਵੱਜ ਮੈਨੂੰ।

ਅਲਫ ਨੰਗੀ ਰੀਝ ਨੂੰ ਤੂੰ ਪੂਰ ਛੇਤੀ,
ਆਪਣੀ ਗਲਵੱਕੜੀ ਵਿਚ ਕੱਜ ਮੈਨੂੰ।

ਮੈਂ ਕਿਸੇ ਜੰਗਲ ਦਾ ਜੀਕੂੰ ਆਦਿਵਾਸੀ,
ਦੱਸ ਆ ਕੇ ਜੀਣ ਵਾਲਾ ਚੱਜ ਮੈਨੂੰ।

ਸੱਚ ਦੀ ਮੰਡੀ 'ਚ ਮੇਰਾ ਗਾਹਕ ਹੀ ਨਹੀਂ,
ਕੱਚ ਵਾਲੇ ਪਾ ਕੇ ਛੱਟਣ ਛੱਜ ਮੈਨੂੰ।

ਲੋਕ ਮੈਨੂੰ ਨੀਮ ਪਾਗਲ ਕਹਿ ਰਹੇ ਨੇ,
ਪਿਆਰ ਤੇਰੇ ਦੇ ਲਗਾ ਕੇ ਬੱਜ ਮੈਨੂੰ।

# ਗੋਰਖਧੰਦਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-454-4958

ਨੁਸਰਤ ਫਤਿਹ ਅਲੀ ਖਾਂ ਦੀ ਇਕ ਬਹੁਤ ਖੂਬਸੂਰਤ ਕੱਵਾਲੀ ਦੇ ਬੋਲ ਹਨ, 'ਤੁਮ ਇਕ ਖੂਬਸੂਰਤ ਗੋਰਖਧੰਦਾ ਹੋ।' ਏਧਰ ਪੰਜਾਬੀ ਕਵੀ ਮੋਹਨ ਸਿੰਘ ਦੀ ਇਕ ਲੰਮੀ ਕਵਿਤਾ 'ਰੱਬ' ਦਾ ਇਕ ਬੜਾ ਮਸ਼ਹੂਰ ਬੰਦ ਹੈ,

ਰੱਬ ਇਕ ਗੁੰਝਲਦਾਰ ਬੁਝਾਰਤ
ਰੱਬ ਇਕ ਗੋਰਖਧੰਦਾ।
ਖੋਲ੍ਹਣ ਲੱਗਿਆਂ ਪੇਚ ਏਸਦੇ,
ਕਾਫ਼ਿਰ ਹੋ ਜਾਏ ਬੰਦਾ।
ਕਾਫ਼ਿਰ ਹੋਣੋਂ ਡਰ ਕੇ ਜਿੰਦੇ,
ਖੋਜੋਂ ਮੂਲ ਨਾ ਖੁੰਝੀਂ।
ਲਾਈਲੱਗ ਮੋਮਿਨ ਦੇ ਕੋਲੋਂ,
ਖੋਜੀ ਕਾਫਿਰ ਚੰਗਾ।

ਮੋਹਨ ਸਿੰਘ ਨੇ ਰੱਬ ਦੀ ਹੋਂਦ ਦੇ ਮਸਲੇ ਬਾਰੇ ਇਸ ਕਵਿਤਾ ਵਿਚ ਬੜੇ ਹੀ ਦਿਲਚਸਪ ਬਿਆਨ ਦਿੱਤੇ ਹਨ। ਰੱਬ ਨੂੰ ਲਭਣ ਦੇ ਦੁਰਗਮ ਰਾਹ ਤੇ ਪਿਆ ਬੰਦਾ ਰੱਬ ਤੋਂ ਹੀ ਮੁਨਕਰ ਹੋ ਬਹਿੰਦਾ ਹੈ। ਸਾਰੀ ਕਾਇਨਾਤ ਇਕ ਵਿਚਿਤਰ ਅਡੰਬਰ ਹੈ। ਮਨੁਖ ਨੂੰ ਇਸ ਦੇ ਬਹੁਤ ਸਾਰੇ ਭੇਤਾਂ ਦੀ ਥਾਹ ਨਹੀਂ ਪੈਂਦੀ। ਕਿਹਾ ਜਾਂਦਾ ਹੈ ਕਿ ਰੱਬ ਨੇ ਇਹ ਦੁਨੀਆਂ ਇਕ ਤਰ੍ਹਾਂ ਨਾਲ ਪਰਿਪੂਰਨ ਸਾਜੀ ਹੈ, ਇਸ ਵਿਚ ਕੁਝ ਗਲਤੀ ਜਾਂ ਤਰੁਟੀ ਨਹੀਂ ਹੈ। ਤਾਂ ਫਿਰ ਗੁਰੂ ਨਾਨਕ ਦੇਵ 'ਬਾਬਰਵਾਣੀ' ਵਿਚ ਕਿਉਂ ਗਿਲਾ ਕਰਦੇ ਹਨ,

'ਏਤੀ ਮਾਰ ਪਈ ਕੁਰਲਾਣੈ ਤੈ ਕੀ ਦਰਦ ਨਾ ਆਇਆ'? ਇਹ ਰੱਬ ਦੀ ਹੋਂਦ ਉਤੇ ਨਹੀਂ ਤਾਂ ਉਸ ਦੀ ਨਿਆਂਇਕ ਸ਼ਕਤੀ 'ਤੇ ਇਕ ਭਾਰੀ ਪ੍ਰਸ਼ਨ ਚਿੰਨ੍ਹ ਹੈ। ਕਬੀਰ ਸਾਹਿਬ ਫਰਮਾਉਂਦੇ ਹਨ, 'ਭੂਖੇ ਭਗਤ ਨਾ ਕੀਜੈ ਇਹ ਮਾਲਾ ਆਪਨੀ ਲੀਜੈ॥' ਗੱਲ ਇਥੇ ਵੀ ਇਹੋ ਹੈ, ਜੇ ਰੱਬ ਨੇ ਆਪਣਾ ਨਾਮ ਜਪਾਉਣਾ ਹੈ ਤਾਂ ਭੁਖਿਆਂ ਲੋੜਵੰਦਾਂ ਨੂੰ ਆਪਣੀ ਹੋਂਦ ਜਤਾਉਣ ਲਈ ਰੱਬ ਨੂੰ ਵੀ ਕੁਝ ਕਰ ਦਿਖਾਉਣਾ ਹੋਵੇਗਾ। ਉਧਰ 19ਵੀਂ ਸਦੀ ਦੇ ਅੰਗਰੇਜ਼ ਕਵੀ ਅਲੈਗਜ਼ੈਂਡਰ ਨੇ ਤਾਂ ਸਿਧਾ ਹੀ ਕਹਿ ਦਿੱਤਾ ਕਿ ਰੱਬ ਦੀ ਕਰਨੀ ਵਿਚ ਕੁਝ ਵੀ ਗਲਤ ਨਹੀਂ, ਅਮੀਰ ਗਰੀਬ ਸਭ ਉਸ ਦੇ ਸਿਰਜੇ ਹੋਏ ਹਨ ਤੇ ਇਹ ਸਭ ਰਚਨਾ ਸੁੰਦਰ ਹੀ ਹੈ,

The rich man in his castle,
The poor man at his gate,
He made them, high or lowly,
And ordered their estate.

ਕਮਾਲ ਦੇਖੋ ਅਮੀਰ ਆਦਮੀ ਆਪਣੇ ਮਹਿਲ ਵਿਚ ਤੇ ਗਰੀਬ ਉਸ ਦੇ ਖਿੜਕ 'ਤੇ ਖੜਾ-ਦੋਵੇਂ ਰੱਬ ਦੀ ਉਤਪਤੀ ਹਨ ਤੇ ਦੋਵੇਂ ਹੀ ਸੁੰਦਰ ਹਨ! ਪਰ ਮੋਹਨ ਸਿੰਘ ਜਾਂ ਨੁਸਰਤ ਜਦ ਰੱਬ ਨੂੰ ਮਨੁਖ ਵਾਸਤੇ ਇਕ ਗੋਰਖਧੰਦਾ ਬਿਆਨਦੇ ਹਨ ਤਾਂ ਇਸ ਦਾ ਭਾਵ ਹੈ, ਇਸ ਮਸਲੇ ਵਿਚ ਮਨੁਖ ਨੂੰ ਬਹੁਤ ਗੁੰਝਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਵਿਡੰਬਨਾ ਇਸ ਗੱਲ ਦੀ ਹੈ ਕਿ ਦਰਅਸਲ ਗੋਰਖਧੰਦਾ ਆਪਣੇ ਆਪ ਵਿਚ ਇਸ਼ਟ ਦੀ ਪ੍ਰਾਪਤੀ ਦਾ ਸਾਧਨ ਸੀ ਜਿਸ ਗੱਲ ਦਾ ਸ਼ਾਇਦ ਨਾ ਨੁਸਰਤ ਤੇ ਨਾਂ ਮੋਹਨ ਸਿੰਘ ਨੂੰ ਪਤਾ ਸੀ। ਬਹੁਤੀ ਫਿਲਾਸਫੀ ਵਿਚ ਨਾ ਪੈਂਦੇ ਹੋਏ ਪਹਿਲਾਂ ਇਹ ਜਾਨਣ ਦੀ ਕੋਸ਼ਿਸ਼ ਕਰੀਏ ਕਿ ਗੋਰਖਧੰਦਾ ਕਿਵੇਂ ਇਹ ਅਰਥ ਦਿੰਦਾ ਹੈ?

ਸਦੀਆਂ ਪਹਿਲਾਂ ਭਾਰਤ ਵਿਚ ਨਾਥ ਸੰਪਰਦਾਇ ਦਾ ਬੋਲ ਬਾਲਾ ਸੀ। ਇਸ ਸੰਪਰਦਾਇ ਦੇ ਗੁਰੂ ਗੋਰਖਨਾਥ ਕੋਈ ਨੌਵੀਂ ਦਸਵੀਂ ਸਦੀ ਵਿਚ ਹੋਏ ਸਨ। ਸਿਧੀਆਂ ਪ੍ਰਾਪਤ ਕਰਨ ਲਈ ਇਸ ਗੋਰਖ ਨਾਥ ਦੁਆਰਾ ਚਾਲੂ ਕੀਤੇ ਕਰਮਕਾਂਡ ਬੜੇ ਹੀ ਅਨੋਖੇ ਸਨ। ਨਾਥਪੰਥੀ ਵਿਧੀਆਂ ਏਨੀਆਂ ਪੇਚੀਦਾ, ਦੀਰਘ, ਔਖੀਆਂ ਤੇ ਚਮਤਕਾਰੀ ਹੁੰਦੀਆਂ ਸਨ ਕਿ ਆਮ ਆਦਮੀ ਇਨ੍ਹਾਂ ਤੋ ਚਕਾਚੌਂਧ ਹੋ ਜਾਂਦਾ ਸੀ। ਇਸ ਲਈ ਕਿਸੇ ਵੀ ਬਹੁਤ ਜਟਿਲ, ਮੁਸ਼ਕਿਲ ਤੇ ਅਸੰਭਵ ਕੰਮ ਲਈ ਗੋਰਖਧੰਦਾ ਸ਼ਬਦ ਪ੍ਰਚਲਿਤ ਹੋ ਗਿਆ। ਅੱਜ ਕਲ੍ਹ ਆਮ ਆਦਮੀ ਲਈ ਰਾਜਨੀਤੀ ਵੀ ਇਕ ਗੋਰਖਧੰਦਾ ਹੀ ਹੈ। ਇਸ ਸਬੰਧ ਵਿਚ ਇਕ 'ਉਧੇੜਬੁਣ'



ਸ਼ਬਦ ਵੀ ਵਰਤਿਆ ਜਾਂਦਾ ਹੈ। ਜਦ ਕੋਈ ਬਹੁਤ ਜੱਕੋ-ਤੱਕੇ ਜਾਂ ਸੋਚਾਂ ਵਿਚ ਪਿਆ ਰਹੇ ਤਾਂ ਅਸੀਂ ਕਹਿੰਦੇ ਹਾਂ ਕਿ ਉਹ ਉਧੇੜਬੁਣ ਵਿਚ ਪਿਆ ਹੋਇਆ ਹੈ। ਇਹ ਸ਼ਬਦ ਵੀ ਨਾਥਪੰਥੀਆਂ ਦੀ ਇਕ ਜਟਿਲ ਪ੍ਰਕ੍ਰਿਆ ਵਿਚੋਂ ਹਾਸਿਲ ਹੋਇਆ ਹੈ। ਨਾਥਪੰਥੀਆਂ ਦੀ ਇਕ ਸਾਧਨਾ ਅਨੁਸਾਰ ਧਾਗੇ ਦਾ ਇਕ ਗੁਛਾ ਉਲਝਾ ਕੇ ਸਾਧਕ ਨੂੰ ਦੇ ਦਿਤਾ ਜਾਂਦਾ ਸੀ। ਸਾਧਕ ਵਿਚਾਰਾ ਸਾਰਾ ਸਾਰਾ ਦਿਨ ਇਸ ਗੁਛੇ ਨੂੰ ਹੀ ਸੁਲਝਾਉਂਦਾ ਰਹਿੰਦਾ ਸੀ। ਉਹ ਆਪਣਾ ਸਾਰਾ ਧਿਆਨ ਇਸੇ ਕੰਮ 'ਤੇ ਹੀ ਲਾਈ ਰਖਦੇ ਸਨ, ਕਿਧਰੇ ਹੋਰ ਪਾਸੇ ਭਟਕਣ ਦਾ ਸਵਾਲ ਹੀ ਨਹੀਂ ਸੀ ਪੈਂਦਾ।

ਨਾਥ ਪੰਥ ਅਨੁਸਾਰ ਧਿਆਨ ਇਕ ਜ਼ਰੂਰੀ ਤੱਤ ਹੈ। ਇਸ਼ਟ ਦੀ ਪ੍ਰਾਪਤੀ ਲਈ ਧਿਆਨ ਕੇਂਦ੍ਰਿਤ ਹੋਣਾ ਚਾਹੀਦਾ ਹੈ। ਗੁਛਾ ਪੂਰੀ ਤਰ੍ਹਾਂ ਸੁਲਝਾ ਲੈਣ ਪਿਛੋਂ ਫਿਰ ਇਕ ਹੋਰ ਉਲਝਿਆ ਗੁਛਾ ਦੇ ਦਿਤਾ ਜਾਂਦਾ ਸੀ। ਸਾਧਕ ਇਸੇ ਉਧੇੜ-ਬੁਣ ਵਿਚ ਪਿਆ ਰਹਿੰਦਾ ਸੀ। ਦੇਖਣ ਵਾਲਾ ਇਹ ਵੀ ਕਹਿ ਦਿੰਦਾ ਸੀ, "ਤੂੰ ਕਿਹੜੇ ਗੋਰਖਧੰਦੇ ਵਿਚ ਪੈ ਗਿਆ ਏਂ?" ਇਹੀ ਨਹੀਂ ਸਿਧਾਂ ਨਾਥਾਂ ਕੋਲ ਹੋਰ ਵੀ ਬੜਾ ਅਜੀਬੋ-ਗਰੀਬ ਸਾਜ਼ੋ-ਸਾਮਾਨ ਹੁੰਦਾ ਸੀ ਜਿਵੇਂ ਕਿੰਗਰੀ (ਯਾਦ ਕਰੋ ਗਾਉਣ ਵਾਲੇ ਪੰਜਾਬੀਆਂ ਦੀ ਕਿੰਗ), ਮੇਖਲਾ, ਸਿੰਗੀ, ਕੁੰਡਲ, ਚਿੱਪੀ ਆਦਿ। ਇਕ ਹੋਰ ਚੀਜ਼ ਹੁੰਦੀ ਸੀ ਅਧਾਰੀ, ਜਿਸ ਨੂੰ ਪੰਜਾਬੀ ਵਿਚ ਟਿਕਟਿਕੀ ਆਖਦੇ ਹਨ। ਇਹ ਲਕੜੀ ਦੀ ਫਹੁੜੀ ਵਰਗਾ ਸੰਦ ਸੀ ਜਿਸ ਤੇ ਕੂਹਣੀਆਂ ਰੱਖ ਕੇ ਸਾਧਕ ਧਿਆਨ ਮਗਨ ਹੁੰਦੇ ਸਨ। ਪੰਜਾਬੀ ਮੁਹਾਵਰਾ ਟਿਕਟਿਕੀ ਬੰਨ੍ਹਣਾ ਇਸੇ ਤੋਂ ਪ੍ਰਚਲਿਤ ਹੋਇਆ। ਅਜਿਤ ਵਡਨੇਰਕਰ ਨੇ ਮਰਾਠੀ ਵਿਸ਼ਵਕੋਸ਼ ਤੇ ਕੁਝ ਹੋਰ ਹਵਾਲੇ ਦੇ ਕੇ ਦੱਸਿਆ ਹੈ ਕਿ ਗੋਰਖਪੰਥੀਆਂ ਪਾਸ ਧੰਧਾਰੀ ਨਾਂ ਦਾ ਇਕ ਅਜੀਬੋ-ਗਰੀਬ ਉਪਕਰਣ ਹੁੰਦਾ ਸੀ। ਇਹ ਲਕੜੀ ਦੀਆਂ ਚੱਪਟੀਆਂ ਅਤੇ ਲੋਹੇ ਦੀਆਂ ਸਲਾਈਆਂ ਨਾਲ ਬਣਾਇਆ ਜਾਂਦਾ ਸੀ। ਸਾਧਕ ਇਸ ਦੀਆਂ ਮੋਰੀਆਂ ਵਿਚ ਧਾਗਾ ਪਾ ਕੇ ਕਢਦੇ ਰਹਿੰਦੇ ਸਨ ਤੇ ਨਾਲੋ ਨਾਲੋ ਮੰਤਰਾਂ ਦਾ ਜਾਪ ਕਰਦੇ ਰਹਿੰਦੇ ਸਨ। ਇਹ ਸਿਧੀ ਪ੍ਰਾਪਤੀ ਦਾ ਇਕ ਸਾਧਨ ਸੀ। ਹਰ ਨਾਥ ਗੁਰੂ ਕੋਲ ਆਪਣੀ ਆਪਣੀ ਧੰਧਾਰੀ ਹੁੰਦੀ ਸੀ। ਗੋਰਖਨਾਥ ਦੀ ਧੰਧਾਰੀ ਸ਼ਾਇਦ ਸਭ ਤੋਂ ਵਿਚਿਤਰ ਸੀ ਇਸ ਲਈ ਗੋਰਖਧੰਦਾ ਸ਼ਬਦ ਪ੍ਰਚਲਿਤ ਹੋਇਆ।

ਪੰਜਾਬੀ ਲੋਕ ਸੁਭਾਵਕ ਤੌਰ 'ਤੇ ਕਰਮਕਾਂਡ ਪ੍ਰਤੀ ਉਦਾਸੀਨ ਹੁੰਦੇ ਹਨ। ਮਹਾਭਾਰਤ ਵਿਚ ਜ਼ਿਕਰ ਹੈ ਕਿ ਵਾਹੀਕ ਦੇਸ਼ ਵਿਚ ਨਹੀਂ ਜਾਣਾ ਚਾਹੀਦਾ, ਇਥੇ ਦੇ ਲੋਕ ਧਰਮ ਕਰਮ ਤੋਂ ਬਹੁਤ ਦੂਰ ਰਹਿੰਦੇ ਹਨ। ਪੰਜਾਬੀਆਂ ਨੂੰ ਤਾਂ ਯਜਨ ਅਰਥਾਤ ਯੱਗ ਦੀ ਵਿਛਾਈ ਹੋਈ ਸਮੱਗਰੀ ਵੀ ਇਕ ਵਾਧੂ ਦਾ ਖਿਲਾਰਾ ਲਗਦੀ ਹੈ। ਇਸ ਲਈ ਉਨ੍ਹਾਂ ਇਕ ਖਿਲਵਾੜ ਭਾਵ ਨਾਲ ਯਜਨ ਤੋਂ ਖਲਜਗਣ ਸ਼ਬਦ ਬਣਾ ਲਿਆ। ਇਸ ਦਾ ਅਰਥ ਵੀ ਗੋਰਖਧੰਦਾ ਜਿਹਾ ਹੀ ਹੈ। ਬਹੁਤੇ ਲੋਕਾਂ ਲਈ ਵਰਤਮਾਨ ਵਿਚ ਮਾਰਕਸਵਾਦ ਵੀ ਇਕ ਅਜਿਹਾ ਜਟਿਲ ਜਿਹਾ ਸ਼ਾਸਤਰ ਬਣ ਗਿਆ ਹੈ। ਅੱਜ ਮਾਰਕਸਵਾਦ ਦੀਆਂ ਅਨੇਕਾਂ ਪ੍ਰਣਾਲੀਆਂ, ਅਨੇਕਾਂ ਰੂਪ ਤੇ ਅਨੇਕਾਂ ਹੀ ਪਾਰਟੀਆਂ ਬਣ ਗਈਆਂ ਹਨ। ਕਈ ਲੋਕ ਅਕਾਦਮਿਕ ਅਦਾਰਿਆਂ ਵਿਚ ਵੀ ਮਾਰਕਸਵਾਦ ਦੀ ਤਿਕੜਮਚਾਲ ਤੋਂ ਔਖੇ ਹਨ। ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਕਿ ਇਹ ਮਾਰਕਸਵਾਦ ਕੀ ਧੰਦਾ ਹੈ, ਇਸ ਲਈ ਗੋਰਖਧੰਦਾ ਦੀ ਤਰਜ਼ 'ਤੇ ਇਕ ਸ਼ਬਦ ਉਗਮ ਰਿਹਾ ਹੈ, ਮਾਰਕਸਧੰਦਾ!

# ਨਫ਼ਰਤ ਦੀਆਂ ਢਹਿ ਜਾਣ ਕੰਧਾਂ, ਕੋਈ ਨਾ ਬੋਲੇ ਮੰਦਾ

ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ

ਫੋਨ:91-98141-78883

ਅੰਮ੍ਰਿਤਸਰ ਤੋਂ ਅਟਾਰੀ ਬਾਰਡਰ ਜਾਂਦਿਆਂ ਜਦੋਂ ਬੋਰਡ 'ਤੇ ਲਿਖਿਆ ਮਿਲਦੈ, 'ਲਾਹੌਰ 42 ਕਿਲੋਮੀਟਰ, ਲਾਹੌਰ 35 ਕਿਲੋਮੀਟਰ' ਤਾਂ ਮਨ ਨੂੰ ਅਵੱਲਾ ਜਿਹਾ ਚਾਅ ਚੜ੍ਹ ਜਾਂਦੈ। ਜਾਪਦੈ ਜਿਵੇਂ ਅਸੀਂ ਸਾਂਝੇ ਪੰਜਾਬ 'ਚ ਰਹਿੰਦੇ ਹੋਈਏ, ਕੋਈ ਸਰਹੱਦ ਨਹੀਂ, ਕੋਈ ਪਾਬੰਦੀ ਨਹੀਂ। ਪਰ ਜਿਉਂ-ਜਿਉਂ ਬਾਰਡਰ ਨੇੜੇ ਆਉਂਦੈ, ਹਕੀਕਤ ਸਾਹਮਣੇ ਆਉਣ ਲੱਗਦੀ ਏ। ਤਾਂ ਵੀ ਜ਼ੀਰੋ ਲਾਈਨ ਦੇ ਪਰਲੇ ਪਾਸੇ ਖੜ੍ਹੇ ਪਾਕਿਸਤਾਨੀ ਫੌਜੀ ਆਪਣੇ ਲੱਗਦੇ ਨੇ, ਓਧਰ ਖੜ੍ਹ ਕੇ ਦੇਖਣ ਵਾਲਿਆਂ ਨੂੰ ਸਾਡੇ ਜਵਾਨ ਵੀ ਆਪਣੇ-ਆਪਣੇ ਹੀ ਲੱਗਦੇ ਹੋਣਗੇ।

ਦੋਹਾਂ ਪਾਸਿਆਂ ਦੇ ਜਵਾਨ ਥੋੜ੍ਹੀ-ਥੋੜ੍ਹੀ ਦੇਰ ਬਾਅਦ ਆਪਸ ਵਿਚ ਕੋਈ ਗੱਲ ਕਰਦੇ ਨੇ, ਦੇਖ ਕੇ ਮਨ ਨੂੰ ਧਰਵਾਸ ਹੁੰਦੈ ਕਿ ਭਲੇ ਦਿਨ ਆਉਣਗੇ, ਆਸ ਬੱਝਦੀ ਹੈ, ਜਿਵੇਂ ਸਰਹੱਦ ਦੀ ਰਾਖੀ ਕਰਦਿਆਂ ਇਨ੍ਹਾਂ ਦਾ ਮਿਲਵਰਤਣ ਜਾਰੀ ਹੈ, ਉਵੇਂ ਇਕ ਦਿਨ ਆਮ ਲੋਕਾਂ ਦਾ ਮਿਲਵਰਤਣ ਵਧੇਗਾ ਤੇ ਦੂਰੀਆਂ ਘਟਣਗੀਆਂ। ਉਹ ਦਿਨ ਜ਼ਰੂਰ ਆਵੇਗਾ, ਜਦੋਂ ਅਟਾਰੀ ਤੋਂ ਸਿਰਫ਼ 15 ਮਿੰਟ ਦੇ ਰਾਸਤੇ ਲਾਹੌਰ ਜਾਣ ਲਈ ਸੈਂਕੜੇ ਕਿਲੋਮੀਟਰ ਦੂਰ ਦਿੱਲੀ ਵੀਜ਼ਾ ਲੈਣ ਲਈ ਨਹੀਂ ਜਾਣਾ ਪਵੇਗਾ, ਇਕ-ਦੂਜੇ 'ਤੇ ਯਕੀਨ ਏਨਾ ਵਧ ਜਾਵੇਗਾ ਕਿ ਇੱਕ ਨੂੰ ਦੂਜਾ ਦੁਸ਼ਮਣ ਨਹੀਂ, ਬਚਪਨ ਦਾ ਵਿਛੜਿਆ ਰਿਸ਼ਤੇਦਾਰ, ਯਾਰ, ਪਿਆਰ ਹੀ ਨਜ਼ਰ ਆਵੇਗਾ।

ਦੋਹਾਂ ਦੇਸ਼ਾਂ ਦੇ ਫ਼ਾਸਲੇ ਘਟਾਉਣ, ਮਿਲਾਪ ਦਾ ਸੁਨੇਹਾ ਦੇਣ ਤੇ ਹਿੰਦ-ਪਾਕਿ ਸਰਕਾਰਾਂ ਤੱਕ ਲੋਕਾਈ ਦਾ ਦਰਦ ਪੁਚਾਉਣ ਲਈ ਪਿਛਲੇ 17 ਵਰ੍ਹਿਆਂ ਤੋਂ ਯਤਨਸ਼ੀਲ 'ਹਿੰਦ ਪਾਕਿ ਦੋਸਤੀ ਮੰਚ' ਦੇ ਯਤਨਾਂ ਨੂੰ ਲੱਖ ਵਾਰ ਸਲਾਮ, ਜਿਨ੍ਹਾਂ ਹਨੇਰੇ ਮਾਹੌਲ 'ਚ ਅਮਨ-ਚੈਨ, ਸੁਖ-ਸ਼ਾਂਤੀ ਦੀ ਕਾਮਨਾ ਦੀਆਂ ਮੋਮਬੱਤੀਆਂ ਜਗਾਉਣੀਆਂ ਹੀ ਜਾਰੀ ਨਹੀਂ ਰੱਖੀਆਂ, ਸਗੋਂ ਸਾਲ ਦਰ ਸਾਲ ਓਧਰਲੀ ਤੇ ਏਧਰਲੀ ਸਰਕਾਰ ਨੂੰ ਲੋਕ ਭਾਵਨਾਵਾਂ ਵੱਲ ਖਿਆਲ ਕਰਨ ਲਈ ਮਜਬੂਰ ਕੀਤਾ ਜਾ ਰਿਹੈ।

ਪੰਜਾਬ ਦੇ ਸੂਝਵਾਨ ਲੋਕਾਂ ਨੂੰ ਪਤੈ ਕਿ 'ਹਿੰਦ ਪਾਕਿ ਦੋਸਤੀ ਮੰਚ' ਨੇ ਪਹਿਲੇ ਸਾਲਾਂ ਵਿਚ ਜਦੋਂ 14 ਅਗਸਤ ਦੀ ਅੱਧੀ ਰਾਤ ਨੂੰ ਬਾਰਡਰ 'ਤੇ ਜਾ ਕੇ ਮੋਮਬੱਤੀਆਂ ਜਗਾ ਕੇ ਸੁੱਤੀਆਂ ਸਰਕਾਰਾਂ ਦੇ ਮਨਾਂ 'ਚ ਚਾਨਣ ਪੈਦਾ ਕਰਨ ਦੀ ਕੋਸ਼ਿਸ਼ ਅਰੰਭੀ ਸੀ ਤਾਂ ਏਧਰੋਂ ਸਿਰਫ਼ 5-7 ਜਣੇ ਜਾਂਦੇ ਸਨ ਤੇ ਓਧਰਲੇ ਪਾਸਿਓਂ ਕੋਈ ਨਹੀਂ ਸੀ ਦਿਸਦਾ। ਹੁਣ ਏਨੀ ਕੁ ਸਫ਼ਲਤਾ ਮਿਲ ਚੁੱਕੀ ਏ ਕਿ ਏਧਰੋਂ ਮੋਮਬੱਤੀਆਂ ਜਗਾਉਣ ਵਾਲਿਆਂ ਦੀ ਸੂਚਨਾ ਪਹਿਲਾਂ ਫੌਜ ਦੇ ਅਫਸਰਾਂ ਨੂੰ ਦੇਣੀ ਪੈਂਦੀ ਹੈ, ਕਿਉਂਕਿ ਬਹੁਤੀ ਵਾਰ ਜੋਸ਼ 'ਚ ਆ ਉਮੀਦ ਨਾਲੋਂ ਵੱਧ ਲੋਕ ਉਥੇ ਪਹੁੰਚ ਜਾਂਦੇ ਨੇ। ਪਿਛਲੇ ਕਈ ਸਾਲਾਂ ਤੋਂ ਵਾਹਗੇ ਵਾਲੇ ਪਾਸਿਓਂ ਵੀ ਸੈਂਕੜੇ ਲੋਕ ਮੋਮਬੱਤੀਆਂ ਦੀ ਲੋਅ ਨਾਲ ਨਫ਼ਰਤ ਦਾ ਹਨੇਰਾ ਮਿਟਾਉਣ ਦੀ ਕੋਸ਼ਿਸ਼ ਕਰਦੇ ਨੇ।

ਮੰਚ ਨੂੰ ਹੋਰ ਹਿੰਮਤ ਦੇਣ ਲਈ ਨਾਲ ਜੁੜੀਆਂ ਜਥੇਬੰਦੀਆਂ ਵਧਾਈ ਦੀਆਂ ਹੱਕਦਾਰ ਨੇ। ਦੋ ਦਿਨ ਚੱਲਦੇ ਇਨ੍ਹਾਂ ਸਮਾਗਮਾਂ 'ਚ ਪਾਕਿਸਤਾਨ ਦੀ ਅਜ਼ਾਦੀ ਵਾਲੇ ਦਿਨ 14 ਅਗਸਤ



ਨੂੰ ਅਟਾਰੀ ਦਾਨਾ ਮੰਡੀ ਵਿਚ ਪੰਜਾਬ ਦੇ ਫ਼ਨਕਾਰਾਂ ਦੇ ਨਾਲ-ਨਾਲ ਓਧਰਲੇ ਪੰਜਾਬ ਦੇ ਕਲਾਕਾਰ ਏਧਰ ਆ ਕੇ ਰੰਗਮੰਚ ਸਾਂਝਾ ਕਰਦਿਆਂ ਪਿਆਰ, ਮੁਹੱਬਤ ਦੇ ਨਗ਼ਮੇ ਪੇਸ਼ ਕਰ ਸੁਨੇਹਾ ਦਿੰਦੇ ਨੇ ਕਿ ਭਾਵੇਂ ਸਿਆਸੀ ਸਵਾਰਥਾਂ ਖਾਤਰ ਦੋਹਾਂ ਮੁਲਕਾਂ ਦੀ ਵੰਡ ਹੋ ਗਈ ਪਰ ਕਲਾ ਤੇ ਕਲਾਵਾਨਾਂ ਜ਼ਰੀਏ ਦੋਹਾਂ ਮੁਲਕਾਂ ਦੇ ਸੱਭਿਆਚਾਰਾਂ ਨੂੰ ਨਹੀਂ ਵੰਡਿਆ ਜਾ ਸਕਿਆ, ਰੂਹਾਨੀਅਤ ਨਹੀਂ ਵੰਡੀ ਜਾ ਸਕੀ। ਗੀਤ-ਸੰਗੀਤ ਸੁਣ ਇਕੋ ਜਿਹਾ ਝੂਮਣਾ ਦੱਸਦਾ ਹੈ ਕਿ ਵਜਦ ਵਿਚ ਆਏ ਵਸਨੀਕ ਫ਼ਾਸਲੇ ਭੁਲਾ ਪਹਿਲਾਂ ਜਿਹੀ ਸਾਂਝ ਪੁਗਾਉਣੀ ਚਾਹੁੰਦੇ ਨੇ।

ਦੋ ਦਿਨ ਚੱਲੇ ਇਸ ਵਾਰ ਦੇ 'ਹਿੰਦ-ਪਾਕਿ ਦੋਸਤੀ ਮੇਲੇ' ਵਿਚ ਦੋਹਾਂ ਮੁਲਕਾਂ ਦੇ ਪੱਤਰਕਾਰਾਂ, ਸਿਆਸਤਦਾਨਾਂ, ਕਲਾਕਾਰਾਂ ਅਤੇ ਸੂਝਵਾਨ ਲੋਕਾਂ ਨੇ ਅੰਮ੍ਰਿਤਸਰ ਦੀ 'ਨਾਟਸ਼ਾਲਾ' 'ਚ 'ਦੱਖਣੀ ਏਸ਼ੀਆ ਦੇ ਲੋਕਾਂ ਦੀ ਸਾਂਝ ਵਿਚ ਸੂਫ਼ੀਵਾਦ ਦਾ ਯੋਗਦਾਨ' ਵਿਸ਼ੇ 'ਤੇ ਗੰਭੀਰ ਵਿਚਾਰ ਕਰਦਿਆਂ ਕਈ ਨਵੀਆਂ ਗੱਲਾਂ ਤੋਂ ਜਾਣੂ ਕਰਾਇਆ। ਸਭਨਾਂ ਦਾ ਇਕ ਮਤ ਸੀ ਕਿ ਦੱਖਣੀ ਏਸ਼ੀਆ ਦੇ ਵਾਸੀਆਂ ਨੂੰ ਇਕੋ ਮਾਲਾ ਦੇ ਮਣਕੇ ਬਣਾਈ ਰੱਖਣ ਵਿਚ ਸੂਫ਼ੀਆਂ ਦਾ ਵਡਮੁੱਲਾ ਯੋਗਦਾਨ ਹੈ। ਅਣਵੰਡੇ ਪੰਜਾਬ ਦੇ ਸੂਫ਼ੀ ਸ਼ਾਇਰਾਂ ਨੇ ਵੰਡ ਮਗਰੋਂ ਵੀ ਦੋਹਾਂ ਦੇਸਾਂ ਨੂੰ ਪਿਆਰ ਹੁਲਾਰਾ ਦੇਣ, ਰੱਬ ਨਾਲ ਇਕਮਿਕਤਾ ਅਤੇ ਭਾਈਚਾਰਕ ਸਾਂਝ ਦੇ ਪ੍ਰਗਟਾਵੇ ਲਈ ਪੁਲ ਦਾ ਕੰਮ ਕੀਤਾ ਹੈ। ਮੰਚ ਦੇ ਜਨਰਲ ਸਕੱਤਰ ਸਤਨਾਮ ਸਿੰਘ ਮਾਣਕ, ਹੰਸ ਰਾਜ ਹੰਸ, ਐਸ ਸੁਧਾਕਰ ਰੈਡੀ ਸਮੇਤ ਸਾਰੇ ਹੀ ਬੁਲਾਰਿਆਂ ਨੇ ਸੂਫ਼ੀਆਂ ਦੀ ਦੇਣ, ਦੱਖਣੀ ਖਿੱਤੇ ਦੇ ਲੋਕਾਂ ਦੇ ਅਤੀਤ, ਵਰਤਮਾਨ ਤੇ ਭਵਿੱਖ ਬਾਰੇ ਡੂੰਘੀ ਜਾਣਕਾਰੀ ਦਿੱਤੀ।

ਸੈਮੀਨਾਰ ਦੇ ਅਗਲੇ ਦਿਨ ਸ਼ਾਮੀ ਅਟਾਰੀ ਦਾਨਾ ਮੰਡੀ ਵਿਚ ਹੌਲੀ-ਹੌਲੀ ਲੋਕਾਂ ਦੀ ਵਧ ਰਹੀ ਹਾਜ਼ਰੀ ਦੱਸ ਰਹੀ ਸੀ ਕਿ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਕਲਾਕਾਰਾਂ ਮੂੰਹੋਂ ਮੁਹੱਬਤ ਦਾ ਪੈਗ਼ਾਮ ਸੁਣਨ ਲਈ ਕਿੰਨੇ ਕਾਹਲੇ ਨੇ। 'ਹਿੰਦ ਪਾਕਿ ਦੋਸਤੀ ਮੰਚ' ਦੇ ਬੈਨਰ ਹੇਠ 15 ਹਜ਼ਾਰ ਲੋਕਾਂ ਦਾ ਜੁੜ ਬੈਠਣਾ ਕੋਈ ਛੋਟੀ ਗੱਲ ਵੀ ਨਹੀਂ ਸੀ। ਦਿਲਜਾਨ ਵਲੋਂ ਸ਼ੁਰੂਆਤ ਕੀਤੇ ਜਾਣ ਮਗਰੋਂ ਆਪਣੇ ਸਮੇਂ ਦੀ ਮਸ਼ਹੂਰ ਫ਼ਨਕਾਰਾ ਬੀਬੀ ਨੂਰਾਂ ਦੀਆਂ ਪੜਪੋਤੀਆਂ ਜੋਤੀ ਨੂਰਾਂ ਤੇ ਸੁਲਤਾਨਾ ਨੂਰਾਂ ਨੇ ਸੂਫ਼ੀ ਕਲਾਮ ਪੇਸ਼ ਕਰਕੇ ਦੱਸ ਦਿੱਤਾ ਕਿ ਉਮਰ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਰਾਹ 'ਚ ਅੜਿੱਕਾ ਨਹੀਂ। ਫ਼ਿਰੋਜ਼ ਖ਼ਾਨ ਦਾ ਸੋਜ਼ ਭਰੀ ਅਵਾਜ਼ 'ਚ ਸਰਹੱਦਾਂ ਖਤਮ ਕਰਨ, ਲਹਿੰਦੇ ਵਾਲਿਆਂ ਦੀ ਅਜਮੇਰ ਸ਼ਰੀਫ਼ ਤੇ ਚੜ੍ਹਦੇ ਵਾਲਿਆਂ ਦੀ ਨਨਕਾਣਾ ਸਾਹਿਬ ਦੇਖਣ ਦੀ ਹਸਰਤ ਪ੍ਰਗਟਾਉਂਦਾ ਗੀਤ ਹਾਜ਼ਰੀਨ ਨੂੰ ਹੋਰ ਹੀ ਦੁਨੀਆਂ ਵਿਚ ਲੈ ਗਿਆ। ਨਛੱਤਰ ਗਿੱਲ ਦਾ ਮਕਬੂਲ ਅੰਦਾਜ਼, ਲਖਵਿੰਦਰ ਵਡਾਲੀ ਦੀ ਮੰਝੀ ਗਾਇਕੀ ਅਤੇ ਮਕਬੂਲ ਪਾਕਿਸਤਾਨੀ ਕਲਾਸੀਕਲ ਗਾਇਕ ਹਾਮਿਦ ਅਲੀ ਦੇ ਫ਼ਰਜ਼ੰਦਾਂ ਵੱਲੋਂ 'ਰਾਗਾ ਬੁਆਏਜ਼' ਨਾਂ ਹੇਠ ਰੌਕ ਅੰਦਾਜ਼ 'ਚ ਕਲਾਸੀਕਲ ਗਾਇਕੀ ਨੇ ਜੋ ਰੰਗ ਬੰਨ੍ਹਿਆ, ਉਹ ਲੰਮਾ ਸਮਾਂ ਚੇਤੇ 'ਚ ਉਕਰਿਆ ਰਹੇਗਾ।

ਕੋਈ ਸ਼ੱਕ ਨਹੀਂ ਕਿ ਪੰਜਾਬ ਵਿਚ ਥਾਂ-ਥਾਂ ਸੱਭਿਆਚਾਰਕ ਮੇਲੇ ਲੱਗਦੇ ਰਹਿੰਦੇ ਨੇ ਤੇ ਵੱਖ-ਵੱਖ ਵਿਸ਼ਿਆਂ 'ਤੇ ਸੈਮੀਨਾਰ ਵੀ ਹੁੰਦੇ ਨੇ, ਪਰ 'ਹਿੰਦ ਪਾਕ ਦੋਸਤੀ ਮੰਚ', 'ਫੋਕਲੋਰ ਰਿਸਰਚ ਅਕੈਡਮੀ' ਅਤੇ 'ਪੰਜਾਬ ਜਾਗ੍ਰਿਤੀ ਮੰਚ' ਦੇ ਯਤਨਾਂ ਸਦਕਾ ਹੁੰਦੇ ਇਸ 'ਦੋਸਤੀ ਮੇਲੇ' ਵਰਗੀ ਸੁਹਿਰਦਤਾ, ਅਨੁਸ਼ਾਸ਼ਨ, ਗੰਭੀਰਤਾ ਅਤੇ ਦੂਰਅੰਦੇਸ਼ੀ ਹੋਰ ਕਿਤੇ ਦੇਖਣ ਨੂੰ ਘੱਟ ਹੀ ਮਿਲਦੀ ਹੈ। ਦੋਹਾਂ ਮੁਲਕਾਂ 'ਚ ਸ਼ਾਂਤੀ ਤੇ ਪਿਆਰ ਚਾਹੁਣ ਵਾਲੀਆਂ ਸੰਸਥਾਵਾਂ ਮੁਹੱਬਤ ਦਾ ਛਿੱਟਾ ਦੇਣ, ਲੋਕਾਈ ਨੂੰ ਇੱਕ ਮੰਚ 'ਤੇ ਇਕੱਠਾ ਕਰਨ, ਪਾਕਿਸਤਾਨੀ ਬੁੱਧੀਜੀਵੀਆਂ ਨੂੰ ਏਧਰ ਸੱਦਣ, ਉਧਰਲੇ-ਏਧਰਲੇ ਫ਼ਨਕਾਰਾਂ ਨੂੰ ਬਣਦਾ ਮਾਣ-ਸਤਿਕਾਰ ਦੇਣ ਅਤੇ ਸਮਾਗਮਾਂ ਦੀ ਸਫ਼ਲਤਾ ਖਾਤਰ ਆਰਥਿਕ ਵਸੀਲਿਆਂ ਲਈ ਸਰਕਾਰਾਂ ਵੱਲ ਦੇਖਣ ਦੀ ਥਾਂ ਨਿੱਜੀ ਯਤਨਾਂ 'ਤੇ ਵੱਧ ਜ਼ੋਰ ਦਿੰਦੀਆਂ ਹਨ ਤੇ ਇਹੀ ਕਾਰਨ ਹੈ ਕਿ ਇਨ੍ਹਾਂ ਦੇ ਹਰ ਯਤਨ 'ਤੇ ਮਣਾਂਮੂੰਹੀਂ ਮਾਣ ਹੁੰਦਾ ਹੈ।

ਸ਼ਾਲਾ, ਦੋਸਤੀ ਦਾ ਕਾਫ਼ਲਾ ਇਸੇ ਤਰ੍ਹਾਂ ਅੱਗੇ ਵਧਦਾ ਰਹੇ, ਨਫ਼ਰਤ ਦੀਆਂ ਕੰਧਾਂ ਡਿੱਗਣ ਵਿਚ ਬਹੁਤੀ ਦੇਰ ਨਾ ਲੱਗੇ, ਓਧਰੋਂ ਏਧਰ ਤੇ ਏਧਰੋਂ ਓਧਰ ਕਦੀ ਦਿਲ ਹਲੂਣਵੀ ਖ਼ਬਰ ਨਾ ਆਵੇ-ਜਾਵੇ, ਆਵਾਜਾਈ ਦੇ ਸਾਧਨ ਆਉਣੇ-ਜਾਣੇ ਅਸਾਨ ਹੋਣ, ਜਗਦੀਆਂ ਮੋਮਬੱਤੀਆਂ ਦਾ ਚਾਨਣ ਸੌੜੀ ਰਾਜਨੀਤੀ ਕਰਨ ਵਾਲਿਆਂ ਦਾ ਅੰਦਰਲਾ ਵੀ ਰੁਸ਼ਨਾਵੇ, ਕਲਾਵਾਨਾਂ ਨੂੰ ਬਿਨਾਂ ਸ਼ਰਤ ਦੋਹੀਂ ਪਾਸੀਂ ਆਉਣ ਜਾਣ ਦੀ ਇਜਾਜ਼ਤ ਮਿਲੇ ਤੇ 'ਨਫ਼ਰਤ ਦੀਆਂ ਜੇ ਢਹਿ ਜਾਣ ਕੰਧਾਂ, ਤਾਂ ਕੋਈ ਨਾ ਬੋਲੇ ਕਿਸੇ ਨੂੰ ਮੰਦਾ' ਸਤਰਾਂ ਛੇਤੀ-ਛੇਤੀ ਸੱਚੀਆਂ ਲੱਗਣ ਲੱਗ ਜਾਣ।

ਜ਼ਰੂਰੀ ਨਹੀਂ ਕਿ ਕੋਸ਼ਿਸ਼ਾਂ ਨੂੰ ਇਕਦਮ ਬੂਰ ਪੈ ਜਾਵੇ। ਬਹੁਤੇ ਮਸਲਿਆਂ 'ਚ ਸਫ਼ਲਤਾ ਪੜਾਅ ਦਰ ਪੜਾਅ ਮਿਲਦੀ ਹੈ। ਪਹਿਲੇ ਸਾਲਾਂ 'ਚ ਮੰਚ ਦੇ ਯਤਨ ਕੁਝ ਕੁ ਲੋਕਾਂ ਤੱਕ ਸੀਮਤ ਸਨ ਪਰ ਹੌਲੀ-ਹੌਲੀ ਕਾਫ਼ਲਾ ਵਧਦਾ ਗਿਆ, ਹੋਰ ਜਥੇਬੰਦੀਆਂ ਨਾਲ ਰਲੀਆਂ, ਯਤਨ ਸਮੂਹਿਕ ਹੋਏ ਤੇ ਅੱਜ ਇਨ੍ਹਾਂ ਯਤਨਾਂ ਨੂੰ ਸਲਾਮ ਕਹਿਣ ਵਾਲੇ ਸਿਰਫ਼ ਭਾਰਤੀ ਨਹੀਂ, ਸਗੋਂ ਪਾਕਿਸਤਾਨੀ ਆਵਾਮ ਦਾ ਵੀ ਵੱਡਾ ਹਿੱਸਾ ਹੈ।

ਕੋਸ਼ਿਸ਼ਾਂ ਦਾ ਸਿੱਟਾ ਹੀ ਹੈ ਕਿ ਬਾਲੀਵੁੱਡ ਦੀਆਂ ਜਾਣੀਆਂ-ਪਛਾਣੀਆਂ ਹਸਤੀਆਂ ਸਮਾਗਮ ਤੋਂ ਕੁਝ ਦਿਨ ਪਹਿਲਾਂ ਹੀ ਅੰਮ੍ਰਿਤਸਰ ਪਹੁੰਚ ਜਾਂਦੀਆਂ ਨੇ, ਪਾਕਿਸਤਾਨੋਂ ਦਰਜਨਾਂ ਦੀ ਗਿਣਤੀ ਵਿਚ ਸ਼ਖਸੀਅਤਾਂ ਏਧਰ ਆਉਂਦੀਆਂ ਨੇ ਤੇ ਏਧਰੋਂ ਓਧਰ ਜਾਂਦੀਆਂ ਨੇ, ਦੋਹੀਂ ਪਾਸੀਂ ਵੱਖ-ਵੱਖ ਵਿਸ਼ਿਆਂ 'ਤੇ ਸੈਮੀਨਾਰ ਹੁੰਦੇ ਨੇ, ਦੋਹੀਂ ਪਾਸੀਂ ਸੱਭਿਆਚਾਰਕ ਮੇਲੇ ਲੱਗਦੇ ਨੇ, ਦੋਹਾਂ ਦੇਸਾਂ ਦੇ ਲੋਕ ਇਨ੍ਹਾਂ ਮੇਲਿਆਂ 'ਚ ਵਹੀਰਾਂ ਘੱਤ ਕੇ ਆਉਂਦੇ ਨੇ ਤੇ ਮੇਲੇ ਦੀ ਸਮਾਪਤੀ ਮਗਰੋਂ ਅਗਲੇ ਸਾਲ ਦੀ ਉਡੀਕ ਬੇਸਬਰੀ ਨਾਲ ਕਰਦੇ ਨੇ।

ਪੰਜਾਬ ਦੇ ਪ੍ਰਸਿੱਧ ਕਲਾਕਾਰ ਇਨ੍ਹਾਂ ਸਮਾਗਮਾਂ ਵਿਚ ਪਹੁੰਚਣਾ ਧੰਨ ਭਾਗ ਸਮਝਦੇ ਨੇ, ਕਿਉਂਕਿ ਹਜ਼ਾਰਾਂ ਦੀ ਗਿਣਤੀ ਵਿਚ ਦਰਸ਼ਕ ਅਤੇ ਇਤਿਹਾਸਕ ਪਲ ਵਿਚ ਸ਼ਾਮਲ ਹੋਣ ਦੀ ਖਿੱਚ ਉਨ੍ਹਾਂ ਅੰਦਰ ਹਿਲਜੁਲ ਪੈਦਾ ਕਰਦੀ ਹੈ। ਉਹ ਕਈ-ਕਈ ਦਿਨ ਪਹਿਲਾਂ ਹੀ ਦੋਹਾਂ ਦੇਸਾਂ ਦੇ ਪਿਆਰ ਵਾਲੇ ਗੀਤਾਂ ਦੀ ਤਿਆਰੀ ਸ਼ੁਰੂ ਕਰਦੇ ਨੇ ਤੇ ਜਦੋਂ ਉਨ੍ਹਾਂ ਗੀਤਾਂ ਦੀ ਪੇਸ਼ਕਾਰੀ ਬਾਰਡਰ 'ਤੇ ਹੁੰਦੀ ਏ ਤਾਂ ਹਾਜ਼ਰੀਨ ਦੀਆਂ ਕੂਕਾਂ ਬਾਰਡਰ ਤੋਂ ਪਾਰਲਿਆਂ ਵੀ ਸੁਣਦੀਆਂ ਨੇ। ਕਲਾਕਾਰ ਵਾਰ-ਵਾਰ ਹਾਜ਼ਰੀਨ ਨੂੰ ਕਹਿੰਦੇ ਨੇ, 'ਤਾੜੀ ਏਨੀ ਉੱਚੀ ਮਾਰੋ ਕਿ ਸੱਤਾਧਾਰੀਆਂ ਦੇ ਕੰਨਾਂ ਤੱਕ ਅਵਾਜ਼ ਪੁੱਜੇ ਕਿ ਆਮ ਲੋਕ ਇਨ੍ਹਾਂ ਸਰਹੱਦਾਂ ਤੋਂ ਛੁਟਕਾਰਾ ਚਾਹੁੰਦੇ ਨੇ, ਪਿਆਰ ਦੀ ਸਾਂਝ ਨਿਭਾਉਣੀ ਚਾਹੁੰਦੇ ਨੇ ਤੇ ਦੂਰੀਆਂ ਮਿਟਾਉਣੀਆਂ ਚਾਹੁੰਦੇ ਨੇ।'

ਪਾਕਿਸਤਾਨੀ ਵਫਦ ਦੇ ਹੱਥਾਂ 'ਚ ਫੜੀਆਂ ਸਦਭਾਵਨਾ ਵਾਲੀਆਂ ਤਖਤੀਆਂ 'ਕਰੀਂ ਕਿਤੇ ਮੇਲ ਰੱਬਾ ਦਿੱਲੀ ਤੇ ਲਾਹੌਰ ਦਾ' ਗੀਤ ਚੇਤੇ ਕਰਾਉਂਦੀਆਂ ਨੇ ਤਾਂ ਸਭ ਬੇਹੱਦ ਭਾਵੁਕ ਹੋ ਜਾਂਦੇ ਨੇ।

# ਬਾਲੀਵੁੱਡ ਦੀ ਬਾਰਬੀ ਡੌਲ

## ਸਾਇਰਾ ਬਾਨੋ

ਸੋਹਰਾਬ ਮੋਦੀ ਦੀ ਫ਼ਿਲਮ 'ਪੁਕਾਰ' ਵਿਚ ਮਲਿਕਾ ਨੂਰਜਹਾਂ ਦਾ ਕਿਰਦਾਰ ਨਿਭਾਅ ਕੇ ਆਪਣੀ ਖ਼ੂਬਸੂਰਤੀ ਨਾਲ ਸਭ ਨੂੰ ਹੈਰਾਨ ਕਰ ਦੇਣ ਵਾਲੀ ਅਦਾਕਾਰਾ ਨਸੀਮ ਬਾਨੋ ਦੀ ਬੇਟੀ ਸਾਇਰਾ ਬਾਨੋ ਦਾ ਜਨਮ 23 ਅਗਸਤ, 1944 ਨੂੰ ਹੋਇਆ ਸੀ। ਸਾਇਰਾ ਦੇ ਬਚਪਨ ਦਾ ਬਹੁਤਾ ਹਿੱਸਾ ਲੰਦਨ ਵਿਚ ਬੀਤਿਆ। ਜਦੋਂ ਪੜ੍ਹਾਈ ਪੂਰੀ ਕਰਕੇ ਸਾਇਰਾ ਮੁੰਬਈ ਪਰਤੀ ਤਾਂ ਨਸੀਮ ਨੇ ਉਨ੍ਹਾਂ ਨੂੰ ਵੀ ਆਪਣੇ ਨਕਸ਼ੇ ਕਦਮਾਂ 'ਤੇ ਚਲਾਇਆ। ਉਂਝ ਅਦਾਕਾਰੀ ਤਾਂ ਸਾਇਰਾ ਦੇ ਖ਼ੂਨ ਵਿਚ ਹੀ ਵਸੀ ਹੋਈ ਸੀ ਕਿਉਂਕਿ ਜਿਥੇ ਉਨ੍ਹਾਂ ਦੀ ਮਾਂ ਨਸੀਮ ਬਾਨੋ ਖ਼ੁਦ ਅਦਾਕਾਰਾ ਸੀ, ਉਥੇ ਉਨ੍ਹਾਂ ਦੀ ਨਾਨੀ ਭਾਵ ਨਸੀਮ ਬਾਨੋ ਦੀ ਮਾਂ ਸ਼ਮਸ਼ਾਦ ਬੇਗਮ ਵੀ ਪ੍ਰਸਿੱਧ ਪਿੱਠਵਰਤੀ ਗਾਇਕਾ ਸੀ।

ਇਹੀ ਕਾਰਨ ਸੀ ਕਿ ਸਕੂਲ ਦੇ ਦਿਨਾਂ ਤੋਂ ਹੀ ਸਾਇਰਾ ਨੂੰ ਵੀ ਅਦਾਕਾਰੀ ਨਾਲ ਲਗਾਅ ਸੀ ਤੇ ਸਕੂਲ ਵਿਚ ਵੀ ਉਨ੍ਹਾਂ ਨੂੰ ਅਦਾਕਾਰੀ ਲਈ ਕਈ ਤਮਗੇ ਮਿਲੇ ਸਨ। ਅਜਿਹੇ ਵਿਚ ਬੇਟੀ ਦੀ ਦਿਲਚਸਪੀ ਨੂੰ ਦੇਖਦਿਆਂ ਅੰਮੀ ਨਸੀਮ ਨੇ ਆਪਣੇ ਪੁਰਾਣੇ ਦੋਸਤ ਸੁਬੋਧ ਮੁਖਰਜੀ ਨੂੰ ਕਹਿ ਕੇ ਸਾਇਰਾ ਨੂੰ ਸ਼ੰਮੀ ਕਪੂਰ ਦੇ ਆਪੋਜ਼ਿਟ ਫ਼ਿਲਮ 'ਜੰਗਲੀ' ਦੀ ਹੀਰੋਇਨ ਬਣਵਾ ਦਿੱਤਾ ਤੇ ਇਸ ਫ਼ਿਲਮ ਦੇ ਸੁਪਰਹਿੱਟ ਹੁੰਦਿਆਂ ਹੀ ਸਾਇਰਾ ਰਾਤੋ-ਰਾਤ ਸਟਾਰ ਬਣ ਗਈ। ਇਸ ਤਰ੍ਹਾਂ 17 ਸਾਲ ਦੀ ਉਮਰ ਵਿਚ ਹੀ ਸਾਇਰਾ ਬਾਨੋ ਨੇ ਬਾਲੀਵੁੱਡ ਵਿਚ ਆਪਣੇ ਕਰੀਅਰ ਦੀ ਸ਼ੁਰੂਆਤ ਕਰ ਦਿੱਤੀ। ਖਾਸ ਗੱਲ ਇਹ ਹੈ ਕਿ ਪਹਿਲੀ ਹੀ ਫ਼ਿਲਮ ਲਈ ਸਾਇਰਾ ਨੂੰ ਸਰਵੋਤਮ ਅਦਾਕਾਰਾ ਦਾ ਫ਼ਿਲਮ ਫੇਅਰ ਅਵਾਰਡ ਵੀ ਦਿੱਤਾ ਗਿਆ ਸੀ।

ਫ਼ਿਲਮ 'ਜੰਗਲੀ' (1961) ਤੋਂ ਬਾਅਦ ਸਾਇਰਾ ਨੇ ਸ਼ੰਮੀ ਕਪੂਰ ਨਾਲ 'ਬਲੱਫ ਮਾਸਟਰ' ਤੇ ਮਨੋਜ ਕੁਮਾਰ ਨਾਲ 'ਸ਼ਾਦੀ' ਵਿਚ ਕੰਮ ਕੀਤਾ ਪਰ ਇਹ ਬਲੈਕ ਐਂਡ ਵ੍ਹਾਈਟ ਫ਼ਿਲਮਾਂ ਕੋਈ ਖਾਸ ਸਫਲ ਨਹੀਂ ਰਹੀਆਂ। ਇਸ ਪਿੱਛੋਂ ਵਿਸ਼ਵਜੀਤ



ਨਾਲ ਉਨ੍ਹਾਂ ਦੀ ਫ਼ਿਲਮ 'ਅਪਰੈਲ ਫੂਲ' ਬਾਕਸ ਆਫਿਸ 'ਤੇ ਸਫਲ ਰਹੀ। ਇਸ ਪਿੱਛੋਂ ਆਈ ਰਾਜਿੰਦਰ ਕੁਮਾਰ ਨਾਲ ਉਨ੍ਹਾਂ ਦੀ ਫ਼ਿਲਮ 'ਆਈ ਮਿਲਨ ਕੀ ਬੇਲਾ'। ਬਸ ਇਥੋਂ ਹੀ ਸਾਇਰਾ-ਰਾਜਿੰਦਰ ਕੁਮਾਰ ਦੇ ਰੋਮਾਂਸ ਦੇ ਚਰਚੇ ਸ਼ੁਰੂ ਹੋਏ ਸਨ ਜਦਕਿ 'ਆਈ ਮਿਲਨ ਕੀ ਬੇਲਾ' ਤੋਂ ਬਾਅਦ ਸਾਇਰਾ-ਰਾਜਿੰਦਰ ਦੀ ਜੋੜੀ ਨੇ 'ਅਮਨ' ਤੇ 'ਝੁਕ ਗਯਾ ਆਸਮਾਨ' ਫ਼ਿਲਮਾਂ ਦਿੱਤੀਆਂ। ਸਾਇਰਾ ਬਾਨੋ ਦੀਆਂ ਹੋਰ ਮੁਖ ਫ਼ਿਲਮਾਂ ਵਿਚ 'ਸ਼ਾਦੀ', 'ਦੂਰ ਕੀ ਆਵਾਜ਼', 'ਯੇ ਜ਼ਿੰਦਗੀ ਕਿਤਨੀ ਹਸੀਨ ਹੈ', 'ਪਿਆਰ ਮੋਹੱਬਤ', 'ਸ਼ਾਗਿਰਦ' ਤੇ 'ਦੀਵਾਨਾ' ਦਾ ਨਾਂ ਲਿਆ ਜਾ ਸਕਦਾ ਹੈ।

ਸਾਇਰਾ ਬਾਨੋ ਨੇ 22 ਸਾਲ ਦੀ ਉਮਰ ਵਿਚ ਹੀ ਸਾਲ 1966 ਵਿਚ ਆਪਣੇ ਤੋਂ ਦੁੱਗਣੀ ਉਮਰ ਦੇ ਅਦਾਕਾਰ ਦਲੀਪ ਕੁਮਾਰ ਨਾਲ ਵਿਆਹ ਕੀਤਾ ਸੀ। ਉਂਜ ਦੋਹਾਂ ਦੀ ਮੁਲਾਕਾਤ, ਪਿਆਰ ਤੇ ਫਿਰ ਵਿਆਹ ਦੀ ਕਹਾਣੀ ਕਾਫੀ ਫ਼ਿਲਮੀ ਲੱਗਦੀ ਹੈ। ਅਸਲ ਵਿਚ ਦੋਹਾਂ ਵਿਚ ਨਾ ਦੋਸਤੀ ਸੀ ਤੇ ਨਾ ਹੀ ਮਿਲਣਾ-ਜੁਲਣਾ ਸੀ। ਸਭ ਤੋਂ ਵੱਡੀ ਗੱਲ ਇਹ ਹੈ ਕਿ ਦੋਹਾਂ ਦੀ ਉਮਰ ਵਿਚ ਬਹੁਤ ਵੱਡਾ ਫਰਕ ਸੀ। ਇਸ ਤੋਂ ਵੀ ਵੱਡਾ ਸੱਚ ਇਹ ਹੈ ਕਿ ਵਿਆਹ ਤੋਂ ਪਹਿਲਾਂ ਤਕ ਦਲੀਪ ਕੁਮਾਰ ਨੇ ਸਾਇਰਾ ਨਾਲ ਇਕ ਵੀ ਫ਼ਿਲਮ ਨਹੀਂ ਕੀਤੀ ਸੀ, ਜਦਕਿ ਉਨ੍ਹਾਂ ਦਿਨਾਂ ਵਿਚ ਫ਼ਿਲਮੀ ਮੈਗਜ਼ੀਨਾਂ ਸਾਇਰਾ ਬਾਨੋ ਦਾ ਨਾਂ ਉਨ੍ਹਾਂ ਦੇ ਕੋ-ਸਟਾਰ ਰਾਜਿੰਦਰ ਕੁਮਾਰ ਨਾਲ ਵੀ ਜੋੜ ਰਹੀਆਂ ਸਨ ਪਰ ਇਹ ਸਾਰੀਆਂ ਗੱਲਾਂ ਤੇ ਉਮਰ ਦਾ ਇਹ ਫਾਸਲਾ ਕਦੇ ਵੀ ਇਨ੍ਹਾਂ ਦੋਹਾਂ ਦੇ ਪਿਆਰ ਵਿਚਾਲੇ ਨਹੀਂ ਆਇਆ। ਜਦੋਂ ਵੀ ਪ੍ਰੇਮ ਕਹਾਣੀਆਂ ਤੇ ਰੋਮਾਂਟਿਕ ਜੋੜੀਆਂ ਦੀ ਗੱਲ ਆਉਂਦੀ ਹੈ ਤਾਂ ਸਾਇਰਾ ਬਾਨੋ ਤੇ ਦਲੀਪ ਕੁਮਾਰ ਦਾ ਜ਼ਿਕਰ ਜ਼ਰੂਰ ਹੁੰਦਾ ਹੈ।



# ਕਰੀਨਾ ਕਪੂਰ ਦਾ ਫ਼ਿਲਮ 'ਚ ਦਬਦਬਾ ਕਾਇਮ

ਤਕਰੀਬਨ 12 ਸਾਲ ਪਹਿਲਾਂ ਫ਼ਿਲਮ 'ਰਿਫਿਊਜੀ' ਨਾਲ ਬਾਲੀਵੁੱਡ ਵਿਚ ਆਪਣਾ ਪਹਿਲਾ ਕਦਮ ਰੱਖਣ ਤੋਂ ਹੁਣ ਤਕ ਫ਼ਿਲਮ ਨਗਰੀ ਵਿਚ 'ਬੇਬੋ' ਭਾਵ ਕਰੀਨਾ ਕਪੂਰ ਦਾ ਦਬਦਬਾ ਕਾਇਮ ਹੈ। ਫ਼ਿਲਮ ਨਗਰੀ ਵਿਚ ਆਪਣੇ ਹੁਣ ਤਕ ਦੇ ਸਫਰ ਵਿਚ ਕਰੀਨਾ ਨੇ ਨੰਬਰ ਇਕ ਹੀਰੋਇਨ ਦੀ ਕੁਰਸੀ ਤੋਂ ਲੈ ਕੇ ਸਭ ਤੋਂ ਜ਼ਿਆਦਾ ਮਿਹਨਤਾਨਾ ਪ੍ਰਾਪਤ ਕਰਨ ਵਾਲੀ ਅਭਿਨੇਤਰੀ ਤਕ ਸਾਰੇ ਮੁਕਾਮ ਹਾਸਲ ਕੀਤੇ ਹਨ। ਇਸ ਦੌਰਾਨ ਕਈ ਹੋਰ ਹੀਰੋਇਨਾਂ ਆਈਆਂ ਤੇ ਗਈਆਂ ਪਰ ਕਰੀਨਾ ਦੇ ਕਰੀਅਰ ਦੀ ਰਫਤਾਰ 'ਤੇ ਕੋਈ ਅਸਰ ਨਹੀਂ ਪਿਆ।

ਆਪਣੀ ਅਗਲੀ ਫ਼ਿਲਮ 'ਹੀਰੋਇਨ' ਦੀ ਤਿਆਰੀ 'ਚ ਜੁਟੀ ਕਰੀਨਾ ਦਾ ਕਹਿਣਾ ਹੈ ਕਿ ਉਸ ਦੀ ਥਾਂ ਕੋਈ ਨਹੀਂ ਲੈ ਸਕਦਾ ਤੇ ਉਹ 90 ਸਾਲ ਦੀ ਉਮਰ ਤਕ ਕੰਮ ਕਰਨਾ ਚਾਹੁੰਦੀ ਹੈ। ਉਂਝ ਵੀ ਚੰਗਾ-ਖਾਸਾ ਮਿਹਨਤਾਨਾ ਲੈਣ ਦੇ ਬਾਵਜੂਦ ਫ਼ਿਲਮ ਨਗਰੀ ਵਿਚ ਕਰੀਨਾ ਦੀ ਮੰਗ ਲਗਾਤਾਰ ਬਣੀ ਹੋਈ ਹੈ। ਭਾਵੇਂ ਫ਼ਿਲਮਾਂ ਹੋਣ ਜਾਂ ਵਿਗਿਆਪਨ ਕਰੀਨਾ ਸਭ ਨੂੰ ਪਛਾੜ ਚੁੱਕੀ ਹੈ। ਹੀਰੋਇਨਾਂ 'ਤੇ ਉਸ ਦੇ ਭਾਰੀ ਪੈਣ ਦਾ ਪਤਾ ਇਸੇ ਗੱਲ ਤੋਂ ਲੱਗਦਾ ਹੈ ਕਿ ਹੁਣੇ ਜਿਹੇ ਜਦੋਂ ਸੰਜੇ ਲੀਲਾ ਭੰਸਾਲੀ ਨੂੰ ਪਤਾ ਲੱਗਾ ਕਿ ਕਰੀਨਾ ਤੇ ਸੈਫ ਦਾ ਵਿਆਹ ਇਸੇ ਸਾਲ ਹੋ ਸਕਦਾ ਹੈ ਤਾਂ ਉਨ੍ਹਾਂ ਨੇ ਉਸ ਨੂੰ ਆਪਣੀ ਫ਼ਿਲਮ 'ਰਾਮ ਲੀਲਾ' ਵਿਚੋਂ ਕੱਢ ਕੇ ਬਾਹਰ ਕੀਤਾ। ਇਸ ਤੋਂ ਬਾਅਦ ਇਸ ਫ਼ਿਲਮ ਵਿਚ ਕਰੀਨਾ ਦੀ ਥਾਂ 'ਤੇ ਅਦਾਕਾਰਾ ਦੀ ਚੋਣ ਕਰਨ ਲਈ ਉਨ੍ਹਾਂ ਨੇ ਪਹਿਲਾਂ ਪ੍ਰਿਯੰਕਾ ਚੋਪੜਾ ਤੇ ਉਸ ਤੋਂ ਬਾਅਦ ਦੀਪਿਕਾ ਪਾਦੂਕੋਣ ਦਾ ਆਡੀਸ਼ਨ ਲਿਆ ਪਰ ਦੋਵੇਂ ਅਭਿਨੇਤਰੀਆਂ ਉਨ੍ਹਾਂ ਨੂੰ ਇਸ ਭੂਮਿਕਾ ਲਈ ਫਿੱਟ ਨਹੀਂ ਲੱਗੀਆਂ।

ਆਖਰ ਥੱਕ-ਹਾਰ ਕੇ ਸੰਜੇ ਲੀਲਾ ਭੰਸਾਲੀ ਨੇ ਕਰੀਨਾ ਦਾ ਦਰਵਾਜ਼ਾ ਮੁੜ ਖੜਕਾਇਆ। ਉਨ੍ਹਾਂ ਨੇ ਕਰੀਨਾ ਤੋਂ ਉਸ ਨੂੰ ਬਾਹਰ ਕੱਢਣ 'ਤੇ ਮੁਆਫੀ ਮੰਗਦਿਆਂ 'ਰਾਮ ਲੀਲਾ' ਵਿਚ ਕੰਮ ਕਰਨ ਦੀ ਬੇਨਤੀ ਕੀਤੀ ਜਿਸ 'ਤੇ ਕਰੀਨਾ ਇਨਕਾਰ ਨਹੀਂ ਕਰ ਸਕੀ।

# ਪਾਲੀਵੁੱਡ ਦੀ ਐਸ਼ਵਰਿਆ ਕੁਲਰਾਜ ਰੰਧਾਵਾ



ਕੁਲਰਾਜ ਰੰਧਾਵਾ ਨੇ ਬੜੇ ਥੋੜੇ ਅਰਸੇ 'ਚ ਆਪਣਾ ਚੰਗਾ ਮੁਕਾਮ ਬਣਾ ਲਿਆ ਹੈ। ਉਸ ਨੂੰ ਲੜੀਵਾਰ 'ਕਰੀਨਾ ਕਰੀਨਾ' ਨੇ ਲੋਕਾਂ ਸਾਹਮਣੇ ਲਿਆਂਦਾ ਸੀ। ਦੋ ਸੌ ਕਿਸ਼ਤਾਂ ਦੇ ਇਸ ਲੜੀਵਾਰ ਨੇ ਕੁਲਰਾਜ ਦੀ ਪਛਾਣ ਹੀ ਕਰੀਨਾ ਵਜੋਂ ਕਰਵਾ ਦਿੱਤੀ। ਕੁਲਰਾਜ ਰੰਧਾਵਾ ਦੀ ਪ੍ਰਤਿਭਾ ਤੋਂ ਅਨੁਰਾਧਾ ਪ੍ਰਸ਼ਾਦ ਇੰਨੀ ਪ੍ਰਭਾਵਿਤ ਹੋਈ ਕਿ ਕੁਲਰਾਜ ਨੂੰ ਨਾਇਕਾ ਲੈ ਕੇ ਅਨੁਰਾਧਾ ਨੇ ਪੰਜਾਬੀ ਫ਼ਿਲਮ 'ਮੰਨਤ' ਬਣਾ ਦਿੱਤੀ।

ਕੁਲਰਾਜ ਦੀ ਵਿਦੇਸ਼ੀ ਪੰਜਾਬੀਆਂ ਵਿਚ ਪਾਲੀਵੁੱਡ ਦੀ ਐਸ਼ਵਰਿਆ ਰਾਏ ਬਣ ਗਈ। 'ਮੰਨਤ', 'ਤੇਰਾ ਮੇਰਾ ਕੀ ਰਿਸ਼ਤਾ' ਨੇ ਕੁਲਰਾਜ ਨੂੰ ਪੰਜਾਬੀ ਦਿਲਾਂ ਦੀ ਧੜਕਨ ਬਣਾ ਦਿੱਤਾ। ਅਨਿਲ ਸ਼ਰਮਾ, ਧਰਮਿੰਦਰ ਪਵਾਰ ਸਾਰੇ ਕੁਲਰਾਜ ਦੀ ਪ੍ਰਤਿਭਾ ਨੂੰ ਮੰਨ ਗਏ। 'ਅਪਨੇ', 'ਜਾਨੇ ਭੀ ਦੋ ਯਾਰੋਂ', 'ਚਿੰਟੂ ਜੀ' ਫ਼ਿਲਮਾਂ ਵਿਚ ਕੁਲਰਾਜ ਨੇ ਵਧੀਆ ਕੰਮ ਕੀਤਾ ਹੈ। 'ਯਮਲਾ ਪਗਲਾ ਦੀਵਾਨਾ' ਫ਼ਿਲਮ ਨੇ ਉਸ ਦੇ ਅਭਿਨੈ ਦੀ ਦੀਵਾਨਗੀ ਦਰਸ਼ਕਾਂ ਵਿਚ ਵਧਾਈ। ਕੁਝ ਚਿਰ ਪਹਿਲਾਂ ਆਈ ਤੁਸ਼ਾਰ ਕਪੂਰ ਨਾਲ ਫ਼ਿਲਮ 'ਚਾਰ ਦਿਨ ਕੀ ਚਾਂਦਨੀ' ਵਿਚ ਵੀ ਕੁਲਰਾਜ ਦੇ ਅਭਿਨੈ ਦੀ ਚਾਂਦਨੀ ਨੇ ਦਰਸ਼ਕਾਂ ਤੇ ਬਾਲੀਵੁੱਡ ਨੂੰ ਨਿਹਾਰਿਆ। ਇਸ ਵੇਲੇ 'ਖ਼ੂਬਸੂਰਤ ਨਾਰੀ' ਅਖਵਾਉਣ ਵਾਲੀ ਕੁਲਰਾਜ ਕੌਰ ਰੰਧਾਵਾ ਨੂੰ ਅੱਜ ਵੀ ਉਸ ਦੇ ਮਾਪੇ 'ਟਾਮ ਬੁਆਏ' ਕਹਿ ਕੇ ਬੁਲਾਉਂਦੇ ਹਨ। ਕੁਲਰਾਜ ਰੰਧਾਵਾ ਦੋ ਨਵੀਆਂ ਹਿੰਦੀ ਫ਼ਿਲਮਾਂ ਕਰ ਰਹੀ ਹੈ ਜਿਨ੍ਹਾਂ ਵਿਚ 'ਮਸਤੰਗ ਮਾਮਾ' ਮੁੱਖ ਹੈ।

# ਦਮਦਾਰ ਅਦਾਕਾਰ ਸ਼ਤਰੂਘਨ ਸਿਨ੍ਹਾ

ਦਮਦਾਰ ਅਦਾਕਾਰੀ ਤੇ ਸ਼ਖ਼ਸੀਅਤ ਦੇ ਮਾਲਕ ਸ਼ਤਰੂਘਨ ਸਿਨ੍ਹਾ ਜਦੋਂ ਫ਼ਿਲਮਾਂ ਦੇ ਸੈੱਟ 'ਤੇ ਆਉਂਦੇ ਸਨ ਤਾਂ ਸਭ 'ਖਾਮੋਸ਼' ਹੋ ਜਾਂਦਾ ਸੀ। ਉਹ ਆਪਣੇ ਜ਼ਮਾਨੇ ਦੇ ਅਜਿਹੇ ਸਟਾਰ ਸਨ ਜਿਨ੍ਹਾਂ ਦੇ ਸਾਹਮਣੇ ਸਾਰੇ ਵੱਡੇ-ਵੱਡੇ ਸੁਪਰਸਟਾਰ ਬੌਣੇ ਨਜ਼ਰ ਆਉਂਦੇ ਸਨ। ਉਨ੍ਹਾਂ ਦੀ ਬੋਲਚਾਲ ਦਾ ਅੰਦਾਜ਼ ਹੀ ਨਿਰਾਲਾ ਸੀ ਤੇ ਉਹ ਹਮੇਸ਼ਾ ਛਾਤੀ ਚੌੜੀ ਕਰਕੇ ਹੀ ਗੱਲ ਕਰਦੇ ਸਨ। ਵੱਡੇ-ਵੱਡੇ ਹੀਰੋ-ਹੀਰੋਇਨਾਂ ਤੇ ਹੋਰ ਕਲਾਕਾਰਾਂ ਦੀ ਹਿੰਮਤ ਨਹੀਂ ਹੁੰਦੀ ਸੀ ਕਿ ਉਹ ਉਨ੍ਹਾਂ ਦੀ ਗੱਲ ਨੂੰ ਟਾਲ ਦੇਣ।

ਸ਼ਤਰੂਘਨ ਸਿਨ੍ਹਾ ਨੇ ਪਟਨਾ ਸਾਇੰਸ ਕਾਲਜ ਤੋਂ ਆਪਣੀ ਪੜ੍ਹਾਈ ਪੂਰੀ ਕੀਤੀ। ਉਨ੍ਹਾਂ ਨੂੰ ਸਭ ਤੋਂ ਪਹਿਲਾਂ ਫ਼ਿਲਮ 'ਪ੍ਰੇਮ ਪੁਜਾਰੀ' ਵਿਚ ਅਦਾਕਾਰੀ ਦਾ ਮੌਕਾ ਮਿਲਿਆ ਪਰ ਇਹ ਫ਼ਿਲਮ ਕਿਸੇ ਕਾਰਨ ਕਰਕੇ ਦੇਰ ਨਾਲ ਰਿਲੀਜ਼ ਹੋਈ ਤੇ ਸੰਨ 1969 ਵਿਚ ਫ਼ਿਲਮ 'ਸਾਜਨ' ਉਨ੍ਹਾਂ ਦੀ ਪਹਿਲੀ ਫ਼ਿਲਮ ਦੇ ਰੂਪ ਵਿਚ ਰਿਲੀਜ਼ ਹੋਈ।

ਰੀਨਾ ਰਾਏ ਤੇ ਸ਼ਤਰੂਘਨ ਸਿਨ੍ਹਾ ਨੇ ਕੁਝ ਫ਼ਿਲਮਾਂ ਵਿਚ ਇਕੱਠਿਆਂ ਕੰਮ ਵੀ ਕੀਤਾ ਜਿਸ ਕਾਰਨ ਉਨ੍ਹਾਂ ਦੋਹਾਂ ਵਿਚ ਅਫੇਅਰ ਵੀ ਰਿਹਾ। ਪਿੱਛੋਂ ਸ਼ਤਰੂਘਨ ਸਿਨ੍ਹਾ ਨੇ ਪੂਨਮ ਸਿਨ੍ਹਾ ਨਾਲ ਵਿਆਹ ਕਰਕੇ ਆਪਣਾ ਘਰ ਵਸਾ ਲਿਆ। ਕਈ ਫ਼ਿਲਮਾਂ ਵਿਚ ਕੀਤੀ ਗਈ ਦਮਦਾਰ ਅਦਾਕਾਰੀ ਕਾਰਨ ਉਨ੍ਹਾਂ ਨੂੰ ਸੰਨ 2003 ਵਿਚ 'ਲਾਈਫਟਾਈਮ ਅਚੀਵਮੈਂਟ' ਤੇ 2011 ਵਿਚ 'ਜ਼ੀ ਸਿਨੇ ਅਵਾਰਡ ਫਾਰ ਲਾਈਫਟਾਈਮ ਅਚੀਵਮੈਂਟ' ਅਵਾਰਡਾਂ ਨਾਲ ਸਨਮਾਨਤ ਕੀਤਾ ਗਿਆ।



ਉਨ੍ਹਾਂ ਨੇ 'ਚਾਂਦ ਕਾ ਟੁਕੜਾ', 'ਬੇਤਾਜ ਬਾਦਸ਼ਾਹ', 'ਅਧਰਮ', 'ਜ਼ਖ਼ਮ', 'ਸ਼ਹਿਜ਼ਾਦੇ', 'ਗੋਲਾ-ਬਾਰੂਦ', 'ਆਖਿਰੀ ਬਾਜ਼ੀ', 'ਗੰਗਾ ਤੇਰੇ ਦੇਸ਼ ਮੇਂ', 'ਧਰਮਯੁੱਧ', 'ਖ਼ੂਨ ਭਰੀ ਮਾਂਗ', 'ਲੋਹਾ', 'ਖ਼ੁਦਗਰਜ਼', 'ਆਂਧੀ ਤੂਫਾਨ', 'ਤਕਦੀਰ' ਤੇ 'ਮੰਗਲ ਪਾਂਡੇ' ਫ਼ਿਲਮਾਂ ਵਿਚ ਅਦਾਕਾਰੀ ਕਰਕੇ ਬਾਲੀਵੁੱਡ ਵਿਚ ਸਫਲ ਕਲਾਕਾਰ ਦੇ ਰੂਪ ਵਿਚ ਆਪਣੀ ਥਾਂ ਬਣਾਈ।


ਸ਼ਤਰੂਘਨ ਸਿਨ੍ਹਾ ਤੇ ਬਾਲੀਵੁੱਡ ਸੁਪਰਸਟਾਰ ਅਮਿਤਾਭ ਬੱਚਨ ਨੇ ਕੁਝ ਫ਼ਿਲਮਾਂ ਵਿਚ ਇਕੱਠਿਆਂ ਕੰਮ ਕੀਤਾ ਜਿਨ੍ਹਾਂ ਵਿਚ 'ਸ਼ਾਨ', 'ਨਸੀਬ', 'ਦੋਸਤਾਨਾ' ਤੇ 'ਕਾਲਾ ਪੱਥਰ' ਸ਼ਾਮਲ ਹਨ। ਇਨ੍ਹਾਂ ਦੋਹਾਂ ਵਿਚ ਕਾਫੀ ਚੰਗੀ ਦੋਸਤੀ ਵੀ ਸੀ। ਜਦੋਂ ਅਮਿਤਾਭ ਬੱਚਨ ਨੇ ਆਪਣੇ ਬੇਟੇ ਅਭਿਸ਼ੇਕ ਬੱਚਨ ਦੇ ਵਿਆਹ ਦੇ ਮੌਕੇ 'ਤੇ ਸ਼ਤਰੂਘਨ ਸਿਨ੍ਹਾ ਨੂੰ ਨਹੀਂ ਬੁਲਾਇਆ ਤਾਂ ਇਸ ਗੱਲ ਨੂੰ ਲੈ ਕੇ ਅੱਜ ਵੀ ਉਨ੍ਹਾਂ ਦੇ ਮਨ ਵਿਚ ਰੰਜ ਹੈ।

ਅੱਜਕਲ ਸ਼ਤਰੂਘਨ ਸਿਨ੍ਹਾ ਰਾਜਨੀਤੀ ਅਤੇ ਫ਼ਿਲਮਾਂ ਵਿਚ ਬਰਾਬਰ ਸਰਗਰਮ ਹਨ। ਪਿਛਲੇ ਦਿਨੀਂ ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਕਾਰਨ ਉਨ੍ਹਾਂ ਨੂੰ ਥੋੜ੍ਹੇ ਚਿਰ ਲਈ ਹਸਪਤਾਲ ਦਾਖ਼ਲ ਰਹਿਣਾ ਪਿਆ ਸੀ। ਹੁਣ ਉਹ ਸਹੀ-ਸਲਾਮਤ ਘਰ ਵਿਚ ਆਰਾਮ ਫਰਮਾ ਰਹੇ ਹਨ।

**Dhillon Truck Stop**
**Dhillon Road Service**

Interstate 40, exit 356, San Jon, NM

ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ



ਡੀਜ਼ਲ ਅਤੇ ਰੋਡ ਸਰਵਿਸ

New & Used Tires
Oil Change

ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ

Ph:575-576-4111, 317-918-6776

SECURE YOUR HOME & BUSINESS

PARTNER WITH PIXIM EVERY PIXEL TELLS A STORY WDR TECHNOLOGY

VISTA CCTV TECHNOLOGY



Why Vista CCTV Technology

- HIGH QUALITY PRODUCT WITH 2 YEARS WARRANTY
- HIGH BRAND REPUTATION
- 16 YEARS HISTORY IN CCTV
- ADVANCE PRODUCT DESIGN
- TRAINED TECHNICAL STAFF
- PROFESSIONAL INSTALLATION

QUALITY & RESOLUTION BUILD BY TECHNOLOGY NOT BY THE PRICE

High End HD Series

SPECIAL OFFER 4 CAMERAS WITH 4 CH DVR LED MONITOR INCLUDED $1449 +Tax

SPECIAL OFFER 8 CAMERAS INSTALLATION INCLUDED LED MONITOR INCLUDED $2849 +Tax


SPECIAL OFFER 12 CAMERAS INSTALLATION INCLUDED LED MONITOR INCLUDED $4249 +Tax

24/7 HIGH END SECURITY SOLUTIOIN
WE INSTALL ANYWHERE IN USA
14 YEARS EXPERIENCE IN CCTV BUSINESS

Call Sukhpal 661-586-5080

Email : sales@ezchase.com Customer Service: 1-800-235-1391

WRONGFUL DEATH | AUTO | PEDESTRIAN | BICYCLE | DOG BITES | TRUCK ACCIDENTS



LAW OFFICES OF **MARK COHEN**

ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ, ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ

***"I take your accident personally"***

**Free initial consultation. No fee if no recovery.**

ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ

Please visit our web site for more information
**www. markcohenlaw.com** or call us at **510.792.4008**

ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਘਰ ਖਰੀਦਣਾ ਹੈ ਜਾਂ ਵੇਚਣਾ!

ਸੈਂਟਰਲ ਵੈਲੀ ਦੇ ਸ਼ਹਿਰਾਂ-ਲਿਵਿੰਗਸਟਨ, ਐਟਵਾਟਰ, ਮਰਸਡ, ਟਰਲਕ, ਮਾਡੈਸਟੋ ਅਤੇ ਲਾਸ ਬੈਨੋਸ ਵਿਚ ਘਰਾਂ ਦੀ ਖਰੀਦ ਅਤੇ ਵੇਚ ਲਈ ਬਿਹਤਰੀਨ ਸੇਵਾ ਲਈ ਕਾਲ ਕਰੋ

**ਜਰਨੈਲ ਸਿੰਘ ਲਾਲੜੀਆ**

**ਫੋਨ:209-856-2131**



Century 21
M&M AND ASSOCIATES
Each office is independently owned and operated.

REALTOR® MLS®

**Jarnail Singh Lallria**
**Broker Associate**
**DRE#01440382**

**Cell: 209-620-5393**
Fax:209-216-5502
e-mail: jlallria@c21mm.com
Mob Web: m.jlallria.c21mm.com

**2995 "R" Street, Suite # 102, Merced, CA 95348**

# CHAHAL VIDEO

Video & Photography
We Treat your special events with care!
- HD Video (High Definition)
- Magazine Album

Cell: (916) 601-6632
Cell: (916) 690-4182
Ph: (916) 682-7321
email: ChahalVideo1@yahoo.com





ਵਿਆਹ-ਸ਼ਾਦੀ ਜਾਂ ਕਿਸੇ ਪਾਰਟੀ ਦੀ ਯਾਦ ਨੂੰ ਸਾਂਭਣ ਲਈ ਸੰਪਰਕ ਕਰੋ
**Jaison Chahal at 916-601-6632**

# M.K. Nijjar DDS
# Ruchi Nijjar DDS

*Laser Dentistry*
*No shots, No Drill, No Pain.*
*Family Dentistry*
*Cosmetic Dentistry*

*Esthetic Crowns, Bridges & Dentures Teeth Whitening * Oral Surgery Root Canal Treatments*

*Treatments & Prevention of Gum Diseases New Patients & Children Welcome*

**510-794-7058**

**WWW.DRNIJJAR.COM**

*(Across From Washigton Hospital & Bart)*
*1895 Mowry Ave. Ste 104 Fremont*

UNITED sports club CA


## United Sports Club of California


33272 Palomino Common, Fremont, CA, 94555
Phone: 510-468-9381
Website: http://usportsca.org/

UNITED sports club CA

ਨਸ਼ੇ ਛੱਡੋ। DRUGS **ਨਸ਼ਾ ਵਿਰੋਧੀ ਅਪੀਲ** DRUGS ਕੋਹੜ ਵੱਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮਹੁੰਮਦਾਂ ਦਾ ਕਿਰਦਾਰ।ਨਾਂ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।









**ਗੈਰ ਕਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵੱਧ ਨਿਪੁੰਸਕ** - Dr. Harshinder Kaur

**ਨਸ਼ਾ ਵਿਰੋਧੀ ਮੁਹਿੰਮ ਵਿੱਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)**

| ਅਮੋਲਕ ਸਿੰਘ ਗਾਖਲ (ਚੇਅਰਮੈਨ) | ਰੇਡੀਓ ਚੜਦੀ ਕਲਾ | ਬਲਵੀਰ ਭਾਟੀਆ (ਪ੍ਰਧਾਨ) |
|---|---|---|
| 831-247-4637 | www.radiock.com | 510-677-6248 |

| | | | | |
|---|---|---|---|---|
| Gurdawar Singh Maheru | Iqbal S. Gakhal | Jugraj S. Sahota | Sadhu S. Khalour | Kuldip S. Mann |
| Palwinder Singh Gakhal | Parmjit S. Sandhu | Makhan S. Bains | Narinder S. Sahota | Dalvinder S. Padda |

Promotes Healthy Environment

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## ਗੁਰੂ ਗ੍ਰੰਥ ਸਾਹਿਬ ਦਾ ਪ੍ਰਥਮ ਪ੍ਰਕਾਸ਼ ਦਿਹਾੜਾ ਸਮਾਗਮ
## ਐਤਵਾਰ 2 ਸਤੰਬਰ, 2012



ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥






ਆਪ ਸਮੂਹ ਸੰਗਤਾਂ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਥਮ ਪ੍ਰਕਾਸ਼, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਕਰਵਾਇਆ ਸੀ, ਦਾ ਦਿਹਾੜਾ ਗੁਰਦੁਆਰਾ ਸੈਨ ਹੋਜ਼ੇ (ਕੈਲੀਫੋਰਨੀਆ) ਦੀਆਂ ਸੰਗਤਾਂ ਵਲੋਂ 2 ਸਤੰਬਰ 2012 ਨੂੰ ਸ਼ਰਧਾਪੂਰਵਕ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਇਨ੍ਹਾਂ ਸਮਾਗਮਾਂ ਮੌਕੇ ਹਾਜ਼ਰੀਆਂ ਭਰ ਕੇ ਜਨਮ ਸਫਲੇ ਕਰੋ ਜੀ।

### ਪ੍ਰੋਗਰਾਮ

1 ਸਤੰਬਰ ਸਨਿਚਰਵਾਰ ਨੂੰ ਕੀਰਤਨ ਦਰਬਾਰ: ਸ਼ਾਮ 5:30 ਤੋਂ 10:00 ਰਾਤ ਤੱਕ

ਸ੍ਰੀ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਚਰਨ ਸਿੰਘ, ਭਾਈ ਤਾਜਵਿੰਦਰ ਸਿੰਘ ਅਤੇ ਭਾਈ ਬਲਵਿੰਦਰ ਸਿੰਘ ਦੇ ਜਥੇ, ਬੰਗਲਾ ਸਾਹਿਬ ਦਿੱਲੀ ਦੇ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ, ਭਾਈ ਨਤਿੰਦਰ ਸਿੰਘ ਬੰਬੇਵਾਲੇ, ਭਾਈ ਰਛਪਾਲ ਸਿੰਘ ਦੇ ਜਥੇ ਸ਼ਬਦ ਕੀਰਤਨ ਕਰਨਗੇ।

ਇਸ ਤੋਂ ਇਲਾਵਾ ਭਾਈ ਕਮਲਜੀਤ ਸਿੰਘ ਬਿਲਗੇਵਾਲਿਆਂ ਦਾ ਢਾਡੀ ਜਥਾ ਅਤੇ ਪੰਥ ਪ੍ਰਸਿੱਧ ਕਥਾਵਾਚਕ ਭਾਈ ਤਜਿੰਦਰ ਸਿੰਘ ਲੁਧਿਆਣਾ ਵਾਲੇ ਵੀ ਹਾਜ਼ਰੀਆਂ ਭਰਨਗੇ।

ਰੋਜ਼ਾਨਾ ਪ੍ਰਭਾਤ ਫੇਰੀ ਤੜਕੇ 4:30 ਤੋਂ 5:30 ਵਜੇ ਤੱਕ ਜੋ ਪਹਿਲੀ ਸਤੰਬਰ ਤੱਕ ਹੋਵੇਗੀ।

2 ਸਤੰਬਰ ਐਤਵਾਰ ਨੂੰ ਗੁਰੂ ਘਰ ਦੀ ਪਰਿਕਰਮਾ ਵਿਚ ਨਗਰ ਕੀਰਤਨ ਹੋਵੇਗਾ। ਸਮਾਂ ਬਾਅਦ ਦੁਪਹਿਰ 12:00 ਤੋ 2:00 ਵਜੇ ਤੱਕ

2 ਸਤੰਬਰ ਨੂੰ ਪਾਠ ਬੋਧ ਅਤੇ ਗੁਰਬਾਣੀ ਸੰਥਿਆ ਜੋ ਨਾਰਥ ਹਾਲ ਵਿਚ ਸ਼ੁਰੂ ਕੀਤੀ ਜਾਵੇਗੀ

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ*

ਡਾ. ਗੁਰਿੰਦਰਪਾਲ ਸਿੰਘ, ਫੋਨ: 408-679-9302 ਜਾਂ ਭਾਈ ਸੁਖਦੇਵ ਸਿੰਘ ਬੈਣੀਵਾਲ, ਫੋਨ: 408-421-9463

ਜਾਰੀ ਕਰਤਾ: ਸਮੂਹ ਕਮੇਟੀ ਮੈਂਬਰ ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## Sikh Gurdwara San Jose, CA

3636 Murillo Ave, San Jose, CA 95148, Ph: 408-274-9373